Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763

ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
$25 2500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrications & Additional Fees Apply.
800-914-1013 408-659-9400

ਵਧੀਆ ਅਤੇ ਸਸਤੀ ਇੰਸ਼ੋਰੈਂਸ
GILL FINANCIAL & INSURANCE SERVICES
AUTO | HOME | LIFE | BUSINESS | HEALTH
510-888-1180 WWW.GILLFINANCIAL.COM
SAVE UPTO $475!!!! CALL TODAY FOR A FREE QUOTE!
ਕਾਰ, ਘਰ, ਲਿਕਰ ਸਟੋਰ ਅਤੇ ਬਿਜਨਸ ਇੰਸ਼ੋਰੈਂਸ

Fifteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 15, Issue 37, September 13, 2014 20451 N Plum Grove Rd., Palatine, IL 60074 Ph:847-359-0746, Fax:847-705-9388

## ਪਾਕਿਸਤਾਨੀ ਸਿੱਖ ਜ਼ਿਆਦਤੀਆਂ ਖਿਲਾਫ ਸੜਕਾਂ ਉਤੇ ਆਏ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪਾਕਿਸਤਾਨ ਵਿਚ ਹਿੰਸਾ ਦੀ ਮਾਰ ਹੇਠ ਆਏ ਸਿੱਖ ਆਖਰਕਾਰ ਸੜਕਾਂ ਉਤੇ ਉਤਰ ਆਏ ਹਨ ਅਤੇ ਸਰਕਾਰ ਨੂੰ ਸਖਤ ਚੇਤਾਵਨੀ ਦਿੱਤੀ ਹੈ ਕਿ ਜੇ ਉਨ੍ਹਾਂ ਦੀ ਜਾਨ-ਮਾਲ ਦੀ ਰਾਖੀ ਨਾ ਕੀਤੀ ਗਈ ਤਾਂ ਵੱਡੇ ਪੱਧਰ ਉਤੇ ਸੰਘਰਸ਼ ਵਿੱਢਿਆ ਜਾਵੇਗਾ। ਚੇਤੇ ਰਹੇ ਕਿ ਪਾਕਿਸਤਾਨ ਵੱਸਦੇ ਹਿੰਦੂਆਂ ਨੂੰ ਨਿਸ਼ਾਨਾ ਬਣਾਉਣ ਦੀਆਂ ਖਬਰਾਂ ਅਕਸਰ ਆਉਂਦੀਆਂ ਰਹਿੰਦੀਆਂ ਸਨ ਪਰ ਪਿਛਲੇ ਸਮੇਂ ਤੋਂ ਸਿੱਖਾਂ 'ਤੇ ਵੀ ਹਮਲੇ ਵਧ ਗਏ ਹਨ।

ਅਸਲ ਵਿਚ ਕੱਟੜਪੰਥੀ ਸਿੱਖਾਂ ਵਿਰੁੱਧ ਨਫ਼ਰਤੀ ਹਿੰਸਾ ਲਗਾਤਾਰ ਫੈਲਾਅ ਰਹੇ ਹਨ। ਥੋੜ੍ਹੇ ਹੀ ਦਿਨਾਂ ਮਗਰੋਂ ਕਿਸੇ ਨਾ ਕਿਸੇ ਸਿੱਖ ਦੀ ਹੱਤਿਆ ਦੀ ਖ਼ਬਰ ਆ ਰਹੀ ਹੈ। ਪਿਛਲੇ ਇਕ ਮਹੀਨੇ ਦੌਰਾਨ ਤਿੰਨ ਸਿੱਖਾਂ ਦੀ ਹੱਤਿਆ ਕਰ ਦਿੱਤੀ ਗਈ ਜਿਸ ਵਿਚ ਜਗਮੋਤ ਸਿੰਘ ਪਿਸ਼ਾਵਰ ਸ਼ਹਿਰ, ਹਰਜੀਤ ਸਿੰਘ ਦਬਗਾਰੀ ਤੇ ਅਮਰਜੀਤ ਸਿੰਘ ਖੈਬਰ ਪਖਤੂਨਵਾ ਸੂਬੇ ਵਿਚ ਮਾਰ ਦਿੱਤੇ ਗਏ। ਕਾਤਲ ਆਜ਼ਾਦ ਘੁੰਮ ਰਹੇ ਹਨ, ਕਿਸੇ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ।

ਸਿੱਖਾਂ ਨੇ ਭਾਵੇਂ ਇਨ੍ਹਾਂ ਹੱਤਿਆਵਾਂ ਖਿਲਾਫ ਪਿਛਲੇ ਦਿਨੀਂ ਰਾਜਧਾਨੀ ਵਿਚ ਵੱਡਾ ਰੋਸ ਮੁਜ਼ਾਹਰਾ ਕੀਤਾ ਸੀ ਅਤੇ ਅਧਿਕਾਰੀਆਂ ਨੇ ਦੋਸ਼ੀਆਂ ਨੂੰ ਫੜਨ ਦਾ ਭਰੋਸਾ ਵੀ ਦਿੱਤਾ ਸੀ, ਪਰ ਹਾਲੇ ਤੱਕ ਕਿਸੇ ਵੀ ਦੋਸ਼ੀ ਨੂੰ ਕਾਬੂ ਨਹੀਂ ਕੀਤਾ ਗਿਆ। ਇਸ ਦੇ ਬਾਵਜੂਦ ਸਿੱਖਾਂ ਉਤੇ ਹਮਲੇ ਜਾਰੀ ਹਨ। ਪਿਛਲੇ ਮਹੀਨੇ ਸਿੱਖ ਵਸੋਂ ਵਾਲੀ ਗਲੀ ਵਿਚ ਅੰਨ੍ਹੇਵਾਹ ਫਾਇਰਿੰਗ ਕੀਤੀ ਗਈ ਜਿਸ ਵਿਚ ਇਕ ਸਿੱਖ ਮਾਰਿਆ ਗਿਆ ਤੇ ਦੋ ਜ਼ਖ਼ਮੀ ਹੋ ਗਿਆ।



ਖੈਬਰ ਪਖਤੂਨਖਵਾ ਸੂਬੇ ਦੇ ਸ਼ਹਿਰ ਮਰਦਾਨ ਵਿਚ ਵਿਖਾਵਾ ਕਰ ਰਹੇ ਸਿੱਖ।

### ਹਿੰਦੂ ਸਮਝ ਕੇ ਕੀਤੇ ਜਾ ਰਹੇ ਨੇ ਹਮਲੇ...

ਪੱਛਮੀ ਮੁਲਕਾਂ ਵਿਚ ਜਿੱਥੇ ਸਿੱਖਾਂ ਨੂੰ ਮੁਸਲਮਾਨ ਸਮਝ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਉਥੇ ਪਾਕਿਸਤਾਨ ਵਿਚ ਸਿੱਖਾਂ ਨੂੰ ਹਿੰਦੂ ਸਮਝ ਕੇ ਹਮਲੇ ਕੀਤੇ ਜਾ ਰਹੇ ਹਨ। ਜਦੋਂ ਤੋਂ ਭਾਰਤ ਵਿਚ ਨਰੇਂਦਰ ਮੋਦੀ ਦੀ ਅਗਵਾਈ ਵਿਚ ਸਰਕਾਰ ਬਣੀ ਹੈ, ਪਾਕਿਸਤਾਨ ਵਿਚਲੇ ਕੱਟੜਪੰਥੀਆਂ ਨੇ ਹਿੰਦੂਆਂ ਅਤੇ ਸਿੱਖਾਂ ਉਤੇ ਹਮਲੇ ਤੇਜ਼ ਕਰ ਦਿੱਤੇ ਹਨ। ਉਨ੍ਹਾਂ ਦਾ ਆਖਣਾ ਹੈ ਕਿ ਭਾਰਤ ਦੇ 'ਹਿੰਦੂ ਹਾਕਮ' ਮੁਸਲਮਾਨਾਂ ਨਾਲ ਵਧੀਕੀਆਂ ਕਰ ਰਹੇ ਹਨ, ਇਸ ਲਈ ਇਨ੍ਹਾਂ ਵਧੀਕੀਆਂ ਦਾ ਬਦਲਾ ਲਿਆ ਜਾ ਰਿਹਾ ਹੈ। ਸਿਆਸੀ ਮਾਹਿਰਾਂ ਨੇ ਖਦਸ਼ਾ ਪ੍ਰਗਟਾਇਆ ਹੈ ਕਿ ਜੇ ਸਰਕਾਰ ਨੇ ਛੇਤੀ ਕੁਝ ਨਾ ਕੀਤਾ ਤਾਂ ਹਾਲਾਤ ਵਿਗੜ ਸਕਦੇ ਹਨ।

ਇਹੀ ਨਹੀਂ, ਹਮਲਾਵਰ ਬਿਨਾਂ ਕਿਸੇ ਡਰ ਭੈਅ ਸਿੱਖਾਂ ਦੀਆਂ ਦੁਕਾਨਾਂ ਤੇ ਘਰਾਂ ਉਤੇ ਧਾਵਾ ਬੋਲ ਰਹੇ ਹਨ ਤੇ ਘਟਨਾ ਨੂੰ ਅੰਜਾਮ ਦੇ ਕੇ ਬੜੇ ਆਰਾਮ ਨਾਲ ਚਲੇ ਜਾਂਦੇ ਹਨ। ਇਕ ਪਾਸੇ ਪਾਕਿਸਤਾਨੀ ਸਰਕਾਰ ਇਸ ਮਸਲੇ 'ਤੇ ਗੰਭੀਰ ਨਜ਼ਰ ਨਹੀਂ ਆ ਰਹੀ ਤੇ ਦੂਜੇ ਪਾਸੇ ਭਾਰਤ ਸਰਕਾਰ, ਪੰਜਾਬ ਸਰਕਾਰ ਜਾਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ

(ਬਾਕੀ ਸਫਾ 6 'ਤੇ)

## ਅਕਾਲੀ ਦਲ ਤੇ ਭਾਜਪਾ ਦੀਆਂ ਸੁਰਾਂ ਬਦਲੀਆਂ


### ਪੁਰਾਣਾ ਗਠਜੋੜ ਲੱਗਿਆ ਦਾਅ 'ਤੇ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਲੋਕ ਸਭਾ ਚੋਣਾਂ ਮਗਰੋਂ ਸ਼੍ਰੋਮਣੀ ਅਕਾਲੀ ਦਲ ਦੀ ਭਾਈਵਾਲ ਪਾਰਟੀ ਭਾਜਪਾ ਦੇ ਸੁਰ ਬਦਲ ਗਏ ਹਨ। ਹੁਣ ਤੱਕ ਅਕਾਲੀ ਦਲ ਦੇ ਦਾਬੇ ਹੇਠ ਰਹਿਣ ਵਾਲੀ ਭਾਜਪਾ ਨੇ ਪਰ ਤੋਲਣੇ ਸ਼ੁਰੂ ਕਰ ਦਿੱਤੇ ਹਨ। ਕਿਆਸ ਲਾਏ ਜਾ ਰਹੇ ਹਨ ਕਿ 2017 ਵਿਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਇਕੱਲੇ ਤੌਰ 'ਤੇ ਨਿੱਤਰ ਸਕਦੀ ਹੈ। ਇਸ ਲਈ ਭਾਜਪਾ ਨੇ ਹੁਣ ਤੋਂ ਹੀ ਤਿਆਰੀ ਵਿੱਢ ਦਿੱਤੀ ਹੈ।

ਉਧਰ, ਸ਼੍ਰੋਮਣੀ ਅਕਾਲੀ ਦਲ ਨੇ ਵੀ ਭਾਜਪਾ ਦੀ ਨੀਅਤ ਨੂੰ ਵੇਖਦਿਆਂ ਸ਼ਹਿਰੀ ਖੇਤਰਾਂ ਵਿਚ ਆਪਣਾ ਪ੍ਰਭਾਵ ਵਧਾਉਣ ਲਈ ਰਣਨੀਤੀ ਅਪਣਾਈ ਹੈ। ਅਕਾਲੀ ਦਲ ਨੇ ਪਹਿਲੀ ਵਾਰ ਸਾਰੇ ਜ਼ਿਲ੍ਹਿਆਂ ਦੇ ਦਿਹਾਤੀ ਤੇ ਸ਼ਹਿਰੀ ਪ੍ਰਧਾਨ ਵੱਖ-ਵੱਖ ਬਣਾਏ ਹਨ ਅਤੇ ਸ਼ਹਿਰੀ ਪ੍ਰਧਾਨਾਂ ਦੇ ਅਹੁਦੇ ਹਿੰਦੂ ਲੀਡਰਾਂ ਨੂੰ ਸੌਂਪੇ ਹਨ। ਅਕਾਲੀ ਦਲ 2012 ਦੀਆਂ ਵਿਧਾਨ ਸਭਾ ਚੋਣਾਂ ਵਿਚ ਹਿੰਦੂ ਚਿਹਰਿਆਂ ਨੂੰ ਚੋਣ ਮੈਦਾਨ ਵਿਚ ਉਤਾਰਨ ਦਾ ਸਫਲ ਤਜਰਬਾ ਕਰ ਚੁੱਕਾ ਹੈ।

ਹਰਿਆਣਾ ਵਿਚ ਵੱਖਰੀ ਕਮੇਟੀ ਅਤੇ ਪੰਜਾਬ ਲਈ ਵਿਸ਼ੇਸ਼ ਆਰਥਿਕ ਪੈਕੇਜ ਦੇ ਮੁੱਦਿਆਂ 'ਤੇ ਮੋਦੀ ਸਰਕਾਰ ਦੇ ਮੱਠੇ ਹੁੰਗਾਰੇ ਕਰ ਕੇ ਅਕਾਲੀ ਨੂੰ ਨਮੋਸ਼ੀ ਝੱਲਣੀ ਪਈ ਹੈ ਤੇ ਮੁੱਖ ਮੰਤਰੀ ਬਾਦਲ ਇਸ ਤੋਂ ਕਾਫੀ ਖਫਾ ਹਨ। ਦੂਜੇ ਪਾਸੇ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਅਰੁਣ ਜੇਤਲੀ ਦੀ ਹਾਰ ਤੇ ਹਰਿਆਣਾ ਵਿਚ ਅਕਾਲੀ ਦਲ ਦੀ ਇਨੈਲੋ ਨਾਲ ਯਾਰੀ ਦੇ ਮੁੱਦਿਆਂ ਤੋਂ ਭਾਜਪਾ ਦੇ ਤੇਵਰ ਵੀ ਬਦਲੇ ਹੋਏ ਹਨ।

ਪੰਜਾਬ ਲਈ ਵਿਸ਼ੇਸ਼ ਆਰਥਿਕ ਪੈਕੇਜ ਦੇਣ ਤੋਂ ਇਨਕਾਰ ਕਰਦਿਆਂ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਤਾਂ ਪੰਜਾਬ ਨਾਲ ਹੁੰਦੇ ਕਿਸੇ ਵੀ ਕਿਸਮ ਦੇ ਵਿਤਕਰੇ ਦੇ ਦਾਅਵਿਆਂ ਨੂੰ ਵੀ ਖਾਰਜ ਕਰ ਦਿੱਤਾ ਹੈ। ਸ੍ਰੀ ਜੇਤਲੀ ਦੇ ਇਸ ਜਵਾਬ ਨਾਲ ਅਕਾਲੀ ਦਲ ਦੀ ਹਾਲਤ ਕਸੂਤੀ ਬਣ ਗਈ ਹੈ ਕਿਉਂਕਿ ਹੁਣ ਤੱਕ ਸ. ਬਾਦਲ ਪੰਜਾਬ ਦੀ



ਹਰ ਸਮੱਸਿਆ ਕੇਂਦਰ ਸਰਕਾਰ ਹੀ ਮੜ੍ਹਦੇ ਆ ਰਹੇ ਸਨ। ਕਾਂਗਰਸ ਨੇ ਇਸ ਮਾਮਲੇ 'ਤੇ ਅਕਾਲੀ ਦਲ ਨੂੰ ਬੁਰੀ ਤਰ੍ਹਾਂ ਘੇਰਿਆ ਹੈ।

ਪੰਜਾਬ ਭਾਜਪਾ ਦੇ ਕਈ ਮੰਤਰੀ ਤੇ ਸੀਨੀਅਰ ਲੀਡਰ ਟੈਕਸਾਂ, ਨਸ਼ਿਆਂ, ਰੇਤਾ-ਬਜਰੀ ਦੀ ਤਸਕਰੀ, ਗੁੰਡਾਗਰਦੀ ਤੇ ਮਾੜੇ ਪ੍ਰਸ਼ਾਸਨਿਕ ਪ੍ਰਬੰਧ ਨੂੰ ਲੈ ਕੇ ਕਈ ਵਾਰ ਆਪਣੀ ਹੀ ਸਰਕਾਰ ਨੂੰ ਘੇਰ ਚੁੱਕੇ ਹਨ। ਭਾਜਪਾ ਪਿੰਡਾਂ ਵਿਚ ਵੀ ਆਪਣਾ ਪ੍ਰਭਾਵ ਵਧਾਉਣ ਦੀ ਤਿਆਰੀ ਕਰ ਰਹੀ ਹੈ। ਇਸ ਤੋਂ ਪਹਿਲਾਂ ਭਾਜਪਾ ਦਾ ਆਧਾਰ ਸ਼ਹਿਰਾਂ

(ਬਾਕੀ ਸਫਾ 6 'ਤੇ)

REAL ESTATE & HOME LOANS
✓ Low Interest Rate
✓ 3.5% Down Payment
✓ Free Credit Report
✓ Free Pre-Approval
ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
Century 21 M&M and Associates
209.918.6464
ahundal@c21mm.com

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & CATERING
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਕਸ਼ਮੀਰ ਵਿਚ ਹੜ੍ਹਾਂ ਨਾਲ ਭਿਆਨਕ ਤਬਾਹੀ

**ਸ੍ਰੀਨਗਰ:** ਕਸ਼ਮੀਰ ਵਾਦੀ ਵਿਚ ਹੜ੍ਹਾਂ ਨੇ ਵਿਆਪਕ ਤਬਾਹੀ ਮਚਾਈ ਹੈ। ਜੰਮੂ-ਕਸ਼ਮੀਰ ਵਿਚ ਛੇ ਦਹਾਕਿਆਂ ਵਿਚ ਆਏ ਸਭ ਤੋਂ ਭਿਆਨਕ ਹੜ੍ਹਾਂ ਦਾ ਸਾਹਮਣਾ ਕਰ ਰਹੇ ਸੈਂਕੜੇ ਲੋਕ ਜਾਨ ਬਚਾਉਣ ਲਈ ਘਰਾਂ ਦੀਆਂ ਛੱਤਾਂ 'ਤੇ ਸ਼ਰਨ ਲਈ ਬੈਠੇ ਹਨ। ਹੜ੍ਹਾਂ ਵਿਚ ਫਸੇ ਲੋਕਾਂ ਨੂੰ ਬਚਾਉਣ ਤੇ ਰਾਹਤ ਸਮੱਗਰੀ ਪਹੁੰਚਾਉਣ ਲਈ ਹਵਾਈ ਫੌਜ ਦੇ 61 ਹੈਲੀਕਾਪਟਰਾਂ ਤੇ ਮਾਲਵਾਹਕ ਜਹਾਜ਼ਾਂ ਨੇ ਹੁਣ ਤੱਕ 354 ਉਡਾਨਾਂ ਭਰੀਆ ਹਨ। ਇਨ੍ਹਾਂ ਤੋਂ ਇਲਾਵਾ ਇਕ ਲੱਖ ਫੌਜੀ ਬਚਾਅ ਕਾਰਜਾਂ ਵਿਚ ਜੁਟੇ ਹਨ। ਇਸ ਕੁਦਰਤੀ ਆਫਤ ਵਿਚ ਹੁਣ ਤੱਕ 200 ਤੋਂ ਵੱਧ ਲੋਕ ਮਾਰੇ ਗਏ ਹਨ।



ਹਾਲਾਤ ਭਿਆਨਕ ਹੋਣ ਦੇ ਬਾਵਜੂਦ ਥਲ ਸੈਨਾ ਕੌਮੀ ਆਫਤ ਪ੍ਰਬੰਧਨ ਤੇ ਹਵਾਈ ਫੌਜ ਵੱਲੋਂ 42,587 ਲੋਕ ਬਚਾਏ ਜਾ ਚੁੱਕੇ ਹਨ। ਇਸ ਵੇਲੇ 158 ਕਿਸ਼ਤੀਆਂ ਰਾਹਤ ਤੇ ਬਚਾਅ ਕਾਰਜਾਂ ਵਿਚ ਹਨ, ਪਰ ਇਸ ਦੇ ਬਾਵਜੂਦ ਕਿਸ਼ਤੀਆਂ ਦੀ ਭਾਰੀ ਕਮੀ ਮਹਿਸੂਸ ਹੋ ਰਹੀ ਹੈ। ਹੋਰ ਕਿਸ਼ਤੀਆਂ ਦਿੱਲੀ ਤੋਂ ਹਵਾਈ ਜਹਾਜ਼ ਰਾਹੀਂ ਮੰਗਵਾਈਆਂ ਗਈਆਂ ਹਨ। ਫੌਜ ਤੇ ਹਵਾਈ ਫੌਜ ਨਾਲ ਰਲ ਕੇ ਬੀ.ਐਸ.ਐਨ.ਐਲ. ਨੇ ਦੂਰ ਸੰਚਾਰ ਬਹਾਲੀ ਲਈ ਜੰਗੀ ਪੱਧਰ 'ਤੇ ਕੰਮ ਸ਼ੁਰੂ ਕੀਤਾ ਹੈ। ਇਸ ਦੌਰਾਨ ਥਲ ਸੈਨਾ ਦੇ ਇੰਜੀਨੀਅਰਾਂ ਤੇ ਬੀਆਰੋ ਦੇ ਸਾਂਝੇ ਯਤਨਾਂ ਨਾਲ ਕਸ਼ਮੀਰ-ਲੇਹ ਕੌਮੀ ਮਾਰਗ ਆਵਾਜਾਈ ਲਈ ਖੋਲ੍ਹ ਦਿੱਤਾ ਗਿਆ ਹੈ।

ਫੌਜੀ ਬਲਾਂ ਦੀਆਂ 80 ਡਾਕਟਰੀ ਟੀਮਾਂ ਵੱਲੋਂ ਵੱਖ-ਵੱਖ ਥਾਵਾਂ 'ਤੇ ਸਹਾਇਤਾ ਪਹੁੰਚਾਈ ਜਾ ਰਹੀ ਹੈ। ਥਲ ਸੈਨਾ ਨੇ ਕੈਂਪ ਸਥਾਪਤ ਕੀਤੇ ਹੋਏ ਹਨ, ਜਿਥੇ ਬਚਾਏ ਗਏ ਲੋਕਾਂ ਨੂੰ ਕੁਝ ਘੰਟੇ ਰੱਖਣ ਮਗਰੋਂ ਰਾਹਤ ਕੈਂਪਾਂ ਵਿਚ ਭੇਜਿਆ ਜਾ ਰਿਹਾ ਹੈ।

ਪੁਲਿਸ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਫਸੇ ਲੋਕਾਂ ਦਾ ਪਤਾ ਲਗਾਉਣਾ ਕਾਫੀ ਔਖਾ ਕਾਰਜ ਹੈ। ਪੰਚੇਰੀ ਇਲਾਕੇ ਦੇ ਪਹਾੜ 'ਤੇ ਵਸਿਆ ਇਕ ਛੋਟਾ ਪਿੰਡ ਪੂਰੀ ਤਰ੍ਹਾਂ ਤਬਾਹ ਹੋ ਗਿਆ ਹੈ ਤੇ 50 ਲੋਕਾਂ ਦੇ ਮਾਰੇ ਜਾਣ ਦਾ ਖਦਸ਼ਾ ਹੈ।

ਇਸ ਆਫਤ ਨਾਲ ਨਜਿੱਠਣ ਲਈ ਪਹਿਲੀ ਵਾਰ ਜਲ ਸੈਨਾ ਦੇ ਕਮਾਂਡੋ ਵੀ ਤਾਇਨਾਤ ਕੀਤੇ ਗਏ ਹਨ। ਫ਼ੌਜ ਦੇ ਉੱਤਰੀ ਕਮਾਨ ਦੇ ਜਨਰਲ ਅਫਸਰ ਕਮਾਂਡਿੰਗ ਲੈਫਟੀਨੈਂਟ ਜਨਰਲ ਡੀ.ਐਸ ਹੁੱਡਾ ਨੇ ਦੱਸਿਆ ਕਿ ਕਸ਼ਮੀਰ ਵਾਦੀ ਵਿਚ ਹਾਲਤ ਹੁਣ ਵੀ ਗੰਭੀਰ ਬਣੇ ਹੋਏ ਹਨ। ਫ਼ੌਜ, ਹਵਾਈ ਫ਼ੌਜ, ਐਨ.ਡੀ.ਆਰ.ਐਫ ਤੇ ਰਾਜ ਏਜੰਸੀਆਂ ਨੇ ਹੁਣ ਤੱਕ 25 ਹਜ਼ਾਰ ਤੋਂ ਜ਼ਿਆਦਾ ਲੋਕਾਂ ਨੂੰ ਬਚਾਇਆ ਹੈ ਤੇ ਉਨ੍ਹਾਂ ਨੂੰ ਵਾਦੀ ਵਿਚ ਸੁਰੱਖਿਆ ਸਥਾਨਾਂ 'ਤੇ ਪਹੁੰਚਾਇਆ ਹੈ।

ਫ਼ੌਜ ਨੇ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਬਚਾਅ ਤੇ ਰਾਹਤ ਕੰਮਾਂ ਲਈ 205 ਟੁਕੜੀਆਂ ਤਾਇਨਾਤ ਕੀਤੀਆਂ ਹਨ। ਇਸ ਤੋਂ ਇਲਾਵਾ ਸਿਹਤ ਸੇਵਾ ਦੀਆਂ 65 ਟੀਮਾਂ ਨੂੰ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਭੇਜਿਆ ਗਿਆ ਹੈ। ਉਧਰ ਐਨ.ਡੀ.ਆਰ.ਐਫ. ਦੇ ਇਕ ਅਧਿਕਾਰੀ ਨੇ ਦੱਸਿਆ ਕਿ ਸ੍ਰੀਨਗਰ ਤੇ ਵਾਦੀ ਦੇ ਹੋਰ ਹਿੱਸੇ ਵਿਚ ਹੜ੍ਹ ਦੀ ਹਾਲਤ ਕਾਫ਼ੀ ਭਿਆਨਕ ਬਣੀ ਹੋਈ ਹੈ।

ਵੱਡੀ ਸਮੱਸਿਆ ਇਹ ਹੈ ਕਿ ਸੰਚਾਰ ਪ੍ਰਣਾਲੀ ਟੁੱਟ ਗਈ ਹੈ। ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਤਾਇਨਾਤ ਟੀਮਾਂ ਨਾਲ ਸੰਪਰਕ ਨਹੀਂ ਹੋ ਪਾ ਰਿਹਾ। ਇਸਦੇ ਇਲਾਵਾ, ਕਈ ਇਲਾਕਿਆਂ ਵਿਚ ਪਾਣੀ ਦਾ ਪੱਧਰ ਕਾਫ਼ੀ ਜ਼ਿਆਦਾ ਹੈ ਜਿਥੇ ਬਚਾਅ ਕਰਮੀ ਫਸੇ ਲੋਕਾਂ ਤੱਕ ਪੁੱਜਣ ਵਿਚ ਸਫਲ ਨਹੀਂ ਹੋ ਪਾ ਰਹੇ। ਜੰਮੂ ਤੇ ਕਸ਼ਮੀਰ ਵਾਦੀ ਵਿਚ ਰਾਹਤ ਤੇ ਬਚਾਅ ਕੰਮਾਂ ਵਿਚ ਲੱਗੇ ਕਰਮੀਆਂ ਲਈ 500 ਤੋਂ ਜ਼ਿਆਦਾ ਸੈਟੇਲਾਈਟ ਫੋਨ ਵੀ ਭੇਜੇ ਗਏ ਹਨ। ਸ੍ਰੀਨਗਰ 'ਚ ਬਚਾਅ ਏਜੰਸੀਆਂ ਦਰਜਨਾਂ ਛੋਟੀਆਂ ਬੇੜੀਆਂ ਦੀਆਂ ਸੇਵਾਵਾਂ ਲੈ ਰਹੀਆਂ ਹਨ ਜਦੋਂ ਕਿ ਕਈ ਇਲਾਕਿਆਂ ਵਿਚ ਲੋਕਾਂ ਨੇ ਆਪਣੇ ਘਰਾਂ ਦੀਆਂ ਛੱਤਾਂ ਤੇ ਉਪਰਲੀ ਮੰਜਿਲ 'ਤੇ ਸ਼ਰਨ ਲਈ ਹੋਈ ਹੈ। ਲੋਕਾਂ ਨੂੰ ਬਚਾਉਣ ਲਈ ਫ਼ੌਜ ਹੈਲੀਕਾਪਟਰਾਂ ਤੇ ਜਹਾਜ਼ਾਂ ਦੀ ਵਰਤੋਂ ਕਰ ਰਹੀ ਹੈ।

# ਛਪਾਰ ਮੇਲੇ ਵਿਚ ਲੋਕ ਮੁੱਦਿਆਂ ਦੀ ਥਾਂ ਦੂਸ਼ਣਬਾਜ਼ੀ ਦਾ ਚੱਲਿਆ ਦੌਰ

**ਮੰਡੀ ਅਹਿਮਦਗੜ੍ਹ (ਬਿਊਰੋ):** ਮੇਲਾ ਛਪਾਰ ਮੌਕੇ ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਇਕ-ਦੂਜੇ ਵਿਰੁੱਧ ਭੜਾਸ ਕੱਢਣ ਨੂੰ ਪਹਿਲ ਦਿੱਤੀ ਗਈ। ਕਾਨਫਰੰਸਾਂ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਦੇ ਪੰਜਾਬ ਦੀ ਅਕਾਲੀ ਦਲ ਭਾਜਪਾ ਸਰਕਾਰ ਪ੍ਰਤੀ ਵਤੀਰੇ ਦਾ ਮੁੱਦਾ ਭਾਰੂ ਰਿਹਾ। ਕਾਨਫਰੰਸਾਂ ਸ਼੍ਰੋਮਣੀ ਅਕਾਲੀ ਦਲ, ਕਾਂਗਰਸ, ਆਮ ਆਦਮੀ ਪਾਰਟੀ ਤੇ ਖੱਬੇ ਪੱਖੀਆਂ ਪਾਰਟੀਆਂ ਨੇ ਕੀਤੀਆਂ ਤੇ ਇਨ੍ਹਾਂ ਨੂੰ ਪਾਰਟੀਆਂ ਦੇ ਸੂਬਾਈ ਆਗੂਆਂ ਨੇ ਸੰਬੋਧਨ ਕੀਤਾ।

ਸ਼੍ਰੋਮਣੀ ਅਕਾਲੀ ਦਲ ਦੀ ਸਟੇਜ ਤੋਂ ਬੋਲਦਿਆਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਹੋਰ ਮੰਤਰੀਆਂ ਤੇ ਵਿਧਾਇਕਾਂ ਨੇ ਦਾਅਵੇ ਕੀਤੇ ਕਿ ਕੇਂਦਰ ਵਿਚ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਮਜ਼ਬੂਤ ਸਰਕਾਰ ਬਣਨ ਤੋਂ ਬਾਅਦ ਭਾਰਤੀਆਂ ਤੇ ਪੰਜਾਬੀਆਂ ਦਾ ਅੰਤਰਰਾਸ਼ਟਰੀ ਪੱਧਰ 'ਤੇ ਸਤਿਕਾਰ ਪਹਿਲਾਂ ਨਾਲੋਂ ਕਿਤੇ ਵਧਿਆ ਹੈ।

ਸ੍ਰੀ ਮੋਦੀ ਨੂੰ ਪ੍ਰਧਾਨ ਮੰਤਰੀ ਦੀ ਕੁਰਸੀ 'ਤੇ ਬਿਰਾਜਮਾਨ ਕਰਨ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਤੇ ਵਰਕਰਾਂ ਦਾ ਅਹਿਮ ਰੋਲ ਹੋਣ ਦਾ ਦਾਅਵਾ ਕਰਦਿਆਂ ਅਕਾਲੀ ਆਗੂਆਂ ਨੇ ਆਸ ਪ੍ਰਗਟ ਕੀਤੀ ਕਿ ਆਉਣ ਵਾਲੇ ਸਮੇਂ ਵਿਚ ਸਮੂਹ ਪੰਜਾਬੀਆਂ ਨੂੰ ਇਸ ਗੱਲ ਦਾ ਲਾਹਾ ਸੂਬੇ ਦੇ ਹੋਰ ਵਧੇਰੇ ਵਿਕਾਸ ਦੇ ਰੂਪ ਵਿਚ ਮਿਲੇਗਾ।

ਕਾਂਗਰਸ ਦੀ ਕਾਨਫਰੰਸ ਵਿਚ ਬੁਲਾਰਿਆਂ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਸੂਬੇ ਦੇ ਹਿੱਤ ਕੇਂਦਰ ਸਰਕਾਰ ਕੋਲ ਗਿਰਵੀ ਰੱਖ ਦੇਣ ਦਾ ਮਿਹਣਾ ਦਿੱਤਾ ਤੇ ਵਿਅੰਗ ਕੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦੀ ਯਾਰੀ ਜਲਦੀ ਹੀ ਟੁੱਟ ਜਾਵੇਗੀ। ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ

### ਮੋਦੀ ਦੇ ਪੰਜਾਬ ਪ੍ਰਤੀ ਰਵੱਈਏ ਦਾ ਮੁੱਦਾ ਰਿਹਾ ਭਾਰੂ

ਬਾਜਵਾ ਤੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸੁਨੀਲ ਜਾਖੜ ਨੇ ਆਪਣੇ ਭਾਸ਼ਣਾਂ ਦੌਰਾਨ ਦੋਸ਼ ਲਗਾਇਆ ਕਿ ਸ਼੍ਰੋਮਣੀ ਅਕਾਲੀ ਦਲ ਨੇ ਭਾਜਪਾ ਨੂੰ ਖੁਸ਼ ਕਰਨ ਲਈ ਪੰਜਾਬੀਆਂ, ਖਾਸ ਕਰਕੇ ਸਿੱਖਾਂ ਦੇ ਹਿੱਤਾਂ ਨੂੰ ਵਿਸਾਰ ਦਿੱਤਾ ਹੈ। ਮੁੱਖ ਮੰਤਰੀ ਤੇ ਅਕਾਲੀ ਆਗੂਆਂ ਵੱਲੋਂ ਆਉਣ ਵਾਲੇ ਦਿਨਾਂ ਵਿਚ ਕੇਂਦਰ ਸਰਕਾਰ ਤੋਂ ਸਰਹੱਦੀ ਸੂਬੇ ਦੇ ਵਿਕਾਸ ਲਈ ਵਾਧੂ ਫੰਡ ਲਿਆਉਣ ਦੇ ਦਾਅਵਿਆਂ ਨੂੰ ਝੂਠੇ ਕਰਾਰ ਦਿੰਦਿਆਂ ਸ੍ਰੀ ਬਾਜਵਾ ਅਤੇ ਸ੍ਰੀ ਜਾਖੜ ਨੇ ਦਲੀਲ ਦਿੱਤੀ ਕਿ ਪੰਜਾਬ ਸਰਕਾਰ ਪਹਿਲਾਂ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਵੱਲੋਂ ਲਿਖੀ ਚਿੱਠੀ ਨੂੰ ਹੀ ਲੋਕਾਂ ਸਾਹਮਣੇ ਰੱਖ ਕੇ ਦੇਖ ਲੈਣ ਕਿ ਇਸ ਦਾ ਮਤਲਬ ਕੀ ਨਿਕਲਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੁਪਰੀਮ ਕੋਰਟ ਵਿਚ ਗੁਆਂਢੀ ਸੂਬਿਆਂ ਨੂੰ ਛੋਟਾਂ ਬਾਰੇ ਕੀਤੇ ਕੇਸ ਦੇ ਵਿਚ ਵੀ ਕੇਂਦਰ ਸਰਕਾਰ ਨੇ ਪੰਜਾਬ ਵਿਰੁੱਧ ਸਟੈਂਡ ਲਿਆ ਹੈ।

ਕਾਂਗਰਸੀ ਆਗੂਆਂ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਵੇਲੇ ਜਿਹੜੇ ਤਿੰਨ ਹਜ਼ਾਰ ਕਰੋੜ ਰੁਪਏ ਸੂਬੇ ਦੀਆਂ ਨਹਿਰਾਂ, ਨਾਲਿਆਂ ਅਤੇ ਸੇਮਾਂ ਦੀ ਸਫਾਈ ਲਈ ਦਿੱਤੇ ਗਏ ਸੀ ਜੇਕਰ ਉਹ ਇਮਾਨਦਾਰੀ ਨਾਲ ਖਰਚ ਕੀਤੇ ਜਾਂਦੇ ਤਾਂ ਅੱਜ ਪੰਜਾਬ ਦੇ ਕਿਸਾਨ ਦੀ ਦੁਰਦਸ਼ਾ ਨਹੀਂ ਹੋਣੀ ਸੀ।

ਖੱਬੇ ਪਾਰਟੀਆਂ ਦੀ ਕਾਨਫਰੰਸ ਵਿਚ ਸੀ.ਪੀ.ਐਮ. ਦੇ ਸੂਬਾ ਸਕੱਤਰ ਚਰਨ ਸਿੰਘ ਬਿਰਦੀ ਤੇ ਸੀ.ਪੀ.ਆਈ. ਦੇ ਡਾ. ਜੋਗਿੰਦਰ ਦਿਆਲ ਨੇ ਦੋਸ਼ ਲਗਾਇਆ ਕਿ ਕੇਂਦਰ ਵਿਚ ਮੌਜੂਦਾ ਸਰਕਾਰ ਬਣਨ ਤੋਂ ਬਾਅਦ ਭਾਜਪਾ ਤੇ ਸ਼੍ਰੋਮਣੀ ਅਕਾਲੀ ਦਲ ਸਮਾਜ ਨੂੰ ਫਿਰਕਾਪ੍ਰਸਤੀ ਦੇ ਰਾਹ ਤੋਰਨ ਲੱਗੇ ਹੋਏ ਹਨ ਜੋ ਕਿ ਸੂਬੇ ਤੇ ਦੇਸ਼ ਦੇ ਵਿਕਾਸ ਲਈ ਘਾਤਕ ਸਾਬਤ ਹੋਵੇਗਾ। ਆਮ ਲੋਕਾਂ ਨੂੰ ਜ਼ਮਹੂਰੀ ਸੰਗਠਨਾਂ ਵੱਲੋਂ ਫਿਰਕੂ ਤਾਕਤਾਂ ਵਿਰੁੱਧ ਸ਼ੁਰੂ ਕੀਤੇ ਸੰਘਰਸ਼ ਨਾਲ ਜੁੜਨ ਦੀ ਅਪੀਲ ਕਰਦਿਆਂ ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇ ਧਰਮ ਤੇ ਫਿਰਕੇ ਦੇ ਆਧਾਰ 'ਤੇ ਸਿਆਸਤ ਕਰਨ ਦਾ ਰੁਝਾਨ ਖਤਮ ਨਾ ਹੋਇਆ ਤਾਂ ਹਿੰਦੁਸਤਾਨ ਦਾ ਨਾਂ ਦੁਨੀਆਂ ਦੇ ਨਕਸ਼ੇ ਤੋਂ ਹਮੇਸ਼ਾ ਲਈ ਮਿਟ ਜਾਵੇਗਾ। ਆਮ ਆਦਮੀ ਪਾਰਟੀ ਦੀ ਸਟੇਜ ਤੋਂ ਵੱਖ-ਵੱਖ ਬੁਲਾਰਿਆਂ ਨੇ ਦੇਸ਼ ਤੇ ਸੂਬੇ ਦੀ ਮੌਜੂਦਾ ਤਰਸਯੋਗ ਸਥਿਤੀ ਲਈ ਹੁਣ ਤੱਕ ਸਰਕਾਰਾਂ ਵਿਚ ਕਾਬਜ਼ ਰਹੀਆਂ ਸਾਰੀਆਂ ਪਾਰਟੀਆਂ ਨੂੰ ਜ਼ਿੰਮੇਵਾਰ ਦੱਸਿਆ।

## ਟੈਟਰਾ ਰਿਸ਼ਵਤ ਕੇਸ: ਤੇਜਿੰਦਰ ਸਿੰਘ ਨੂੰ ਮਿਲੀ ਜ਼ਮਾਨਤ

**ਨਵੀਂ ਦਿੱਲੀ:** ਟੈਟਰਾ ਟਰੱਕਾਂ ਦੀ ਖਰੀਦ ਦੇ ਮਾਮਲੇ ਵਿਚ ਗ੍ਰਿਫਤਾਰ ਕੀਤੇ ਗਏ ਥਲ ਸੈਨਾ ਦੇ ਸਾਬਕਾ ਅਧਿਕਾਰੀ ਤੇਜਿੰਦਰ ਸਿੰਘ ਨੂੰ ਦਿੱਲੀ ਹਾਈ ਕੋਰਟ ਨੇ ਜ਼ਮਾਨਤ ਦੇ ਦਿੱਤੀ ਹੈ। ਅਦਾਲਤ ਨੇ ਸੇਵਾਮੁਕਤ ਲੈਫਟੀਨੈਂਟ ਜਨਰਲ ਤੇਜਿੰਦਰ ਸਿੰਘ ਨੂੰ ਇਕ ਲੱਖ ਰੁਪਏ ਦੇ ਨਿੱਜੀ ਬਾਂਡ ਤੇ ਇੰਨੀ ਹੀ ਰਕਮ ਦੇ ਮੁਚੱਲਕੇ 'ਤੇ ਜ਼ਮਾਨਤ ਦਿੱਤੀ ਹੈ। ਜਸਟਿਸ ਪ੍ਰਤਿਭਾ ਰਾਣੀ ਨੇ ਜ਼ਮਾਨਤ ਇਸ ਸ਼ਰਤ 'ਤੇ ਦਿੱਤੀ ਕਿ ਤੇਜਿੰਦਰ ਸਿੰਘ ਅਦਾਲਤ ਦੀ ਇਜਾਜ਼ਤ ਤੋਂ ਬਿਨਾਂ ਮੁਲਕ ਛੱਡ ਕੇ ਨਹੀਂ ਜਾਣਗੇ ਤੇ ਉਹ ਕੇਸ ਦੌਰਾਨ ਕਿਸੇ ਵੀ ਗਵਾਹ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਨਹੀਂ ਕਰਨਗੇ।

## ਭਾਜਪਾ ਆਗੂ 'ਤੇ ਵਿਧਾਇਕ ਖਰੀਦਣ ਦੇ ਦੋਸ਼

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਨੇ ਦਿੱਲੀ ਤੋਂ ਭਾਜਪਾ ਦੇ ਇਕ ਸੀਨੀਅਰ ਆਗੂ 'ਤੇ ਪਾਰਟੀ ਦੇ ਇਕ ਵਿਧਾਇਕ ਨੂੰ ਵੱਡੀ ਰਕਮ ਦਾ ਲਾਲਚ ਦੇ ਕੇ ਆਪਣੇ ਨਾਲ ਲਾਉਣ ਦੇ ਯਤਨ ਕਰਨ ਦਾ ਖੁਲਾਸਾ ਕੀਤਾ ਹੈ ਤੇ ਇਸ ਬਾਰੇ ਇਕ ਸੀ.ਡੀ. ਵੀ ਦਿਖਾਈ। ਇਹ ਕਾਰਵਾਈ ਦਿੱਲੀ ਵਿਚ ਸਰਕਾਰ ਬਣਾਉਣ ਦੀਆਂ ਸਰਗਰਮੀਆ ਦੇ ਮੱਦੇਨਜ਼ਰ ਹੋਈ ਦੱਸੀ ਜਾਂਦੀ ਹੈ। ਦੂਜੇ ਪਾਸੇ ਭਾਜਪਾ ਦੇ ਇਸ ਆਗੂ ਨੇ ਆਪਣੇ 'ਤੇ ਲੱਗੇ ਦੋਸ਼ਾਂ ਦਾ ਖੰਡਨ ਕਰਦਿਆਂ ਕਿਹਾ ਕਿ ਆਪ ਆਗੂ, ਭਾਜਪਾ ਵਿਚ ਸ਼ਾਮਲ ਹੋਣ ਬਾਰੇ 75 ਦਿਨ ਪਹਿਲਾਂ ਉਸ ਨੂੰ ਮਿਲਿਆ ਸੀ ਤੇ ਇਸ ਮੌਕੇ ਪੈਸੇ ਦੀ ਤਾਂ ਗੱਲ ਹੀ ਨਹੀਂ ਹੋਈ ਸੀ।

ਆਪ ਦੇ ਪ੍ਰਧਾਨ ਅਰਵਿੰਦ ਕੇਜਰੀਵਾਲ ਨੇ ਦਾਅਵਾ ਕੀਤਾ ਕਿ ਸੰਗਮ ਵਿਹਾਰ ਤੋਂ ਉਨ੍ਹਾਂ ਦੀ ਪਾਰਟੀ ਦੇ ਵਿਧਾਇਕ ਦਿਨੇਸ਼ ਮੋਹਾਨੀਆ ਨੂੰ ਦਿੱਲੀ ਦੇ ਭਾਜਪਾ ਦੇ ਮੀਤ ਪ੍ਰਧਾਨ ਸ਼ੇਰ ਸਿੰਘ ਡਾਗਰ ਨੇ ਪਾਰਟੀ (ਆਪ) ਛੱਡਣ ਲਈ ਚਾਰ ਕਰੋੜ ਰੁਪਏ ਦੀ ਪੇਸ਼ਕਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਉਹ ਅਗਲੇ ਦਿਨਾਂ ਵਿਚ ਅਦਾਲਤ 'ਚ ਇਹ ਸੀਡੀ ਪੇਸ਼ ਕਰਨਗੇ। ਕੀਤੇ ਗਏ ਇਕ ਸਟਿੰਗ ਅਪਰੇਸ਼ਨ ਦੀ ਸੀਡੀ ਚਲਾ ਕੇ ਦਿਖਾਉਣ ਮਗਰੋਂ ਕੇਜਰੀਵਾਲ ਨੇ ਮੀਡੀਆ ਨਾਲ ਗੱਲਬਾਤ ਕੀਤੀ। ਸੀਡੀ ਅਨੁਸਾਰ ਡਾਗਰ ਵੱਲੋਂ ਦਿਨੇਸ਼ ਨੂੰ ਵੱਢੀ ਦੀ ਪੇਸ਼ਕਸ਼ ਕੀਤੀ ਜਾ ਰਹੀ ਸੀ। ਡਾਗਰ ਨੇ ਇਨ੍ਹਾਂ ਦੋਸ਼ਾਂ ਦਾ ਖੰਡਨ ਕੀਤਾ ਹੈ ਤੇ ਦਾਅਵਾ ਕੀਤਾ ਹੈ ਕਿ ਉਸ ਨੂੰ ਫਸਾਇਆ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਜੇਕਰ ਉਨ੍ਹਾਂ ਖਿਲਾਫ ਦੋਸ਼ ਸਾਬਤ ਹੁੰਦੇ ਹਨ ਤਾਂ ਉਹ ਸਿਆਸਤ ਛੱਡ ਜਾਣਗੇ, ਹਾਲਾਂਕਿ ਉਨ੍ਹਾਂ ਨੇ 45 ਸਾਲ ਇਸੇ ਕਾਰਜ ਵਿਚ ਲਾਏ ਹਨ। ਸ੍ਰੀ ਕੇਜਰੀਵਾਲ ਨੇ ਕਿਹਾ ਕਿ ਭਾਜਪਾ ਖੇਮਾ ਬਦਲਣ ਲਈ ਉਨ੍ਹਾਂ ਦੇ ਵਿਧਾਇਕਾਂ ਨੂੰ ਭਰਮਾ ਰਹੀ ਹੈ।

# ਓਬਾਮਾ ਵੱਲੋਂ ਇਸਲਾਮਿਕ ਸਟੇਟ ਨੂੰ ਮਿਲ ਕੇ ਘੇਰਨ ਦਾ ਸੱਦਾ

**ਬਗਦਾਦ:** ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਇਸਲਾਮਿਕ ਸਟੇਟ ਦੇ ਜਹਾਦੀਆਂ ਦੇ ਵਧਦੇ ਅਸਰ ਨੂੰ ਦੇਖਦਿਆਂ ਨਾਟੋ ਮੁਲਕਾਂ ਨੂੰ ਇਸ ਦਹਿਸ਼ਤੀ ਜਥੇਬੰਦੀ ਖ਼ਿਲਾਫ਼ ਸਾਂਝਾ ਮੁਹਾਜ਼ ਬਣਾਉਣ ਦੀ ਅਪੀਲ ਕੀਤੀ ਹੈ। ਇਰਾਕ ਵਿਚ ਜਹਾਦੀਆਂ ਖ਼ਿਲਾਫ਼ ਅਮਰੀਕਾ ਵੱਲੋਂ ਕੀਤੇ ਜਾ ਰਹੇ ਹਵਾਈ ਹਮਲਿਆਂ ਤੋਂ ਬਾਅਦ ਹੁਣ ਬ੍ਰਿਟੇਨ ਤੇ ਫਰਾਂਸ ਨੇ ਵੀ ਉਨ੍ਹਾਂ ਖ਼ਿਲਾਫ਼ ਮੋਰਚਾ ਖੋਲ੍ਹਣ ਬਾਰੇ ਵਿਚਾਰ ਕਰਨਾ ਸ਼ੁਰੂ ਕਰ ਦਿੱਤਾ ਹੈ।

ਜਹਾਦੀਆਂ ਵੱਲੋਂ ਅਮਰੀਕਾ ਦੇ ਇਕ ਹੋਰ ਪੱਤਰਕਾਰ ਦਾ ਸਿਰ ਕਲਮ ਕਰਨ ਦਾ ਟੇਪ ਸਾਹਮਣੇ ਆਉਣ ਤੇ ਇਕ ਹੋਰ ਬੰਦੀ ਬ੍ਰਿਟਿਸ਼ ਰਾਹਤ ਕਰਮੀ ਨੂੰ ਮਰਨ ਦੀ ਧਮਕੀ ਤੋਂ ਬਾਅਦ ਪੱਛਮੀ ਸਰਕਾਰਾਂ 'ਤੇ ਇਰਾਕ ਤੇ ਸੀਰੀਆ ਵਿਚ ਜਹਾਦੀਆਂ ਖ਼ਿਲਾਫ਼ ਕਾਰਵਾਈ ਦਾ ਦਬਾਅ ਵਧ ਗਿਆ ਹੈ।

ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਕਿ ਜੇਕਰ ਕੌਮਾਂਤਰੀ ਭਾਈਚਾਰਾ ਉਨ੍ਹਾਂ ਨਾਲ ਮਿਲ ਕੇ ਸਾਂਝੀ ਕਾਰਵਾਈ ਕਰਦਾ ਹੈ ਤਾਂ ਇਸਲਾਮਿਕ ਸਟੇਟ ਦੇ ਅਸਰ, ਮਾਲੀ ਮਦਦ ਤੇ ਫੌਜੀ ਸਮਰੱਥਾ ਦੀ ਰੀੜ੍ਹ ਤੋੜੀ ਜਾ ਸਕਦੀ ਹੈ। ਵੇਲਜ਼ ਸਿਖਰ ਸੰਮੇਲਨ ਵਿਚ ਹਿੱਸਾ ਲੈਣ ਲਈ ਐਸਟੋਨੀਆ ਤੋਂ ਰਵਾਨਾ ਹੋਣ ਤੋਂ ਪਹਿਲਾਂ ਉਨ੍ਹਾਂ ਕਿਹਾ ਕਿ ਦਹਿਸ਼ਤਗਰਦਾਂ ਨਾਲ ਸਿੱਝਣ ਲਈ ਹੋਰਨਾਂ ਮੁਲਕਾਂ ਨੂੰ ਆਪਣੀ ਪ੍ਰਤੀਬੱਧਤਾ ਦਿਖਾਉਣੀ ਪਏਗੀ।

ਸਿਖਰ ਸੰਮੇਲਨ ਦੀ ਮੇਜ਼ਬਾਨੀ ਕਰ ਰਹੇ ਬ੍ਰਿਟੇਨ ਨੇ ਕਿਹਾ ਕਿ ਇਰਾਕ ਤੇ ਸੀਰੀਆ ਵਿਚ ਜਹਾਦੀਆਂ ਖ਼ਿਲਾਫ਼ ਲੋੜ ਪੈਣ 'ਤੇ ਉਹ ਵੀ ਹਵਾਈ ਹਮਲੇ ਕਰ ਸਕਦਾ ਹੈ। ਵਿਦੇਸ਼ ਸਕੱਤਰ ਫਿਲਿਪ ਹੈਮੰਡ ਨੇ ਕਿਹਾ ਕਿ ਬੰਦੀ ਬਣਾਏ ਗਏ ਬ੍ਰਿਟਿਸ਼ ਰਾਹਤ ਕਰਮੀ ਨੂੰ ਬਚਾਉਣ ਲਈ ਹਰ ਸੰਭਵ ਰਾਹ ਅਪਣਾਇਆ ਜਾਏਗਾ। ਫਰਾਂਸ ਦੇ ਰਾਸ਼ਟਰਪਤੀ ਫਰਾਂਸਵਾ ਔਲਾਂਦੇ ਨੇ ਵੀ ਬ੍ਰਿਟੇਨ ਦੇ ਸੁਰ ਵਿਚ ਸੁਰ ਮਿਲਾਇਆ ਹੈ। ਓਬਾਮਾ ਨੇ ਕਿਹਾ ਕਿ 30 ਵਰ੍ਹਿਆਂ ਦੇ ਪੱਤਰਕਾਰ ਸਟੀਵਨ ਸੋਟਲੋਫ਼ ਦੇ ਕਾਤਲਾਂ ਨੂੰ ਲੱਭ ਕੇ ਸਜ਼ਾ ਦਿੱਤੀ ਜਾਵੇਗੀ।

## ਉਬਾਮਾ-ਮੋਦੀ ਸੰਮੇਲਨ ਦੌਰਾਨ ਵਾਈਟ ਹਾਊਸ ਅੱਗੇ ਧਰਨਾ ਦੇਣ ਦਾ ਫੈਸਲਾ

**ਵਾਸ਼ਿੰਗਟਨ ਡੀ ਸੀ (ਬਿਊਰੋ):** ਉਬਾਮਾ-ਮੋਦੀ ਸੰਮੇਲਨ ਦੌਰਾਨ ਸਿੱਖ ਜਥੇਬੰਦੀਆਂ ਨੇ ਵਾਈਟ ਹਾਊਸ ਵਿਖੇ ਧਰਨਾ ਦੇਣ ਦਾ ਫੈਸਲਾ ਕੀਤਾ ਹੈ। ਜ਼ਿਕਰਯੋਗ ਹੈ ਕਿ ਇਹ ਸੰਮੇਲਨ ਦੋਵਾਂ ਦੇਸ਼ਾਂ ਦੇ ਸਬੰਧਾਂ ਵਿਚ ਸੁਧਾਰ ਲਿਆਉਣ ਦੇ ਮੰਤਵ ਨਾਲ ਹੋ ਰਿਹਾ ਹੈ।

ਮਨੁੱਖੀ ਅਧਿਕਾਰ ਜਥੇਬੰਦੀ ਸਿੱਖਸ ਫਾਰ ਜਸਟਿਸ ਵਲੋਂ ਜਾਰੀ ਬਿਆਨ ਅਨੁਸਾਰ 30 ਸਤੰਬਰ ਨੂੰ ਵਾਈਟ ਹਾਊਸ ਵਿਖੇ ਸਿੱਖ ਜਥੇਬੰਦੀਆਂ ਵਲੋਂ ਦਿੱਤਾ ਜਾ ਰਿਹਾ ਧਰਨਾ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਖੁਸ਼ ਕਰਨ ਦੀ ਉਬਾਮਾ ਪ੍ਰਸ਼ਾਸਨ ਦੀ ਨੀਤੀ ਨੂੰ ਜਗ ਜ਼ਾਹਿਰ ਕਰਨ ਲਈ ਹੈ, ਜਿਸ ਨੂੰ ਕਿ ਬੁਸ਼ ਪ੍ਰਸ਼ਾਸਨ ਨੇ ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ 'ਚ ਕਥਿਤ ਸ਼ਮੂਲੀਅਤ ਲਈ ਉਸ 'ਤੇ ਪਾਬੰਦੀ ਲਗਾਈ ਹੋਈ ਸੀ।

# ਸਸਤੇ ਘਰ ਦੇ ਲਾਲਚ 'ਚ ਰਗੜੇ ਗਏ ਵਿਧਾਇਕ

**ਚੰਡੀਗੜ੍ਹ:** ਪੰਜਾਬ ਦੇ ਵੱਡੀ ਗਿਣਤੀ ਵਿਧਾਇਕ ਮੁਹਾਲੀ ਵਿਚ ਸਸਤੇ ਘਰ ਮਿਲਣ ਦੇ ਲਾਲਚ ਵਿਚ ਲੱਖਾਂ ਦੀ ਠੱਗੀ ਦਾ ਸ਼ਿਕਾਰ ਹੋ ਗਏ। ਇਨ੍ਹਾਂ ਵਿਧਾਇਕਾਂ ਨੇ ਜ਼ਮੀਨ ਬਾਰੇ ਕਾਰੋਬਾਰ ਨਾਲ ਜੁੜੇ ਦੋ ਵਿਅਕਤੀਆਂ ਨੂੰ ਪੈਸਾ ਦਿੱਤਾ ਸੀ ਪਰ ਕੋਈ ਸੁਰ-ਜਵਾਬ ਨਾ ਮਿਲਣ 'ਤੇ ਇਨ੍ਹਾਂ ਨੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ। ਕਿਹਾ ਜਾ ਰਿਹਾ ਹੈ ਕਿ ਇਨ੍ਹਾਂ ਕਾਰੋਬਾਰੀਆਂ ਨੇ ਪੰਜਾਬ ਅਸੈਂਬਲੀ ਦੇ 40 ਮੌਜੂਦਾ ਤੇ ਸਾਬਕਾ ਵਿਧਾਇਕਾਂ ਤੋਂ ਪੈਸੇ ਲੈ ਕੇ ਫ਼ਿਲਮ 'ਜੱਟ ਰਿਸਕੀ' ਵਿਚ ਲਗਾ ਦਿੱਤੇ।

ਧੋਖਾਧੜੀ ਦਾ ਪਤਾ ਲੱਗਣ 'ਤੇ ਇਨ੍ਹਾਂ ਸਿਆਸਤਦਾਨਾਂ ਨੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਕੋਲ ਫਰਿਆਦ ਕੀਤੀ ਤੇ ਹੁਣ ਮੁਹਾਲੀ ਦੇ ਐਸ.ਐਸ.ਪੀ. ਇਸ ਦੀ ਜਾਂਚ ਕਰ ਰਹੇ ਹਨ।

ਘਰ ਦੀ ਚਾਹਤ ਵਿਚ ਵਿਧਾਇਕਾਂ ਨੇ ਜ਼ਮੀਨ ਬਾਰੇ ਕਾਰੋਬਾਰ ਨਾਲ ਜੁੜੇ ਨਰਿੰਦਰ ਭਾਟੀਆ ਤੇ ਨਰਵਿੰਦਰ ਸਿੰਘ ਨੂੰ ਕੁੱਲ 13 ਕਰੋੜ 38 ਲੱਖ ਰੁਪਏ ਦਿੱਤੇ। ਸਭ ਤੋਂ ਵੱਧ ਪੈਸੇ ਹਾਸਲ ਕਰਨ ਵਾਲੇ ਨਰਵਿੰਦਰ ਨੇ ਅੱਗੇ ਇਹ ਰਕਮ ਪੰਜਾਬੀ ਫਿਲਮ 'ਜੱਟ ਰਿਸਕੀ' ਬਣਾਉਣ ਵਿਚ ਲਾ ਦਿੱਤੀ। ਇਨ੍ਹਾਂ ਵਿਧਾਇਕਾਂ ਨੇ ਸੈਵਨ ਸਟਾਰ ਵੈਲਫੇਅਰ ਸੁਸਾਇਟੀ ਬਣਾਈ ਸੀ ਤੇ ਨਰਵਿੰਦਰ ਸਿੰਘ ਨੂੰ ਚੈੱਕਾਂ ਰਾਹੀਂ ਅਦਾਇਗੀ ਕੀਤੀ ਗਈ।

ਸੁਰਵੀਨ ਚਾਵਲਾ ਦੀ ਮੁੱਖ ਭੂਮਿਕਾ ਵਾਲੀ ਇਸ ਫ਼ਿਲਮ ਲਈ ਨਰਵਿੰਦਰ ਨੇ ਪੈਸਾ ਕੱਢਵਾ ਲਿਆ। ਇਹ ਫ਼ਿਲਮ ਤਕਰੀਬਨ ਬਣ ਕੇ ਤਿਆਰ ਹੈ ਤੇ ਨਰਵਿੰਦਰ ਨੂੰ ਇਸ ਦੇ ਅਧਿਕਾਰ ਵੇਚ ਕੇ ਸ਼ੁੱਧ ਮੁਨਾਫ਼ਾ ਹੋਣ ਦੀ ਉਮੀਦ ਹੈ। ਖਰੜ-ਲਾਂਡਰਾ ਸੜਕ 'ਤੇ ਮੁਹਾਲੀ ਦੇ ਸੈਕਟਰ 113-114 ਵਿਚ ਵਾਅਦਾ ਕੀਤੀ ਗਈ ਜ਼ਮੀਨ ਨਾ ਮਿਲਣ 'ਤੇ ਜਦੋਂ ਮੈਂਬਰਾਂ ਨੂੰ ਸ਼ੱਕ ਪਿਆ ਤਾਂ ਉਨ੍ਹਾਂ ਪੁਲਿਸ ਦੀ ਸਹਾਇਤਾ ਲੈਣ ਦਾ ਫੈਸਲਾ ਲਿਆ। ਇਨ੍ਹਾਂ ਵਿਧਾਇਕਾਂ ਵਿਚ ਲਾਲ ਸਿੰਘ, ਬ੍ਰਹਮ ਮਹਿੰਦਰਾ, ਹਰੰਚਦ ਕੌਰ, ਅਜੀਤਇੰਦਰ ਸਿੰਘ ਮੋਫਰ, ਸਾਬਕਾ ਵਿਧਾਇਕ ਮੰਗਤ ਰਾਏ ਬਾਂਸਲ, ਹਰੀਸ਼ ਰਾਏ ਢਾਂਡਾ ਤੇ ਮਦਨ ਲਾਲ ਸਮੇਤ ਕੁਝ ਸੀਨੀਅਰ ਪੁਲਿਸ ਅਧਿਕਾਰੀ ਦੇ ਰਿਸ਼ਤੇਦਾਰ ਵੀ ਸ਼ਾਮਲ ਹਨ। ਹੁਣ ਇਸ ਦੀ ਜਾਂਚ ਮੁਹਾਲੀ ਦੇ ਐਸ.ਐਸ.ਪੀ. ਇੰਦਰ ਮੋਹਨ ਸਿੰਘ ਭੱਟੀ ਕਰ ਰਹੇ ਹਨ।

ਸੁਸਾਇਟੀ ਦੇ ਮੈਂਬਰਾਂ ਨੇ ਕਿਹਾ ਕਿ ਉਨ੍ਹਾਂ ਨੂੰ ਨਰਿੰਦਰ ਭਾਟੀਆ ਨੇ ਮੁਹਾਲੀ ਦੇ ਪਿੰਡ ਕੈਲੋਂ ਵਿਚ 25 ਏਕੜ ਜ਼ਮੀਨ ਦੇਣ ਦਾ ਵਾਅਦਾ ਕੀਤਾ ਸੀ। ਕੁਝ ਸਮੇਂ ਬਾਅਦ ਸੁਸਾਇਟੀ ਨੇ ਆਪਣੇ ਪ੍ਰਧਾਨ ਸਾਬਕਾ ਵਿਧਾਇਕ ਮਦਨ ਲਾਲ ਰਾਹੀਂ ਨਰਿੰਦਰ ਭਾਟੀਆ ਨੂੰ ਕੁਝ ਚੈੱਕ ਦਿੱਤੇ ਪਰ ਜਦੋਂ ਉਸ ਨੇ ਪ੍ਰੋਜੈਕਟ ਵਿਚ ਦਿਲਚਸਪੀ ਲੈਣੀ ਬੰਦ ਕਰ ਦਿੱਤੀ ਤਾਂ ਮੈਂਬਰਾਂ ਕੋਲ ਬੜਾ ਸਲੋਰਾ ਪਿੰਡ ਦੇ ਸਰਪੰਚ ਨਰਵਿੰਦਰ ਸਿੰਘ ਨੇ ਪਹੁੰਚ ਕੀਤੀ ਤੇ ਕਮਿਸ਼ਨ ਦੇ ਆਧਾਰ 'ਤੇ ਜ਼ਮੀਨ ਦੇਣ ਦੀ ਪੇਸ਼ਕਸ਼ ਕੀਤੀ। ਸੁਸਾਇਟੀ ਨੇ ਉਸ ਨੂੰ 9.70 ਕਰੋੜ ਰੁਪਏ ਚੈੱਕਾ ਰਾਹੀਂ ਦਿੱਤੇ ਤੇ ਉਸ ਨੇ ਜ਼ਮੀਨ ਵੇਚਣਰ ਬਾਰੇ ਤਿੰਨ ਦਸਤਾਵੇਜ਼ ਦਿਖਾਏ ਜੋ ਫਰਜ਼ੀ ਨਿਕਲੇ।

ਇਸ ਤਰ੍ਹਾਂ ਨਰਿੰਦਰ ਭਾਟੀਆ ਦੇ ਦਸਤਾਵੇਜ਼ ਵੀ ਫਰਜ਼ੀ ਨਿਕਲੇ ਸਨ। ਇਸ ਬਾਰੇ ਐਸ.ਐਸ.ਪੀ. ਇੰਦਰ ਮੋਹਨ ਸਿੰਘ ਦਾ ਕਹਿਣਾ ਹੈ ਕਿ ਪੁਲਿਸ ਮਾਮਲੇ ਦੀ ਪਹਿਲਾਂ ਹੀ ਜਾਂਚ ਕਰ ਰਹੀ ਹੈ ਤੇ ਦੋਵੇਂ ਵਿਅਕਤੀਆਂ ਨੇ ਸੁਸਾਇਟੀ ਨੂੰ ਜ਼ਮੀਨ ਵੇਚਣ ਜਾਂ ਪੈਸਾ ਮੋੜਨ ਦਾ ਵਾਅਦਾ ਕੀਤਾ ਹੈ।


WEBSITE: DHOLRADIO.ORG

Dholradio.org

# Dhol Radio

ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ

Request Song



Listen On Phone

Live Calls: USA 1-951-824-6365
Canada 1-604-210-1955
Skype: DHOLRADIO.ORG
1PM to 3PM
9:30PM To 11:30PM (IST)
Listen By Call: USA 702-489-0211
UK 44-20-3519-1210


Music 24/7

*Application for android and iPhone- Dhol Radio*

# Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted



*Contact:* Dr. Baljit Jammu
*Doctor of Chiropractic*

Ph: 510-940-8236

1090 La Playa Dr., Hayward CA 94545



Malwa
FINANCIAL AND INSURANCE AGENCY

**Commercial Truck Insurance:** Produce/ Long Haul/ Local Radius
**Auto Insurance | Homeowners Insurance | Business Insurance**

**Call now for a Free Quote: 510-299-2192**

Fx: 510-279-5892 | Email: amber@malwaassociates.com

## ਮਾਲਵਾ ਫਾਇਨਾਂਸ ਅਤੇ ਇੰਸ਼ੋਰੈਂਸ ਏਜੰਸੀ


ਅਸੀਂ ਟਰੱਕ, ਆਟੋ, ਘਰਾਂ ਅਤੇ ਬਿਜਨਸ ਦੀ ਇੰਸ਼ੋਰੈਂਸ ਵੀ ਕਰਦੇ ਹਾਂ

ਭਰੋਸੇਮੰਦ ਅਤੇ ਵਾਜਬ ਭਾਅ 'ਤੇ ਇੰਸ਼ੋਰੈਂਸ
ਫਰੀ ਕੋਟ ਲਈ ਅੱਜ ਹੀ ਸੰਪਰਕ ਕਰੋ

*ਅਸੀਂ ਇੰਸ਼ੋਰੈਂਸ 'ਤੇ ਤੁਹਾਡਾ ਖਰਚਾ ਘੱਟ ਕਰਨ ਵਿਚ ਮਦਦ ਕਰ ਸਕਦੇ ਹਾਂ*

Harminder Gill, Lic #0747955 | Kanwaljit Singh, Lic #0B57934
39675 Cedar Blvd. #190 | Newark, CA 94560 | Lic #0D75499

# ਵਿਆਹ ਪੁਰਬ ਪ੍ਰਥਮ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ



ੴ ਸਤਿਨਾਮ ਸ੍ਰੀ ਵਾਹਿਗੁਰੂ॥

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਬਟਾਲਾ ਨਿਵਾਸੀ ਸਮੂਹ ਸਾਧ ਸੰਗਤ ਵਲੋਂ ਕੁਲ ਜਗਤ ਦੇ ਰਾਖੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ 14 ਸਤੰਬਰ 2014 ਨੂੰ ਗੁਰਦੁਆਰਾ ਸੈਨ ਹੋਜ਼ੇ ਵਿਖੇ ਪੂਰੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਆਪ ਸਮੂਹ ਸੰਗਤਾਂ ਨੂੰ ਇਸ ਮੌਕੇ ਹਾਜਰੀਆਂ ਭਰ ਕੇ ਜੀਵਨ ਸਫਲਾ ਕਰਨ ਦੀ ਬੇਨਤੀ ਹੈ ਜੀ।



## ਪ੍ਰੋਗਰਾਮ ਇਸ ਤਰ੍ਹਾਂ ਹੋਵੇਗਾ

12 ਸਤੰਬਰ 2014: ਅਰੰਭ ਸ੍ਰੀ ਅਖੰਡ ਪਾਠ ਸਵੇਰੇ 10 ਵਜੇ
14 ਸਤੰਬਰ 2014: ਭੋਗ ਸ੍ਰੀ ਅਖੰਡ ਪਾਠ ਸਵੇਰੇ 10 ਵਜੇ
ਉਪਰੰਤ ਸ਼ਬਦ ਕੀਰਤਨ, ਕਥਾ ਵਿਆਖਿਆ ਅਤੇ ਢਾਡੀ ਵਾਰਾਂ

*ਛੋਲੇ ਭਠੂਰਿਆਂ ਅਤੇ ਗਰਮਾ ਗਰਮ ਜਲੇਬੀਆਂ ਦਾ ਵਿਸ਼ੇਸ਼ ਲੰਗਰ ਅਤੁੱਟ ਵਰਤੇਗਾ।*

# Gurdwara Sahib San Jose, California

3636 Murillo Ave. San Jose 95148 Ph: 408-274-9373 www.sanjosegurdwara.com

35-37

# ਕੇਂਦਰ ਵਿਚ 'ਆਪਣੀ' ਸਰਕਾਰ ਨੇ ਵੀ ਨਾ ਫੜੀ ਬਾਦਲ ਦੀ ਬਾਂਹ

## ਮੋਦੀ ਸਰਕਾਰ ਵੱਲੋਂ ਪੰਜਾਬ ਨੂੰ ਵਿਸ਼ੇਸ਼ ਪੈਕੇਜ ਦੇਣ ਤੋਂ ਕੋਰਾ ਜਵਾਬ

**ਚੰਡੀਗੜ੍ਹ:** ਕੇਂਦਰ ਤੋਂ ਵਿਸ਼ੇਸ਼ ਆਰਥਿਕ ਸਹਾਇਤਾ ਦੀ ਆਸ ਲਾਈ ਬੈਠੀ ਪੰਜਾਬ ਸਰਕਾਰ ਨੂੰ ਵੱਡਾ ਝਟਕਾ ਲੱਗਾ ਹੈ। ਨਰੇਂਦਰ ਮੋਦੀ ਸਰਕਾਰ ਨੇ ਸੂਬਾ ਸਰਕਾਰ ਦੀ ਵਿਸ਼ੇਸ਼ ਆਰਥਿਕ ਪੈਕੇਜ ਦੇਣ ਦੀ ਮੰਗ ਠੁਕਰਾ ਦਿੱਤੀ ਹੈ। ਕੇਂਦਰ ਵਿਚ ਅਕਾਲੀ ਦਲ ਦੀ ਭਾਈਵਾਲੀ ਵਾਲੀ ਐਨ.ਡੀ.ਏ. ਸਰਕਾਰ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਸੂਬੇ ਲਈ ਵਿਸ਼ੇਸ਼ ਵਿੱਤੀ ਪੈਕੇਜ ਦੀ ਮੰਗ ਵਿਚ ਕੋਈ ਦਮ ਨਹੀਂ ਹੈ ਤੇ ਸਰਕਾਰ ਪਾਵਰ ਸਬਸਿਡੀ ਵਿਚ ਸੁਧਾਰ ਲਿਆ ਕੇ ਆਪਣੀ ਵਿੱਤੀ ਹਾਲਤ ਸੁਧਾਰਨ ਦਾ ਯਤਨ ਕਰੇ। ਜ਼ਿਕਰਯੋਗ ਹੈ ਕਿ ਪਹਾੜੀ ਸੂਬਿਆਂ ਨੂੰ ਵਿਸ਼ੇਸ਼ ਆਰਥਿਕ ਪੈਕੇਜ ਦੇਣ ਨਾਲ ਪੰਜਾਬ ਦੇ ਵਿਕਾਸ ਉੱਤੇ ਪੈ ਰਹੇ ਬੁਰੇ ਪ੍ਰਭਾਵ ਦੀ ਦਲੀਲ ਤਹਿਤ ਪੰਜਾਬ ਸਰਕਾਰ ਕੇਂਦਰ ਤੋਂ ਲਗਾਤਾਰ ਵਿਸ਼ੇਸ਼ ਪੈਕੇਜ ਦੀ ਮੰਗ ਕਰਦੀ ਆ ਰਹੀ ਹੈ। ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਚਿੱਠੀ ਲਿਖ ਕੇ ਇਸ ਮੰਗ ਨੂੰ ਨਾ ਸਿਰਫ ਰੱਦ ਕਰ ਦਿੱਤਾ ਹੈ ਸਗੋਂ ਸੂਬਾ ਸਰਕਾਰ ਨੂੰ ਕਈ ਨਸੀਹਤਾਂ ਵੀ ਦਿੱਤੀਆਂ ਹਨ।

ਪੰਜਾਬ ਦੇ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਯੂ.ਪੀ.ਏ. ਸਰਕਾਰ ਉੱਤੇ ਪੰਜਾਬ ਨੂੰ ਨਜ਼ਰਅੰਦਾਜ਼


ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਅਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ

ਕਰਨ ਦੇ ਦੋਸ਼ ਲਗਾਉਂਦੇ ਰਹੇ ਹਨ। ਅਕਾਲੀ ਦਲ ਤੇ ਭਾਜਪਾ ਵੱਲੋਂ ਲੋਕ ਸਭਾ ਚੋਣਾਂ ਸਮੇਂ ਮੋਦੀ ਸਰਕਾਰ ਆਉਣ ਉੱਤੇ ਪੰਜਾਬ ਨੂੰ ਵਿਸ਼ੇਸ਼ ਆਰਥਿਕ ਪੈਕੇਜ ਮਿਲਣ ਦੇ ਵੱਡੇ-ਵੱਡੇ ਦਾਅਵੇ ਕੀਤੇ ਗਏ ਸਨ। ਜੇਤਲੀ ਵੱਲੋਂ ਪੰਜਾਬ ਸਰਕਾਰ ਨੂੰ ਲਿਖੀ ਚਿੱਠੀ ਮੁਤਾਬਕ ਸੂਬੇ ਨੂੰ 2005 ਤੋਂ 2010 ਦੇ ਮੁਕਾਬਲੇ 2010 ਤੋਂ 2015 ਤੱਕ ਕੇਂਦਰ ਦੇ ਟੈਕਸਾਂ ਵਿਚੋਂ ਮਿਲਣ ਵਾਲੀ ਰਕਮ ਵਿਚ 99.36 ਫ਼ੀਸਦੀ ਵਧਾ ਹੋਇਆ ਹੈ। ਪੰਜਾਬ ਨੂੰ 2013-14 ਵਿਚ 4606 ਕਰੋੜ ਰੁਪਏ ਦੀ ਯੋਜਨਾ ਤੇ ਗ਼ੈਰ ਯੋਜਨਾ ਖੇਤਰ ਦੀ ਗਰਾਂਟ ਦਿੱਤੀ ਗਈ ਹੈ। ਇਸੇ ਸਾਲ ਕੇਂਦਰੀ ਟੈਕਸਾਂ ਵਿਚੋਂ 4431.47 ਕਰੋੜ ਰੁਪਏ ਦਿੱਤੇ ਗਏ ਹਨ। ਮਾਰਚ, 2014 ਵਿਚ ਪੰਜਾਬ ਨੂੰ 887 ਕਰੋੜ ਰੁਪਏ ਦੀ ਵਾਧੂ ਕੇਂਦਰੀ ਗਰਾਂਟ ਵੱਖ ਦਿੱਤੀ ਗਈ ਹੈ।

ਜੇਤਲੀ ਮੁਤਾਬਕ ਪੰਜਾਬ ਦੀ ਖ਼ਰਾਬ ਵਿੱਤ ਸਥਿਤੀ ਇਕ ਹਕੀਕਤ ਹੈ ਪਰ ਇਸ ਦਾ ਦੋਸ਼ ਕੇਂਦਰ ਸਰਕਾਰ ਉੱਤੇ ਨਹੀਂ ਮੜ੍ਹਿਆ ਜਾ ਸਕਦਾ। ਗ਼ੌਰਤਲਬ ਹੈ ਕਿ ਜਿਨ੍ਹਾਂ ਸਾਲਾਂ ਦਾ ਕੇਂਦਰੀ ਵਿੱਤ ਮੰਤਰੀ ਨੇ ਜ਼ਿਕਰ ਕੀਤਾ ਹੈ ਇਹ ਯੂ.ਪੀ.ਏ. ਸਰਕਾਰ ਦਾ ਸਮਾਂ ਸੀ ਤੇ ਪੰਜਾਬ ਸਰਕਾਰ ਇਸ ਮੌਕੇ ਲਗਾਤਾਰ ਕੇਂਦਰ ਉੱਤੇ ਵਿਤਕਰਾ ਕਰਨ ਦਾ ਦੋਸ਼ ਲਗਾਉਂਦੀ ਰਹੀ ਸੀ। ਕੇਂਦਰ ਦਾ ਤਰਕ ਹੈ ਕਿ ਮਾਰਚ 2014 ਵਿਚ ਪੰਜਾਬ ਸਰਕਾਰ ਨੂੰ ਵਾਧੂ ਕੇਂਦਰੀ ਸਹਾਇਤਾ ਦੇਣ ਵਜੋਂ 887 ਕਰੋੜ ਰੁਪਏ ਸੂਬੇ ਦੇ ਦੱਖਣ-ਪੱਛਮ ਜ਼ਿਲ੍ਹਿਆਂ ਦੀ ਸੇਮ ਦੀ ਸਮੱਸਿਆ ਲਈ ਮਨਜ਼ੂਰ ਕੀਤੇ। ਇਨ੍ਹਾਂ ਵਿਚੋਂ 100 ਕਰੋੜ ਰੁਪਏ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ। ਵਿੱਤ ਮੰਤਰੀ ਨੇ ਅੰਕੜਿਆਂ ਸਮੇਤ ਦੱਸਿਆ ਹੈ ਕਿ ਸਾਲ 2005-06 ਤੋਂ 2007-08 ਦੌਰਾਨ ਕੇਂਦਰੀ ਕਰਜ਼ਿਆਂ ਦੀ ਰਕਮ 3068 ਕਰੋੜ ਰੁਪਏ ਵਿਚੋਂ ਤਕਰੀਬਨ 371 ਕਰੋੜ ਰੁਪਏ ਮੁਆਫ਼ ਕੀਤੇ ਸਨ। ਇਸੇ ਤਰ੍ਹਾਂ ਕੇਂਦਰੀ ਸਪੌਂਸਰਡ ਸਕੀਮਾਂ ਤੇ ਕੇਂਦਰੀ ਪਲਾਨ ਸਕੀਮਾਂ ਅਧੀਨ 31 ਜਨਵਰੀ 2010 ਨੂੰ ਤਕਰੀਬਨ 36 ਕਰੋੜ ਰਕਮ ਮੁਆਫ਼ ਕੀਤੀ ਗਈ ਸੀ।

ਕੇਂਦਰ ਸਰਕਾਰ ਵੱਲੋਂ ਅਤਿਵਾਦ ਦੇ ਸਮੇਂ ਦੌਰਾਨ ਪੰਜਾਬ ਸਿਰ ਚੜ੍ਹੇ ਕਰਜ਼ੇ ਨੂੰ ਮੁਆਫ਼ ਕਰਨ ਬਾਰੇ ਵੀ ਵੱਖ-ਵੱਖ ਸਮੇਂ ਰਾਹਤ ਦਿੱਤੀ ਜਾਂਦੀ ਰਹੀ ਹੈ। ਇਸ ਤਹਿਤ 31 ਮਾਰਚ 2000 ਨੂੰ 3772 ਕਰੋੜ ਰੁਪਏ ਦੀ ਕਰਜ਼ੇ ਦੀ ਰਕਮ ਤੇ 31 ਮਾਰਚ 2007 ਨੂੰ 2728 ਕਰੋੜ ਦੇ ਵਿਆਜ ਦੀ ਰਕਮ ਮੁਆਫ਼ ਕੀਤੀ ਗਈ ਸੀ। ਪੱਤਰ ਵਿਚ ਦੱਸਿਆ ਗਿਆ ਹੈ ਕਿ 13ਵੇਂ ਵਿੱਤ ਕਮਿਸ਼ਨ ਦੀਆਂ ਹਦਾਇਤਾਂ ਮੁਤਾਬਕ ਸੂਬਾ ਸਰਕਾਰ ਨੂੰ ਕੇਂਦਰੀ ਟੈਕਸਾਂ ਦੇ ਹਿੱਸੇ ਦੇ ਰੂਪ ਵਿਚ ਸਾਲ 2010-2015 ਦੌਰਾਨ 25,687 ਕਰੋੜ ਰੁਪਏ ਮੁਹੱਈਆ ਕੀਤੇ ਗਏ ਹਨ, ਜੋ 12ਵੇਂ ਵਿੱਤ ਕਮਿਸ਼ਨ (2005-2010) ਤੋਂ 99 ਫ਼ੀਸਦੀ ਵੱਧ ਹਨ। ਸ੍ਰੀ ਜੇਤਲੀ ਨੇ ਮੁੱਖ ਮੰਤਰੀ ਨੂੰ ਸਲਾਹ ਦਿੱਤੀ ਕਿ ਉਹ ਆਪਣੀਆਂ ਅਜਿਹੀਆਂ ਮੰਗਾਂ 14ਵੇਂ ਵਿੱਤ ਕਮਿਸ਼ਨ ਅੱਗੇ ਹੀ ਰੱਖ ਸਕਦੇ ਹਨ। ਉਨ੍ਹਾਂ ਸੂਬੇ ਵਿਚ ਤਾਇਨਾਤ ਪੈਰਾ-ਮਿਲਟਰੀ ਫੋਰਸ ਦੇ ਖ਼ਰਚਿਆਂ ਦੀ ਅਦਾਇਗੀ ਕੇਂਦਰੀ ਪੱਧਰ 'ਤੇ ਕਰਨ ਦੀ ਕੀਤੀ ਮੰਗ ਵੀ ਆਪਣੇ ਗਲੋਂ ਲਾਹ ਕੇ ਕੇਂਦਰੀ ਗ੍ਰਹਿ ਵਿਭਾਗ ਨੂੰ ਭੇਜ ਦਿੱਤੀ ਹੈ।

## ਬਾਦਲ ਨੂੰ ਰਾਹਤ ਦੀ ਥਾਂ ਮਿਲੀ ਨਸੀਹਤ

ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਵਿੱਤੀ ਪੈਕਜ ਦੀ ਥਾਂ ਨਸੀਹਤ ਦਿੱਤੀ ਹੈ ਕਿ ਸੂਬਾ ਸਰਕਾਰ ਇਨਫਰਾਸਟ੍ਰਕਚਰ ਡਿਵੈੱਲਪਮੈਂਟ ਫੰਡ ਤੇ ਰੂਰਲ ਡਿਵੈੱਲਪਮੈਂਟ ਫੰਡ ਦੀ ਵਸੂਲੀ ਕਰਕੇ ਤੇ ਪਾਵਰ ਸਬਸਿਡੀ ਵਿਚ ਸੁਧਾਰ ਲਿਆ ਕੇ ਆਪਣੀ ਵਿੱਤੀ ਹਾਲਤ ਸੁਧਾਰਨ ਦੇ ਉਪਰਾਲੇ ਕਰੇ। ਵਿੱਤ ਮੰਤਰੀ ਨੇ ਪੰਜਾਬ ਸਰਕਾਰ ਦੀ ਖਿਚਾਈ ਵੀ ਕੀਤੀ ਹੈ ਕਿ ਵਿੱਤੀ ਸੰਕਟ ਹੋਣ ਦੇ ਬਾਵਜੂਦ ਪੰਜਾਬ ਸਰਕਾਰ ਰਿਆਇਤਾਂ ਦੇ ਰਹੀ ਹੈ। ਬਿਜਲੀ ਸਬਸਿਡੀ ਉੱਤੇ ਪੁਨਰ ਵਿਚਾਰ ਕਰਨ ਦਾ ਵਿਸ਼ੇਸ਼ ਜ਼ਿਕਰ ਕੀਤਾ ਗਿਆ ਹੈ। ਪੰਜਾਬ ਬੁਨਿਆਦੀ ਢਾਂਚਾ ਵਿਕਾਸ ਫੰਡ ਤੇ ਪੇਂਡੂ ਵਿਕਾਸ ਫੰਡ ਨੂੰ ਵੀ ਸੰਚਿਤ ਵਿਧੀ ਰਾਹੀਂ ਖ਼ਰਚ ਕਰਨ ਦੀ ਸਲਾਹ ਦੇ ਕੇ ਵਿੱਤ ਮੰਤਰੀ ਨੇ ਅਸਿੱਧੇ ਤਰੀਕੇ ਨਾਲ ਮੁੱਖ ਮੰਤਰੀ ਵੱਲੋਂ ਸੰਗਤ ਦਰਸ਼ਨ ਵਿਚ ਵੰਡੇ ਜਾ ਰਹੇ ਗੱਫ਼ਿਆਂ ਉੱਤੇ ਸਵਾਲ ਖੜ੍ਹਾ ਕੀਤਾ ਹੈ। ਪੰਜਾਬ ਸਰਕਾਰ ਬਹੁਤ ਸਾਰੇ ਫੰਡ ਅਜਿਹੇ ਇਕੱਠੇ ਕਰ ਰਹੀ ਹੈ ਜੋ ਸਰਕਾਰੀ ਖ਼ਜ਼ਾਨੇ ਦੀ ਬਜਾਇ ਬਾਹਰ ਦੀ ਬਾਹਰ ਹੀ ਖ਼ਰਚ ਕਰ ਦਿੱਤੇ ਜਾਂਦੇ ਹਨ। ਕੈਗ ਦੀ ਰਿਪੋਰਟ ਵਿਚ ਵੀ ਇਸ ਤਰ੍ਹਾਂ ਦੇ ਮੁੱਦਿਆਂ ਉੱਤੇ ਉਂਗਲ ਉਠਾਈ ਗਈ ਹੈ। ਸੂਬੇ ਦੀ ਸਿਆਸਤ ਵਿਚ ਕਰਜ਼ੇ ਨੂੰ ਲੈ ਕੇ ਪਹਿਲਾਂ ਵੀ ਘਮਸਾਣ ਮੱਚਿਆ ਰਿਹਾ ਹੈ। ਤਤਕਾਲੀ ਵਿੱਤ ਮੰਤਰੀ ਮਨਪ੍ਰੀਤ ਬਾਦਲ ਦਾ ਅਕਾਲੀ ਦਲ ਨਾਲੋਂ ਤੋੜ-ਵਿਛੋੜਾ ਵੀ ਇਸੇ ਮੁੱਦੇ ਕਾਰਨ ਹੋਇਆ ਸੀ। ਕੇਂਦਰੀ ਵਿਤ ਮੰਤਰੀ ਨੇ ਸ. ਬਾਦਲ ਦੇ ਧਿਆਨ ਵਿਚ ਲਿਆਂਦਾ ਕਿ ਕੇਂਦਰ ਸਰਕਾਰ ਨੇ ਸਾਲ 2011-12 ਦੌਰਾਨ ਪੰਜਾਬ ਲਈ ਜਾਰੀ ਕੀਤੇ 11,520 ਕਰੋੜ ਰੁਪਏ ਦੇ ਬਜਟ ਦੇ ਮੁਕਾਬਲੇ ਸਾਲ 2013-14 ਦੌਰਾਨ ਬਜਟ ਵਿਚ ਵਾਧਾ ਕਰਕੇ 16,125 ਕਰੋੜ ਰੁਪਏ ਜਾਰੀ ਕੀਤੇ। ਇਸ ਤੋਂ ਇਲਾਵਾ ਕੇਂਦਰ ਸਰਕਾਰ ਨੇ ਸਾਲ 2013-14 ਦੌਰਾਨ ਪਲਾਨ ਤੇ ਨਾਨ-ਪਲਾਨ ਗਰਾਟਾਂ ਅਧੀਨ 4606 ਕਰੋੜ ਰੁਪਏ ਦੀ ਕੇਂਦਰੀ ਸਹਾਇਤਾ ਵੱਖਰੇ ਤੌਰ 'ਤੇ ਦਿੱਤੀ।

## ਵਿਸ਼ੇਸ਼ ਵਿੱਤੀ ਪੈਕੇਜ ਦਾ ਹੱਕਦਾਰ ਹੈ ਪੰਜਾਬ: ਢੀਂਡਸਾ

**ਚੰਡੀਗੜ੍ਹ:** ਪੰਜਾਬ ਦੇ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਪੰਜਾਬ ਅਨਾਜ ਦੇ ਮਾਮਲੇ ਵਿਚ ਦੇਸ਼ ਨੂੰ ਵੱਡਾ ਸਹਿਯੋਗ ਦਿੰਦਾ ਆ ਰਿਹਾ ਹੈ ਤੇ ਵਿਸ਼ੇਸ਼ ਵਿੱਤੀ ਪੈਕੇਜ ਮੰਗਣਾ ਸਾਡਾ ਹੱਕ ਹੈ। ਉਨ੍ਹਾਂ ਕਿਹਾ ਕਿ ਮੁੱਢ ਤੋਂ ਹੀ ਪੰਜਾਬ ਦੁਸ਼ਮਣਾਂ ਨਾਲ ਲੜਦਾ ਆਇਆ ਹੈ। ਫਿਰ ਅਤਿਵਾਦ ਦਾ ਮੁਕਾਬਲਾ ਕੀਤਾ ਅਤੇ ਹੁਣ ਕੇਂਦਰ ਵੱਲੋਂ ਗੁਆਂਢੀ ਪਹਾੜੀ ਰਾਜਾਂ ਨੂੰ ਟੈਕਸ ਵਿਚ ਵੱਡੀਆਂ ਰਿਆਇਤਾਂ ਦੇਣ ਕਾਰਨ ਰਾਜ ਦੀ ਵਿੱਤੀ ਹਾਲਤ ਪ੍ਰਭਾਵਤ ਹੋਈ ਹੈ। ਉਨ੍ਹਾਂ ਕੇਂਦਰੀ ਵਿੱਤ ਮੰਤਰੀ ਮੂਹਰੇ ਇਨ੍ਹਾਂ ਸਾਰੇ ਤੱਥਾਂ ਦੀ ਪੇਸ਼ਕਾਰੀ ਕੀਤੀ ਸੀ ਤੇ ਉਹ ਇਸ ਮੰਗ ਲਈ ਨਿਰੰਤਰ ਆਪਣੇ ਤਰਕ ਪੇਸ਼ ਕਰਦੇ ਰਹਿਣਗੇ।



ਉਨ੍ਹਾਂ ਕਿਹਾ ਕਿ ਪੰਜਾਬ ਦੀ ਚਿਰਾਂ ਤੋਂ ਅਣਦੇਖੀ ਕੀਤੀ ਜਾ ਰਹੀ ਹੈ। ਹੁਣ ਅਜਿਹਾ ਨਹੀਂ ਹੋਣ ਦਿੱਤਾ ਜਾਵੇਗਾ। ਪੈਕੇਜ ਲੈਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ।

## ਕਾਂਗਰਸ ਨੇ ਬਾਦਲਾਂ ਨੂੰ ਘੇਰਿਆ

**ਚੰਡੀਗੜ੍ਹ:** ਕਾਂਗਰਸ ਦੇ ਪੰਜਾਬ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਹੈ ਕਿ ਕੇਂਦਰੀ ਵਿੱਤ ਮੰਤਰੀ ਦੇ ਪੱਤਰ ਤੋਂ ਸਾਬਤ ਹੁੰਦਾ ਹੈ ਕਿ ਦੋਹੇਂ ਬਾਦਲ ਪੂਰੀ ਤਰ੍ਹਾਂ ਝੂਠ ਦੇ ਅਧਾਰ 'ਤੇ ਆਪਣੀ ਸਿਆਸਤ ਕਰਦਿਆਂ ਕਹਿ ਰਹੇ ਸਨ ਕਿ ਕੇਂਦਰ ਵਿਚ ਕਾਂਗਰਸ ਦੀਆਂ ਸਰਕਾਰਾਂ ਹੱਥੋਂ ਪੰਜਾਬ ਨੂੰ ਪੱਖਪਾਤ ਦਾ ਸਾਹਮਣਾ ਕਰਨਾ ਪਿਆ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਪੰਜਾਬ ਦੀ ਲੋਕਾਂ ਤੋਂ ਜਨਤਕ ਤੌਰ 'ਤੇ ਮੁਆਫ਼ੀ ਮੰਗਣ ਜੋ ਗੁਮਰਾਹ ਕਰ ਕਰਦੇ ਰਹੇ ਹਨ। ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਵੱਲੋਂ ਪੰਜਾਬ ਸਰਕਾਰ ਨੂੰ ਮਾਲੀ ਪੈਕੇਜ ਤੋਂ ਕੋਰਾ ਜਵਾਬ ਦੇਣ ਤੇ ਯੂ.ਪੀ.ਏ. ਸਰਕਾਰ ਵੱਲੋਂ ਬਿਨਾਂ ਵਿਤਕਰੇ ਤੋਂ ਕੀਤੀ ਮਾਲੀ ਮਦਦ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਚਿਹਰਾ ਬੇਨਕਾਬ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਵਿੱਤ ਮੰਤਰੀ ਮੁਤਾਬਕ ਪੰਜਾਬ ਵੱਲੋਂ ਪਹਿਲਾਂ ਹੀ 99.36 ਫੀਸਦੀ ਦਾ ਬਹੁਤ ਵੱਡਾ ਹਿੱਸਾ ਪ੍ਰਾਪਤ ਕਰਨ ਦੇ ਦਾਅਵੇ ਨੇ ਸਾਬਤ ਕਰ ਦਿੱਤਾ ਹੈ ਕਿ ਬਾਦਲ ਜੋੜੀ ਦੀ ਰਾਜਨੀਤੀ ਝੂਠ ਦੇ ਸਹਾਰੇ ਚੱਲਦੀ ਹੈ। ਬਾਦਲ ਜੋੜੀ ਪੰਜਾਬ ਦੇ ਲੋਕਾਂ ਨੂੰ ਸੁਫਨੇ ਵੇਚ ਰਹੇ ਸਨ ਕਿ ਕੇਂਦਰ ਵਿਚ ਸਰਕਾਰ ਬਦਲਣ ਤੋਂ ਬਾਅਦ ਪੱਖਪਾਤ ਖ਼ਤਮ ਹੋਣ ਦੇ ਦਾਅਵੇ ਕਰਦੇ ਸਨ।

## ਕੇਂਦਰ ਸਰਕਾਰ ਕੋਲ ਮੁੜ ਉਠਾਵਾਂਗੇ ਮੰਗ: ਸੁਖਬੀਰ

**ਅੰਮ੍ਰਿਤਸਰ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਕੋਲੋਂ ਵਿੱਤੀ ਪੈਕੇਜ ਮੰਗਣਾ ਪੰਜਾਬ ਦਾ ਹੱਕ ਹੈ ਕਿਉਂਕਿ ਪੰਜਾਬ ਨੇ ਅਤਿਵਾਦ ਵਿਰੁੱਧ ਜੋ ਡੇਢ ਦਹਾਕਾ ਲੜਾਈ ਲੜੀ ਸੀ, ਉਹ ਸਿਰਫ ਪੰਜਾਬ ਦੀ ਨਹੀਂ ਸਗੋਂ ਸਮੁੱਚੇ ਦੇਸ਼ ਦੀ ਲੜਾਈ ਸੀ। ਉਨ੍ਹਾਂ ਕਿਹਾ ਕਿ ਪੰਜਾਬ ਦੀ ਵਿੱਤੀ ਪੈਕੇਜ ਦੀ ਮੰਗ ਪੂਰੀ ਤਰ੍ਹਾਂ ਜਾਇਜ਼ ਹੈ ਤੇ ਇਹ ਬਿਨਾਂ ਸ਼ਰਤ ਪੂਰੀ ਕੀਤੀ ਜਾਣੀ ਚਾਹੀਦੀ ਹੈ।



ਪੰਜਾਬੀਆਂ ਨੇ ਔਖੇ ਸਮੇਂ ਵਿਚ ਹਮੇਸ਼ਾ ਹੀ ਦੇਸ਼ ਦੀ ਅਗਵਾਈ ਕੀਤੀ ਹੈ। ਉਹ ਮੁੱਖ ਮੰਤਰੀ ਨਾਲ ਮਿਲ ਕੇ ਛੇਤੀ ਹੀ ਵਿੱਤ ਮੰਤਰੀ ਅਰੁਣ ਜੇਤਲੀ ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਾਲ ਵਿੱਤੀ ਪੈਕੇਜ ਦੀ ਮੰਗ ਉਠਾਉਣਗੇ। ਉਨ੍ਹਾਂ ਕਿਹਾ ਕਿ ਕਾਂਗਰਸ ਵੱਲੋਂ ਪੰਜਾਬ ਦੀ ਵਿੱਤੀ ਸਥਿਤੀ ਬਾਰੇ ਗੁੰਮਰਾਹਕੁਨ ਪ੍ਰਚਾਰ ਕੀਤਾ ਜਾ ਰਿਹਾ ਹੈ ਜਦੋਂਕਿ ਕਾਂਗਰਸ ਦੇ ਸ਼ਾਸਨ ਕਾਲ ਨਾਲੋਂ ਸੂਬੇ ਦੀ ਵਿੱਤੀ ਸਿਹਤ ਬਿਹਤਰ ਹੈ। ਉਂਜ ਵੀ ਕੇਂਦਰ ਵਿਚ ਮੋਦੀ ਸਰਕਾਰ ਬਣੀ ਨੂੰ ਅਜੇ ਕਿੰਨਾ ਕੁ ਅਰਸਾ ਹੋਇਆ ਹੈ, ਪਰ ਕਾਂਗਰਸੀ ਆਗੂ ਬਿਨਾਂ ਕੁਝ ਸੋਚੇ-ਵਿਚਾਰੇ ਬਿਆਨ ਪਿਛੋਂ ਬਿਆਨ ਦਾਗੀ ਜਾ ਰਹੇ ਹਨ। ਪੰਜਾਬ ਸਰਕਾਰ ਮੱਦਦ ਲਈ ਬਾਕਾਇਦਾ ਯਤਨ ਕਰ ਰਹੀ ਹੈ।

# ਸੈਨ ਹੋਜ਼ੇ ਗੁਰਦੁਆਰਾ ਸੁਧਾਰ ਕਮੇਟੀ ਨੇ ਕਲਾਸ ਐਕਸ਼ਨ ਕੇਸ ਜਿੱਤਿਆ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਦੀਆਂ ਚੋਣਾਂ ਦੇ ਮਾਮਲੇ ਵਿਚ ਤੀਜੀ ਧਿਰ ਵਲੋਂ ਕੀਤਾ ਗਿਆ 'ਕਲਾਸ ਐਕਸ਼ਨ ਕੇਸ' ਗੁਰਦੁਆਰਾ ਸੁਧਾਰ ਕਮੇਟੀ ਸੈਨ ਹੋਜ਼ੇ ਨੇ ਜਿੱਤ ਲਿਆ ਹੈ। ਇਹ ਕੇਸ ਪਿਛਲੇ ਤਕਰੀਬਨ ਸਾਢੇ ਤਿੰਨ ਸਾਲ ਤੋਂ ਚਲ ਰਿਹਾ ਸੀ।

'ਕਲਾਸ ਐਕਸ਼ਨ ਕੇਸ' ਦਖਲ ਦੇਣ ਵਾਲੀ ਤੀਜੀ ਧਿਰ (ਲਖਵਿੰਦਰ ਸਿੰਘ ਸ਼ਾਹੀ, ਰਣਜੀਤ ਸਿੰਘ ਰਾਏ, ਗੁਰਦੇਵ ਸਿੰਘ ਤੀਰ ਅਤੇ ਗੁਰਪ੍ਰੀਤ ਕੌਰ) ਨੇ ਪ੍ਰਾਈਵੇਸੀ ਦਾ ਮਾਮਲਾ ਉਠਾ ਕੇ ਵੋਟਰ ਲਿਸਟ ਕਿਸੇ ਨੂੰ ਦੇਣ 'ਤੇ ਪਾਬੰਦੀ ਲਾਉਣ ਲਈ ਗੁਰਦੁਆਰਾ ਸੈਨ ਹੋਜ਼ੇ ਪ੍ਰਬੰਧਕ ਕਮੇਟੀ ਅਤੇ ਮੁੱਦਈ ਧਿਰ ਗੁਰਦੁਆਰਾ ਸੁਧਾਰ ਕਮੇਟੀ (ਤਰਲੋਚਨ ਸਿੰਘ ਨਾਹਲ, ਗੁਰਮੇਲ ਸਿੰਘ ਖਾਲਸਾ, ਦਲਜੀਤ ਸਿੰਘ ਅਤੇ ਜਗਜੀਤ ਸਿੰਘ ਮੰਡ) ਵਿਰੁਧ ਕੇਸ ਕੀਤਾ ਸੀ।

ਸੁਪੀਰੀਅਰ ਕੋਰਟ ਆਫ ਕੈਲੀਫੋਰਨੀਆ ਸੈਂਟਾ ਕਲਾਰਾ ਕਾਊਂਟੀ ਦੇ ਜੱਜ ਵਿਲੀਅਮ ਮੋਨਾਹਨ ਨੇ ਕੇਸ ਦਾ ਫੈਸਲਾ 5 ਸਤੰਬਰ ਨੂੰ ਸੁਣਾਉਂਦਿਆਂ ਦਖਲ ਦੇਣ ਵਾਲੀ ਧਿਰ ਵਲੋਂ ਦਾਇਰ ਕੇਸ ਰੱਦ ਕਰ ਦਿਤਾ ਹੈ। ਜੱਜ ਨੇ ਇਸ ਧਿਰ ਨੂੰ ਅਦਾਲਤ ਦੇ ਖਰਚਿਆਂ ਦਾ ਹਰਜਾਨਾ ਵੀ ਪਾਇਆ ਹੈ ਅਤੇ ਹੁਕਮ ਕੀਤਾ ਹੈ ਕਿ ਇਸ ਫੈਸਲੇ ਬਾਰੇ ਦਖਲ ਦੇਣ ਵਾਲੀ ਤੀਜੀ ਧਿਰ ਆਪਣੇ ਖਰਚੇ 'ਤੇ ਅੰਗਰੇਜ਼ੀ ਅਤੇ ਪੰਜਾਬੀ ਅਖਬਾਰ 'ਸਾਡੇ ਲੋਕ' ਵਿਚ ਇਸ਼ਤਿਹਾਰ ਛਪਵਾ ਕੇ ਗੁਰਦੁਆਰਾ ਸਾਹਿਬ ਦੀ ਜਨਰਲ ਬਾਡੀ ਨੂੰ ਸੂਚਿਤ ਕਰੇ।

ਮਾਣਯੋਗ ਜੱਜ ਮੋਨਾਹਨ ਨੇ ਆਪਣੇ ਫੈਸਲੇ ਵਿਚ (ਪੰਨਾ 4) 'ਤੇ ਲਿਖਿਆ ਹੈ, "ਭਾਵੇਂ ਗੁਰਦੁਆਰੇ ਨੇ ਦਖਲ ਦੇਣ ਵਾਲੀ ਧਿਰ ਵਲੋਂ ਕੀਤੇ ਕੇਸ ਦਾ ਖੰਡਨ ਕੀਤਾ ਅਤੇ ਪ੍ਰੜ੍ਹਤਾ ਨਾਲ ਜਵਾਬ ਵੀ ਦਾਇਰ ਕੀਤਾ ਪਰ ਮੁਕੱਦਮੇ ਦੌਰਾਨ ਇਹ ਗੱਲ ਸਪਸ਼ਟ ਹੋ ਗਈ ਕਿ ਗੁਰਦੁਆਰਾ ਦਖਲ ਦੇਣ ਵਾਲੀ ਧਿਰ ਦੇ ਦਾਅਵੇ ਦੀ ਹਮਾਇਤ ਕਰਦਾ ਹੈ ਅਤੇ ਚਾਹੁੰਦਾ ਹੈ ਕਿ ਇਸ ਕੇਸ ਵਿਚ (ਵੋਟਰ ਲਿਸਟ ਦੇਣ ਦੀ) ਮਨਾਹੀ ਦੇ ਹੁਕਮ ਜਾਰੀ ਕੀਤੇ ਜਾਣ।"

ਜ਼ਿਕਰਯੋਗ ਹੈ ਕਿ ਪ੍ਰਬੰਧਕ ਕਮੇਟੀ ਨੇ 17 ਅਪਰੈਲ 2011 ਨੂੰ ਜਨਰਲ ਬਾਡੀ ਮੀਟਿੰਗ ਸੱਦ ਕੇ ਸੰਵਿਧਾਨ ਵਿਚ ਕੁਝ ਤਬਦੀਲੀਆਂ ਕਰ ਲਈਆਂ ਸਨ ਅਤੇ ਆਪਣੇ ਆਪ ਨੂੰ ਪੰਜਾਂ ਸਾਲਾਂ ਲਈ ਚੁਣ ਲਿਆ ਸੀ। ਗੁਰਦੁਆਰਾ ਸੁਧਾਰ ਕਮੇਟੀ ਨੇ ਦੋਸ਼ ਲਾਇਆ ਸੀ ਕਿ ਪ੍ਰਬੰਧਕਾਂ ਨੇ ਜਨਰਲ ਬਾਡੀ ਨੂੰ ਪੂਰੀ ਤਰ੍ਹਾਂ ਸੂਚਿਤ ਕੀਤੇ ਬਿਨਾ ਆਪਣੇ ਗਿਣੇ-ਚੁਣੇ ਹਮਾਇਤੀਆਂ ਨੂੰ ਇਕੱਠੇ ਕਰਕੇ ਇਹ ਸੋਧਾਂ ਕੀਤੀਆਂ ਅਤੇ ਇਸ ਤਰ੍ਹਾਂ ਦਾ ਸਿਸਟਮ ਬਣਾ ਲਿਆ ਕਿ ਸੰਗਤ ਕਦੇ ਵੀ ਕਮੇਟੀ ਨੂੰ ਚੁਣ ਹੀ ਨਾ ਸਕੇ, ਸਗੋਂ ਕਮੇਟੀ ਸਦਾ ਵਾਸਤੇ ਆਪਣੇ ਆਪ ਨੂੰ ਅਤੇ ਆਪਣੇ ਚਹੇਤਿਆਂ ਨੂੰ ਖੁਦ ਹੀ ਚੁਣੀ ਜਾਏ!

ਗੁਰਦੁਆਰਾ ਸੁਧਾਰ ਕਮੇਟੀ ਨੇ ਇਨ੍ਹਾਂ ਤਬਦੀਲੀਆਂ ਨੂੰ ਗੈਰ-ਕਾਨੂੰਨੀ ਕਰਾਰ ਦਿੰਦਿਆਂ "ਸਵੈ-ਇਛਾ ਵਾਲੀ ਰਿਟਾਇਰਮੈਂਟ ਯੋਜਨਾ" ਦੀ ਵਿਰੋਧਤਾ ਕੀਤੀ ਸੀ ਅਤੇ ਅਦਾਲਤ ਵਿਚ ਪ੍ਰਬੰਧਕ ਕਮੇਟੀ ਦੇ ਫੈਸਲਿਆਂ ਵਿਰੁਧ ਕੇਸ ਦਾਇਰ ਕਰ ਦਿਤਾ ਸੀ।

ਜੁਲਾਈ 2011 ਵਿਚ ਜੱਜ ਡੈਰਿਕ ਵੁਡਹਾਊਸ ਨੇ 17 ਅਪਰੈਲ 2011 ਨੂੰ ਸੰਵਿਧਾਨ ਵਿਚ ਕੀਤੀਆਂ ਤਬਦੀਲੀਆਂ ਨੂੰ ਰੱਦ ਕਰਦਿਆਂ ਫੈਸਲਾ ਸੁਣਾਇਆ ਸੀ ਕਿ 1993 ਵਾਲੇ ਬਾਈਲਾਅਜ਼ ਹੀ ਲਾਗੂ ਰਹਿਣਗੇ। ਅਦਾਲਤ ਨੇ ਇਹ ਵੀ ਹੁਕਮ ਦਿੱਤਾ ਸੀ ਕਿ ਜਿਸ ਪਾਰਟੀ ਕੋਲ (ਗੁਰਦੁਆਰਾ ਪ੍ਰਬੰਧਕੀ ਕਮੇਟੀ) ਜਨਰਲ ਬਾਡੀ ਦੇ ਮੈਂਬਰਾਂ ਦੀ ਲਿਸਟ ਹੈ, ਜਿਸ ਵਿਚ ਮੈਂਬਰ ਦਾ ਨਾਮ, ਪਤਾ, ਫੋਨ ਨੰਬਰ, ਈ-ਮੇਲ ਐਡਰੈਸ ਅਤੇ ਵੋਟਰ ਨੰਬਰ ਸ਼ਾਮਲ ਹਨ, ਉਹ 22 ਜੁਲਾਈ 2011 ਤੱਕ ਗੁਰਦੁਆਰਾ ਸੁਧਾਰ ਕਮੇਟੀ ਨੂੰ ਦਿਤੀ ਜਾਏ ਜੋ ਕਿ ਸਿਰਫ ਗੁਰਦੁਆਰਾ ਸਾਹਿਬ ਨਾਲ ਸਬੰਧਤ ਕਾਰਜਾਂ ਵਾਸਤੇ ਹੀ ਵਰਤੀ ਜਾਏਗੀ। ਇਸ ਤੋਂ ਬਾਹਰ ਕੀਤੀ ਗਈ ਵਰਤੋਂ ਅਦਾਲਤ ਦੇ ਹੁਕਮਾਂ ਦੀ ਖਿਲਾਫ਼ਵਰਜੀ ਗਿਣੀ ਜਾਏਗੀ। ਲਿਸਟ ਦੇਣ ਦੀ ਆਖਰੀ ਤਰੀਕ ਤੋਂ ਕੁਝ ਦਿਨ ਪਹਿਲਾਂ ਹੀ ਦਖਲ ਦੇਣ ਵਾਲੀ ਤੀਜੀ ਧਿਰ ਨੇ ਗੁਰਦੁਆਰਾ ਪ੍ਰਬੰਧਕੀ ਕਮੇਟੀ ਅਤੇ ਮੁਦਈ ਧਿਰ ਗੁਰਦੁਆਰਾ ਸੁਧਾਰ ਕਮੇਟੀ ਵਿਰੁਧ ਕਲਾਸ ਐਕਸ਼ਨ ਕੇਸ ਕਰ ਦਿਤਾ ਸੀ।

ਅਦਾਲਤ ਦੇ ਫੈਸਲੇ 'ਤੇ ਤਸੱਲੀ ਜਾਹਰ ਕਰਦਿਆਂ ਗੁਰਦੁਆਰਾ ਸੁਧਾਰ ਕਮੇਟੀ ਦੇ ਬੁਲਾਰੇ ਡਾ. ਤਰਲੋਚਨ ਸਿੰਘ ਨਾਹਲ ਨੇ ਕਿਹਾ ਹੈ ਕਿ ਤੀਜੀ ਧਿਰ ਵਲੋਂ ਦਾਇਰ ਕੀਤੇ ਗਏ ਇਸ ਕੇਸ ਦਾ ਮੁਖ ਮੰਤਵ ਨਿਰਪੱਖ ਚੋਣਾਂ ਨੂੰ ਰੋਕਣਾ ਸੀ। ਹੈਰਾਨੀ ਦੀ ਗੱਲ ਇਹ ਹੈ ਕਿ ਇਹ ਮੁਕਦਮਾ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਖਲ ਦੇਣ ਵਾਲੀ ਧਿਰ ਨੇ ਰਲ ਕੇ ਲੜਿਆ।

ਇਥੇ ਜਾਰੀ ਇਕ ਬਿਆਨ ਵਿਚ ਉਨ੍ਹਾਂ ਇਸ ਕੇਸ ਵਿਚ ਗੁਰਦੁਆਰਾ ਸੁਧਾਰ ਕਮੇਟੀ ਦਾ ਸਾਥ ਦੇਣ ਵਾਲੀਆਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਅਸੀਂ ਸੰਗਤਾਂ ਦੇ ਕਮੇਟੀ ਚੁਣਨ ਦੇ ਹੱਕ ਨੂੰ ਬਹਾਲ ਕਰਾ ਸਕੇ ਹਾਂ। ਹੁਣ ਨਿਰਪੱਖ ਚੋਣਾਂ ਲਈ ਰਾਹ ਪਧਰਾ ਹੋ ਗਿਆ ਹੈ। ਉਮੀਦ ਹੈ ਕਿ ਪ੍ਰਬੰਧਕ ਕਮੇਟੀ ਅਤੇ ਦਖਲ ਦੇਣ ਵਾਲੀ ਤੀਜੀ ਧਿਰ ਅਦਾਲਤ ਦੇ ਇਸ ਫੈਸਲੇ 'ਤੇ ਫੁਲ ਚੜ੍ਹਾਉਣਗੇ। ਬਿਆਨ ਵਿਚ ਗੁਰਦੁਆਰਾ ਸੁਧਾਰ ਕਮੇਟੀ ਨੇ ਮੰਗ ਕੀਤੀ ਹੈ ਕਿ ਪ੍ਰਬੰਧਕ ਕਮੇਟੀ ਇਸ ਕੇਸ 'ਤੇ ਹੋਏ ਖਰਚੇ ਦਾ ਸੰਗਤ ਨੂੰ ਪੂਰਾ-ਪੂਰਾ ਹਿਸਾਬ ਦੇਵੇ ਅਤੇ ਇਹ ਵੀ ਦਸੇ ਕਿ ਇਹ ਖਰਚਾ ਕਰਨ ਤੋਂ ਪਹਿਲਾਂ ਜਨਰਲ ਬਾਡੀ ਤੋਂ ਮਨਜ਼ੂਰੀ ਕਿਉਂ ਨਹੀਂ ਲਈ ਗਈ ਜੋ ਗੁਰਦੁਆਰਾ ਸਾਹਿਬ ਦੇ ਬਾਈਲਾਅਜ਼ ਮੁਤਾਬਿਕ ਜਰੂਰੀ ਹੈ।

## ਹਵਾ ਵਿਚ ਕੱਢਣਾ ਪਿਆ ਜਹਾਜ਼ ਦਾ ਤੇਲ

**ਨਵੀਂ ਦਿੱਲੀ:** ਸ਼ਿਕਾਗੋ ਤੋਂ ਦਿੱਲੀ ਆ ਰਿਹਾ ਏਅਰ ਇੰਡੀਆ ਦੀ ਉਡਾਣ ਨਾਲ ਇਕ ਬੇਹੱਦ ਅਜੀਬੋ ਗ਼ਰੀਬ ਹਾਦਸਾ ਸਾਹਮਣੇ ਆਇਆ ਹੈ।

ਦਰਅਸਲ ਜਹਾਜ਼ ਦੀ ਟੈਂਕੀ ਵਿਚ ਤਰੇੜ ਆ ਗਈ, ਜਿਸ ਕਾਰਨ ਜਹਾਜ਼ ਦੀ ਟੈਂਕੀ ਵਿਚੋਂ ਤੇਲ ਹਵਾ ਵਿਚ ਕੱਢਿਆ ਗਿਆ ਤੇ ਜਹਾਜ਼ ਨੂੰ ਕੈਨੇਡਾ ਦੇ ਟੋਰਾਂਟੋ ਦੇ ਪੀਅਰਸਨ ਹਵਾਈ ਅੱਡੇ 'ਤੇ ਹੰਗਾਮੀ ਹਾਲਤ ਵਿਚ ਉਤਾਰਿਆ ਗਿਆ। ਇਸ ਵਿਚ ਭਾਰਤ ਦੇ ਸ਼ਹਿਰੀ ਹਵਾਬਾਜ਼ੀ ਬਾਰੇ ਰਾਜ ਮੰਤਰੀ ਜੀ.ਐਮ. ਸਿਦੇਸ਼ਵਰ ਸਮੇਤ 342 ਯਾਤਰੀ ਵਾਲ-ਵਾਲ ਬਚੇ।

ਸ਼ਿਕਾਗੋ ਤੋਂ ਉਡਾਣ ਭਰਨ ਦੇ ਤਕਰੀਬਨ ਢਾਈ ਘੰਟੇ ਬਾਅਦ ਹੀ ਪਾਇਲਟ ਨੂੰ ਲੱਗਾ ਕਿ ਜਹਾਜ਼ ਦੇ ਇਕ ਇੰਜਣ ਵਿਚੋਂ ਤੇਲ ਲੀਕ ਕਰ ਰਿਹਾ ਹੈ ਤਾਂ ਉਸ ਨੇ ਤੁਰੰਤ ਟੋਰਾਂਟੋ ਹਵਾਈ ਅੱਡੇ 'ਤੇ ਜਹਾਜ਼ ਉਤਾਰਨ ਦਾ ਫੈਸਲਾ ਕੀਤਾ।

# ਫਰੀਮਾਂਟ ਗੁਰੂ ਘਰ ਦੇ ਪ੍ਰਬੰਧਕਾਂ ਨੇ ਅਕਾਊਂਟ ਆਡਿਟ ਕਰਵਾਉਣ ਤੋਂ ਚੁੱਪ ਵੱਟੀ: ਬੇਏਰੀਆ ਸਿੱਖ ਅਲਾਇੰਸ

**ਫਰੀਮਾਂਟ (ਬਿਊਰੋ):** ਬੇਏਰੀਆ ਸਿੱਖ ਅਲਾਇੰਸ ਆਰਗੇਨਾਈਜੇਸ਼ਨ ਨੇ ਦੋਸ਼ ਲਾਇਆ ਹੈ ਕਿ ਗੁਰਦੁਆਰਾ ਫਰੀਮਾਂਟ ਦੇ ਪ੍ਰਬੰਧਕਾਂ ਨੇ ਗੁਰੂ ਘਰ ਦਾ ਅਕਾਊਂਟ ਆਡਿਟ ਕਰਵਾਉਣ ਤੋਂ ਚੁੱਪ ਵੱਟ ਲਈ ਹੈ ਜਦਕਿ ਗੁਰਦੁਆਰਾ ਫਰੀਮਾਂਟ ਦੀ ਮਾਰਚ 2014 ਵਿਚ ਹੋਈ ਸੁਪਰੀਮ ਕੌਂਸਲ ਦੀ ਚੋਣ ਦੌਰਾਨ ਇਨ੍ਹਾਂ ਨੇ ਸੰਗਤ ਨੂੰ ਗੁਰੂ ਘਰ ਦਾ ਹਿਸਾਬ-ਕਿਤਾਬ ਪਾਰਦਰਸ਼ੀ ਹੋਣ ਦੀ ਗੱਲ ਕਹੀ ਸੀ। ਇਥੇ ਜਾਰੀ ਇਕ ਬਿਆਨ ਵਿਚ ਅਲਾਇੰਸ ਨੇ ਕਿਹਾ ਹੈ ਕਿ ਇਹ ਪ੍ਰਬੰਧਕ ਹਿਸਾਬ-ਕਿਤਾਬ ਨਾ ਦੱਸ ਕੇ ਗੁਰਦੁਆਰਾ ਸਾਹਿਬ ਦੀ ਸਟੇਜ ਤੋਂ ਸੰਗਤ ਨੂੰ ਹਰ ਹਫਤੇ ਨਵਾਂ ਸਬਜਬਾਗ ਜ਼ਰੂਰ ਦਿਖਾ ਦਿੰਦੇ ਹਨ ਜੋ ਸੰਗਤ ਨਾਲ ਸਰਾਸਰ ਧੋਖਾ ਹੈ। ਹਿਸਾਬ-ਕਿਤਾਬ ਦੇ ਮਾਮਲੇ ਵਿਚ ਪ੍ਰਬੰਧਕਾਂ ਦੀ ਚੁੱਪ ਇਸ ਗੱਲ ਦੀ ਗਵਾਹ ਹੈ ਕਿ ਉਹ ਸੰਗਤ ਕੋਲੋਂ ਕੁਝ ਛੁਪਾ ਰਹੇ ਹਨ।

ਬਿਆਨ ਵਿਚ ਕਿਹਾ ਗਿਆ ਹੈ ਕਿ ਅਲਾਇੰਸ ਨੇ ਗੁਰਦੁਆਰਾ ਫਰੀਮਾਂਟ ਦੇ ਬੋਰਡ ਆਫ ਡਾਇਰੈਕਟਰਜ਼ (ਚੁਣੇ ਹੋਏ ਪੰਜ ਪਿਆਰੇ) ਨੂੰ ਸੰਗਤੀ ਰੂਪ ਵਿਚ ਚਿੱਠੀ ਰਾਹੀਂ ਅਤੇ ਵਕੀਲ ਕੋਲੋਂ ਚਿੱਠੀ ਭਿਜਵਾ ਕੇ 2008 ਤੋਂ 2014 ਤੱਕ ਅਕਾਊਂਟ ਆਡਿਟ ਰਿਪੋਰਟ ਸੰਗਤ ਨੂੰ ਦੇਣ ਦੀ ਮੰਗ ਕੀਤੀ ਸੀ ਪਰ ਪ੍ਰਬੰਧਕਾਂ ਨੇ ਹਾਲੇ ਤੱਕ ਕੋਈ ਆਡਿਟ ਰਿਪੋਰਟ ਸੰਗਤ ਨੂੰ ਪੇਸ਼ ਨਹੀਂ ਕੀਤੀ। ਅਲਾਇੰਸ ਨੇ ਦੋਸ਼ ਲਾਇਆ ਹੈ ਕਿ ਪ੍ਰਬੰਧਕ ਇੰਜ ਕਰਕੇ ਗੁਰਦੁਆਰਾ ਸਾਹਿਬ ਦੇ ਬਾਈਲਾਅਜ਼, ਸਟੇਟ ਆਫ ਕੈਲੀਫੋਰਨੀਆ-ਨਾਨ ਪ੍ਰਾਫਿਟ ਬਾਈਲਾਅਜ਼ ਅਤੇ ਸੰਗਤ ਨਾਲ ਵੱਡਾ ਧੋਖਾ ਕਰ ਰਹੇ ਹਨ।

ਬੇਏਰੀਆ ਸਿੱਖ ਅਲਾਇੰਸ ਨੇ ਸੰਗਤ ਨੂੰ 14 ਸਤੰਬਰ, ਐਤਵਾਰ ਨੂੰ ਸ਼ਾਮ 3 ਵਜੇ ਰਾਜਾ ਸਵੀਟਸ, ਯੂਨੀਅਨ ਸਿਟੀ ਵਿਚ ਸੱਦੀ ਮੀਟਿੰਗ ਵਿਚ ਪਹੁੰਚਣ ਦੀ ਅਪੀਲ ਕੀਤੀ ਹੈ। ਇਸ ਮੌਕੇ ਸੰਗਤ ਨੂੰ ਸਾਰੇ ਸਬੂਤ ਦਿਖਾਏ ਜਾਣਗੇ ਜਿਨ੍ਹਾਂ ਨਾਲ ਅਕਾਊਂਟ ਆਡਿਟ ਦੀ ਰਿਪੋਰਟ ਮੰਗੀ ਗਈ ਸੀ। ਅਲਾਇੰਸ ਨੇ ਕਿਹਾ ਕਿ ਮੀਟਿੰਗ ਦੌਰਾਨ ਸੰਗਤ ਦੇ ਮੈਂਬਰਾਂ ਦੀ ਸਲਾਹ ਨਾਲ ਅਗਲੀ ਕਾਰਵਾਈ ਕੀਤੀ ਜਾਵੇਗੀ।

## ਗੁਰਦੁਆਰਾ ਨਾਨਕ ਪ੍ਰਕਾਸ਼ ਵੱਲੋਂ ਸਾਲਾਨਾ ਨਗਰ ਕੀਰਤਨ 26 ਅਕਤੂਬਰ ਨੂੰ

**ਫਰਿਜ਼ਨੋ (ਬਿਊਰੋ):** ਗੁਰਦੁਆਰਾ ਨਾਨਕ ਪ੍ਰਕਾਸ਼ ਦੇ ਪ੍ਰਬੰਧਕਾਂ ਦੀ ਇੱਕ ਅਹਿਮ ਮੀਟਿੰਗ ਹੋਈ ਜਿਸ ਦੌਰਾਨ ਗੁਰੂ ਨਾਨਕ ਪਾਤਸ਼ਾਹ ਦੇ ਆਗਮਨ ਪੁਰਬ ਸਬੰਧੀ ਹੋਣ ਵਾਲੇ ਸਾਲਾਨਾ ਨਗਰ ਕੀਰਤਨ ਬਾਰੇ ਵਿਚਾਰਾਂ ਹੋਈਆਂ ਅਤੇ ਫੈਸਲਾ ਲਿਆ ਗਿਆ ਕਿ ਇਹ ਮਹਾਨ ਨਗਰ ਕੀਰਤਨ ਇਸ ਵਾਰ 26 ਅਕਤੂਬਰ, ਐਤਵਾਰ ਨੂੰ ਸਜਾਇਆ ਜਾਵੇਗਾ। ਗੁਰੂ ਘਰ ਦੀ ਤਰਫੋਂ ਇਹ ਪੰਜਵਾਂ ਨਗਰ ਕੀਰਤਨ ਹੋਵੇਗਾ।

ਗੁਰੂ ਘਰ ਦੇ ਮੁੱਖ ਸੇਵਾਦਾਰ ਭਾਈ ਅਵਤਾਰ ਸਿੰਘ ਅਨੁਸਾਰ ਨਗਰ ਕੀਰਤਨ ਸਬੰਧੀ ਸੰਗਤਾਂ 14 ਸਤੰਬਰ ਨੂੰ ਦੁਪਹਿਰ ਦੇ ਦੀਵਾਨਾਂ ਵਿਚ ਪਹੁੰਚ ਕੇ ਆਪਣੇ ਕੀਮਤੀ ਵਿਚਾਰ ਰੱਖ ਸਕਦੇ ਹਨ ਤਾਂ ਜੋ ਇਸ ਨਗਰ ਕੀਰਤਨ ਨੂੰ ਹੋਰ ਸੁਚੱਜੇ ਤਰੀਕੇ ਨਾਲ ਸਜਾਇਆ ਜਾ ਸਕੇ। ਨਗਰ ਕੀਰਤਨ 'ਚ ਸ਼ਾਮਲ ਹੋਣ ਵਾਲੇ ਰਾਗੀ ਜਥਿਆਂ ਬਾਰੇ ਜਾਣਕਾਰੀ ਬਾਅਦ ਵਿਚ ਨਸ਼ਰ ਕੀਤੀ ਜਾਵੇਗੀ।

# ਜਸਵੰਤ ਸਿੰਘ ਖਾਲੜਾ ਦੀ ਸ਼ਹੀਦੀ ਨੂੰ ਸਮਰਪਿਤ ਸਮਾਗਮ

**ਫਰੀਮਾਂਟ (ਬਿਊਰੋ):** ਮਨੁੱਖੀ ਅਧਿਕਾਰਾਂ ਲਈ ਜਾਨ ਦੀ ਬਾਜ਼ੀ ਲਾ ਦੇਣ ਵਾਲੇ ਭਾਈ ਜਸਵੰਤ ਸਿੰਘ ਖਾਲੜਾ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ, ਪ੍ਰਬੰਧਕ ਕਮੇਟੀ ਤੇ ਪੰਥਕ ਜਥੇਬੰਦੀਆਂ ਨੇ ਬੀਤੇ ਐਤਵਾਰ ਇਕ ਵਿਸ਼ੇਸ਼ ਸਮਾਗਮ ਕਰਵਾਇਆ। ਸਰਕਾਰ ਨੇ ਪੁਲਿਸ ਰਾਹੀਂ ਜ਼ਬਰਦਸਤੀ ਚੁਕਵਾ ਕੇ ਝੂਠਿਆਂ ਮੁਕਾਬਲਿਆਂ ਵਿਚ ਸ਼ਹੀਦ ਕਰਕੇ ਲਾਵਾਰਸ ਕਹਿ ਕੇ ਸਾੜ ਦਿੱਤੇ।

ਇਸ ਮੌਕੇ ਭਾਈ ਬਲਵਿੰਦਰਪਾਲ ਸਿੰਘ ਖਾਲਸਾ ਨੇ ਭਾਈ ਖਾਲੜਾ ਦੇ ਮੁੱਖ ਉਦੇਸ਼, ਸਿੱਖੀ ਸਿਦਕ ਤੇ ਕੁਰਬਾਨੀ ਬਾਰੇ ਚਰਚਾ ਕਰਦਿਆਂ



ਨਵਕਿਰਨ ਕੌਰ ਖਾਲੜਾ ਦਾ ਸਨਮਾਨ ਕਰਦੇ ਹੋਏ

ਐਤਵਾਰ ਨੂੰ ਅਖੰਡ ਪਾਠ ਦੇ ਭੋਗ ਉਪਰੰਤ ਵਿਸ਼ੇਸ਼ ਦੀਵਾਨ ਸਜਾਏ ਗਏ। ਮੁੱਖ ਗ੍ਰੰਥੀ ਭਾਈ ਗੁਰਪ੍ਰੀਤ ਸਿੰਘ ਅਤੇ ਜਗਤਾਰ ਸਿੰਘ ਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਕਥਾਵਾਚਕ ਭਾਈ ਇਕਬਾਲ ਸਿੰਘ ਨੇ ਸ਼ਹਾਦਤ ਦੇ ਸੰਕਲਪ, ਸਿੱਖੀ ਵਿਚ ਮਨੁੱਖੀ ਅਧਿਕਾਰਾਂ ਲਈ ਕੀਤੇ ਜਾਂਦੇ ਉਚ ਸਤਿਕਾਰ ਤੇ ਭਾਈ ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਅਤੇ ਉਨ੍ਹਾਂ ਨੂੰ ਸ਼ਹੀਦ ਕਰਨ ਵਾਲੇ ਜ਼ਾਲਮਾਂ ਦਾ ਵਿਸ਼ੇਸ਼ ਜ਼ਿਕਰ ਕੀਤਾ।

ਭਾਈ ਅਮਰਦੀਪ ਸਿੰਘ ਪੁਰੇਵਾਲ ਨੇ ਸੰਗਤਾਂ ਨੂੰ ਭਾਈ ਖਾਲੜਾ ਦੇ ਆਖਰੀ ਵਿਚਾਰਾਂ ਵਾਲੀ ਵੀਡੀਓ ਫਿਲਮ ਸੰਗਤਾਂ ਨੂੰ ਵੱਡੇ ਪਰਦੇ ਉਤੇ ਵੇਖਣ ਲਈ ਬੇਨਤੀ ਕੀਤੀ। ਫਿਲਮ ਵਿਚ ਭਾਈ ਖਾਲੜਾ ਸਾਹਿਬ ਆਪਣੀ ਜ਼ਬਾਨੀ ਆਪਣੇ ਵਾਸਤੇ ਸ਼ਹਾਦਤ ਦੀ ਬਖਸ਼ਿਸ਼ ਲਈ ਸਤਿਗੁਰਾਂ ਅੱਗੇ ਬੇਨਤੀ ਕਰਦੇ ਹਨ। ਵੀਹ ਮਿੰਟ ਦੀ ਇਸ ਫਿਲਮ ਵਿਚ ਖਾਲੜਾ ਸਾਹਿਬ ਉਨ੍ਹਾਂ ਹਜ਼ਾਰਾਂ ਸਿੱਖਾਂ ਬਾਰੇ ਤੱਥ ਪੇਸ਼ ਕਰਦੇ ਹਨ, ਜਿਹੜੇ ਭਾਰਤ ਕਿਹਾ ਕਿ ਉਨ੍ਹਾਂ ਦੀ ਸ਼ਹਾਦਤ ਇਸ ਤਕਨਾਲੋਜੀ ਦੇ ਜ਼ਮਾਨੇ ਵਿਚ ਏਨੀ ਮਹਾਨ ਹੈ ਕਿ ਬਹੁਤੀ ਵਾਰ ਉਸ ਸ਼ਹੀਦੀ ਦੀ ਵਿਆਖਿਆ ਲਈ ਲਫਜ਼ ਲੱਭਣੇ ਔਖੇ ਹੋ ਜਾਂਦੇ ਨੇ। ਭਾਈ ਖਾਲੜਾ ਦੀ ਧੀ ਬੀਬੀ ਨਵਕਿਰਨ ਕੌਰ ਖਾਲੜਾ ਨੇ ਸੰਗਤਾਂ ਨਾਲ ਆਪਣੇ ਪਿਤਾ ਦੀ ਸ਼ਹਾਦਤ ਬਾਰੇ ਵਿਸ਼ੇਸ਼ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ। ਉਨ੍ਹਾਂ ਆਪ ਆਪਣੀ ਇੱਛਾ ਤੇ ਮਰਜ਼ੀ ਨਾਲ ਮਨੁੱਖੀ ਅਧਿਕਾਰਾਂ ਲਈ ਜਾਨ ਦੇ ਦਿੱਤੀ। ਭਾਈ ਅਮਰਦੀਪ ਸਿੰਘ ਨੇ ਕਿਹਾ ਕਿ ਜੋ ਕਾਰਜ ਭਾਈ ਖਾਲੜਾ ਨੇ ਅਰੰਭਿਆ ਸੀ ਉਸ ਨੂੰ 'ਇਨਸਾਫ' ਨਾਮ ਦੀ ਅਮਰੀਕੀ ਜਥੇਬੰਦੀ ਛੇਤੀ ਹੀ ਪੂਰਾ ਕਰਨ ਜਾ ਰਹੀ ਹੈ। ਉਪਰੰਤ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਵਿੰਦਰ ਸਿੰਘ ਦੇ ਰਾਗੀ ਜਥੇ ਨੇ ਵੈਰਾਗਮਈ ਕੀਰਤਨ ਨਾਲ ਰੱਬੀ ਬਾਣੀ ਨਾਲ ਜੋੜਿਆ। ਉਪਰੰਤ ਗੁਰਦੁਆਰਾ ਫਰੀਮਾਂਟ ਦੀ ਤਰਫੋਂ ਬੀਬੀ ਨਵਕਿਰਨ ਕੌਰ ਖਾਲੜਾ ਨੂੰ ਸਿਰੋਪਾਓ ਦੀ ਬਖਸ਼ਿਸ਼ ਤੇ ਯਾਦਗਾਰੀ ਪਲੈਕ ਦਿੱਤੀ ਗਈ।

# ਇੰਡੋ-ਯੂ.ਐਸ. ਹੈਰੀਟੇਜ ਐਸੋਸੀਏਸ਼ਨ ਵਲੋਂ ਗਦਰੀ ਬਾਬਿਆਂ ਦਾ ਮੇਲਾ 19 ਅਕਤੂਬਰ ਨੂੰ

**ਫਰਿਜ਼ਨੋ (ਬਿਊਰੋ):** ਇੰਡੋ-ਯੂ.ਐਸ. ਹੈਰੀਟੇਜ ਐਸੋਸੀਏਸ਼ਨ ਵਲੋਂ ਗਦਰੀ ਬਾਬਿਆਂ ਨੂੰ ਸਮਰਪਿਤ ਮੇਲਾ ਕਰਵਾਏ ਜਾਣ ਸਬੰਧੀ ਇਕ ਤਿਆਰੀ ਮੀਟਿੰਗ ਲੰਘੇ ਦਿਨੀਂ ਬਰਾੜ ਫਾਰਮ ਵਿਚ ਕੀਤੀ ਗਈ। ਮੇਲਾ 19 ਅਕਤੂਬਰ, ਐਤਵਾਰ ਨੂੰ ਰੋਡਿੰਗ ਪਾਰਕ ਵਿਚ ਮਨਾਇਆ ਜਾਵੇਗਾ ਜੋ ਸਵੇਰੇ 11 ਵਜੇ ਤੋਂ ਲੈ ਕੇ ਦੇਰ ਸ਼ਾਮ ਤੱਕ ਚੱਲੇਗਾ। ਮੇਲੇ ਦੌਰਾਨ ਨਾਟਕਾਂ, ਬੱਚਿਆਂ ਦੇ ਮਨੋਰੰਜਨ ਪ੍ਰੋਗਰਾਮ, ਅਹਿਮ ਸ਼ਖਸੀਅਤਾਂ ਦਾ ਸਨਮਾਨ, ਪੁਸਤਕ ਪ੍ਰਦਰਸ਼ਨੀ ਤੋਂ ਇਲਾਵਾ ਬੁਲਾਰੇ ਅਜੋਕੇ ਦੌਰ ਵਿਚ ਗਦਰੀਆਂ ਦੇ ਸੰਘਰਸ਼ ਦੀ ਪ੍ਰਸੰਗਿਕਤਾ ਬਾਰੇ ਵਿਚਾਰ ਰੱਖੇ ਜਾਣਗੇ।

ਸੰਸਥਾ ਦੇ ਪ੍ਰਧਾਨ ਪ੍ਰੀਤਮ ਸਿੰਘ ਨਾਹਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਮੇਲੇ ਦੇ ਵੱਖ ਵੱਖ ਪੱਖਾਂ ਬਾਰੇ ਭਰਪੂਰ ਵਿਚਾਰ ਵਟਾਂਦਰਾ ਹੋਇਆ। ਮਨੋਰੰਜਨ ਦੀ ਬਜਾਏ ਇਸ ਮੇਲੇ ਰਾਹੀਂ ਗਦਰੀਆਂ ਦੇ ਸੁਨੇਹੇ ਨੂੰ ਪ੍ਰਸਾਰਣ ਲਈ ਹਾਜਰ ਮੈਂਬਰਾਂ ਨੇ ਸੁਝਾਅ ਦਿੱਤੇ। ਇਹ ਫੈਸਲਾ ਹੋਇਆ ਕਿ ਸੋਵੀਨਰ ਨੂੰ ਗਿਆਨਵਾਨ ਬਣਾਉਣ ਲਈ ਉਘੇ ਲੇਖਕਾਂ ਤਕ ਪਹੁੰਚ ਕੀਤੀ ਜਾਵੇ। ਜਿਸ ਵਿਚ ਗਦਰੀਆਂ ਦੇ ਸੁਨੇਹੇ ਤੋਂ ਇਲਾਵਾ ਸਮਾਜ ਅਤੇ ਜ਼ਿੰਦਗੀ ਦੇ ਵਖ ਵਖ ਮਸਲਿਆਂ ਬਾਰੇ ਜਾਣਕਾਰੀ ਭਰਪੂਰ ਲੇਖ ਸ਼ਾਮਲ ਕੀਤੇ ਜਾਣ। ਇਹ ਵੀ ਫੈਸਲਾ ਹੋਇਆ ਕਿ ਪਰਵਾਸੀ ਪੰਜਾਬੀ ਨੌਜਵਾਨਾਂ ਨੂੰ ਵੀ ਇਸ ਵਿਚ ਲਿਖਣ ਲਈ ਪ੍ਰੇਰਿਆ ਜਾਵੇ।

ਸੰਸਥਾ ਦੇ ਬੁਲਾਰੇ ਨੇ ਦੱਸਿਆ ਕਿ ਦੇਵਿੰਦਰ ਦਮਨ ਦਾ ਲਿਖਿਆ ਤੇ ਅਸ਼ੋਕ ਟਾਂਗਰੀ ਦਾ ਸ਼ਹੀਦ ਭਗਤ ਸਿੰਘ ਬਾਰੇ ਨਿਰਦੇਸ਼ਤ ਕੀਤਾ ਨਾਟਕ ਇਸ ਮੇਲੇ ਦੀ ਵਿਸ਼ੇਸ਼ ਖਿਚ ਹੋਵੇਗਾ। ਲੋਕ ਗਾਇਕਾ ਸਤਿੰਦਰ ਬਿਟੀ ਤੋਂ ਇਲਾਵਾ ਗਾਇਕ ਪ੍ਰੀਤਮ ਸੋਹੀ ਤੇ ਰਾਜ ਬਰਾੜ ਆਪਣੀ ਗਾਇਕੀ ਰਾਹੀਂ ਗਦਰੀ ਬਾਬਿਆਂ ਦਾ ਸੁਨੇਹਾ ਦੇਣਗੇ। ਇਸ ਮੌਕੇ ਸਮਾਜ ਸੇਵੀ ਅਤੇ ਦਿਲ ਦੇ ਰੋਗਾਂ ਦੇ ਮਾਹਰ ਡਾ. ਹਰਚਰਨ ਸਿੰਘ ਚੰਨ ਅਤੇ ਨੌਜਵਾਨਾਂ ਵਿਚ ਪੰਜਾਬੀ ਸਭਿਆਚਾਰ ਦੇ ਪ੍ਰਚਾਰ ਲਈ ਕੰਮ ਕਰਦੀ ਸੰਸਥਾ 'ਜੈਕਾਰਾ' ਨੂੰ ਸਨਮਾਨਿਤ ਕਰਨ ਦਾ ਫੈਸਲਾ ਕੀਤਾ ਗਿਆ। ਮੀਟਿੰਗ ਵਿਚ ਗੁਰਦੀਪ ਸਿੰਘ ਨਿੱਝਰ, ਸਾਧੂ ਸਿੰਘ ਸੰਘਾ, ਸੰਤੋਖ ਸਿੰਘ ਮਿਨਹਾਸ, ਨਿਰਮਲ ਗਿੱਲ ਢਨੋਲਾ, ਗੁਰਨੇਕ ਰਾਏ, ਹੈਰੀ ਮਾਨ, ਮਨਜੀਤ ਕੁਲਾਰ, ਅਵਤਾਰ ਗੋਂਦਾਰਾ, ਰਾਜ ਬਰਾੜ ਵੈਰੋਕੇ, ਹਾਕਮ ਸਿੰਘ ਢਿੱਲੋਂ, ਰਣਜੀਤ ਗਿੱਲ, ਸਤਵੰਤ ਵਿਰਕ, ਸੰਤੋਖ ਸਿੰਘ ਢਿੱਲੋਂ, ਪਾਲ ਧਾਲੀਵਾਲ, ਬਿਕਰਮਜੀਤ ਕਾਹਲੋਂ, ਸੁਲੱਖਣ ਗਿੱਲ, ਮਨਧੀਰ ਤੁੰਗ, ਪਾਲ ਧਾਲੀਵਾਲ, ਪੁਸ਼ਵਿੰਦਰ ਕੁਮਾਰ ਹਾਜ਼ਰ ਸਨ।

## ਕਾਮਾਗਾਟਾਮਾਰੂ ਦੇ ਸ਼ਹੀਦਾਂ ਨੂੰ ਸਮਰਪਿਤ ਸਮਾਗਮ 20 ਨੂੰ

**ਮਰਸਡ, ਕੈਲੀਫੋਰਨੀਆ (ਬਿਊਰੋ):** ਇੰਡੋ ਅਮੈਰਿਕਨ ਦੇਸ਼ ਭਗਤ ਫੋਰਮ ਵਲੋਂ ਕਾਮਾਗਾਟਾਮਾਰੂ ਦੇ ਸ਼ਹੀਦਾਂ ਨੂੰ ਸਮਰਪਿਤ ਇਕ ਸਮਾਗਮ 20 ਸਤੰਬਰ ਨੂੰ ਫੇਅਰ ਗਰਾਊਂਡ ਹਾਲ (900 ਮਾਰਟਿਨ ਲੂਥਰ ਕਿੰਗ ਜੂਨੀਅਰ ਵੇਅ), ਮਰਸਡ ਵਿਚ ਸ਼ਾਮ 4 ਤੋਂ 7 ਵਜੇ ਤੱਕ ਕਰਵਾਇਆ ਜਾਵੇਗਾ।

ਫੋਰਮ ਵਲੋਂ ਜਾਰੀ ਬਿਆਨ ਅਨੁਸਾਰ ਇਸ ਮੌਕੇ ਡਾ. ਗੁਰੁਮੇਲ ਸਿੱਧੂ ਤੇ ਗੁਰਦੀਪ ਸਿੰਘ ਅਣਖੀ ਮੁੱਖ ਬੁਲਾਰੇ ਹੋਣਗੇ। ਗਾਇਕ ਰਾਜ ਬਰਾੜ ਫਰਿਜ਼ਨੋ ਅਤੇ ਧਰਮਵੀਰ ਥਾਂਦੀ ਆਪਣੇ ਗੀਤਾਂ ਰਾਹੀਂ ਸਰੋਤਿਆਂ ਦਾ ਮਨੋਰੰਜਨ ਕਰਨਗੇ। ਇਸ ਤੋਂ ਇਲਾਵਾ ਬੱਚਿਆਂ ਵਲੋਂ ਗਿੱਧਾ, ਭੰਗੜਾ ਅਤੇ ਹੋਰ ਦਿਲਚਸਪ ਆਈਟਮਾਂ ਵੀ ਹੋਣਗੀਆਂ। ਹੋਰ ਜਾਣਕਾਰੀ ਲਈ ਫੋਰਮ ਦੇ ਪ੍ਰਧਾਨ ਅਸ਼ਵਨੀ ਕੁਮਾਰ ਕੈਂਥ (209-756-5218), ਕਨਵੀਨਰ ਲਛਮਣ ਸਿੰਘ ਰਾਠੌਰ (559-577-8162) ਜਾਂ ਖਜ਼ਾਨਚੀ ਮਹਿੰਗਾ ਸਿੰਘ (209-383-5211) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## Matrimonial

### ਕੰਨਿਆ ਦੀ ਲੋੜ

ਜੱਟ ਸਿੱਖ ਮੱਲ੍ਹੀ, ਚੰਗੇ ਪੜ੍ਹੇ-ਲਿਖੇ ਪਰਿਵਾਰ (ਦੁਆਬਾ), ਆਪਣਾ ਕਾਰੋਬਾਰ ਅਤੇ ਚੰਗੀ ਜ਼ਮੀਨ-ਜਾਇਦਾਦ ਵਾਲੇ ਮਾਪਿਆਂ ਦੇ ਇੰਡੀਆ ਰਹਿੰਦੇ ਕਲੀਨ ਸ਼ੇਵ 25 ਸਾਲ, 5'-10", ਬੀ.ਈ. (ਇਲੈਕਟ੍ਰਿਕ) ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਸਿਟੀਜ਼ਨ, ਚੰਗੀ ਪੜ੍ਹੀ ਲਿਖੀ, ਲੰਮੀ, ਖੂਬਸੂਰਤ ਜੱਟ ਸਿੱਖ ਲੜਕੀ ਦੀ ਲੋੜ ਹੈ। ਸ਼ਾਦੀ ਬਿਨਾ ਦਹੇਜ, ਦੁਆਬੇ ਨੂੰ ਪਹਿਲ, ਮੈਰਿਜ ਬਿਊਰੋ ਮੁਆਫ ਕਰਨ। ਸੰਪਰਕ ਕਰੋ, ਫੋਨ: 718-810-1295 ਜਾਂ 718-468-0936 35 to 38

ਜੱਟ ਸਿੱਖ, ਗਰੈਜੂਏਟ, ਅਮਰੀਕੀ ਸਿਟੀਜ਼ਨ, ਵੈੱਲ ਸੈਟਲਡ, ਸੁਨੱਖੇ, 24 ਸਾਲ, 5'-10", ਚੰਗੀ ਕੰਪਨੀ ਵਿਚ ਕੰਮ ਕਰਦੇ ਲੜਕੇ ਲਈ ਅੰਡਰ-ਗਰੈਜੂਏਟ 22 ਤੋਂ 25 ਸਾਲ ਉਮਰ ਦੀ ਅਮਰੀਕਾ ਰਹਿੰਦੀ ਲੜਕੀ ਦੀ ਲੋੜ ਹੈ। ਤਸਵੀਰ ਅਤੇ ਵੇਰਵਾ ਭੇਜੋ, ਈਮੇਲ: kang929@hotmail.com, ਫੋਨ: 60834-76548 35 to 38

### ਵਰ ਦੀ ਲੋੜ

ਚੰਗੇ ਪੜ੍ਹੇ-ਲਿਖੇ ਅਰੋੜਾ ਪਰਿਵਾਰ ਦੀ ਗੁਰਸਿੱਖ, ਉਮਰ 29 ਸਾਲ, ਕੱਦ 5'-5" ਲੜਕੀ ਲਈ ਇੰਡੀਆ ਜਾਂ ਅਮੈਰਿਕਾ ਰਹਿੰਦੇ ਪ੍ਰੋਫ਼ੈਸ਼ਰ, ਵੈਸ਼ਨੋ, ਸੋਫੀ, ਪੂਰਨ ਸਿੱਖ ਲੜਕੇ ਦੀ ਲੋੜ ਹੈ। ਵੇਰਵਾ ਤੇ ਫੋਟੋ ਭੇਜੋ, ਈਮੇਲ: singhj19@hotmail.com ਜਾਂ ਸੰਪਰਕ ਕਰੋ 843-270-4264 34-37

ਪੰਜਾਬ ਵਿਚ ਰਹਿੰਦੀ ਜੱਟ ਸਿੱਖ ਲੜਕੀ ਉਮਰ 24 ਸਾਲ, ਕੱਦ 5'-7", ਬੀ ਐਸ ਸੀ ਨਰਸਿੰਗ ਲਈ ਯੂ ਐਸ ਸਿਟੀਜ਼ਨ ਪਰਿਵਾਰਕ ਲੜਕੇ ਦੀ ਲੋੜ ਹੈ। ਸੰਪਰਕ ਕਰੋ, ਈਮੇਲ: panjabiversa@gmail.com 33-38


ਕੱਰੀ ਕੁਕ ਤੇ ਹੈਲਪਰ ਦੀ ਲੋੜ ਹੈ

ਵਚੀਟਾ, ਕੈਨਸਸ ਵਿਚ ਭਾਰਤੀ ਰੈਸਟੋਰੈਂਟ ਲਈ ਕੱਰੀ ਕੁਕ ਅਤੇ ਹੈਲਪਰ ਦੀ ਲੋੜ ਹੈ

ਚੰਗੀ ਤਨਖਾਹ, ਰਿਹਾਇਸ਼ ਮੁਫਤ

ਸੰਪਰਕ ਕਰੋ:

316-691-8300 ਜਾਂ 316-518-5382 31-4

LAW OFFICE OF NIRWAN & ASSOCIATES



Jagdip S. Nirwan

SACRAMENTO

1104 Corporate Way
Sacramento, CA 95831

CALL US TODAY

Tel: 916-832-3144
Fax: 925-264-5078
www.nirwanlaw.com

- IMMIGRATION LAW
- TAX LAW
- TAX PREPARATION
- BUSINESS INCORPORATION
- BUSINESS LITIGATION

SUPER TRAVEL

847-676-9090, 773-465-5566

E-mail: supertravel2003@yahoo.com

Lowest Fares With Excellent Service

AMERICAN AIR, CONTINENTAL AIR



JET AIRWAYS DELTA, AIR INDIA, KLM, LUFTHANSA.

For Emergency Call anytime at 847-673-3825

EARLY BIRD SALE!!!!

India $545
London $250

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over

24 ਘੰਟੇ ਸੱਤੇ ਦਿਨ ਸੁਣੋ

Listen on :
Radio Sets (CA, WA, NV)
Dial in
832-551-5029 or 605-475-6868
Android & iPhone App

www.PunjabiRadioUSA.com
Ph: 408-272-5200

**Punjab Times**

**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.


Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਿੱਖਾਂ ਨਾਲ ਫਰਾਂਸ ਵਿਚ ਕੋਈ ਵਿਤਕਰਾ ਨਹੀਂ ਹੋ ਰਿਹਾ: ਫਰਾਂਸੀਸੀ ਸਫੀਰ

**ਅੰਮ੍ਰਿਤਸਰ:** ਭਾਰਤ ਵਿਚ ਫਰਾਂਸ ਦੇ ਸਫੀਰ ਫਰਾਂਸਿਸ ਰਿਚੀ ਨੇ ਅੱਜ ਇਥੇ ਸ੍ਰੀ ਹਰਮਿੰਦਰ ਸਾਹਿਬ ਵਿਖੇ ਮੱਥਾ ਟੇਕਿਆ। ਇਸ ਤੋਂ ਬਾਅਦ ਉਨ੍ਹਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਇਕ ਸਮਾਗਮ ਦੌਰਾਨ ਕਿਹਾ ਕਿ ਫਰਾਂਸ ਵਿਚ ਸਿੱਖਾਂ ਨਾਲ ਕਿਸੇ ਪ੍ਰਕਾਰ ਦਾ ਕੋਈ ਵਿਤਕਰਾ ਨਹੀਂ ਹੋ ਰਿਹਾ। ਉਥੇ ਆਪਣੇ ਕੰਮ-ਧੰਦਿਆਂ ਦੌਰਾਨ ਸਿੱਖ ਬਾਕਾਇਦਾ ਦਸਤਾਰ ਸਜਾ ਕੇ ਜਾਂਦੇ ਹਨ।


ਉਨ੍ਹਾਂ ਕਿਹਾ ਕਿ ਫਰਾਂਸ ਵਿਚ ਧਰਮ ਜਾਂ ਵਿਚਾਰਾਂ ਦੇ ਆਧਾਰ 'ਤੇ ਕਿਸੇ ਨਾਲ ਕੋਈ ਵਿਤਕਾਰਾ ਨਹੀਂ ਕੀਤਾ ਜਾਂਦਾ। ਉਂਝ ਵੀ ਸੰਸਾਰ ਦੇ ਸਭ ਧਰਮ ਬਰਾਬਰੀ ਦਾ ਸੰਦੇਸ਼ ਦਿੰਦੇ ਹਨ ਅਤੇ ਫਰਾਂਸ ਵਿਚ ਸਿੱਖ ਵੀ ਫਰਾਂਸੀਸੀ ਨਾਗਰਿਕਾਂ ਦੇ ਬਰਾਬਰ ਦਾ ਹੱਕ ਰੱਖਦੇ ਹਨ। ਉਨ੍ਹਾਂ ਖੁਲਾਸਾ ਕੀਤਾ ਕਿ ਫਰਾਂਸ ਦੇ ਸਕੂਲਾਂ ਵਿਚ ਪਹਿਲਾਂ ਵਿਦਿਆਰਥੀਆਂ ਨੂੰ ਦਸਤਾਰ ਸਜਾਉਣ ਦੀ ਆਗਿਆ ਨਹੀਂ ਸੀ, ਹੁਣ ਅਜਿਹਾ ਨਹੀਂ ਹੈ। ਉਂਝ ਔਰਤਾਂ ਨੂੰ ਬੁਰਕਾ ਪਾ ਕੇ ਸਕੂਲਾਂ ਵਿਚ ਆਉਣ ਦੀ ਅਜੇ ਵੀ ਆਗਿਆ ਨਹੀਂ ਹੈ। ਅਜਿਹਾ ਸੁਰੱਖਿਆ ਕਾਰਨਾਂ ਕਰ ਕੇ ਕੀਤਾ ਜਾ ਰਿਹਾ ਹੈ। ਇਸ ਮੌਕੇ ਉਨ੍ਹਾਂ ਸਿੱਖਾਂ ਅਤੇ ਫਰਾਂਸ ਵਿਚਕਾਰ ਸਾਂਝਾਂ ਦਾ ਉਚੇਚਾ ਜ਼ਿਕਰ ਕੀਤਾ। ਇਨ੍ਹਾਂ ਸਾਂਝਾਂ ਦੇ ਜ਼ਿਕਰ ਮੌਕੇ ਉਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਅਤੇ ਉਨ੍ਹਾਂ ਦੀ ਫੌਜੀ ਵਿਚ ਸ਼ਾਮਿਲ ਫਰਾਂਸੀਸੀ ਜਰਨੈਲਾਂ ਬਾਰੇ ਵੀ ਚੋਖੀ ਚਰਚਾ ਕੀਤੀ।



*ਸ੍ਰੀ ਹਰਿਮੰਦਰ ਸਾਹਿਬ ਵਿਖੇ ਫਰਾਂਸੀਸੀ ਸਫੀਰ ਫਰਾਂਸਿਸ ਰਿਚੀ।*

## ਬੀਬੀਆਂ ਨੂੰ ਹਰਿਮੰਦਰ ਸਾਹਿਬ ਵਿਖੇ ਕੀਰਤਨ ਦੀ ਇਜਾਜ਼ਤ ਮਿਲੇ: ਮਾਨ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ



ਕਮੇਟੀ ਕੀਰਤਨ ਕਰਨ ਵਾਲੀਆਂ ਬੀਬੀਆਂ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਕਰਨ ਦੀ ਇਜਾਜ਼ਤ ਦੇਵੇ। ਸ. ਮਾਨ ਨੇ ਕਿਹਾ ਕਿ ਜਦੋਂ ਗੁਰੂ ਸਾਹਿਬਾਨ ਨੇ ਸਿੱਖ ਮਰਦ ਤੇ ਔਰਤ ਨੂੰ ਬਰਾਬਰ ਮੰਨਿਆ ਹੈ ਤਾਂ ਫਿਰ ਕੀਰਤਨ ਕਰਨ ਵਾਲੀਆਂ ਬੀਬੀਆਂ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਰਤਨ ਕਿਉਂ ਨਹੀਂ ਕਰ ਸਕਦੀਆਂ। ਉਨ੍ਹਾਂ ਕਿਹਾ ਕਿ ਅੱਜ ਔਰਤਾਂ ਹਰ ਖੇਤਰ ਵਿਚ ਮਰਦ ਦੇ ਬਰਾਬਰ ਕਾਰਜਸ਼ੀਲ ਹਨ ਤੇ ਵੱਡੀਆਂ ਪ੍ਰਾਪਤੀਆਂ ਕਰ ਰਹੀਆਂ ਹਨ। ਬੀਬੀਆਂ ਦੇ ਰਾਗੀ ਜਥੇ ਕੀਰਤਨ ਦਰਬਾਰਾਂ ਤੇ ਗੁਰਦੁਆਰਿਆਂ ਵਿਚ ਕੀਰਤਨ ਕਰਦੇ ਹਨ ਤਾਂ ਉਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਵੀ ਕੀਰਤਨ ਕਰਨ ਤੋਂ ਰੋਕਿਆ ਨਹੀਂ ਜਾਣਾ ਚਾਹੀਦਾ। ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੂੰ ਕਿਹਾ ਕਿ ਉਹ ਬੀਬੀਆਂ ਦੇ ਰਾਗੀ ਜਥਿਆਂ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਰਤਨ ਕਰਨ ਦੀ ਇਜਾਜ਼ਤ ਦੇਣ।

## ਜਸਟਿਸ ਦੱਤੂ ਸੁਪਰੀਮ ਕੋਰਟ ਦੇ ਚੀਫ ਜਸਟਿਸ ਨਿਯੁਕਤ

**ਨਵੀਂ ਦਿੱਲੀ:** ਜਸਟਿਸ ਐਚ.ਐਲ. ਦੱਤੂ ਨੂੰ ਭਾਰਤ ਦੇ ਚੀਫ ਜਸਟਿਸ ਨਿਯੁਕਤ ਕੀਤਾ ਗਿਆ ਤੇ ਉਨ੍ਹਾਂ



ਦਾ ਕਾਰਜਕਾਲ 14 ਮਹੀਨਿਆਂ ਦਾ ਹੋਵੇਗਾ। ਸੁਪਰੀਮ ਕੋਰਟ ਦੇ ਮੌਜੂਦਾ ਚੀਫ ਜਸਟਿਸ ਆਰ.ਐਮ. ਲੋਧਾ 27 ਸਤੰਬਰ ਨੂੰ ਸੇਵਾਮੁਕਤ ਹੋ ਰਹੇ ਹਨ। 42ਵੇਂ ਚੀਫ ਜਸਟਿਸ ਬਣ ਰਹੇ ਜਸਟਿਸ ਦੱਤੂ ਦੋ ਦਸੰਬਰ 2015 ਤੱਕ ਅਹੁਦੇ 'ਤੇ ਰਹਿਣਗੇ। ਉਹ 28 ਸਤੰਬਰ ਨੂੰ ਅਹੁਦੇ ਦੀ ਸਹੁੰ ਚੁੱਕਣਗੇ।

## 84 ਦੇ ਕੇਸ 'ਚ ਪਟੀਸ਼ਨਰ ਨੂੰ ਖੁਦ ਪੈਰਵੀ ਕਰਨ ਦੀ ਨਾ ਮਿਲੀ ਮਨਜ਼ੂਰੀ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਇਕ ਪਟੀਸ਼ਨਰ ਨੂੰ ਆਪਣੀ ਜਨਹਿਤ ਦੀ ਖੁਦ ਪੈਰਵੀ ਕਰਨ ਦੀ ਆਗਿਆ ਦੇਣੋਂ ਨਾਂਹ ਕਰ ਦਿੱਤੀ। ਇਹ ਪਟੀਸ਼ਨਰ ਜੋ ਵਕੀਲ ਨਹੀਂ ਹੈ, ਨੇ 1984 ਦੇ ਸਿੱਖ ਵਿਰੋਧੀ ਘਾਣ ਵਿਚ ਭੂਮਿਕਾ ਲਈ ਇਕ ਸਿਆਸੀ ਪਾਰਟੀ ਦੀ ਮਾਨਤਾ ਰੱਦ ਕੀਤੇ ਜਾਣ ਤੇ ਇਸ ਦੇ ਇਕ ਆਗੂ ਨੂੰ ਦਿੱਤਾ ਗਿਆ ਦੇਸ਼ ਦਾ ਉੱਚਤਮ ਨਾਗਰਿਕ ਪੁਰਸਕਾਰ ਵਾਪਸ ਲਿਆ ਜਾਵੇ, ਬਾਰੇ ਪਟੀਸ਼ਨ ਪਾਈ ਸੀ। ਚੀਫ ਜਸਟਿਸ ਆਰ.ਐਮ. ਲੋਧਾ ਤੇ ਜਸਟਿਸ ਕੁਰੀਅਨ ਜੋਸਫ ਤੇ ਆਰ.ਐਫ. ਨਾਰੀਮਨ 'ਤੇ ਆਧਾਰਤ ਬੈਂਚ ਨੇ ਕਿਹਾ ਕਿ ਪਟੀਸ਼ਨਰ ਨੂੰ ਵਕੀਲ ਕਰਨਾ ਪਵੇਗਾ।

## ਅਲ-ਕਾਇਦਾ ਭਾਰਤ ਵਿਚ ਪੈਰ ਪਸਾਰਨ ਦੀ ਤਿਆਰੀ ਵਿਚ

**ਦਿੱਲੀ:** ਅਲ-ਕਾਇਦਾ ਨੇ ਭਾਰਤ ਵਿਚ 'ਜਹਾਦ' ਵਿੱਢਣ ਲਈ ਇਕ ਨਵੀਂ ਸ਼ਾਖਾ ਕਾਇਮ ਕਰ ਦਿੱਤੀ ਜਿਸ ਦਾ ਨਿਸ਼ਾਨਾ ਉਪ-ਮਹਾਂਦੀਪ ਵਿਚ ਇਸਲਾਮੀ ਸ਼ਾਸਨ ਦੀ ਬਹਾਲੀ ਤੇ ਸਖ਼ਤ ਕਾਨੂੰਨ ਲਾਗੂ ਕਰਨਾ ਹੈ। ਅਲ-ਕਾਇਦਾ ਦੇ ਨੇਤਾ ਆਇਮਾਨ ਅਲ-ਜਵਾਹਰੀ ਨੇ ਆਖਿਆ ਕਿ 'ਕਿਆਦਤ ਅਲ-ਜਹਾਦ' ਲੜਾਈ ਦਾ ਰੁਖ਼ ਭਾਰਤ ਤੇ ਬੰਗਲਾਦੇਸ਼ ਵੱਲ ਮੋੜੇਗੀ। ਅਲ-ਜਵਾਹਰੀ ਨੇ ਇਹ ਵੀ ਆਖਿਆ ਕਿ ਇਹ ਗਰੁੱਪ ਬਰਮਾ, ਬੰਗਲਾਦੇਸ਼, ਅਸਾਮ, ਗੁਜਰਾਤ, ਅਹਿਮਦਾਬਾਦ ਤੇ ਕਸ਼ਮੀਰ ਸਮੇਤ ਭਾਰਤੀ ਉਪ-ਮਹਾਂਦੀਪ ਵਿਚ ਨਿਤਾਣਿਆਂ ਦੀ ਰਾਖੀ ਕਰੇਗਾ। ਅਲ-ਕਾਇਦਾ ਵੱਲੋਂ ਭਾਰਤ ਵਿਚ ਆਪਣੀਆਂ ਸਰਗਰਮੀਆਂ ਵਿੱਢਣ ਬਾਰੇ ਇਕ ਵੀਡੀਓ ਨਸ਼ਰ ਹੋਣ ਤੋਂ ਬਾਅਦ ਕੇਂਦਰ ਸਰਕਾਰ ਨੇ ਦੇਸ਼ਵਿਆਪੀ ਚੌਕਸੀ ਦੇ ਹੁਕਮ ਦੇ ਦਿੱਤੇ ਹਨ।

ਯੂ-ਟਿਊਬ ਤੇ ਸੋਸ਼ਲ ਮੀਡੀਆ ਆਊਟਲੈੱਟਜ਼ 'ਤੇ ਅਲ-ਕਾਇਦਾ ਦੇ ਮੀਡੀਆ ਵਿੰਗ ਅਸ-ਸਹਾਬ ਵੱਲੋਂ ਪਾਈ ਗਈ ਇਸ ਵੀਡੀਓ ਵਿਚ 'ਭਾਰਤੀ ਉਪ-ਮਹਾਂਦੀਪ ਵਿਚ ਕਿਆਦਤ ਅਲ-ਜਹਾਦ' ਕਾਇਮ ਕਰਨ ਦਾ ਐਲਾਨ ਕੀਤਾ ਗਿਆ ਹੈ।

ਇੰਟੈਲੀਜੈਂਸ ਬਿਊਰੋ (ਆਈ.ਬੀ.) ਦੀ ਮੁਢਲੀ ਪੜਤਾਲ ਤੋਂ ਪਤਾ ਚੱਲਿਆ ਹੈ ਕਿ ਵੀਡੀਓ ਸਹੀ ਹੈ ਜਿਸ ਤੋਂ ਬਾਅਦ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਚੋਟੀ ਦੇ ਸੁਰੱਖਿਆ ਅਧਿਕਾਰੀਆਂ ਨਾਲ ਵਿਚਾਰ-ਚਰਚਾ ਕੀਤੀ। ਗ੍ਰਹਿ ਮੰਤਰਾਲੇ ਦੇ ਅਧਿਕਾਰੀਆਂ ਨੇ ਦੱਸਿਆ ਕਿ ਮੰਤਰਾਲੇ ਵੱਲੋਂ ਸਾਰੇ ਰਾਜਾਂ ਨੂੰ ਚੌਕਸੀ ਵਰਤਣ ਤੇ ਸੁਰੱਖਿਆ ਏਜੰਸੀਆਂ ਨੂੰ ਹਰ ਤਰ੍ਹਾਂ ਦੀ ਸਾਵਧਾਨੀ ਵਰਤਣ ਦੇ ਹੁਕਮ ਦਿੱਤੇ ਗਏ ਹਨ।

ਸੁਰੱਖਿਆ ਏਜੰਸੀਆਂ ਦਾ ਕਹਿਣਾ ਹੈ ਕਿ ਇਹ ਵੀਡੀਓ ਅਲ-ਕਾਇਦਾ ਵੱਲੋਂ ਉਪ ਮਹਾਂਦੀਪ ਵਿਚ ਨਵੀਂ ਭਰਤੀ ਕਰਨ ਦਾ ਹਿੱਸਾ ਹੋ ਸਕਦਾ ਹੈ ਕਿਉਂਕਿ ਇਸਲਾਮਿਕ ਸਟੇਟ ਆਫ ਇਰਾਕ ਐਂਡ ਸੀਰੀਆ (ਆਈ.ਐਸ.ਆਈ.ਐਸ.) ਦੇ ਮੁਕਾਬਲੇ ਇਸ ਦਾ ਪ੍ਰਭਾਵ ਕਾਫੀ ਪੈ ਰਿਹਾ ਹੈ।

## ਪਾਕਿਸਤਾਨੀ ਸਿੱਖ ਜ਼ਿਆਦਤੀਆਂ ਖਿਲਾਫ ਸੜਕਾਂ ਉਤੇ ਆਏ

*(ਸਫਾ ਇਕ ਦੀ ਬਾਕੀ)*

ਕਮੇਟੀ ਵੀ ਪਾਕਿਸਤਾਨ ਸਰਕਾਰ ਕੋਲ ਇਹ ਮਾਮਲਾ ਨਹੀਂ ਚੁੱਕ ਰਹੀ। ਪਾਕਿਸਤਾਨ ਵਿਚ ਘੱਟ-ਗਿਣਤੀਆਂ ਦੀ ਆਬਾਦੀ ਦੋ ਫ਼ੀਸਦੀ ਹੈ। ਅਲ-ਕਾਇਦਾ ਤੇ ਤਾਲਿਬਾਨ ਦੀ ਅਗਵਾਈ ਵਾਲੇ ਅਤਿਵਾਦੀ ਅਕਸਰ ਘੱਟ-ਗਿਣਤੀਆਂ ਨੂੰ ਨਿਸ਼ਾਨਾ ਬਣਾਉਂਦੇ ਹਨ।

ਲੋਕ ਸਭਾ ਵਿਚ ਕਾਂਗਰਸ ਦੇ ਉਪ ਨੇਤਾ ਕੈਪਟਨ ਅਮਰਿੰਦਰ ਸਿੰਘ ਨੇ ਪਾਕਿਸਤਾਨ ਦੇ ਤਣਾਅਗ੍ਰਸਤ ਸੂਬੇ ਖੈਬਰ-ਪਖਤੂਨਖਵਾ ਵਿਚ ਰਹਿੰਦੇ ਸਿੱਖਾਂ ਉਪਰ ਵਧ ਰਹੇ ਹਮਲਿਆਂ 'ਤੇ ਫਿਕਰ ਪ੍ਰਗਟਾਇਆ ਹੈ। ਉਨ੍ਹਾਂ ਕਿਹਾ ਕਿ ਉਥੇ ਘੱਟ-ਗਿਣਤੀ ਵਿਚ ਰਹਿ ਰਹੇ ਸਿੱਖਾਂ ਵਿਚ ਮੁੜ ਵਿਸ਼ਵਾਸ ਪੈਦਾ ਕਰਨ ਲਈ ਤੁਰੰਤ ਕਦਮ ਚੁੱਕੇ ਜਾਣੇ ਚਾਹੀਦੇ ਹਨ। ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕੇਂਦਰੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਤੇ ਪਾਕਿਸਤਾਨ ਦੇ ਭਾਰਤ ਵਿਚ ਰਾਜਦੂਤ ਨੂੰ ਚਿੱਠੀ ਲਿਖ ਕੇ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਮੰਗ ਕੀਤੀ ਹੈ।

## ਅਕਾਲੀ ਦਲ ਤੇ ਭਾਜਪਾ ਦੀਆਂ ਸੁਰਾਂ ਬਦਲੀਆਂ

*(ਸਫਾ ਇਕ ਦੀ ਬਾਕੀ)*

ਤੱਕ ਹੀ ਸੀਮਤ ਹੈ ਤੇ ਭਾਜਪਾ ਕਾਰੋਬਾਰੀਆਂ ਦਾ ਹੀ ਪੱਖ ਪੂਰਦੀ ਆਈ ਹੈ।

ਅਸਲ ਵਿਚ ਹੁਣ ਤੱਕ ਭਾਜਪਾ ਭਾਈਵਾਲ ਪਾਰਟੀ, ਅਕਾਲੀ ਦਲ ਦੇ ਸਹਾਰੇ ਹੀ ਸੱਤਾ ਦਾ ਸੁੱਖ ਭੋਗਦੀ ਆਈ ਹੈ ਤੇ ਕਦੇ ਵੀ ਪਿੰਡਾਂ ਵਿਚ ਆਪਣਾ ਆਧਾਰ ਵਧਾਉਣ ਵੱਲ ਧਿਆਨ ਨਹੀਂ ਦਿੱਤਾ। ਇਹੀ ਕਾਰਨ ਹੈ ਕਿ ਦੋਵਾਂ ਭਾਈਵਾਲ ਪਾਰਟੀਆਂ ਵਿਚ ਕਦੇ ਜ਼ਿਆਦਾ ਤਣਾਅ ਵਾਲੀ ਹਾਲਤ ਨਹੀਂ ਬਣੀ। ਭਾਜਪਾ ਦੀ ਸਾਰੀ ਲੀਡਰਸ਼ਿਪ ਵੀ ਸ਼ਹਿਰੀ ਹੀ ਹੈ ਜਿਸ ਕਰ ਕੇ ਪਿੰਡਾਂ ਵਿਚ ਰਹਿੰਦੀ ਸੂਬੇ ਦੀ 68 ਫੀਸਦੀ ਵਸੋਂ ਵਿਚ ਭਾਜਪਾ ਆਧਾਰ ਨਹੀਂ ਬਣਾ ਸਕੀ।

ਹੁਣ ਬਦਲੇ ਹੋਏ ਹਾਲਾਤ ਵਿਚ ਭਾਜਪਾ ਮਿਉਂਸਿਪਲ ਕਮੇਟੀਆਂ ਤੇ ਨਗਰ ਨਿਗਮ ਚੋਣਾਂ ਵਿਚ ਵੀ ਵੱਧ ਸੀਟਾਂ ਦੇਣ ਲਈ ਦਬਾਅ ਪਾ ਰਹੀ ਹੈ। ਸੂਤਰਾਂ ਮੁਤਾਬਕ ਪਾਰਟੀ ਦੇ ਜ਼ਿਲ੍ਹਾ ਪ੍ਰਧਾਨਾਂ ਤੇ ਹੋਰ ਆਗੂਆਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ ਕਿ ਸ਼ਹਿਰੀ ਖੇਤਰਾਂ ਵਿਚ ਭਾਰਤੀ ਜਨਤਾ ਪਾਰਟੀ ਦਾ ਆਧਾਰ ਪਹਿਲਾਂ ਨਾਲੋਂ ਵਧਿਆ ਹੈ। ਇਸ ਲਈ ਮਿਉਂਸਿਪਲ ਕਮੇਟੀਆਂ ਤੇ ਨਗਰ ਨਿਗਮ ਚੋਣਾਂ ਦੌਰਾਨ ਅਕਾਲੀ ਦਲ ਤੋਂ ਜ਼ਿਆਦਾ ਸੀਟਾਂ ਮੰਗੀਆਂ ਜਾਣ।

ਇਸ ਬਾਰੇ ਲੰਘੇ ਦਿਨ ਭਾਜਪਾ ਦੀ ਮੀਟਿੰਗ ਹੋਈ ਜਿਸ ਦੌਰਾਨ ਭਾਜਪਾ ਆਗੂਆਂ ਨੇ ਪਾਰਟੀ ਦੇ ਸੂਬਾ ਪ੍ਰਧਾਨ ਕਮਲ ਸ਼ਰਮਾ ਨੂੰ ਕਿਹਾ ਕਿ ਇਸ ਤੋਂ ਪਹਿਲਾਂ ਅਕਾਲੀ ਦਲ ਵੱਲੋਂ ਅਕਸਰ ਭਾਜਪਾ ਦੇ ਵਾਰਡਾਂ ਵਿਚ ਬਾਗੀ ਉਮੀਦਵਾਰ ਖੜ੍ਹੇ ਕਰ ਦਿੱਤੇ ਜਾਂਦੇ ਹਨ। ਇਸ ਨਾਲ ਭਾਜਪਾ ਨੂੰ ਕਮਜ਼ੋਰ ਕੀਤਾ ਜਾਂਦਾ ਰਿਹਾ ਹੈ। ਪਾਰਟੀ ਆਗੂਆਂ ਨੇ ਕਿਹਾ ਕਿ ਅਕਾਲੀ ਦਲ ਨੂੰ ਚੋਣਾਂ ਤੋਂ ਪਹਿਲਾਂ ਹੀ ਸਪਸ਼ਟ ਕਰ ਦਿੱਤਾ ਜਾਵੇ ਕਿ ਬਾਗੀ ਉਮੀਦਵਾਰ ਖੜ੍ਹੇ ਕਰਨ ਦੀ ਸਿਆਸੀ ਚਾਲ ਨਾ ਖੇਡੀ ਜਾਵੇ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਭਗੌੜੇ ਫੜਨ ਲਈ ਆਸਟਰੇਲੀਆ ਜਾਵੇਗੀ ਪੁਲਿਸ

**ਜਲੰਧਰ:** ਬਹੁ-ਚਰਚਿਤ ਯਾਨਿਕ ਨਿਜ਼ਾਂਗਾ ਹੱਤਿਆ ਕਾਂਡ ਦੇ ਫਰਾਰ ਮੁਲਜ਼ਮਾਂ ਨੂੰ ਫੜਨ ਲਈ ਜਲੰਧਰ ਕਮਿਸ਼ਨਰੇਟ ਪੁਲਿਸ ਦੀ ਵਿਸ਼ੇਸ਼ ਟੀਮ ਆਸਟਰੇਲੀਆ ਜਾਵੇਗੀ। ਮਿਲੀ ਜਾਣਕਾਰੀ ਅਨੁਸਾਰ ਆਸਟਰੇਲੀਆ ਜਾਣ ਲਈ ਟੀਮ ਬਣਾਈ ਜਾ ਚੁੱਕੀ ਹੈ।

ਇਸ ਟੀਮ ਵਿਚ ਏ.ਡੀ.ਸੀ.ਪੀ. ਸਪੈਸ਼ਲ ਬ੍ਰਾਂਚ ਬਲਜੀਤ ਸਿੰਘ ਢਿੱਲੋਂ, ਇੰਸਪੈਕਟਰ ਮਨਮੋਹਨ ਸਿੰਘ ਵੀ ਸ਼ਾਮਲ ਹੋਣਗੇ। ਯਾਨਿਕ ਦੀ ਹੱਤਿਆ ਦੇ ਤਿੰਨ ਮੁਲਜ਼ਮ ਹਾਲੇ ਵੀ ਫਰਾਰ ਹਨ। ਇਨ੍ਹਾਂ ਵਿਚੋਂ ਇਕ ਮੁਲਜ਼ਮ ਜਸਕਰਨ ਜੱਸਾ ਆਸਟਰੇਲੀਆ ਫਰਾਰ ਹੋ ਗਿਆ ਸੀ। ਇਸ ਤੋਂ ਬਾਅਦ ਸਥਾਨਕ ਪੁਲਿਸ ਨੇ ਭਾਰਤ ਦੇ ਵਿਦੇਸ਼ ਮੰਤਰਾਲੇ ਦੀ ਸਹਾਇਤਾ ਨਾਲ ਆਸਟਰੇਲੀਆ ਪੁਲਿਸ ਨਾਲ ਰਾਬਤਾ ਕਾਇਮ ਕੀਤਾ।

ਇਨ੍ਹਾਂ ਯਤਨਾ ਸਦਕਾ ਆਸਟਰੇਲੀਆ ਪੁਲਿਸ ਨੇ ਜਸਕਰਨ ਨੂੰ ਹਿਰਾਸਤ ਵਿਚ ਲਿਆ ਹੋਇਆ ਹੈ ਪਰ ਉਸ ਦੇ ਰਿਸ਼ਤੇਦਾਰਾਂ ਨੇ ਉਥੇ ਅਦਾਲਤ ਵਿਚ ਅਪੀਲ ਕੀਤੀ ਹੋਈ ਹੈ, ਜਿਸ ਕਾਰਨ ਜਸਕਰਨ ਨੂੰ ਭਾਰਤ ਲਿਆਉਣ ਦਾ ਮਾਮਲਾ ਲਟਕਿਆ ਹੋਇਆ ਹੈ। ਮਿਲੀ ਜਾਣਕਾਰੀ ਅਨੁਸਾਰ ਜਲੰਧਰ ਪੁਲਿਸ ਨੂੰ ਆਸਟਰੇਲੀਆ ਜਾਣ ਦੀ ਮਨਜ਼ੂਰੀ ਗ੍ਰਹਿ ਵਿਭਾਗ ਨੇ ਦੇ ਦਿੱਤੀ ਹੈ। ਇਸ ਤੋਂ ਬਾਅਦ ਕਮਿਸ਼ਰੇਟ ਪੁਲਿਸ ਨੇ ਟੀਮ ਕਾਇਮ ਕਰਕੇ ਉਸ ਦੇ ਨਾਲ ਸਬੰਧਤ ਖਰਚੇ ਤੇ ਹੋਰ ਦਸਤਾਵੇਜ਼ ਬਣਾ ਕੇ ਗ੍ਰਹਿ ਵਿਭਾਗ ਦੇ ਚੰਡੀਗੜ੍ਹ ਸਥਿਤ ਦਫਤਰ ਭੇਜ ਦਿੱਤੇ ਹਨ। ਉਥੋਂ ਮਨਜ਼ੂਰੀ ਮਿਲਦਿਆਂ ਹੀ ਟੀਮ ਆਸਟਰੇਲੀਆ ਲਈ ਰਵਾਨਾ ਹੋ ਜਾਵੇਗੀ।

## ਚੌਟਾਲਾ ਦੀ ਅੰਤ੍ਰਿਮ ਜ਼ਮਾਨਤ ਵਧਾਈ

**ਨਵੀਂ ਦਿੱਲੀ:** ਦਿੱਲੀ ਹਾਈਕੋਰਟ ਨੇ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਨੂੰ ਰਾਹਤ ਦਿੰਦਿਆਂ ਅੰਤ੍ਰਿਮ ਜ਼ਮਾਨਤ 19 ਸਤੰਬਰ ਤੱਕ ਵਧਾ ਦਿੱਤੀ ਹੈ।

ਸੀ.ਬੀ.ਆਈ. ਵੱਲੋਂ ਤਿੰਨ ਸਤੰਬਰ ਨੂੰ ਮੇਦਾਂਤਾ ਮੈਡੀਸਿਟੀ ਹਸਪਤਾਲ, ਗੁੜਗਾਉਂ ਦੀ ਮੈਡੀਕਲ ਰਿਪੋਰਟ ਦੀ ਪੜਤਾਲ ਕਰਨ ਲਈ ਹੋਰ ਸਮਾਂ ਮੰਗੇ ਜਾਣ 'ਤੇ ਅਦਾਲਤ ਨੇ ਸ੍ਰੀ ਚੌਟਾਲਾ ਦੀ ਜ਼ਮਾਨਤ ਵਿਚ ਵਾਧਾ ਕਰ ਦਿੱਤਾ।


# ਤੰਦੂਰੀਏ, ਵੇਟਰ, ਹੈਲਪਰ ਤੇ ਡਿਸ ਵਾਸ਼ਰ ਦੀ ਲੋੜ ਹੈ

ਅਟਲਾਂਟਾ, ਜਾਰਜੀਆ ਵਿਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤਜ਼ਰਬੇਕਾਰ ਤੰਦੂਰੀਏ, ਵੇਟਰ, ਹੈਲਪਰ ਤੇ ਡਿਸ ਵਾਸ਼ਰ ਦੀ ਲੋੜ ਹੈ। ਚੰਗੀ ਤਨਖਾਹ, ਮੁਫਤ ਰਿਹਾਇਸ਼

*ਸੰਪਰਕ ਕਰੋ: ਜਸਵੀਰ ਸਿੰਘ ਢੀਂਡਸਾ*

**ਫੋਨ: 757-240-9348**

37-38



# Golden State Realty

**Sacramento Office: 9912 Kapalua Ln., Elk Grove, CA 95624**

**Tel: 916-612-5773**

*Courtesy of Sales Manager Traci Lill, Meadows at Galt*

**The Poppy ~ Plan 1** 4 Bedrooms, 2 & half Baths, Two-Car Garage

| Address | Lot# | Lot Size | Elevation | Options In Home | Price |
|---|---|---|---|---|---|
| 722 Elk Hills Drive | 22 | 7076 | B | $10,662 | $326,652 |
| 714 Elk Hills Drive | 24 | 6672 | C | $2,750 | $318,740 |

**The Poppy ~ Plan 2** 4 Bedrooms, 3 Baths, Three-Car Tandem Garage

| Address | Lot# | Lot Size | Elevation | Options In Home | Price |
|---|---|---|---|---|---|
| 718 Elk Hills Drive | 23 | 6667 | C | $7,115 | $330,105 |
| 710 Elk Hills Drive | 25 | 6688 | A | $2,200 | Sold |

**The Poppy ~ Plan 3** 4 Bedrooms, 3 Baths, Three-Car Tandem Garage

| Address | Lot# | Lot Size | Elevation | Options In Home | Price |
|---|---|---|---|---|---|
| 938 Fermoy Way | 30 | 7559 | A | $8,300 | $341,290 |
| 942 Fermoy Way | 31 | 7167 | C | $7,300 | $340,290 |

**The Poppy ~ Plan 4** 6 Bedrooms, 3 & half Baths, Three-Car Garage

| Address | Lot# | Lot Size | Elevation | Options In Home | Price |
|---|---|---|---|---|---|
| 950 Fermoy Way | 33 | 7220 | A | $16,980 | $376,970 |
| 926 Fermoy Way | 17 | 6615 | C | $3,725 | $366,715 |
| 934 Fermoy Way | 29 | 6500 | B | $3,475 | $366,465 |



**Sohanpreet (Sam) Chahal**
CA Lic. 01504071
**Realtor/Notary Public**
email:samchahal@hotmail.com

*Call: Sohanpreet 'Sam' Chahal*

**@916-612-5773**

**Serving from Bay Area to Sacramento**

Seller/Builder reserves the right to modify elevations, floor plans, specifications, materials, maps and prices without notice or obligation. All renderings, floor plans and maps are artist conceptions and may not reflect actual depiction. Prices will vary depending upon lot size, exterior elevations and pre-selected optional features. All square footage measurements, elevations, lot sizes, floor plans and room dimensions are approximate. Subject to Prior Sale. This advertisement is for illustration purpose only and not a part of a legal contract. Co-Op policy posted in Sale Office. Homes offered by The Meadows Galt 27, LLC. Built by Beck, Stockton CA. 6.13.14



# Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

**ਗੁਰਬੰਸ ਸਿੰਘ ਗਿੱਲ, ਫੋਨ: 209-815-1869**

*Bay Area *Tracy *Manteca * Lathrop * Weston Ranch
*Stockton *Lodi *Elk Grove *Sacramento *Modesto *Turlock
*Brentwood *Antioch *Oakley *Discovery Bay

**We Specialize in Bankowned, Foreclosure and Short Sale Homes**

**For Sale & Purchase of Residential, Commercial Property and AG-Land**

*ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ*
*ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ*

*ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ*
*ਗੁਰਬੰਸ ਗਿੱਲ, ਫੋਨ: 209-815-1869*



**Gurbans Singh Gill**
Realtor
DRE#01227109
15 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD Millennium

**Gurbans Gill 209-815-1869**



# ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

**ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ**

**ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ**
*ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ*

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

**Kashmir S. Thandi**
**Office: (866) 933-3038**
**Balhar S. Ranu Cell:916-502-7733**
**Yuba City Ph:530-419-5058**

**1816 Main Ave., Secramento CA, 95838**

# ਅਕਾਲੀਆਂ ਦੀ ਮੋਰਚਾਬੰਦੀ ਤੋਂ ਤ੍ਰਹਿਣ ਲੱਗੇ ਭਾਜਪਾ ਆਗੂ

## ਭਾਜਪਾ ਨੂੰ ਸ਼ਹਿਰੀ ਖੇਤਰਾਂ ਵਿਚ ਗੈਰ-ਸਿੱਖਾਂ ਦੀ ਨਿਯੁਕਤੀ ਰੜਕੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਵੱਲੋਂ ਐਲਾਨੇ ਜਥੇਬੰਦਕ ਢਾਂਚੇ ਕਾਰਨ ਦੋਵਾਂ ਭਾਈਵਾਲਾਂ ਵਿਚ ਨਵਾਂ ਕਲੇਸ਼ ਖੜ੍ਹਾ ਹੋ ਗਿਆ ਹੈ। ਅਕਾਲੀ ਦਲ ਦੀ ਸ਼ਹਿਰੀ ਖੇਤਰਾਂ ਵਿਚ ਹਿੰਦੂ ਵਰਗ ਨਾਲ ਸਬੰਧਤ ਆਗੂਆਂ ਨੂੰ ਮੂਹਰੇ ਲਿਆਉਣ ਦੀ ਰਣਨੀਤੀ ਭਾਜਪਾ ਨੂੰ ਸ਼ੱਕੀ ਲੱਗ ਰਹੀ ਹੈ। ਭਾਜਪਾ ਦੇ ਸੀਨੀਅਰ ਆਗੂਆਂ ਨੇ ਅਕਾਲੀ ਦਲ ਦੀ ਇਸ ਰਣਨੀਤੀ ਨੂੰ ਖਤਰੇ ਦੀ ਘੰਟੀ ਮੰਨਦੇ ਹੋਏ ਵਿਚਾਰ ਵਟਾਂਦਰਾ ਸ਼ੁਰੂ ਕਰ ਦਿੱਤਾ ਹੈ। ਅਕਾਲੀ ਦਲ ਵੱਲੋਂ ਜਥੇਬੰਦਕ ਢਾਂਚੇ ਵਿਚ ਹਿੰਦੂ ਵਰਗ ਨਾਲ ਸਬੰਧਤ ਆਗੂਆਂ ਨੂੰ ਜ਼ਿੰਮੇਵਾਰੀ ਦੇਣ ਤੋਂ ਬਾਅਦ ਭਾਜਪਾ ਵੱਲੋਂ ਜਿਸ ਤਰ੍ਹਾਂ ਦਾ ਰੁਖ਼ ਅਪਣਾਇਆ ਜਾ ਰਿਹਾ ਹੈ, ਉਸ ਨਾਲ ਦੋਵਾਂ ਪਾਰਟੀਆਂ ਦਰਮਿਆਨ ਤਣਾਅ ਵਧਣ ਦਾ ਅੰਦਾਜ਼ਾ ਲਾਇਆ ਜਾ ਰਿਹਾ ਹੈ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਪਾਰਟੀ ਦੇ ਨਵੇਂ ਜਥੇਬੰਦਕ ਢਾਂਚੇ ਵਿਚ ਜ਼ਿਲ੍ਹਾ ਪ੍ਰਧਾਨ (ਸ਼ਹਿਰੀ) ਦੀਆਂ ਜ਼ਿੰਮੇਵਾਰੀਆਂ ਪਾਰਟੀ ਦੇ ਗੈਰ ਸਿੱਖ ਆਗੂਆਂ ਨੂੰ ਦਿੱਤੀਆਂ ਗਈਆਂ ਹਨ। ਇਸ ਦਾ ਮਕਸਦ ਇਹੀ ਹੈ ਕਿ ਸ਼ਹਿਰੀ ਖੇਤਰਾਂ ਵਿਚਲੇ ਗੈਰ ਸਿੱਖ ਵੋਟਰਾਂ ਨੂੰ ਅਕਾਲੀ ਦਲ ਨਾਲ ਜੋੜਿਆ ਜਾਵੇ ਤੇ ਇਹ ਪ੍ਰਭਾਵ ਦਿੱਤਾ ਜਾਵੇ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਗੈਰ ਸਿੱਖਾਂ ਨੂੰ ਵੀ ਪਾਰਟੀ ਵਿਚ ਅਹਿਮ ਸਥਾਨ ਦਿੱਤਾ ਜਾ ਰਿਹਾ ਹੈ। 2012 ਵਿਚ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ ਦਲ ਵੱਲੋਂ ਗੈਰ ਸਿੱਖਾਂ ਨੂੰ ਟਿਕਟਾਂ ਦੇਣ ਦਾ ਤਜਰਬਾ ਸਫ਼ਲ ਹੋ ਚੁੱਕਾ ਹੈ। ਤਕਰੀਬਨ ਦਸ ਗੈਰ ਸਿੱਖ ਵਿਧਾਇਕ, ਅਕਾਲੀ ਦਲ ਦੀ ਟਿਕਟ 'ਤੇ ਜਿੱਤੇ ਸਨ। ਇਸ ਤੋਂ ਪਹਿਲਾਂ ਵੱਡੇ ਜ਼ਿਲ੍ਹਿਆਂ ਅੰਮ੍ਰਿਤਸਰ, ਲੁਧਿਆਣਾ ਤੇ ਜਲੰਧਰ ਆਦਿ ਦੇ ਹੀ ਸ਼ਹਿਰੀ ਤੇ ਦਿਹਾਤੀ ਪ੍ਰਧਾਨ ਨਿਯੁਕਤ ਕੀਤੇ ਜਾਂਦੇ ਸਨ।

ਇਸ ਵਾਰ ਛੋਟੇ ਜ਼ਿਲ੍ਹਿਆਂ ਨੂੰ ਵੀ ਸ਼ਹਿਰੀ ਤੇ ਦਿਹਾਤੀ ਵਰਗਾਂ ਵਿਚ ਵੰਡ ਦਿੱਤਾ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦਾ ਦਾਅਵਾ ਹੈ ਕਿ ਪਾਰਟੀ ਵੱਲੋਂ ਆਪਣਾ ਆਧਾਰ ਵਧਾਉਣ ਲਈ ਇਸ ਤਰ੍ਹਾਂ ਦੀਆਂ ਨਿਯੁਕਤੀਆਂ ਕੀਤੀਆਂ ਗਈਆਂ ਹਨ। ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਸੀ ਕਿ ਇਸ ਨਾਲ ਭਾਜਪਾ ਤੇ ਅਕਾਲੀ ਦਲ ਵਿਚ ਕਿਸੇ ਤਰ੍ਹਾਂ ਦਾ ਸਿਆਸੀ ਟਕਰਾਅ ਨਹੀਂ ਹੋਵੇਗਾ ਕਿਉਂਕਿ ਹਰੇਕ ਪਾਰਟੀ ਨੇ ਹੀ ਆਪਣਾ ਜਨ ਆਧਾਰ ਵਧਾਉਣ ਲਈ ਕੰਮ ਕਰਨਾ ਹੁੰਦਾ ਹੈ। ਇਸ ਤੋਂ ਪਹਿਲਾਂ ਇਹੀ ਧਾਰਨਾ ਬਣੀ ਹੋਈ ਸੀ ਕਿ ਸ਼ਹਿਰਾਂ ਵਿਚ ਭਾਜਪਾ ਦਾ ਤੇ ਦਿਹਾਤੀ ਖੇਤਰ ਵਿਚ ਸ਼੍ਰੋਮਣੀ ਅਕਾਲੀ ਦਲ ਦਾ ਆਧਾਰ ਹੈ।

ਜ਼ਿਕਰਯੋਗ ਹੈ ਕਿ ਮੋਦੀ ਸਰਕਾਰ ਬਣਨ ਤੋਂ ਬਾਅਦ ਪੰਜਾਬ ਦੀ ਭਾਰਤੀ ਜਨਤਾ ਪਾਰਟੀ ਵੀ ਅਕਾਲੀ ਦਲ ਸਾਹਮਣੇ ਖੜ੍ਹਾ ਹੋਣ ਦੀ ਹਿੰਮਤ ਜੁਟਾਉਣ ਲੱਗੀ ਹੈ। ਕੇਂਦਰ ਵਿਚ ਭਾਜਪਾ ਨੂੰ ਆਪਣੇ ਬਲਬੂਤੇ ਬਹੁਮਤ ਪ੍ਰਾਪਤ ਹੈ। ਪੰਜਾਬ ਭਾਜਪਾ ਆਗੂ ਪਿਛਲੇ ਸਾਲਾਂ ਦੌਰਾਨ ਆਪਣੀ ਅਣਦੇਖੀ ਤੋਂ ਪ੍ਰੇਸ਼ਾਨ ਹਨ। ਪੰਜਾਬ ਭਾਜਪਾ ਦੇ ਆਗੂ ਖੇਤੀ ਲਈ ਬਿਜਲੀ ਸਬਸਿਡੀ ਦਾ ਮੁੱਦਾ ਕਈ ਵਾਰ ਉਠਾ ਚੁੱਕੇ ਹਨ। ਸ਼ਹਿਰੀ ਵੋਟ ਬੈਂਕ ਨੂੰ ਇੱਕਜੁਟ ਰੱਖਣ ਲਈ ਉਹ ਸ਼ਹਿਰੀ ਖੇਤਰ ਨੂੰ ਵੀ ਅਜਿਹੀਆਂ ਰਿਆਇਤਾਂ ਦੇਣ ਦੀ ਮੰਗ ਕਰਦੇ ਆ ਰਹੇ ਹਨ। ਅਕਾਲੀ ਦਲ ਵੱਲੋਂ ਸ਼ਹਿਰੀ ਖੇਤਰ ਤੇ ਭਾਜਪਾ ਵੱਲੋਂ ਪੇਂਡੂ ਖੇਤਰ ਵਿਚ ਪੈਰ ਪਸਾਰਨ ਦੀਆਂ ਕੋਸ਼ਿਸ਼ਾਂ ਕਾਰਨ ਵੀ ਦੋਵਾਂ ਦਰਮਿਆਨ ਕੁੜੱਤਣ ਪੈਦਾ ਹੋ ਰਹੀ ਹੈ। ਅਕਾਲੀ ਦਲ ਨੇ ਅਰੁਣ ਜੇਤਲੀ ਦੇ ਜ਼ਰੀਏ ਕੌਮੀ ਜਮਹੂਰੀ ਗੱਠਜੋੜ ਦੀ ਸਰਕਾਰ ਵਿਚ ਆਪਣਾ ਪ੍ਰਭਾਵ ਬਣਾਉਣ ਦੀ ਰਣਨੀਤੀ ਬਣਾਈ ਸੀ। ਇਸੇ ਕਰਕੇ ਅਰੁਣ ਜੇਤਲੀ ਨੂੰ ਅੰਮ੍ਰਿਤਸਰ ਤੋਂ ਚੋਣ ਲੜਾਉਣ ਦਾ ਫ਼ੈਸਲਾ ਲਿਆ ਗਿਆ ਸੀ ਪਰ ਉਹ ਵੱਡੇ ਫ਼ਰਕ ਨਾਲ ਚੋਣ ਹਾਰ ਗਏ ਸਨ। ਮੰਨਿਆ ਜਾ ਰਿਹਾ ਹੈ ਕਿ ਜੇਤਲੀ ਅਪਣੀ ਹਾਰ ਦੀ ਬੇਇੱਜ਼ਤੀ ਨੂੰ ਭੁੱਲ ਨਹੀਂ ਪਾ ਰਹੇ। ਇਹੀ ਕਾਰਨ ਹੈ ਕਿ ਕੇਂਦਰ ਸਰਕਾਰ ਵਿਚ ਭਾਈਵਾਲ ਹੋਣ ਦੇ ਬਾਵਜੂਦ ਅਕਾਲੀ ਦਲ ਦਾ ਰਸੂਖ਼ ਲਗਾਤਾਰ ਘਟਦਾ ਜਾ ਰਿਹਾ ਹੈ।

### ਸ਼ਹਿਰੀ ਖੇਤਰਾਂ ਵਿਚ ਭਾਜਪਾ ਨੂੰ ਪਏ ਲੈਣੇ ਦੇ ਦੇਣੇ

ਪਿਛਲੇ ਕੁਝ ਸਾਲਾਂ ਤੋਂ ਅਕਾਲੀ ਦਲ ਨੇ ਸ਼ਹਿਰਾਂ ਤੇ ਭਾਜਪਾ ਨੇ ਪਿੰਡਾਂ ਵਿਚ ਪੈਰ ਪਸਾਰਨੇ ਸ਼ੁਰੂ ਕੀਤੇ ਹਨ। ਭਾਜਪਾ ਨੂੰ ਭਾਵੇਂ ਜ਼ਿਆਦਾ ਸਫ਼ਲਤਾ ਨਹੀਂ ਸੀ ਮਿਲੀ ਪਰ ਅਕਾਲੀ ਦਲ ਆਪਣੀ ਰਣਨੀਤੀ ਵਿਚ ਕਾਮਯਾਬ ਦਿਖਾਈ ਦੇ ਰਿਹਾ ਹੈ। ਇਸ ਲਈ ਭਾਜਪਾ ਵਿਚ ਬੇਚੈਨੀ ਵਧਣੀ ਸੁਭਾਵਿਕ ਹੈ। ਕੌਮੀ ਪੱਧਰ 'ਤੇ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਦੇ ਮਜ਼ਬੂਤ ਹੋ ਕੇ ਨਿਕਲਣ ਨਾਲ ਅਕਾਲੀਆਂ ਤੇ ਭਾਜਪਾ ਦਰਮਿਆਨ ਕੁੜੱਤਣ ਵਧਦੀ ਜਾ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਰਣਨੀਤੀ ਤਣਾਅ ਨੂੰ ਹੋਰ ਵੀ ਵਧਾ ਸਕਦੀ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਗੈਰ ਸਿੱਖਾਂ ਨੂੰ ਵੀ ਪਾਰਟੀ ਵਿਚ ਅਹਿਮ ਸਥਾਨ ਦਿੱਤਾ ਜਾ ਰਿਹਾ ਹੈ। 2012 ਵਿਚ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ ਦਲ ਵੱਲੋਂ ਗੈਰ ਸਿੱਖਾਂ ਨੂੰ ਟਿਕਟਾਂ ਦੇਣ ਦਾ ਤਜਰਬਾ ਸਫ਼ਲ ਹੋ ਚੁੱਕਾ ਹੈ। ਇਸ ਤੋਂ ਪਹਿਲਾਂ ਸੀਨੀਅਰ ਅਕਾਲੀ ਆਗੂ ਪੀ.ਐਸ. ਗਿੱਲ ਦਾ ਭਾਜਪਾ ਵਿਚ ਸ਼ਾਮਲ ਹੋਣ ਦਾ ਅਕਾਲੀ ਦਲ ਨੇ ਖੁੱਲ੍ਹ ਕੇ ਵਿਰੋਧ ਕੀਤਾ ਸੀ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਘਟਨਾ ਨੂੰ ਮੰਦਭਾਗਾ ਕਰਾਰ ਦਿੱਤਾ ਸੀ ਤੇ ਕਿਹਾ ਕਿ ਦੋਹਾਂ ਪਾਰਟੀਆਂ ਨੂੰ ਇਕ-ਦੂਜੀ ਪਾਰਟੀ ਦੇ ਆਗੂਆਂ ਹਥਿਆਉਣ ਤੋਂ ਬਚਣਾ ਚਾਹੀਦਾ ਹੈ ਕਿਉਂਕਿ ਇਹ ਗਠਜੋੜ ਧਰਮ ਦੀ ਉਲੰਘਣਾ ਹੋਵੇਗੀ।

# ਬੀਬੀ ਨਵਜੋਤ ਸਿੱਧੂ ਨੇ ਫਿਰ ਲਾਇਆ ਸਰਕਾਰ ਨਾਲ ਆਢਾ



**ਅੰਮ੍ਰਿਤਸਰ:** ਭਾਜਪਾ ਦੇ ਅੰਮ੍ਰਿਤਸਰ ਤੋਂ ਸਾਬਕਾ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਦੀ ਪਤਨੀ ਤੇ ਮੁੱਖ ਸੰਸਦੀ ਸਕੱਤਰ ਡਾ. ਨਵਜੋਤ ਕੌਰ ਸਿੱਧੂ ਨੇ ਇਕ ਵਾਰ ਫਿਰ ਪੰਜਾਬ ਸਰਕਾਰ ਖ਼ਿਲਾਫ ਮੋਰਚਾ ਖੋਲ੍ਹ ਦਿੱਤਾ ਹੈ। ਬੀਬੀ ਸਿੱਧੂ ਦਾ ਦੋਸ਼ ਹੈ ਕਿ ਸਰਕਾਰ ਵੱਲੋਂ ਲੋਕਾਂ ਨੂੰ ਮੁੱਢਲੀਆਂ ਸਹੂਲਤਾਂ ਮੁਹੱਈਆ ਕਰਨ ਦੀ ਥਾਂ ਹੋਰਨਾਂ ਪ੍ਰੋਜੈਕਟਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਸਾਨੂੰ ਸਾਰਿਆਂ ਨੂੰ ਜ਼ਮੀਨੀ ਹਕੀਕਤ ਵਾਲੀਆਂ ਗੱਲਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਇਸ ਵੇਲੇ ਬੱਸ ਕਾਰੀਡੋਰ ਹਵਾ ਵਿਚ ਹੈ ਜਦੋਂਕਿ ਬਰਸਾਤੀ ਪਾਣੀ ਲੋਕਾਂ ਦੇ ਘਰਾਂ ਵਿਚ ਦਾਖਲ ਹੋ ਰਿਹਾ ਹੈ। ਇਥੇ ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਉਨ੍ਹਾਂ ਦੇ ਪਤੀ ਤੇ ਸਾਬਕਾ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਨੇ ਵੀ ਸਰਕਾਰ ਦੀ ਇਸ ਹਕੀਕਤ ਨੂੰ ਉਭਾਰਨ ਦਾ ਯਤਨ ਕੀਤਾ ਸੀ, ਸਿੱਟੇ ਵਜੋਂ ਉਸ ਨੂੰ ਸੰਸਦ ਚੋਣਾਂ ਲੜਣ ਲਈ ਟਿਕਟ ਨਹੀਂ ਦਿੱਤੀ ਗਈ ਸੀ।

ਉਨ੍ਹਾਂ ਆਖਿਆ ਕਿ ਇਸ ਵੇਲੇ ਸਮੇਂ ਦੀ ਮੁੱਖ ਲੋੜ ਹੈ ਕਿ ਲੋਕਾਂ ਨੂੰ ਮੁੱਢਲੀਆਂ ਸਹੂਲਤਾਂ ਮੁਹੱਈਆ ਕਰਾਈਆਂ ਜਾਣ। ਸਰਕਾਰ ਵੱਲੋਂ ਬੱਸ ਰੇਪਿਡ ਟਰਾਂਸਪੋਰਟ ਸਿਸਟਮ ਉੱਤੇ 500 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ। ਇਸ ਯੋਜਨਾ ਹੇਠ ਕਈ ਕਾਰੀਡੋਰ ਬਣਾਏ ਜਾਣਗੇ ਜਦੋਂਕਿ ਸਰਕਾਰ ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ ਅਣਡਿੱਠ ਕਰ ਰਹੀ ਹੈ। ਉਨ੍ਹਾਂ ਆਖਿਆ ਕਿ ਸੱਚਾਈ ਇਹ ਹੈ ਕਿ ਸ਼ਹਿਰ ਵਿਚ ਇਕ ਘੰਟਾ ਨਿਰੰਤਰ ਬਾਰਸ਼ ਹੋ ਜਾਵੇ ਤਾਂ ਸੜਕਾਂ ਉੱਤੇ ਜਲ ਥਲ ਹੋ ਜਾਂਦਾ ਹੈ। ਮੀਂਹ ਦਾ ਪਾਣੀ ਲੋਕਾਂ ਦੇ ਘਰਾਂ ਵਿਚ ਦਾਖਲ ਹੋ ਜਾਂਦਾ ਹੈ, ਜਿਸ ਨਾਲ ਸਮੁੱਚਾ ਜੀਵਨ ਅਸਥ ਵਿਅਸਥ ਹੋ ਜਾਂਦਾ ਹੈ। ਸੜਕਾਂ ਤੇ ਸੀਵਰੇਜ ਦਾ ਮਾੜਾ ਹਾਲ ਹੈ ਪਰ ਇਸ ਪਾਸੇ ਸਰਕਾਰ ਕੋਈ ਧਿਆਨ ਨਹੀ ਹੈ। ਇਨ੍ਹਾਂ ਸਹੂਲਤਾਂ ਨੂੰ ਪੂਰਾ ਕਰਨ ਵਾਸਤੇ ਨਗਰ ਨਿਗਮ ਕੋਲ ਕੋਈ ਫੰਡ ਨਹੀਂ ਹਨ। ਅਜੋਕੀ ਸਥਿਤੀ ਲੋਕਾਂ ਦੇ ਚੁਣੇ ਨੁਮਾਇੰਦਿਆਂ ਲਈ ਵਧੇਰੇ ਔਖੀ ਹੈ ਕਿਉਂਕਿ ਉਨ੍ਹਾਂ ਨੂੰ ਲੋਕਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਲੋਕਾਂ ਅੱਗੇ ਜੁਆਬਦੇਹ ਵੀ ਹਨ।

ਉਨ੍ਹਾਂ ਦੱਸਿਆ ਕਿ ਆਪਣੇ ਹਲਕੇ ਦੇ ਵਿਕਾਸ ਕਾਰਜਾਂ ਦੀ ਪੂਰਤੀ ਲਈ ਉਹ ਪਿਛਲੇ ਢਾਈ ਸਾਲਾਂ ਤੋਂ ਭੱਜ ਦੌੜ ਕਰ ਰਹੇ ਹਨ ਪਰ ਹੁਣ ਤਕ ਕੁਝ ਵੀ ਨਹੀਂ ਹੋਇਆ ਹੈ। ਆਪਣੇ ਹਲਕੇ ਵਿਚ ਪਾਣੀ ਦੀ ਬਚਤ ਤੇ ਇਸ ਨੂੰ ਜ਼ਮੀਨ ਵਿਚ ਮੁੜ ਭੇਜਣ ਲਈ ਉਸ ਨੇ ਆਪਣੇ ਸਰੋਤਾਂ ਤੋਂ 25 ਲੱਖ ਰੁਪਏ ਖਰਚ ਕੀਤੇ ਹਨ। ਉਨ੍ਹਾਂ ਸਥਾਨਕ ਸਰਕਾਰਾਂ ਬਾਰੇ ਮੰਤਰੀ ਅਨਿਲ ਜੋਸ਼ੀ ਉੱਤੇ ਵੀ ਨਿਸ਼ਾਨਾ ਸਾਧਿਆ ਤੇ ਕਿਹਾ ਕਿ ਸ੍ਰੀ ਜੋਸ਼ੀ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਉਹ ਸਿਰਫ਼ ਅੰਮ੍ਰਿਤਸਰ ਉੱਤਰੀ ਵਿਧਾਨ ਸਭਾ ਹਲਕੇ ਦੇ ਮੰਤਰੀ ਨਹੀਂ ਹਨ, ਉਹ ਸਮੁੱਚੇ ਪੰਜਾਬ ਦੇ ਮੰਤਰੀ ਹਨ। ਉਨ੍ਹਾਂ ਆਪਣੇ ਸੋਸ਼ਲ ਸਾਇਟ 'ਤੇ ਇਹ ਦਰਜ ਕੀਤਾ ਹੈ ਕਿ ਅੰਮ੍ਰਿਤਸਰ ਨੂੰ ਵੈਨਸ ਬਣਾਉਣ ਦਾ ਸੁਪਨਾ ਹਵਾਈ ਕਿਲੇ ਵਾਂਗ ਹੈ ਕਿਉਂਕਿ ਕੁਝ ਘੰਟਿਆਂ ਦੀ ਬਰਸਾਤ ਨਾਲ ਹੀ ਸ਼ਹਿਰ ਵਿਚ ਹੜ੍ਹ ਵਰਗੀ ਸਥਿਤੀ ਪੈਦਾ ਹੋ ਜਾਂਦੀ ਹੈ। ਅਜੋਕੀ ਸਥਿਤੀ ਵਿਚ ਕੋਈ ਵੀ ਬਰਸਾਤੀ ਪਾਣੀ ਜ਼ਮੀਨ ਵਿਚ ਭੇਜਣ ਬਾਰੇ ਨਹੀਂ ਸੋਚ ਰਿਹਾ ਹੈ, ਜੋ ਕਿ ਇਮਾਰਤ ਉਸਾਰੀ ਸਮੇਂ ਲਾਜ਼ਮੀ ਹੋਣਾ ਚਾਹੀਦਾ ਹੈ। ਬਰਸਾਤ ਕਾਰਨ ਸ਼ਹਿਰ ਦੀਆਂ ਸੜਕਾਂ ਨੇ ਨਦੀਆਂ ਦਾ ਰੂਪ ਧਾਰਿਆ ਹੋਇਆ ਹੈ, ਜਿਥੇ ਪ੍ਰਦੂਸ਼ਣ ਫੈਲਾਉਣ ਵਾਲੇ ਵਾਹਨਾਂ ਦੀ ਥਾਂ ਉੱਤੇ ਕਿਸ਼ਤੀਆਂ ਚਲਾਉਣ ਦੀ ਲੋੜ ਹੈ।

## ਸਿਆਸੀ ਰੜਕ ਠੀਕ ਨਹੀਂ: ਨਵਜੋਤ ਸਿੱਧੂ



**ਮੁੰਬਈ:** ਆਪਣੇ ਟੀ.ਵੀ. ਪ੍ਰੋਗਰਾਮਾਂ ਵਿਚ ਰੁੱਝੇ ਭਾਰਤੀ ਜਨਤਾ ਪਾਰਟੀ ਦੇ ਆਗੂ ਅਤੇ ਸਾਬਕਾ ਲੋਕ ਸਭਾ ਮੈਂਬਰ ਨਵਜੋਤ ਸਿੰਘ ਸਿੱਧੂ ਨੇ ਕਿਹਾ ਹੈ ਕਿ ਪਾਰਟੀ ਦੇ ਕੁਝ ਆਗੂ ਅਤੇ ਕੁਝ ਕੁ ਅਕਾਲੀ ਆਗੂ ਉਨ੍ਹਾਂ ਨਾਲ ਅਜੇ ਵੀ ਰੜਕ ਰੱਖ ਰਹੇ ਹਨ। ਉਨ੍ਹਾਂ ਦੀ ਪਤਨੀ ਨਵਜੋਤ ਕੌਰ ਸਿੱਧੂ ਦੇ ਕੰਮ-ਕਾਰ ਵਿਚ ਵੀ ਲਗਾਤਾਰ ਅੜਿੱਕੇ ਡਾਹੇ ਜਾ ਰਹੇ ਹਨ। ਸਿਆਸਤ ਵਿਚ ਇਹ ਪਹੁੰਚ ਠੀਕ ਨਹੀਂ। ਅਜਿਹੇ ਆਗੂਆਂ ਨੂੰ ਇਸ ਪਹੁੰਚ ਤੋਂ ਬਚਣਾ ਚਾਹੀਦਾ ਹੈ।

# ਪੰਜਾਬ ਨੂੰ ਸੋਕਾਗ੍ਰਸਤ ਐਲਾਨਣਾ ਘਾਟੇ ਦਾ ਸੌਦਾ ਸਮਝਦੀ ਹੈ ਸਰਕਾਰ

## ਕੇਂਦਰ ਤੋਂ ਫਸਲ 'ਤੇ ਆਏ ਖਰਚ ਦੀ ਪੂਰੀ ਭਰਪਾਈ ਕਰਾਉਣ ਲਈ ਚਾਰਾਜੋਈ

**ਚੰਡੀਗੜ੍ਹ:** ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਵੱਲੋਂ ਭਾਵੇਂ ਸੂਬੇ ਨੂੰ ਸੋਕਾਗ੍ਰਸਤ ਐਲਾਨ ਕੇ ਕੇਂਦਰ ਸਰਕਾਰ ਕੋਲੋਂ ਰਾਹਤ ਦੀ ਮੰਗ ਕੀਤੀ ਹੈ ਪਰ ਪੰਜਾਬ ਸਰਕਾਰ ਨੇ ਸੂਬੇ ਨੂੰ ਸੋਕਾਗ੍ਰਸਤ ਐਲਾਨਣ ਤੋਂ ਸਾਫ ਨਾਂਹ ਕਰਦਿਆਂ ਤਰਕ ਦਿੱਤਾ ਹੈ ਕਿ ਇਹ ਕਿਸਾਨਾਂ ਲਈ ਘਾਟੇ ਵਾਲਾ ਸੌਦਾ ਹੋਵੇਗਾ।

ਪੰਜਾਬ ਸਰਕਾਰ ਸੂਬੇ ਨੂੰ ਸੋਕਾਗ੍ਰਸਤ ਐਲਾਨਣ ਦੀ ਥਾਂ ਕੇਂਦਰ ਤੋਂ ਸਾਉਣੀ ਦੀ ਫ਼ਸਲ ਪਾਲਣ 'ਤੇ ਆਏ ਖ਼ਰਚ ਦੀ ਭਰਪਾਈ ਕਰਾਉਣ ਲਈ ਜ਼ੋਰ ਲਗਾ ਰਹੀ ਹੈ। ਕੇਂਦਰ ਸਰਕਾਰ ਦੇ ਨਿਯਮਾਂ ਮੁਤਾਬਕ ਜੇਕਰ ਕਿਸੇ ਖਿੱਤੇ ਵਿਚ ਬਾਰਸ਼ ਆਮ ਨਾਲੋਂ 26 ਫ਼ੀਸਦੀ ਘੱਟ ਹੁੰਦੀ ਹੈ ਤਾਂ ਉਸ ਖਿੱਤੇ ਨੂੰ ਸੋਕਾਗ੍ਰਸਤ ਐਲਾਨਿਆ ਜਾ ਸਕਦਾ ਹੈ। ਪੰਜਾਬ ਵਿਚ ਬਾਰਸ਼ 64 ਫ਼ੀਸਦੀ ਘੱਟ ਹੋਈ ਹੈ। ਸੂਬੇ ਦੇ ਵਿੱਤ ਕਮਿਸ਼ਨਰ (ਵਿਕਾਸ) ਸੁਰੇਸ਼ ਕੁਮਾਰ ਦਾ ਕਹਿਣਾ ਹੈ ਕਿ ਬਾਰਸ਼ ਭਾਵੇਂ ਆਮ ਨਾਲੋਂ 64 ਫ਼ੀਸਦੀ ਘੱਟ ਹੋਈ ਹੈ ਪਰ ਸੂਬੇ ਨੂੰ ਸੋਕਾਗ੍ਰਸਤ ਐਲਾਨਣ ਦੀ ਜ਼ਰੂਰਤ ਨਹੀਂ ਹੈ। ਉਨ੍ਹਾਂ ਕਿਹਾ ਕਿ ਸੋਕਾਗ੍ਰਸਤ ਐਲਾਨੇ ਜਾਣ ਨਾਲ ਸਰਕਾਰ ਤੇ ਕਿਸਾਨਾਂ ਨੂੰ ਜ਼ਿਆਦਾ ਰਾਹਤ ਮਿਲਣ ਦੀ ਉਮੀਦ ਨਹੀਂ ਰਹਿੰਦੀ।

ਕੇਂਦਰ ਸਰਕਾਰ ਨੇ ਡੀਜ਼ਲ 'ਤੇ ਸਬਸਿਡੀ ਦਾ ਐਲਾਨ ਤਾਂ ਕਰ ਦਿੱਤਾ ਸੀ ਪਰ ਕਿਸਾਨਾਂ ਨੂੰ ਹਾਲ ਦੀ ਘੜੀ ਉਸ ਦਾ ਕੋਈ ਲਾਭ ਨਹੀਂ ਹੋਇਆ ਕਿਉਂਕਿ ਸੂਬਾ ਸਰਕਾਰ ਵੱਲੋਂ ਸੋਕਾ ਰਾਹਤ ਦੀ ਮੰਗ ਕੀਤੀ ਜਾ ਰਹੀ ਹੈ। ਪੰਜਾਬ ਦੇ ਖੇਤੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਸੋਕਾਗ੍ਰਸਤ ਐਲਾਨੇ ਜਾਣ ਦੀ ਸੂਰਤ ਵਿਚ ਕੇਂਦਰ ਸਰਕਾਰ ਫ਼ਸਲ ਦੇ ਖਰਾਬੇ ਦਾ 50 ਫ਼ੀਸਦੀ ਮੁਆਵਜ਼ਾ ਦਿੰਦੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੇ ਜਦੋਂ ਖ਼ਰਚਾ ਕਰਕੇ ਫ਼ਸਲਾਂ ਪਾਲ ਹੀ ਲਈਆਂ ਹਨ ਤਾਂ ਸੂਬੇ ਨੂੰ ਸੋਕਾਗ੍ਰਸਤ ਐਲਾਨੇ ਜਾਣ ਦੀ ਥਾਂ ਖ਼ਰਚ ਦੀ ਭਰਪਾਈ ਕੀਤੀ ਜਾਣੀ ਚਾਹੀਦੀ ਹੈ। ਸੂਬੇ ਵਿਚ ਇਸ ਵਾਰ ਮੀਂਹ ਦੀ ਘਾਟ ਕਾਰਨ ਪਾਣੀ 1.5 ਮੀਟਰ ਹੇਠਾਂ ਚਲਾ ਗਿਆ ਹੈ। ਮੀਂਹ ਦੀ ਘਾਟ ਨੇ ਫ਼ਸਲਾਂ ਦੇ ਖ਼ਰਚੇ ਤਾਂ ਵਧਾਏ ਹੀ ਹਨ, ਸਗੋਂ ਪਾਣੀ ਦਾ ਪੱਧਰ ਹੇਠਾਂ ਜਾਣ ਕਾਰਨ 85 ਹਜ਼ਾਰ ਟਿਊਬਵੈੱਲ ਵੀ ਜਵਾਬ ਦੇ ਗਏ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਵਿੱਤ ਮੰਤਰੀ ਅਰੁਣ ਜੇਤਲੀ ਤੇ ਖੇਤੀ ਮੰਤਰੀ ਰਾਧਾ ਮੋਹਨ ਨੂੰ ਪੱਤਰ ਲਿਖ ਕੇ 2330 ਕਰੋੜ ਰੁਪਏ ਦੀ ਵਿੱਤੀ ਮੰਗ ਦੁਹਰਾਈ ਹੈ।

ਵਿਭਾਗ ਦੇ ਪ੍ਰਸਤਾਵ ਮੁਤਾਬਕ ਮੌਨਸੂਨ ਦੀ ਕਮੀ ਕਾਰਨ ਸਾਉਣੀ ਦੇ ਸੀਜ਼ਨ ਦੌਰਾਨ 1500 ਕਰੋੜ ਰੁਪਏ ਦੀ ਵਾਧੂ ਬਿਜਲੀ ਖੇਤੀ ਖੇਤਰ ਲਈ ਖਰੀਦੀ ਗਈ ਤੇ ਕਿਸਾਨਾਂ ਦਾ ਡੀਜ਼ਲ ਤੇ ਨਵੇਂ ਟਿਊਬਵੈੱਲ ਲਾਉਣ 'ਤੇ ਕਾਫ਼ੀ ਖ਼ਰਚ ਹੋਇਆ। ਪੰਜਾਬ ਵਿਚ ਤਕਰੀਬਨ 13 ਲੱਖ ਖੇਤੀ ਟਿਊਬਵੈੱਲ ਹਨ। ਇਨ੍ਹਾਂ ਵਿਚੋਂ 11 ਲੱਖ ਬਿਜਲੀ 'ਤੇ ਚਲਦੇ ਹਨ, ਜਦੋਂਕਿ ਬਾਕੀ ਡੀਜ਼ਲ ਇੰਜਣਾਂ ਨਾਲ ਚਲਦੇ ਹਨ। ਸੂਬੇ ਵਿਚ ਐਤਕੀਂ ਮੌਨਸੂਨ ਦੀ ਕਮੀ ਨੇ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਡੇਢ ਮੀਟਰ ਹੇਠਾਂ ਪਹੁੰਚਾ ਦਿੱਤਾ ਹੈ।

ਪੰਜਾਬ ਦੇ ਕੇਂਦਰੀ ਜ਼ਿਲ੍ਹਿਆਂ ਸੰਗਰੂਰ, ਲੁਧਿਆਣਾ, ਮਾਨਸਾ, ਬਰਨਾਲਾ, ਲੁਧਿਆਣਾ ਤੇ ਮੋਗਾ ਵਿਚ ਪਾਣੀ ਦਾ ਪੱਧਰ ਪਹਿਲਾਂ ਹੀ 80 ਫੁੱਟ ਤੋਂ ਹੇਠਾਂ ਸੀ ਤੇ ਇਸ ਵਾਰੀ 90 ਫੁੱਟ ਤੱਕ ਜਾਣ ਦੀ ਸੰਭਾਵਨਾ ਹੈ। ਕੰਢੀ ਖੇਤਰ ਵਿਚ ਪਾਣੀ ਦਾ ਪੱਧਰ ਸਵਾ ਸੌ ਫੁੱਟ ਹੇਠਾਂ ਹੈ। ਪਾਣੀ ਦਾ ਪੱਧਰ ਹੇਠਾਂ ਜਾਣ ਕਾਰਨ 85 ਹਜ਼ਾਰ ਟਿਊਬਵੈੱਲ ਜਵਾਬ ਦੇ ਗਏ ਹਨ।

ਪਾਣੀ ਦੀ ਕਮੀ ਕਾਰਨ ਕਈ ਜ਼ਿਲ੍ਹਿਆਂ ਵਿਚ ਕਿਸਾਨਾਂ ਨੇ ਝੋਨਾ, ਕਪਾਹ ਤੇ ਮੱਕੀ ਦੀ ਫ਼ਸਲ ਵਾਹ ਦਿੱਤੀ। ਮੌਨਸੂਨ ਦੀ ਕਮੀ ਕਾਰਨ ਸਰਕਾਰ ਦੀ ਫ਼ਸਲੀ ਵਿਭਿੰਨਤਾ ਲਹਿਰ ਨੂੰ ਵੀ ਸੱਟ ਵੱਜੀ ਹੈ। ਇਸ ਤਰ੍ਹਾਂ ਕਿਸਾਨਾਂ ਦਾ ਹੁਣ ਤੱਕ ਕਰੋੜਾਂ ਰੁਪਏ ਦਾ ਨੁਕਸਾਨ ਹੋ ਗਿਆ ਹੈ। ਕੇਂਦਰ ਸਰਕਾਰ ਤੋਂ ਹਾਲ ਦੀ ਘੜੀ ਰਾਹਤ ਦੀ ਕੋਈ ਉਮੀਦ ਨਹੀਂ ਹੈ। ਖੇਤੀਬਾੜੀ ਵਿਭਾਗ ਮੁਤਾਬਕ 30 ਸਤੰਬਰ ਤੋਂ ਬਾਅਦ ਹੀ ਕੇਂਦਰ ਸਰਕਾਰ ਸੋਕਾ ਰਾਹਤ ਜਾਂ ਝੋਨੇ 'ਤੇ ਬੋਨਸ ਦਾ ਐਲਾਨ ਕਰ ਸਕਦੀ ਹੈ।

# ਪੰਜਾਬ ਦੇ ਕਿਸਾਨਾਂ ਲਈ ਕਹਿਰ ਬਣ ਕੇ ਆਇਆ ਮੀਂਹ

**ਚੰਡੀਗੜ੍ਹ:** ਸੂਬੇ ਵਿਚ ਇਸ ਵਾਰ ਪੱਛੜ ਕੇ ਹੋਈ ਭਾਰੀ ਬਾਰਸ਼ ਨੇ ਕਿਸਾਨ ਨੂੰ ਫਿਕਰਾਂ ਵਿਚ ਪਾ ਦਿੱਤਾ ਹੈ। ਬਾਰਸ਼ ਕਾਰਨ 2,22,500 ਏਕੜ ਵਿਚ ਖੜ੍ਹੀ ਫਸਲ ਨੁਕਸਾਨੀ ਗਈ ਹੈ। ਮਾਲਵਾ ਪੱਟੀ ਦੇ ਕਪਾਹ ਉਤਪਾਦਕਾਂ ਨੂੰ ਕੁਦਰਤ ਦੀ ਸਭ ਤੋਂ ਵੱਧ ਮਾਰ ਪਈ ਹੈ। ਇਸ ਮਗਰੋਂ ਮੱਕੀ, ਕਮਾਦ ਤੇ ਗੁਆਰਾ ਬੀਜਣ ਵਾਲੇ ਕਿਸਾਨਾਂ ਦਾ ਨੁਕਸਾਨ ਹੋਇਆ ਹੈ। ਜੀਰੀ ਦਾ ਕਾਫੀ ਹੱਦ ਤੱਕ ਬਚਾਅ ਹੋ ਗਿਆ ਹੈ ਹਾਲਾਂਕਿ ਸੂਬੇ ਦੇ ਕਈ ਖੇਤਰਾਂ ਵਿਚ ਮੀਂਹ ਦੇ ਨਾਲ-ਨਾਲ ਚੱਲੀਆਂ ਤੇਜ਼ ਹਵਾਵਾਂ ਕਾਰਨ ਫਸਲ ਡਿੱਗ ਗਈ ਹੈ ਤੇ 25 ਫੀਸਦੀ ਨੁਕਸਾਨ ਇਸ ਦਾ ਹੋਇਆ ਦੱਸਿਆ ਜਾ ਰਿਹਾ ਹੈ।

ਹੁਣ ਤੱਕ ਮੀਂਹ ਪੰਜਾਬ ਵਿਚ ਖੇਤੀ ਦਾ ਔਸਤਨ 50 ਫੀਸਦੀ ਨੁਕਸਾਨ ਤਾਂ ਕਰ ਚੁੱਕੇ ਹਨ ਤੇ ਅੰਮ੍ਰਿਤਸਰ, ਤਾਰਨਤਾਰਨ, ਫਿਰੋਜ਼ਪੁਰ, ਫਾਜ਼ਿਲਕਾ, ਪਠਾਨਕੋਟ, ਮਾਨਸਾ, ਬਠਿੰਡਾ, ਗੁਰਦਾਸਪੁਰ ਜਿਹੇ 10 ਜ਼ਿਲ੍ਹਿਆਂ ਵਿਚ ਸਥਿਤੀ ਕਾਫੀ ਖਰਾਬ ਹੈ।

ਕਪਾਹ ਦਾ ਨੁਕਸਾਨ ਬਹੁਤ ਹੋਇਆ ਹੈ। 52,500 ਏਕੜ ਵਿਚ ਖੜ੍ਹੀ ਫਸਲ ਤਾਂ 76 ਤੋਂ 100 ਫੀਸਦੀ ਤੱਕ ਨੁਕਸਾਨੀ ਗਈ ਹੈ। ਮਾਲਵਾ ਪੱਟੀ ਵਿਚ 113,750 ਏਕੜ ਖੇਤਰ ਕਪਾਹ ਨਰਮੇ ਅਧੀਨ ਹੈ।

ਸੂਬੇ ਵਿਚ 2500 ਏਕੜ ਤੋਂ ਵੱਧ ਮੱਕੀ ਦੀ ਫਸਲ ਪੂਰੀ ਤਰ੍ਹਾਂ ਨੁਕਸਾਨੀ ਗਈ ਹੈ। ਸੂਬੇ ਵਿਚ ਜੀਰੀ ਦੀ ਕਾਸ਼ਤ ਅਧੀਨ 95000 ਏਕੜ ਖੇਤਰ ਹੈ। 25 ਫੀਸਦੀ ਫਸਲ ਨੁਕਸਾਨੀ ਗਈ ਹੈ। ਕਮਾਦ ਦੀ ਫਸਲ ਦਾ ਵੀ ਥੋੜ੍ਹਾ ਨੁਕਸਾਨ ਹੋਇਆ ਹੈ।

# ਪੰਜਾਬ ਵਿਚ 'ਕਾਨੂੰਨ' ਦੇ ਸਹਾਰੇ ਚੱਲ ਰਿਹਾ ਹੈ ਗੈਰ-ਕਾਨੂੰਨੀ ਲਾਟਰੀ ਦਾ ਧੰਦਾ

**ਚੰਡੀਗੜ੍ਹ:** ਪੰਜਾਬ ਵਿਚ ਗੈਰ-ਕਾਨੂੰਨੀ 'ਲਾਟਰੀ' (ਮਟਕਾ/ਪਰਚੀ/ਸੱਟਾ) ਕਾਰੋਬਾਰ ਨੇ ਸਭ ਤੋਂ ਵੱਧ ਆਪਣੀਆਂ ਜੜ੍ਹਾਂ ਫੈਲਾਈਆਂ ਹੋਈਆਂ ਹਨ। ਇਸ ਵੇਲੇ ਪੰਜਾਬ ਸਮੇਤ ਦੇਸ਼ ਭਰ ਦੇ 13 ਸੂਬਿਆਂ ਵਿਚ ਕਾਨੂੰਨੀ ਤੇ ਗੈਰ-ਕਾਨੂੰਨੀ




ਲਾਟਰੀ ਕਾਰੋਬਾਰ ਚੱਲ ਰਿਹਾ ਹੈ, ਜਦਕਿ ਬਾਕੀ ਸੂਬਿਆਂ ਦੀਆਂ ਸਰਕਾਰਾਂ ਨੇ ਲਾਟਰੀ ਕਾਰੋਬਾਰ 'ਤੇ ਪਾਬੰਦੀ ਲਾਈ ਹੋਈ ਹੈ। ਪੰਜਾਬ ਵਿਚ ਸਰਕਾਰ ਦੀ ਪ੍ਰਵਾਨਗੀ ਨਾਲ ਕਾਨੂੰਨੀ ਢੰਗ ਰਾਹੀਂ ਰੋਜ਼ਾਨਾ ਤਿੰਨ ਕਰੋੜ ਰੁਪਏ ਦੀ ਲਾਟਰੀ ਵਿਕ ਰਹੀ ਹੈ ਪਰ ਸੂਬੇ ਵਿਚ ਰੋਜ਼ਾਨਾ 15 ਤੋਂ 20 ਕਰੋੜ ਰੁਪਏ ਦਾ ਮਟਕਾ/ਪਰਚੀ/ਸੱਟਾ ਕਾਰੋਬਾਰ ਵੀ ਚੱਲ ਰਿਹਾ ਹੈ।

ਸੂਬੇ ਦੇ ਲੁਧਿਆਣਾ, ਅੰਮ੍ਰਿਤਸਰ, ਜਲੰਧਰ, ਜ਼ੀਰਕਪੁਰ, ਰਾਜਪੁਰਾ, ਸੰਗਰੂਰ ਤੇ ਬਠਿੰਡਾ ਸ਼ਹਿਰਾਂ ਵਿਚ ਸਭ ਤੋਂ ਵੱਧ ਸੱਟੇ ਦਾ ਕਾਰੋਬਾਰ ਚੱਲਦਾ ਹੈ। ਪੰਜਾਬ ਲਾਟਰੀ ਸਟਾਕਿਸਟ ਐਸੋਸੀਏਸ਼ਨ ਮੁਤਾਬਕ ਇਸ ਬਾਰੇ ਕਈ ਵਾਰ ਪੰਜਾਬ ਸਰਕਾਰ ਨੂੰ ਬਾਕਾਇਦਾ ਅੰਕੜੇ ਦੇ ਕੇ ਇਹ ਕਾਰੋਬਾਰ ਬੰਦ ਕਰਾਉਣ ਦੀਆਂ ਬੇਨਤੀਆਂ ਕੀਤੀਆਂ ਜਾ ਚੁੱਕੀਆਂ ਹਨ ਪਰ ਸਰਕਾਰ ਨੇ ਕੋਈ ਕਦਮ ਨਹੀਂ ਚੁੱਕਿਆ।

ਜਾਣਕਾਰਾਂ ਦੀ ਮੰਨੀਏ ਤਾਂ ਇਹ ਧੰਦਾ ਜਿਲ੍ਹਿਆਂ ਵਿਚ ਪੁਲਿਸ/ਪ੍ਰਸ਼ਾਸਨਿਕ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਪ੍ਰਵਾਨ ਚੜ੍ਹਦਾ ਹੈ। ਐਸੋਸੀਏਸ਼ਨ ਦੇ ਅਹੁਦੇਦਾਰਾਂ ਰਾਹੁਲ ਟਾਂਗਰੀ, ਸੰਜੇ ਅਗਨੀਹੋਤਰੀ ਤੇ ਹੋਰਾਂ ਨੇ ਕਿਹਾ ਕਿ ਇਸ ਵੇਲੇ ਪੰਜਾਬ ਵਿਚ ਮਟਕਾ ਕਾਰੋਬਾਰ ਸਭ ਤੋਂ ਵੱਧ ਚੱਲਦਾ ਹੈ।

ਪੰਜਾਬ ਵਿਚ ਇਸ ਵੇਲੇ ਕਾਨੂੰਨੀ ਢੰਗ ਨਾਲ ਤਿੰਨ ਤਰ੍ਹਾਂ ਦੀਆਂ ਲਾਟਰੀਆਂ ਸਮੇਤ, ਕਾਰਡ ਗੇਮ, ਲੋਟੋ ਰਾਹੀਂ ਲਾਟਰੀ ਕਾਰੋਬਾਰ ਚੱਲਦਾ ਹੈ, ਪਰ ਮਟਕਾ ਕਾਰੋਬਾਰ ਕਰਨ ਵਾਲੇ ਵਿਅਕਤੀ, ਖਰੀਦਦਾਰਾਂ ਨੂੰ ਲਾਟਰੀ ਤੋਂ ਸਸਤੀਆਂ ਪਰਚੀਆਂ ਵੇਚਕੇ ਆਪਣਾ ਕਾਰੋਬਾਰ ਚਲਾਉਂਦੇ ਹਨ ਤੇ ਇਸ ਕਾਰੋਬਾਰ ਵਿਚ ਮੋਬਾਈਲ ਸਭ ਤੋਂ ਵੱਧ ਸਹਾਈ ਹੁੰਦੇ ਹਨ।

ਇਥੇ ਇਹ ਜ਼ਿਕਰ ਵੀ ਕਰ ਦਈਏ ਕਿ ਕਾਨੂੰਨੀ ਜਾਂ ਗੈਰ ਕਾਨੂੰਨੀ ਲਾਟਰੀ ਕਾਰੋਬਾਰ ਕਾਰਨ ਹੁਣ ਤੱਕ ਸੂਬੇ ਦੇ ਲੱਖਾਂ ਲੋਕ ਬਰਬਾਦ ਹੋ ਚੁੱਕੇ ਹਨ। ਵੱਖਰੀ ਜਾਣਕਾਰੀ ਸਾਂਝੀਆਂ ਕਰਦਿਆਂ ਐਸੋਸੀਏਸ਼ਨ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਹਾਲ ਹੀ ਵਿਚ ਪ੍ਰਸਤਾਵਿਤ ਟੈਕਸਾਂ ਦੀਆਂ ਵਧਾਈਆਂ ਦਰਾਂ ਕਾਰਨ ਲਾਟਰੀ ਕਾਰੋਬਾਰੀਆਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ।

ਨਵੇਂ ਟੈਕਸਾਂ ਕਾਰਨ ਸੂਬੇ ਵਿਚ ਕਾਨੂੰਨੀ ਤੌਰ 'ਤੇ ਚੱਲਦੇ ਲਾਟਰੀ ਕਾਰੋਬਾਰ ਨੂੰ 100 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ, ਜਿਸ ਕਾਰਨ ਕਈ ਲਾਟਰੀ ਕਾਰੋਬਾਰੀਆਂ ਨੂੰ ਪੰਜਾਬ ਵਿਚ ਲਾਟਰੀਆਂ ਵੇਚਣ ਦਾ ਕਾਰੋਬਾਰ ਬੰਦ ਕਰਨਾ ਪਵੇਗਾ। ਐਸੋਸੀਏਸ਼ਨ ਮੁਤਾਬਕ ਟੈਕਸਾਂ ਦੀਆਂ ਦਰਾਂ ਵਧਣ ਦਾ ਫਾਇਦਾ ਮਟਕਾ ਕਾਰੋਬਾਰੀਆਂ ਨੂੰ ਹੋਵੇਗਾ, ਕਿਉਂਕਿ ਮਟਕਾ ਕਾਰੋਬਾਰ 'ਤੇ ਸਰਕਾਰ ਦਾ ਕੋਈ ਕੰਟਰੋਲ ਨਹੀਂ ਹੁੰਦਾ।

ਹੈਲਪਰ ਦੀ ਲੋੜ ਹੈ
ਬੇਕਰਸਫੀਲਡ ਕੈਲੀਫੋਰਨੀਆਂ ਵਿਖੇ
ਇੰਡੀਅਨ ਰੈਸਟੋਰੈਂਟ ਲਈ ਕਿਚਨ ਹੈਲਪਰ
ਲੇਡੀਜ਼ ਅਤੇ ਪੁਰਸ਼ ਦੀ ਅਤੇ ਸਟੋਰ ਲਈ
ਕੈਸ਼ੀਅਰ ਦੀ ਲੋੜ ਹੈ ।
ਚੰਗੀ ਤਨਖਾਹ ਤੇ ਹੋਰ ਸਹੂਲਤਾਂ
ਸੰਪਰਕ ਕਰੋ
661-364-0341

# 'ਯੁੱਧ 2014' ਟੂਰਨਾਮੈਂਟ ਦੌਰਾਨ ਗੱਤਕਾ ਖਿਡਾਰੀਆਂ ਨੇ ਦਿਖਾਏ ਜਲਵੇ

**ਗਰੀਨਵੁੱਡ, ਇੰਡੀਆਨਾ (ਪੰਜਾਬ ਟਾਈਮਜ਼ ਬਿਊਰੋ):** 12ਵਾਂ ਸਾਲਾਨਾ ਕੌਮਾਂਤਰੀ ਗੱਤਕਾ ਟੂਰਨਾਮੈਂਟ



'ਯੁੱਧ 2014' ਗੁਰਦੁਆਰਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵਿਖੇ ਕਰਵਾਇਆ ਗਿਆ। ਇਸ ਟੂਰਨਾਮੈਂਟ ਵਿਚ ਕੈਲੀਫ਼ੋਰਨੀਆ, ਨਿਊ ਜਰਸੀ, ਮੈਰੀਲੈਂਡ, ਇੰਡੀਆਨਾ ਅਤੇ ਮਿਸ਼ੀਗਨ ਤੋਂ ਇਲਾਵਾ ਟੋਰਾਂਟੋ ਅਤੇ ਭਾਰਤ ਦੇ ਗੱਤਕਾ ਜੁਝਾਰੂਆਂ ਨੇ ਹਿੱਸਾ ਲਿਆ।

ਟੂਰਨਾਮੈਂਟ ਦੇ ਮੁੱਖ ਪ੍ਰਬੰਧਕ ਜਸਦੇਵ ਸਿੰਘ ਅਨੁਸਾਰ ਟੂਰਨਾਮੈਂਟ ਦੌਰਾਨ ਰੰਗ-ਬਰੰਗੇ ਬਾਣਿਆਂ ਵਿਚ ਸਜੇ ਗੱਤਕਾ ਖਿਡਾਰੀਆਂ ਨੇ ਸਿੱਖ ਯੁੱਧ ਕਲਾ ਦੇ ਵਿਲੱਖਣ ਅਤੇ ਜੋਸ਼ੀਲੇ ਦ੍ਰਿਸ਼ ਪੇਸ਼ ਕੀਤੇ। ਮੁਕਾਬਲੇ ਵਿਚ ਹਾਈ ਸਕੂਲਾਂ ਦੇ ਬੱਚਿਆਂ ਨੇ ਉਚੇਚਾ ਹਿੱਸਾ ਲਿਆ। ਇਸ ਟੂਰਨਾਮੈਂਟ ਦੇ ਜੇਤੂਆਂ ਨੂੰ ਇਕ-ਇਕ ਹਜ਼ਾਰ ਡਾਲਰ ਦੇ ਇਨਾਮ ਦਿੱਤੇ ਗਏ। ਸਿੰਘਾਂ ਲਈ ਸੋਟੀ ਖੁੱਲ੍ਹੇ ਮੁਕਾਬਲੇ ਵਿਚ ਨਿਊ ਜਰਸੀ ਦੇ ਸ਼ਹੀਦ ਬਾਬਾ ਅਜੀਤ ਸਿੰਘ ਗੱਤਕਾ ਅਖਾੜੇ ਦਾ ਹਰਿਜਸ ਸਿੰਘ ਜੇਤੂ ਰਿਹਾ।

ਦੂਜੇ ਨੰਬਰ 'ਤੇ ਇਸੇ ਅਖਾੜੇ ਦੇ ਦਲਬੀਰ ਸਿੰਘ ਅਤੇ ਤੀਜੇ ਨੰਬਰ ਕੈਲੀਫੋਰਨੀਆ ਗੱਤਕਾ ਦਲ ਦੇ ਸੁੱਖਾ ਸਿੰਘ ਜੇਤੂ ਰਹੇ। ਇਸ ਮੁਕਾਬਲੇ ਦੇ ਅੰਡਰ-17 ਉਮਰ ਵਰਗ 'ਚ ਕੈਲੀਫ਼ੋਰਨੀਆ ਦਾ ਵਿਦਿਆਰਥੀ ਹਰਜੋਤ ਸਿੰਘ ਜੇਤੂ ਰਿਹਾ। ਦੂਜੀ ਥਾਂ 'ਤੇ ਨਿਊ ਜਰਸੀ ਦੇ ਕੈਲੀਫੋਰਨੀਆ ਗੱਤਕਾ ਦਲ ਦਾ ਮਨਰੂਪ ਸਿੰਘ ਆਇਆ।

ਸਿੰਘਣੀਆਂ ਲਈ ਸੋਟੀ ਖੁੱਲ੍ਹੇ ਮੁਕਾਬਲੇ ਵਿਚ ਨਿਊ ਜਰਸੀ ਦੇ ਸ਼ਹੀਦ ਬਾਬਾ ਅਜੀਤ ਸਿੰਘ ਗੱਤਕਾ ਅਖਾੜੇ ਦੀ ਕਿਰਨਪ੍ਰੀਤ ਕੌਰ ਜੇਤੂ ਰਹੀ। ਦੂਜੇ ਨੰਬਰ 'ਤੇ ਇੰਡੀਆਨਾ ਦੇ ਮਾਤਾ ਭਾਗ ਕੌਰ ਅਖਾੜੇ ਦੀ ਤੇਜਿੰਦਰ ਕੌਰ ਆਈ।

ਸਿੰਘਾਂ ਦੇ ਡਬਲ ਕਿਰਪਾਨ ਮੁਕਾਬਲੇ ਵਿਚ ਕੈਲੀਫੋਰਨੀਆ ਗੱਤਕਾ ਦਲ ਦੇ ਸੁੱਖਾ ਸਿੰਘ ਅੱਵਲ ਅਤੇ ਇਸੇ ਦਲ ਦੇ ਹੀ ਮਨਪ੍ਰੀਤ ਸਿੰਘ ਦੂਜੇ ਨੰਬਰ 'ਤੇ ਰਹੇ। ਚੱਕਰ ਮੁਕਾਬਲੇ ਵਿਚ ਕੈਲੀਫ਼ੋਰਨੀਆ ਗੱਤਕਾ ਦਲ ਦੇ ਕਰਨਦੀਪ ਸਿੰਘ ਅੱਵਲ ਅਤੇ ਸ਼ਹੀਦ ਬਾਬਾ ਦੀਪ ਸਿੰਘ ਅਖਾੜਾ ਟੋਰਾਂਟੋ ਦੇ ਪ੍ਰਗਟ ਸਿੰਘ ਦੂਜੇ ਨੰਬਰ 'ਤੇ ਰਹੇ।

ਟੂਰਨਾਮੈਂਟ ਦੌਰਾਨ ਰੈਫ਼ਰੀ ਦੀ ਸੇਵਾ ਗਿਆਨੀ ਜੰਗਵੀਰ ਸਿੰਘ (ਇੰਡੀਆਨਾ), ਭਾਈ ਦੀਦਾਰ ਸਿੰਘ (ਕੈਲੀਫ਼ੋਰਨੀਆ) ਤੇ ਭਾਈ ਰਣਜੀਤ ਸਿੰਘ (ਨਿਊ ਜਰਸੀ) ਨੇ ਨਿਭਾਈ। ਜੱਜਾਂ ਵੱਲੋਂ ਸੇਵਾ ਬੀਬੀ ਹਰਪ੍ਰੀਤ ਕੌਰ (ਨਿਊ ਜਰਸੀ), ਭਾਈ ਪਰਮਜੀਤ ਸਿੰਘ (ਫਰਿਜ਼ਨੋ) ਤੇ ਭਾਈ ਗਗਨ ਸਿੰਘ (ਇੰਡੀਆਨਾ) ਨੇ ਕੀਤੀ। ਕੁਮੈਂਟਰੀ ਰਣਜੀਤ ਸਿੰਘ ਸਟਾਕਟਨ ਅਤੇ ਮਨਦੀਪ ਸਿੰਘ ਟੂਲੈਡੋ ਵੱਲੋਂ ਕੀਤੀ ਗਈ।

Are You Tired Of All Treatments?
Try Homeopathic Natural Medicines (HNM)
Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116
Homeopathic natural medicines supply



Gurdip Singh Sandhu
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member:
The California Homeopathic Society
National Center For Homeopathy- USA
Ph:(408) 687-1899
(408) 729-6691
Fax:(408)292-6200
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)



# ਅਧਿਆਪਕਾਂ ਲਈ ਸਿਰਦਰਦੀ ਬਣੀ ਰਹੀ ਮੋਦੀ ਦੀ ਕਲਾਸ

**ਚੰਡੀਗੜ੍ਹ:** ਪੰਜ ਸਤੰਬਰ ਨੂੰ ਅਧਿਆਪਕ ਦਿਵਸ ਮੌਕੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਪੂਰੇ ਦੇਸ਼ ਵਿਚ ਬੱਚਿਆਂ ਨਾਲ ਸੰਵਾਦ ਰਚਾਉਣ ਦਾ ਫਾਰਮੂਲਾ ਪੰਜਾਬ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਕਾਫੀ ਮਹਿੰਗਾ ਪਿਆ। ਪੰਜਾਬ ਸਰਕਾਰ ਨੇ ਤਾਂ ਭਾਵੇਂ ਮੋਦੀ ਦੇ ਹੁਕਮਾਂ ਨੂੰ ਸਕੂਲ ਪ੍ਰਬੰਧਕਾਂ ਤੱਕ ਪਹੁੰਚਾ ਕੇ ਆਪਣਾ ਫਰਜ਼ ਨਿਭਾ ਦਿੱਤਾ ਪਰ ਬਿਜਲੀ-ਪਾਣੀ ਤੇ ਹੋਰ ਸਹੂਲਤਾਂ ਤੋਂ ਸੱਖਣੇ ਸੂਬੇ ਦੇ ਸਕੂਲਾਂ ਵਿਚ ਅਜਿਹੇ ਪ੍ਰਬੰਧ ਕਰਨੇ ਅਧਿਆਪਕਾਂ ਲਈ ਸਿਰਦਰਦੀ ਬਣੇ ਰਹੇ। ਸੂਬੇ ਦੇ ਕਈ ਸਕੂਲਾਂ ਵਿਚ ਵਿਦਿਆਰਥੀਆਂ ਨੂੰ ਟੀ.ਵੀ 'ਤੇ ਮੋਦੀ ਦਾ ਭਾਸ਼ਣ ਸੁਣਾਉਣ ਲਈ ਅਧਿਆਪਕ ਲੋਕਾਂ ਦੇ ਦਰ ਖੜ੍ਹਕਾਉਂਦੇ ਰਹੇ। ਖਰਾਬ ਮੌਸਮ ਤੇ ਬਿਜਲੀ ਦੇ ਕੱਟਾਂ ਕਾਰਨ ਕਈ ਸਕੂਲਾਂ ਵਿਚ ਅਧਿਆਪਕਾਂ ਨੂੰ ਆਪਣੇ ਪੱਲਿਓਂ ਜਨਰੇਟਰ ਦਾ ਪ੍ਰਬੰਧ ਕਰਨਾ ਪਿਆ।

ਸਰਕਾਰੀ ਪ੍ਰਾਇਮਰੀ ਸਕੂਲ ਸਮਰਾਲਾ ਦੀ ਇੰਚਾਰਜ ਸਰੋਜ ਬਾਲਾ ਵਰ੍ਹਦੇ ਮੀਂਹ ਦੌਰਾਨ ਸਕੂਲ ਦੇ 90 ਬੱਚਿਆਂ ਨੂੰ ਟੈਲੀਵਿਜ਼ਨ ਵਿਖਾਉਣ ਲਈ ਲੋਕਾਂ ਦਾ ਦਰ ਖੜ੍ਹਕਾਉਂਦੀ ਵੇਖੀ ਗਈ। ਉਸ ਦਾ ਆਖਣਾ ਸੀ ਕਿ ਸਕੂਲ ਵਿਚ ਡਿਸ਼ ਟੀ.ਵੀ. ਦਾ ਪ੍ਰਬੰਧ ਹੋਣ ਦੇ ਬਾਵਜੂਦ ਮੌਸਮ ਖਰਾਬ ਹੋਣ ਕਾਰਨ ਚੈਨਲ ਨਹੀਂ ਚੱਲ ਰਹੇ ਜਿਸ ਕਾਰਨ ਬੱਚਿਆਂ ਨੂੰ ਕਿਸੇ ਦੇ ਘਰ ਵਿਚ ਲਿਜਾ ਕੇ ਮੋਦੀ ਦਾ ਭਾਸ਼ਣ ਸੁਣਾਇਆ ਜਾ ਰਿਹਾ ਹੈ।

ਸਰਕਾਰੀ ਹਾਈ ਸਕੂਲ ਸਿਹਾਲਾ ਦੇ ਪ੍ਰਿੰਸੀਪਲ ਬਲਤਾਤ ਸਿੰਘ ਆਪਣੇ ਸਕੂਲ ਦੇ 252 ਬੱਚੇ ਲੈ ਕੇ ਪਿੰਡ ਦੀ ਧਰਮਸ਼ਾਲਾ ਵਿਚ ਡੇਰਾ ਲਗਾਈ ਬੈਠਾ ਸੀ। ਇਸੇ ਤਰ੍ਹਾਂ ਪਿੰਡ ਕੋਟਾਲਾ ਦੇ ਸੀਨੀਅਰ ਸੈਕੰਡਰੀ ਸਕੂਲ ਵਿਚ ਬਿਜਲੀ ਨਾ ਹੋਣ ਕਾਰਨ ਹਨ੍ਹੇਰੇ ਕਮਰੇ ਤੇ ਵਰਾਂਡਿਆਂ ਵਿਚ ਬੈਠ ਬੱਚੇ ਰੇਡੀਓ ਉੱਪਰ ਮੋਦੀ ਦਾ ਭਾਸ਼ਣ ਸੁਣ ਰਹੇ ਸਨ। ਹਾਲਾਂਕਿ ਮੌਸਮ ਦੀ ਖ਼ਰਾਬੀ ਕਾਰਨ ਰੇਡੀਓ ਵਿਚ ਆਉਂਦੀ ਅਵਾਜ਼ ਦਾ ਕੁਝ ਵੀ ਅੱਲੇ-ਪੱਲੇ ਨਹੀਂ ਸੀ ਪੈ ਰਿਹਾ ਸੀ।

## ਪ੍ਰਬੰਧ ਨਾ ਹੋਣ ਕਾਰਨ ਲੋਕਾਂ ਦੇ ਦਰ ਖੜਕਾਉਂਦੇ ਰਹੇ ਅਧਿਆਪਕ



## ਮੋਦੀ ਤੋਂ ਸ਼ਾਬਾਸ਼ ਲੈਣ ਲਈ ਪੰਜਾਬ ਸਰਕਾਰ ਆਪਣਾ ਨੋਟੀਫਿਕੇਸ਼ਨ ਭੁੱਲੀ

**ਚੰਡੀਗੜ੍ਹ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਬੱਚਿਆਂ ਨਾਲ ਸੰਵਾਦ ਰਚਾਉਣ ਦੇ ਪ੍ਰੋਗਰਾਮ ਦੇ ਚਾਅ ਵਿਚ ਪੰਜਾਬ ਸਰਕਾਰ ਆਪਣੇ ਅੱਠ ਸਾਲ ਪੁਰਾਣੇ ਨੋਟੀਫਿਕੇਸ਼ਨ ਨੂੰ ਭੁ'ਲਾ ਬੈਠੀ। ਸਰਕਾਰ ਨੇ ਆਪ ਹੀ ਵਿਦਿਆਰਥੀਆਂ ਦੀਆਂ ਅਜਿਹੀਆਂ ਸਰਗਰਮੀਆਂ ਵਿਚ ਸ਼ਮੂਲੀਅਤ ਨੂੰ 'ਸਮਾਜਕ ਅਪਰਾਧ' ਕਰਾਰ ਦਿੱਤਾ ਗਿਆ ਸੀ ਤੇ ਉਨ੍ਹਾਂ ਨਾਲ 'ਬੰਧੂਆ ਮਜ਼ਦੂਰਾਂ' ਵਰਗਾ ਵਤੀਰਾ ਅਪਣਾਉਣ ਬਾਰੇ ਕਿਹਾ ਗਿਆ ਸੀ। ਚੰਡੀਗੜ੍ਹ ਦੇ ਬਲਵਿੰਦਰ ਸਿੰਘ ਭਿੰਡਰ ਵੱਲੋਂ ਦਾਖ਼ਲ ਪਟੀਸ਼ਨ ਨੂੰ ਦੇਖਦਿਆਂ ਸਰਕਾਰ ਨੇ ਦਸੰਬਰ 2006 ਵਿਚ ਇਹ ਨੋਟੀਫਿਕੇਸ਼ਨ ਜਾਰੀ ਕੀਤਾ ਸੀ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਰਕਾਰ ਨੂੰ ਕਿਹਾ ਸੀ ਕਿ ਸਿੱਖਿਆ ਨਾਲ ਸਬੰਧਤ ਪ੍ਰੋਗਰਾਮਾਂ ਤੋਂ ਇਲਾਵਾ ਹੋਰ ਸਮਾਗਮਾਂ ਵਿਚ ਬੱਚਿਆਂ ਨੂੰ ਨਾ ਘੜੀਸਿਆ ਜਾਵੇ। ਸ੍ਰੀ ਭਿੰਡਰ ਨੇ ਇਸ ਫੈਸਲੇ ਨੂੰ ਅਦਾਲਤ ਦੀ ਮਾਣਹਾਨੀ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਭਾਸ਼ਣ ਸੁਣਨ ਲਈ ਮਜਬੂਰ ਕੀਤਾ ਗਿਆ, ਉਨ੍ਹਾਂ ਨੂੰ ਲੰਮੇ ਸਮੇਂ ਤੱਕ ਸਕੂਲ ਵਿਚ ਰਹਿਣਾ ਪਿਆ। ਨਾਲ ਹੀ ਅਧਿਆਪਕਾਂ ਨੂੰ ਵਿਦਿਆਰਥੀਆਂ ਨੂੰ ਪੜ੍ਹਾਉਣ ਦੀ ਬਜਾਏ ਬੰਦੋਬਸਤ ਦੇ ਕੰਮ ਵਿਚ ਲਾਇਆ ਗਿਆ। ਪੰਜਾਬ ਸਰਕਾਰ ਵੱਲੋਂ ਪਹਿਲੀ ਦਸੰਬਰ ਤੇ 23 ਦਸੰਬਰ 2006 ਨੂੰ ਜਾਰੀ ਨੋਟੀਫਿਕੇਸ਼ਨ ਵਿਚ ਕਿਹਾ ਗਿਆ ਹੈ ਕਿ ਵਿਦਿਆਰਥੀਆਂ ਦੀ ਵੀ.ਆਈ.ਪੀ. ਡਿਊਟੀਆਂ ਤੇ ਸਿਆਸੀ ਸਮਾਗਮਾਂ ਵਿਚ ਵਰਤੋਂ ਨਹੀਂ ਕੀਤੀ ਜਾ ਸਕਦੀ। ਇਹ ਹੁਕਮ ਤਤਕਾਲੀ ਸਿੱਖਿਆ ਸਕੱਤਰ ਸਰਵੇਸ਼ ਕੌਸ਼ਲ, ਜਿਹੜੇ ਹੁਣ ਮੁੱਖ ਸਕੱਤਰ ਹਨ, ਨੇ ਭੇਜੇ ਸਨ। ਹੁਣ ਮੁੱਖ ਸਕੱਤਰ ਦੇ ਨਾਤੇ ਉਨ੍ਹਾਂ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਚਿੱਠੀ ਲਿਖ ਕੇ ਯਕੀਨੀ ਬਣਾਉਣ ਲਈ ਕਿਹਾ ਸੀ ਕਿ ਸਾਰੇ ਸਕੂਲਾਂ ਵਿਚ 5 ਸਤੰਬਰ ਨੂੰ ਢਾਈ ਵਜੇ ਤੋਂ ਸ਼ਾਮ ਪੌਣੇ ਪੰਜ ਵਜੇ ਤੱਕ ਮੋਦੀ ਦੇ ਭਾਸ਼ਣ ਦਾ ਸਿੱਧਾ ਪ੍ਰਸਾਰਨ ਦਿਖਾਇਆ ਜਾਵੇ।

ਸਰਕਾਰੀ ਪ੍ਰਾਇਮਰੀ ਸਕੂਲ ਸਿਹਾਲਾ ਵਿਚ ਘੈੜ-ਘੈੜ ਕਰਦੇ ਰੇਡੀਓ ਦੇ ਦੁਆਲੇ ਬੈਠੇ ਬੱਚੇ ਸੁਸਤਾ ਰਹੇ ਸਨ।

ਸਰਕਾਰੀ ਮਿਡਲ ਤੇ ਪ੍ਰਾਇਮਰੀ ਸਕੂਲ ਹੇਡੋਂ ਦੇ ਤਕਰੀਬਨ 223 ਬੱਚਿਆਂ ਨੂੰ ਸ੍ਰੀ ਮੋਦੀ ਦਾ ਭਾਸ਼ਣ ਸੁਣਾਉਣ ਲਈ ਸਕੂਲ ਅਧਿਆਪਕਾਂ ਵੱਲੋਂ ਭਾਰੀ ਜੱਦੋਜਹਿਦ ਕਰਨੀ ਪਈ। ਬਿਜਲੀ ਨਾ ਹੋਣ ਕਾਰਨ ਟਰੈਕਟਰ-ਜਨਰੇਟਰ ਦਾ ਪ੍ਰਬੰਧ ਕਰਨ ਤੋਂ ਬਾਅਦ ਕੇਬਲ ਨਾ ਚਲਦੀ ਹੋਣ ਕਾਰਨ ਦੇਸੀ ਐਂਟੀਨਾ ਲਗਾ ਕੇ ਬੜੀ ਮੁਸ਼ਕਿਲ ਨਾਲ ਬੱਚਿਆਂ ਨੂੰ ਮੋਦੀ ਦੇ ਦਰਸ਼ਨ ਕਰਵਾਏ ਗਏ। ਇਸੇ ਤਰ੍ਹਾਂ ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਬਾਦਲੀ, ਗਹਿਲੇਵਾਲ ਸਮੇਤ ਵੱਖ-ਵੱਖ ਪਿੰਡਾਂ ਦੇ ਸਕੂਲਾਂ ਵਿਚ ਮੋਦੀ ਦੇ ਭਾਸ਼ਣ ਦੌਰਾਨ ਛੋਟੇ ਬੱਚੇ ਡੈਸਕਾਂ ਉੱਪਰ ਹੀ ਸੁੱਤੇ ਹੋਏ ਨਜ਼ਰ ਆਏ ਜਦਕਿ ਵੱਡੀਆਂ ਕਲਾਸਾਂ ਦੇ ਵਿਦਿਆਰਥੀ ਭਾਸ਼ਣ ਤੋਂ ਬੇਖਬਰ ਹੋ ਕੇ ਆਪੋ-ਆਪਣੀਆਂ ਗੱਪਾਂ ਮਾਰਦੇ ਦਿਖਾਈ ਦਿੱਤੇ। ਪੁੱਛੇ ਜਾਣ 'ਤੇ ਬਹੁਤੇ ਬੱਚਿਆਂ ਦਾ ਜਵਾਬ ਸੀ ਕਿ ਰੇਡੀਓ ਉੱਪਰ ਚੱਲਦੇ ਭਾਸ਼ਣ ਵਿਚ ਉਨ੍ਹਾਂ ਨੂੰ ਕੁਝ ਵੀ ਸਮਝ ਨਹੀਂ ਪੈ ਰਿਹਾ।

ਇਸ ਤੋਂ ਇਲਾਵਾ ਪਿੰਡ ਰਾਮਨਗਰ ਦਾ ਸਰਕਾਰੀ ਪ੍ਰਾਇਮਰੀ ਸਕੂਲ ਤਕਰੀਬਨ ਅੱਠ ਵਰ੍ਹਿਆਂ ਤੋਂ ਸਕੂਲ ਕੁੰਡੀ ਕੁਨੈਕਸ਼ਨ ਦੇ ਸਹਾਰੇ ਚੱਲ ਰਿਹਾ ਹੈ।

ਸਕੂਲ ਦੇ ਅਧਿਆਪਕਾਂ ਨੇ ਦੱਸਿਆ ਕਿ ਉਨ੍ਹਾਂ ਨੇ ਰੇਡੀਓ 'ਤੇ ਹੀ ਮੋਦੀ ਦਾ ਭਾਸ਼ਨ ਬੱਚਿਆਂ ਨੂੰ ਸੁਣਾਇਆ ਹੈ। ਪਿੰਡ ਰਾਏਖਾਨਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਦਾ ਪਹਿਲਾਂ ਬਿਜਲੀ ਕੁਨੈਕਸ਼ਨ ਕੱਟ ਦਿੱਤਾ ਗਿਆ ਸੀ ਤੇ ਹੁਣ ਕੋਈ ਸਕੂਲ ਦੇ ਬਾਹਰ ਖੰਭੇ 'ਤੇ ਲੱਗਾ ਬਿਜਲੀ ਦਾ ਮੀਟਰ ਵੀ ਪੁੱਟ ਕੇ ਲੈ ਗਿਆ ਹੈ। ਸਕੂਲ ਕੋਲ ਸਿਰਫ਼ ਕੁੰਡੀ ਦਾ ਸਹਾਰਾ ਬਚਿਆ ਹੈ। ਸਕੂਲ ਅਧਿਆਪਕਾ ਹਰਜਿੰਦਰ ਕੌਰ ਨੇ ਦੱਸਿਆ ਕਿ ਉਹ ਮੋਦੀ ਦਾ ਭਾਸ਼ਨ ਸੁਣਾਉਣ ਲਈ ਬੱਚਿਆਂ ਨੂੰ ਪਿੰਡ ਦੇ ਹਾਈ ਸਕੂਲ ਵਿਚ ਲੈ ਕੇ ਗਏ ਸਨ। ਪਿੰਡ ਮਾੜੀ ਦਾ ਸਕੂਲ ਵੀ ਕੁੰਡੀ ਕੁਨੈਕਸ਼ਨ ਸਹਾਰੇ ਹੀ ਹੈ।

ਸਕੂਲ ਵਿਚ ਕੋਈ ਮੀਟਰ ਹੀ ਨਹੀਂ ਹੈ। ਇਵੇਂ ਹੀ ਨਥਾਨਾ ਬਰਾਂਚ ਦੇ ਪ੍ਰਾਇਮਰੀ ਸਕੂਲ ਦਾ ਚਾਰ ਮਹੀਨੇ ਪਹਿਲਾਂ ਬਿਜਲੀ ਕੁਨੈਕਸ਼ਨ ਕੱਟ ਦਿੱਤਾ ਗਿਆ ਸੀ। ਹੁਣ ਕੁੰਡੀ ਕੁਨੈਕਸ਼ਨ ਨਾਲ ਮੋਦੀ ਦਾ ਭਾਸ਼ਨ ਸੁਣਾਇਆ ਗਿਆ। ਮੁੱਖ ਮੰਤਰੀ ਪੰਜਾਬ ਦੇ ਪੁਰਖਿਆਂ ਦੇ ਪਿੰਡ ਘੁੱਦਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਘੁੱਦਾ ਬਰਾਂਚ ਦਾ ਮੀਟਰ ਕੋਈ ਸ਼ਰਾਰਤੀ ਅਨਸਰ ਪੁੱਟ ਕੇ ਲੈ ਗਿਆ ਹਨ। ਮੁੱਖ ਅਧਿਆਪਕ ਰਜਿੰਦਰ ਸਿੰਘ ਨੇ ਦੱਸਿਆ ਕਿ ਪਾਵਰਕੌਮ ਹੁਣ ਔਸਤਨ ਆਧਾਰ 'ਤੇ ਬਿੱਲ ਭੇਜ ਰਿਹਾ ਹੈ।

# ਸਕੂਲਾਂ ਦੀ ਮਾੜੀ ਹਾਲਤ ਲਈ ਬਾਦਲ ਜ਼ਿੰਮੇਵਾਰ: ਬਾਜਵਾ



**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਸਰਕਾਰੀ ਸਕੂਲਾਂ ਦੀ ਮਾੜੀ ਹਾਲਤ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਸਕੂਲ ਸੂਬਾ ਸਰਕਾਰ ਵੱਲੋਂ ਕੀਤੇ ਜਾਂਦੇ ਵਿਕਾਸ ਦੇ ਮਾਡਲ ਦੇ ਦਾਅਵੇ ਦੀ ਜ਼ਮੀਨੀ ਪੱਧਰ 'ਤੇ ਉਲਟ ਹਕੀਕਤ ਨੂੰ ਪੇਸ਼ ਕਰਦੇ ਹਨ। ਉਨ੍ਹਾਂ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਸਕੂਲ ਇਮਾਰਤਾਂ ਤੋਂ ਬਿਨਾਂ ਚੱਲ ਰਹੇ ਹਨ, ਜਦਕਿ ਸਰਕਾਰ ਸਿੱਖਿਆ ਖੇਤਰ ਨੂੰ ਆਪਣੀ ਪ੍ਰਮੁੱਖਤਾ ਦੱਸਦਿਆਂ ਸਕੂਲਾਂ ਦੇ ਪੱਧਰ ਸੁਧਾਰਨ ਦੇ ਦਾਅਵੇ ਕਰਦੀ ਹੈ।

ਇਸ ਬਾਰੇ ਸ. ਬਾਦਲ ਨੂੰ ਵਿਅਕਤੀਗਤ ਤੌਰ 'ਤੇ ਲੋਕਾਂ ਨੂੰ ਸਪੱਸ਼ਟੀਕਰਨ ਦੇਣਾ ਚਾਹੀਦਾ ਹੈ, ਕਿਉਂਕਿ ਇਨ੍ਹਾਂ ਸਕੂਲਾਂ ਵਿਚ ਸਿੱਖਿਆ ਲੈਣ ਵਾਲੇ ਸਮਾਜ ਦੇ ਕਮਜ਼ੋਰ ਵਰਗ ਦੇ ਬੱਚਿਆਂ ਦੀ ਪੜ੍ਹਾਈ ਨੂੰ ਜਾਣਬੁੱਝ ਕੇ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਸ. ਬਾਦਲ ਨੂੰ ਯਾਦ ਦਿਵਾਇਆ ਕਿ ਉਹ 1977 ਵਿਚ ਦੂਜੀ ਵਾਰ ਸੱਤਾ ਵਿਚ ਆਉਣ ਤੱਕ ਆਦਰਸ਼ ਸਕੂਲਾਂ ਦੀ ਗੱਲ ਕਰ ਰਹੇ ਸਨ। 2007 ਤੋਂ ਉਨ੍ਹਾਂ ਨੇ ਪੀ.ਪੀ.ਪੀ. ਮਾਡਲ ਹੇਠ ਆਦਰਸ਼ ਸਕੂਲਾਂ ਦੇ ਪ੍ਰਾਜੈਕਟ ਨੂੰ ਅੱਗੇ ਤੋਰਿਆ, ਜਿਹੜੇ ਉਮੀਦ ਮੁਤਾਬਕ ਪ੍ਰਦਰਸ਼ਨ ਕਰਨ ਵਿਚ ਨਾਕਾਮ ਰਹੇ। ਉਨ੍ਹਾਂ ਕਿਹਾ ਕਿ ਮੁੱਖ ਮੁੱਦਾ ਇਹ ਹੈ ਕਿ ਸਰਕਾਰ ਦਰੱਖਤਾਂ ਹੇਠਾਂ ਚੱਲਦੇ ਤੇ ਮੀਂਹ ਪੈਣ 'ਤੇ ਬੰਦ ਰਹਿੰਦੇ ਸਰਕਾਰੀ ਸਕੂਲਾਂ ਵੱਲ ਕਿੰਨਾ ਧਿਆਨ ਦੇ ਰਹੀ ਹੈ।

ਹਾਲਾਤ ਦੱਸ ਰਹੇ ਹਨ ਕਿ ਸਰਕਾਰ ਨੇ ਇਸ ਪਾਸੇ ਉਕਾ ਹੀ ਕੋਈ ਧਿਆਨ ਨਹੀਂ ਦਿੱਤਾ ਹੈ। ਧਿਆਨ ਦੇਣਾ ਤਾਂ ਦੂਰ ਦੀ ਗੱਲ ਹੈ, ਅਜੇ ਤਾਂ ਇਸ ਬਾਰੇ ਵਿਚਾਰ-ਚਰਚਾ ਵੀ ਆਰੰਭ ਨਹੀਂ ਕੀਤੀ ਗਈ। ਅਸਲ ਵਿਚ ਇਹ ਮੁੱਦਾ ਸਰਕਾਰ ਦੇ ਏਜੰਡੇ ਉਤੇ ਹੀ ਨਹੀਂ ਹੈ।

# ਭਾਜਪਾ ਵਿਧਾਇਕ ਸ਼ੰਟੀ 'ਤੇ ਹਮਲਾ

**ਨਵੀਂ ਦਿੱਲੀ:** ਇਕ ਅਣਪਛਾਤੇ ਹਥਿਆਰਬੰਦ ਵਿਅਕਤੀ ਨੇ ਸ਼ਾਹਦਰਾ ਤੋਂ ਭਾਜਪਾ ਦੇ ਵਿਧਾਇਕ ਜਿਤੇਂਦਰ ਸਿੰਘ ਸ਼ੰਟੀ ਉਤੇ ਗੋਲੀਆਂ ਚਲਾ ਦਿੱਤੀਆਂ। ਵਿਧਾਇਕ ਦੇ ਪੂਰਬੀ ਦਿੱਲੀ ਦੇ ਵਿਵੇਕ ਵਿਹਾਰ ਵਿਚ ਸਥਿਤ ਘਰ ਦੇ ਬਾਹਰ ਸਵੇਰੇ ਸਵੱਖਤੇ ਹੋਏ ਹਮਲੇ ਵਿਚ ਸ਼ੰਟੀ ਦਾ ਬਚਾਅ ਹੋ ਗਿਆ। ਸਾਰੀ ਘਟਨਾ ਸੀ.ਸੀ.ਟੀ.ਵੀ. ਕੈਮਰੇ ਵਿਚ ਰਿਕਾਰਡ ਹੋ ਗਈ। ਸਵੇਰੇ 5.30 ਵਜੇ ਕੋਈ ਵਿਅਕਤੀ ਆ ਕੇ ਸ਼ੰਟੀ ਦੇ ਘਰ ਦੀ ਲਗਾਤਾਰ ਘੰਟੀ ਵਜਾਉਂਦਾ ਰਿਹਾ। ਸ੍ਰੀ ਸ਼ੰਟੀ ਦੇਖਣ ਆਏ ਤਾਂ ਹੈਲਮਟ ਪਾ ਕੇ ਆਏ ਵਿਅਕਤੀ ਨੇ ਕਿਹਾ ਕਿ ਉਸ ਨੇ ਕੁਝ ਦਸਤਾਵੇਜ਼ ਤਸਦੀਕ ਕਰਾਉਣੇ ਹਨ, ਜਿਉਂ ਹੀ ਭਾਜਪਾ ਆਗੂ ਘਰ ਅੰਦਰ ਜਾਣ ਲਈ ਮੁੜਿਆ, ਇਸ ਵਿਅਕਤੀ ਨੇ ਉਸ 'ਤੇ ਪਿਸਤੌਲ ਤਾਣ ਲਈ। ਦੋਵੇਂ ਆਪਸ ਵਿਚ ਉਲਝ ਗਏ। ਹਮਲਾਵਰ ਨੇ 3-4 ਫਾਇਰ ਕੀਤੇ ਪਰ ਸ਼ੰਟੀ ਦਾ ਬਚਾਅ ਹੋ ਗਿਆ। ਘਟਨਾ ਮਗਰੋਂ ਹਮਲਾਵਰ ਫਰਾਰ ਹੋ ਗਿਆ। ਦਿੱਲੀ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਇਸ ਦੌਰਾਨ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਸ਼ੰਟੀ 'ਤੇ ਹੋਏ ਹਮਲੇ ਦੀ ਨਿਖੇਧੀ ਕੀਤੀ। ਉਨ੍ਹਾਂ ਪੁਲਿਸ ਕਮਿਸ਼ਨਰ ਬੀ.ਐਸ. ਬੱਸੀ ਨਾਲ ਫੋਨ 'ਤੇ ਗੱਲ ਕਰ ਕੇ ਹਮਲਾਵਰ ਨੂੰ ਗ੍ਰਿਫ਼ਤਾਰ ਕਰਨ ਤੇ ਵਿਧਾਇਕ ਨੂੰ ਸੁਰੱਖਿਆ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਿਚ ਵਫ਼ਦ ਨੇ ਸ੍ਰੀ ਸ਼ੰਟੀ ਦੇ ਘਰ ਜਾ ਕੇ ਉਨ੍ਹਾਂ ਨਾਲ ਮੁਲਾਕਾਤ ਕੀਤੀ ਹੈ।

# ਪੰਜਾਬ ਸਰਕਾਰ ਨੇ ਸਰਹੱਦੀ ਸਕੂਲ ਮੂਲੋਂ ਹੀ ਵਿਸਾਰੇ

**ਅੰਮ੍ਰਿਤਸਰ:** ਪੰਜਾਬ ਸਰਕਾਰ ਨੇ ਸਰਹੱਦੀ ਸਕੂਲਾਂ ਨੂੰ ਬਿਲਕੁੱਲ ਹੀ ਵਿਸਾਰ ਦਿੱਤਾ ਹੈ। ਅਧਿਆਪਕਾਂ ਦੀ ਘਾਟ ਤੇ ਇਮਾਰਤਾਂ ਦੀ ਖਸਤਾ ਹਾਲਤ ਸਮੇਤ ਇਥੋਂ ਦੇ ਸਰਕਾਰੀ ਸਕੂਲ ਵੱਡੀਆਂ ਉਣਤਾਈਆਂ ਦਾ ਸਾਹਮਣਾ ਕਰ ਰਹੇ ਹਨ। ਸਥਾਨਕ ਲੋਕਾਂ ਦਾ ਦੋਸ਼ ਹੈ ਸਿਆਸੀ ਲੋਕ ਚੋਣਾਂ ਸਮੇਂ ਹੀ ਉਨ੍ਹਾਂ ਦੇ ਇਲਾਕਿਆਂ ਵਿਚ ਗੇੜੇ ਮਾਰਦੇ ਹਨ ਤੇ ਵੱਡੇ ਭਰੋਸੇ ਦਿੰਦੇ ਹਨ ਪਰ ਚੋਣ ਜਿੱਤਣ ਤੋਂ ਬਾਅਦ ਆਪਣਾ ਮੂੰਹ ਵੀ ਨਹੀਂ ਦਿਖਾਉਂਦੇ। ਸਰਕਾਰ ਦੀ ਇਸ ਅਣਦੇਖੀ ਕਾਰਨ ਵੱਡੀ ਗਿਣਤੀ ਬੱਚੇ ਮੁੱਢਲੀ ਸਿੱਖਿਆ ਤੋਂ ਵੀ ਵਾਂਝੇ ਰਹੇ ਜਾਂਦੇ ਹਨ।

ਸਰਹੱਦੀ ਜ਼ਿਲ੍ਹੇ ਅੰਮ੍ਰਿਤਸਰ ਵਿਚ ਇਸ ਵੇਲੇ ਤਕਰੀਬਨ 1200 ਤੋਂ ਵੱਧ ਪ੍ਰਾਇਮਰੀ ਤੇ ਸੈਕੰਡਰੀ ਸਕੂਲ ਹਨ। ਸ਼ਹਿਰੀ ਸਕੂਲਾਂ ਦਾ ਮੁੱਢਲਾ ਢਾਂਚਾ ਦਿਹਾਤੀ ਸਕੂਲਾਂ ਦੇ ਮੁਕਾਬਲੇ ਕੁਝ ਤਸੱਲੀਬਖ਼ਸ਼ ਹੈ ਪਰ ਹਰ ਪਾਸੇ ਸੁਧਾਰ ਦੀ ਲੋੜ ਹੈ। ਮਿਲੀ ਜਾਣਕਾਰੀ ਮੁਤਾਬਕ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਇਸ ਵੇਲੇ ਮੁੱਖ ਅਧਿਆਪਕਾਂ ਦੀਆਂ 102 ਅਸਾਮੀਆਂ ਹਨ। ਇਨ੍ਹਾਂ ਵਿਚੋਂ 49 ਅਸਾਮੀਆਂ ਖਾਲੀ ਹਨ। ਇਸੇ ਤਰ੍ਹਾਂ ਪ੍ਰਿੰਸੀਪਲਾਂ ਦੀਆਂ 10 ਫ਼ੀਸਦੀ ਅਸਾਮੀਆਂ ਖਾਲੀ ਹਨ। ਅਧਿਆਪਕਾਂ ਦੀਆਂ ਅਸਾਮੀਆਂ ਵੀ ਵੱਡੇ ਪੱਧਰ 'ਤੇ ਖਾਲੀ ਹਨ। ਐਲੀਮੈਂਟਰੀ ਸਕੂਲਾਂ ਵਿਚ ਤਕਰੀਬਨ 50 ਫ਼ੀਸਦੀ ਅਸਾਮੀਆਂ ਖਾਲੀ ਹਨ। ਮੁੱਢਲੇ ਢਾਂਚੇ ਪੱਖੋਂ ਅਜਨਾਲਾ ਬਲਾਕ ਦਾ ਹਾਲ ਮੰਦਾ ਹੈ। ਇਸ ਬਲਾਕ ਵਿਚ ਇਕ ਅਧਿਆਪਕ ਵਾਲੇ ਸਕੂਲਾਂ ਦੀ ਗਿਣਤੀ ਤਕਰੀਬਨ 24 ਹੈ। ਸੈਂਟਰਲ ਅਧਿਆਪਕਾਂ ਦੀਆਂ 12 ਅਸਾਮੀਆਂ ਹਨ, ਜਿਨ੍ਹਾਂ ਵਿਚੋਂ 10 ਖਾਲੀ ਹਨ। ਇਸੇ ਤਰ੍ਹਾਂ ਮੁਖ ਅਧਿਆਪਕ ਦੀਆਂ 44 ਅਸਾਮੀਆਂ ਵਿਚੋਂ 19 'ਤੇ ਕੰਮ ਚੱਲ ਰਿਹਾ ਹੈ, ਜਦੋਂਕਿ ਬਾਕੀ ਅਸਾਮੀਆਂ ਖਾਲੀ ਹਨ। ਕਈ ਥਾਵਾਂ 'ਤੇ ਸਕੂਲਾਂ ਵਿਚ ਕਮਰਿਆਂ ਦੀ ਘਾਟ ਹੈ। ਇਸ ਕਾਰਨ ਬੱਚੇ ਬਾਹਰ ਵਰਾਂਡਿਆਂ ਜਾ ਰੁੱਖਾਂ ਹੇਠ ਬੈਠਦੇ ਹਨ। ਵਧੇਰੇ ਸਕੂਲਾਂ ਵਿਚ ਪਖਾਨਿਆਂ ਦੀ ਵੀ ਘਾਟ ਹੈ। ਕਈ ਸਕੂਲਾਂ ਵਿਚ ਪੀਣ ਵਾਲੇ ਸਾਫ਼ ਪਾਣੀ ਦੇ ਪ੍ਰਬੰਧ ਨਹੀਂ ਹਨ।

ਸਰਹੱਦੀ ਪਿੰਡ ਬੱਲੜਵਾਲ ਵਿਚ ਹਾਈ ਸਕੂਲ ਵਿਚ ਤਕਰੀਬਨ 800 ਵਿਦਿਆਰਥੀ ਹਨ ਤੇ ਸਿਰਫ਼ 10 ਅਧਿਆਪਕ ਹਨ। ਇਨ੍ਹਾਂ ਵਿਚੋਂ 2 ਜਾਂ 3 ਅਧਿਆਪਕਾਂ ਦੀ ਬਾਹਰ ਡਿਊਟੀ ਲੱਗੀ ਰਹਿੰਦੀ ਹੈ। ਸਕੂਲ ਵਿਚ ਸਿਰਫ ਅੱਠ ਕਮਰੇ ਹਨ। ਮੀਂਹ-ਕਣੀ ਦੇ ਦਿਨਾਂ ਵਿਚ ਬੱਚਿਆਂ ਨੂੰ ਨੇੜਲੇ ਆਂਗਨਵਾੜੀ ਕੇਂਦਰ ਵਿਚ ਭੇਜਿਆ ਜਾਂਦਾ ਹੈ। ਇਸੇ ਤਰ੍ਹਾਂ ਪ੍ਰਾਇਮਰੀ ਸਕੂਲ ਵਿਚ 400 ਤੋਂ



ਵੱਧ ਬੱਚਿਆਂ ਲਈ ਸਿਰਫ਼ ਚਾਰ ਕਮਰੇ ਹਨ। ਪਿੰਡ ਦੀ ਸਰਪੰਚ ਸੁਰਿੰਦਰ ਕੌਰ ਤੇ ਸੁਲੱਖਨ ਸਿੰਘ ਨੇ ਦੱਸਿਆ ਕਿ ਪਿੰਡ ਦੀ ਪੰਚਾਇਤ ਵੱਲੋਂ ਮਤਾ ਪਾਸ ਕਰਕੇ ਭੇਜਿਆ ਹੋਇਆ ਹੈ, ਜਿਸ ਰਾਹੀਂ ਸਕੂਲ ਲਈ ਵੱਧ ਕਮਰਿਆਂ ਦੀ ਮੰਗ ਕੀਤੀ ਗਈ ਹੈ। ਇਸ ਬਾਰੇ ਹਲਕੇ ਦੇ ਵਿਧਾਇਕ ਨੂੰ ਵੀ ਜਾਣੂ ਕਰਵਾਇਆ ਗਿਆ ਹੈ। ਇਸੇ ਤਰ੍ਹਾਂ ਸਕੂਲ ਵਿਚ ਪਖਾਨਿਆਂ ਦੀ ਵੀ ਘਾਟ ਹੈ।

ਇਸੇ ਤਰ੍ਹਾਂ ਲੋਪੋਕੇ ਖੇਤਰ ਅਧੀਨ ਪਿੰਡ ਤੂਤ ਦੇ ਸਰਕਾਰੀ ਐਲੀਮੈਂਟਰੀ ਤੇ ਹਾਈ ਸਕੂਲ ਦੀ ਸਥਿਤੀ ਵੀ ਮਾੜੀ ਹੈ। ਸਕੂਲ ਵਿਚ ਬੱਚੇ ਵਧੇਰੇ ਹਨ ਪਰ ਪੀਣ ਵਾਲੇ ਪਾਣੀ ਦਾ ਪ੍ਰਬੰਧ ਮਾੜਾ ਹੈ। ਸਕੂਲ ਵਿਚ ਇਕ ਹੈਂਡ ਪੰਪ ਹੈ ਤੇ ਦੋ ਟੂਟੀਆਂ ਹਨ। ਇਨ੍ਹਾਂ 'ਤੇ ਅੱਧੀ ਛੁੱਟੀ ਵੇਲੇ ਖਾਸ ਕਰਕੇ ਗਰਮੀ ਦੇ ਦਿਨਾਂ ਵਿਚ ਪਾਣੀ ਪੀਣ ਲਈ ਧੱਕਾ-ਮੁੱਕੀ ਹੁੰਦੀ ਹੈ। ਸਕੂਲ ਦੇ ਕਮਰਿਆਂ ਵਿਚ ਪਾਥੀਆਂ ਰੱਖੀਆਂ ਹੋਈਆਂ ਹਨ, ਜੋ ਮਿਡ-ਡੇਅ ਮੀਲ ਬਣਾਉਣ ਲਈ ਵਰਤੀਆਂ ਜਾਂਦੀਆਂ ਹਨ, ਜਦੋਂਕਿ ਮਿਡ-ਡੇਅ ਮੀਲ ਬਣਾਉਣ ਲਈ ਰਸੋਈ ਗੈਸ ਵਰਤਣੀ ਲਾਜ਼ਮੀ ਹੈ।

ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈਕੰਡਰੀ) ਸਤਿੰਦਰਬੀਰ ਸਿੰਘ ਦਾ ਕਹਿਣਾ ਹੈ ਕਿ ਵਿਭਾਗ ਕੋਲ ਅਧਿਆਪਕਾਂ ਦੀ ਘਾਟ ਹੈ। ਇਹ ਘਾਟ ਸਥਾਈ ਤੌਰ 'ਤੇ ਨਵੀਂ ਭਰਤੀ ਨਾਲ ਹੀ ਪੂਰੀ ਹੋ ਸਕਦੀ ਹੈ ਪਰ ਅਸਥਾਈ ਤੌਰ 'ਤੇ ਇਹ ਘਾਟ ਪੂਰੀ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਇਨ੍ਹਾਂ ਯਤਨਾਂ ਤਹਿਤ ਅਜਿਹੇ ਸਕੂਲਾਂ ਦੀ ਸ਼ਨਾਖ਼ਤ ਕੀਤੀ ਗਈ ਹੈ, ਜਿਥੇ ਅਧਿਆਪਕ ਵੱਧ ਹਨ। ਅਜਿਹੇ ਸਕੂਲਾਂ ਵਿਚੋਂ ਕੁਝ ਅਧਿਆਪਕ ਘੱਟ ਅਧਿਆਪਕਾਂ ਵਾਲੇ ਸਕੂਲਾਂ ਵਿਚ ਤਬਦੀਲ ਕੀਤੇ ਜਾਣਗੇ। ਇਸੇ ਤਰ੍ਹਾਂ ਬੱਚਿਆਂ ਦੀ ਗਿਣਤੀ ਮੁਤਾਬਕ ਹੀ ਸਕੂਲਾਂ ਵਿਚ ਕਮਰਿਆਂ ਦੀ ਕਮੀ ਨੂੰ ਪੂਰਾ ਕਰਨ ਲਈ ਯਤਨ ਜਾਰੀ ਹਨ।

# ਨਾਜਾਇਜ਼ ਖਣਨ ਬਾਰੇ ਹਾਈਕੋਰਟ ਕੋਲ ਸ਼ਿਕਾਇਤਾਂ ਦੀ ਝੜੀ



**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ਰੇਤ-ਬਜਰੀ ਦੇ ਨਾਜਾਇਜ਼ ਕਾਰੋਬਾਰੀਆਂ ਨੂੰ ਨੱਥ ਪਾਉਣ ਵਿਚ ਵਰਤੀ ਜਾ ਰਹੀ ਢਿੱਲ ਤੋਂ ਪੰਜਾਬ ਤੇ ਹਰਿਆਣਾ ਹਾਈਕੋਰਟ ਖਾਸੀ ਨਰਾਜ਼ ਹੈ। ਹਾਈਕੋਰਟ ਨੇ ਸਰਕਾਰ ਦੀ ਇਸ ਨਾਲਾਇਕੀ ਖ਼ਿਲਾਫ਼ ਪਾਈਆਂ ਸੈਂਕੜੇ ਪਟੀਸ਼ਨਾਂ ਦਾ ਸਖਤ ਨੋਟਿਸ ਲਿਆ ਹੈ। ਜ਼ਿਕਰਯੋਗ ਹੈ ਕਿ ਪੰਜਾਬ ਅੰਦਰ ਖ਼ਾਸਕਰ ਪਠਾਨਕੋਟ, ਨੂਰਪੁਰ ਬੇਦੀ, ਡੇਰਾਬਸੀ-ਮੁਬਾਰਕਪੁਰ, ਮੁੱਲਾਂਪੁਰ ਗਰੀਬਦਾਸ ਆਦਿ ਖੇਤਰਾਂ ਵਿਚ ਧੜੱਲੇ ਨਾਲ ਚੱਲ ਰਹੇ ਰੇਤ-ਬਜਰੀ ਦੇ ਕਾਲੇ ਕਾਰੋਬਾਰ ਨੂੰ ਪਟੀਸ਼ਨਰਾਂ ਵੱਲੋਂ ਸਥਾਨਕ ਸਿਆਸਤਦਾਨਾਂ, ਉੱਚ ਅਧਿਕਾਰੀਆਂ ਤੇ ਹੋਰਨਾਂ ਕਾਰੋਬਾਰੀ ਰਸੂਖ਼ਵਾਨਾਂ ਦੀ ਸ਼ਹਿ ਪ੍ਰਾਪਤ ਹੋਣ ਦੇ ਦਾਅਵੇ ਕੀਤੇ ਜਾ ਰਹੇ ਹਨ, ਜਿਸ ਦਾ ਸਖ਼ਤ ਨੋਟਿਸ ਲੈਂਦਿਆਂ ਹੁਣ ਹਾਈਕੋਰਟ ਨੇ ਸਰਕਾਰ ਤੇ ਰਾਜ ਪੁਲਿਸ ਨੂੰ ਇਸ ਧੰਦੇ ਵਿਚ ਸ਼ਾਮਲ ਸਿਆਸਤਦਾਨਾਂ, ਉੱਚ ਅਫ਼ਸਰਾਂ ਆਦਿ ਦੇ ਬਕਾਇਦਾ ਤੌਰ 'ਤੇ ਨਾਂ ਵੀ ਦੱਸਣ ਦੇ ਆਦੇਸ਼ ਦਿੱਤੇ ਹਨ।

ਦੱਸਣਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਭਾਵੇਂ ਸੂਬੇ ਵਿਚ ਰੇਤ-ਬਜਰੀ ਦੇ ਕਾਰੋਬਾਰ ਨੂੰ ਕਿੰਨਾਂ ਵੀ ਨਿਯਮਿਤ ਕਰ ਦੇਣ ਦੇ ਦਾਅਵੇ ਕਰ ਰਹੀ ਹੈ ਪਰ ਇਸ ਦੇ ਬਾਵਜੂਦ ਪ੍ਰਭਾਵਿਤ ਲੋਕਾਂ ਨੂੰ ਇਨਸਾਫ਼ ਲਈ ਵਾਰ-ਵਾਰ ਹਾਈਕੋਰਟ ਦਾ ਦਰ ਖੜਕਾਉਣਾ ਪੈ ਰਿਹਾ ਹੈ। ਹੁਸ਼ਿਆਰਪੁਰ ਜ਼ਿਲ੍ਹੇ ਤਹਿਤ ਮੁਕੇਰੀਆਂ ਤਹਿਸੀਲ ਦੇ ਪਿੰਡ ਮਹਿਤਪੁਰ ਵਿਚ ਧੜੱਲੇ ਨਾਲ ਨਾਜਾਇਜ਼ ਮਾਈਨਿੰਗ ਤੇ ਅਣਅਧਿਕਾਰਿਤ ਤੌਰ 'ਤੇ ਸਟੋਨ ਕਰੈਸ਼ਰ ਚੱਲਣ ਦਾ ਤਾਜ਼ਾ ਮਾਮਲਾ ਹਾਈਕੋਰਟ ਦੇ ਸਨਮੁੱਖ ਆਇਆ ਹੈ। ਜਿਸ ਤਹਿਤ ਅਦਾਲਤ ਵੱਲੋਂ ਅਮਰੀਕ ਸਿੰਘ ਤੇ ਹੋਰਨਾਂ ਵੱਲੋਂ ਦਾਇਰ ਜਨਹਿਤ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਪੰਜਾਬ ਸਰਕਾਰ ਨੂੰ ਇਹ ਮੁੱਦਾ ਗੰਭੀਰਤਾ ਨਾਲ ਲੈਣ ਤੇ ਇਸ ਦੀ ਮੁਕੰਮਲ ਰੋਕਥਾਮ ਹਿੱਤ ਸਖ਼ਤ ਕਦਮ ਚੁੱਕਣ ਦੀ ਹਦਾਇਤ ਕੀਤੀ ਹੈ। ਪਟੀਸ਼ਨਰਾਂ ਵੱਲੋਂ ਆਪਣੇ ਵਕੀਲ ਰਾਹੀਂ ਬੈਂਚ ਕੋਲ ਦਾਅਵਾ ਕੀਤਾ ਗਿਆ ਕਿ ਮੁਕੇਰੀਆਂ ਤਹਿਸੀਲ ਵਿਚ ਸ਼ਰ੍ਹੇਆਮ ਨਾਜਾਇਜ਼ ਮਾਈਨਿੰਗ ਹੋ ਰਹੀ ਹੈ ਤੇ ਉਨ੍ਹਾਂ ਵੱਲੋਂ ਬੀਤੀ 30 ਅਗਸਤ ਨੂੰ ਹੀ ਮਹਿਤਪੁਰ ਦੇ ਹਾਲਾਤ ਬਾਰੇ ਪੰਜਾਬ ਦੇ ਪੁਲਿਸ ਮੁਖੀ ਤੇ ਹੁਸ਼ਿਆਰਪੁਰ ਦੇ ਐਸ.ਐਸ.ਪੀ. ਨੂੰ ਬਕਾਇਦਾ ਲਿਖਤੀ ਮੰਗ ਪੱਤਰ ਵੀ ਦਿੱਤੇ ਪਰ ਅਜੇ ਤੱਕ ਕੋਈ ਕਾਰਵਾਈ ਨਹੀਂ ਹੋਈ। ਹਾਈਕੋਰਟ ਵੱਲੋਂ ਇਸ ਦਾ ਸਖ਼ਤ ਨੋਟਿਸ ਲਿਆ ਗਿਆ ਕਿਉਂਕਿ ਸੂਬਾ ਸਰਕਾਰ ਖ਼ਾਸਕਰ ਪੁਲਿਸ ਵਿਭਾਗ ਪਹਿਲਾਂ ਹੀ ਇਸ ਮੁੱਦੇ 'ਤੇ ਚੱਲ ਰਹੇ ਬੜੇ ਅਹਿਮ ਕੇਸਾਂ ਵਿਚ ਅਦਾਲਤ ਵਿਚ ਦਾਅਵੇ ਕਰ ਚੁੱਕਾ ਹੈ ਕਿ ਗ਼ੈਰ-ਕਾਨੂੰਨੀ ਖਣਨ ਦੇ ਮਾਮਲਿਆਂ ਵਿਚ ਪਿਛਲੇ ਕੁਝ ਸਮੇਂ ਦੌਰਾਨ ਹੀ ਦੋ ਹਜ਼ਾਰ ਤੋਂ ਵੀ ਵੱਧ ਐਫ਼.ਆਈ.ਆਰ. ਦਾਇਰ ਕੀਤੀਆਂ ਜਾ ਚੁੱਕੀਆਂ ਹਨ ਤੇ ਹਾਈਕੋਰਟ ਦੇ ਹੀ ਨਿਰਦੇਸ਼ਾਂ 'ਤੇ ਇਸ ਮੁੱਦੇ ਬਾਬਤ 12 ਅਪਰੈਲ, 2013 ਨੂੰ ਵਿਸ਼ੇਸ਼ ਜਾਂਚ ਟੀਮ ਦਾ ਵੀ ਗਠਨ ਕੀਤਾ ਜਾ ਚੁੱਕਾ ਹੈ।

ਹਾਈਕੋਰਟ ਮੁਤਾਬਕ ਹੈਰਾਨੀ ਦੀ ਗੱਲ ਇਹ ਹੈ ਕਿ ਇਸ ਸਭ ਦੇ ਬਾਵਜੂਦ ਵੀ ਪੰਜਾਬ ਅੰਦਰ ਨਾਜਾਇਜ਼ ਮਾਈਨਿੰਗ ਨੂੰ ਨੱਥ ਨਹੀਂ ਪੈ ਰਹੀ। ਬੈਂਚ ਨੇ ਮਹਿਤਪੁਰ ਦੇ ਮਾਮਲੇ ਵਿਚ ਪਟੀਸ਼ਨ ਦਾ ਨਿਪਟਾਰਾ ਕਰਦਿਆ ਸਰਕਾਰ ਤੇ ਪੁਲਿਸ-ਪ੍ਰਸ਼ਾਸਨ ਨੂੰ ਪਟੀਸ਼ਨਰਾਂ ਵੱਲੋਂ 30 ਅਗਸਤ ਨੂੰ ਦਿੱਤੇ ਮੰਗ ਪੱਤਰ 'ਤੇ ਗੰਭੀਰਤਾ ਨਾਲ ਗ਼ੌਰ ਕਰਨ ਤੇ ਬਣਦੇ ਸਖ਼ਤ ਕਦਮ ਚੁੱਕਣ ਦੀ ਤਾਕੀਦ ਕੀਤੀ ਹੈ।

## ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਦਾ ਅੰਗਰੇਜ਼ੀ ਅਨੁਵਾਦ

**ਪਟਿਆਲਾ:** ਮਹਾਨ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਦੀ ਕਿਰਤ ਗੁਰਸ਼ਬਦ ਰਤਨਾਕਰ 'ਮਹਾਨ ਕੋਸ਼' ਦਾ ਅੰਗਰੇਜ਼ੀ ਅਨੁਵਾਦ ਚਾਰ ਜਿਲਦਾਂ ਵਿਚ ਪੰਜਾਬੀ ਯੂਨੀਵਰਸਿਟੀ ਦੇ ਪਬਲੀਕੇਸ਼ਨ ਬਿਊਰੋ ਵੱਲੋਂ ਛਾਪਿਆ ਗਿਆ ਹੈ। ਮੂਲ ਮਹਾਨ ਕੋਸ਼ ਦੇ 1430 ਪੰਨਿਆਂ ਦਾ ਅੰਗਰੇਜ਼ੀ 'ਚ ਅਨੁਵਾਦ ਹੋ ਕੇ 2824 ਪੰਨੇ ਬਣੇ ਹਨ ਤੇ ਇਸ ਨੂੰ ਲੋਕਾਂ ਤੱਕ ਪੁੱਜਦਾ ਕਰਨ ਵਿਚ 10 ਸਾਲ ਦਾ ਸਮਾਂ ਲੱਗਿਆ ਤੇ 36 ਲੱਖ ਰੁਪਏ ਖ਼ਰਚ ਆਏ।

ਵਿਦਵਾਨਾਂ ਦੀ ਪਾਏਦਾਰ ਵਿਦਵਤਾ ਕਰਕੇ ਇਹ ਕਾਰਜ ਪਬਲੀਕੇਸ਼ਨ ਬਿਊਰੋ ਦੇ ਮੁਖੀ ਡਾ. ਧਨਵੰਤ ਕੌਰ ਦੀ ਮੁੱਖ ਭੂਮਿਕਾ ਵਿਚ ਵਿਸ਼ਵ ਭਰ ਨੂੰ ਖੇਤਰੀ ਭਾਸ਼ਾਵਾਂ ਦੀ ਜਾਣਕਾਰੀ ਦੇਣ ਦਾ ਅਹਿਮ ਸੋਮਾ ਬਣ ਗਿਆ ਹੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸਮੇਂ ਯੂਨੀਵਰਸਿਟੀ ਦੇ ਤਤਕਾਲੀ ਉਪ ਕੁਲਪਤੀ ਸਵਰਨ ਸਿੰਘ ਬੋਪਾਰਾਏ ਦੀ ਅਗਵਾਈ ਸਦਕਾ ਇਹ ਪ੍ਰਾਜੈਕਟ ਸਿੱਖਿਆ ਸਕੱਤਰ ਪੰਜਾਬ ਐਨ.ਐਸ. ਰਤਨ ਨੇ ਪਾਸ ਕੀਤਾ ਸੀ। ਇਸ ਪ੍ਰਾਜੈਕਟ ਨੂੰ ਸੰਪੂਰਨ ਕਰਨ ਵਿਚ ਮੌਜੂਦਾ ਉਪ ਕੁਲਪਤੀ ਡਾ. ਜਸਪਾਲ ਸਿੰਘ ਨੇ ਸੋਧਾਂ ਤੇ ਵਾਧਿਆਂ ਸਮੇਤ ਮਨਜ਼ੂਰ ਕਰਕੇ ਪ੍ਰਕਾਸ਼ਿਤ ਕਰਨ ਦੀ ਮਨਜ਼ੂਰੀ ਦਿੱਤੀ, ਜਿਸ ਦੀ ਸ਼ੁਰੂਆਤ ਮਈ 2004 ਵਿਚ ਹੋਈ ਤੇ ਪਹਿਲੀ ਜਿਲਦ ਸਤੰਬਰ 2006 ਵਿਚ ਤਿਆਰ ਹੋਈ। ਦੂਜੀ ਜਿਲਦ 2008 ਵਿਚ, ਤੀਜੀ ਜਿਲਦ 2011 ਵਿਚ ਤੇ ਹੁਣ ਇਹ ਆਖ਼ਰੀ ਤੇ ਚੌਥੀ ਜਿਲਦ 2014 ਵਿਚ ਛਪ ਗਈ। ਅਨੁਵਾਦਿਤ ਹੋਇਆ ਚਾਰ ਜਿਲਦਾਂ ਵਿਚ ਮੁਕੰਮਲ ਮਹਾਨ ਕੋਸ਼ ਅੱਧੇ ਮੁੱਲ 1800 ਰੁਪਏ ਵਿਚ ਪਾਠਕਾਂ ਨੂੰ ਮਿਲੇਗਾ।

## ਪੰਜਾਬ 'ਵਰਸਿਟੀ ਵਿਚ ਪਏ ਪਾਵਨ ਸਰੂਪਾਂ ਨੂੰ ਲੱਗੀ ਸਿਉਂਕ

**ਚੰਡੀਗੜ੍ਹ:** ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਉਸ ਵੇਲੇ ਗੰਭੀਰ ਵਿਵਾਦ ਖੜ੍ਹਾ ਹੋ ਗਿਆ, ਜਦੋਂ ਯੂਨੀਵਰਸਿਟੀ ਦੀ ਮੁੱਖ ਲਾਇਬ੍ਰੇਰੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 10 ਹੱਥ-ਲਿਖਤ ਤੇ ਦੁਰਲੱਭ ਪੁਰਾਤਨ ਸਰੂਪ ਯੋਗ ਸਤਿਕਾਰ ਤੋਂ ਸੱਖਣੇ ਅਲਮਾਰੀਆਂ ਵਿਚ ਮੌਜੂਦ ਹੋਣ ਦਾ ਪਤਾ ਲੱਗਣ 'ਤੇ ਸਿੱਖ ਵਿਦਿਆਰਥੀਆਂ ਨੇ ਲਾਇਬ੍ਰੇਰੀ ਦੇ ਬਾਹਰ ਨਿਸ਼ਾਨ ਸਾਹਿਬ ਲਿਜਾ ਕੇ ਧਰਨਾ ਆਰੰਭ ਦਿੱਤਾ। ਮਿਲੀ ਜਾਣਕਾਰੀ ਅਨੁਸਾਰ ਇਹ ਪਾਵਨ ਸਰੂਪ ਪੰਜਾਬ ਯੂਨੀਵਰਸਿਟੀ ਨੂੰ 1951 ਵਿਚ ਪ੍ਰਾਪਤ ਹੋਏ ਸਨ ਤੇ ਇਨ੍ਹਾਂ ਵਿਚੋਂ ਇਕ ਸਰੂਪ 'ਤੇ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਸਤਖ਼ਤ ਵੀ ਹਨ। ਇਹ ਸਰੂਪ ਉਸ ਵੇਲੇ ਕਿਸੇ ਸੱਜਣ ਵੱਲੋਂ ਯੂਨੀਵਰਸਿਟੀ ਨੂੰ ਇਸ ਲਈ ਸੌਂਪੇ ਸਨ ਤਾਂ ਕਿ ਯੂਨੀਵਰਸਿਟੀ ਇਸ ਨੂੰ ਸਾਹਿਤਕ ਵਿਰਾਸਤ ਸਮਝ ਕੇ ਇਨ੍ਹਾਂ ਦੀ ਸੰਭਾਲ ਕਰੇਗੀ ਤੇ ਇਹ ਸਰੂਪ ਪੀ.ਐਚ.ਡੀ. ਕਰਨ ਵਾਲੇ ਵਿਦਿਆਰਥੀਆਂ ਲਈ ਖੋਜ ਕਾਰਜਾਂ ਵਿਚ ਸਹਾਈ ਹੋਣਗੇ।


ਯੂਨੀਵਰਸਿਟੀ ਦੀ ਮੁੱਖ ਲਾਇਬ੍ਰੇਰੀ ਵਿਚ ਗੁਰੂ ਗ੍ਰੰਥ ਸਾਹਿਬ ਦੇ ਰੱਖੇ ਸਰੂਪਾਂ ਨੂੰ ਸਿਉਂਕ ਲੱਗੀ ਹੋਈ ਸੀ ਤੇ ਇਨ੍ਹਾਂ ਦੇ ਪੱਤਰੇ ਭੁਰਨ ਲੱਗ ਪਏ ਹਨ। ਅਲਮਾਰੀਆਂ ਵਿਚ ਰੱਖੇ ਸਰੂਪਾਂ ਨਾਲ ਰੁਮਾਲਿਆਂ ਦਾ ਕੱਪੜਾ ਚਿੰਬੜ ਗਿਆ ਹੈ ਜਿਸ ਨੂੰ ਖੋਲ੍ਹਣਾ ਮੁਸ਼ਕਲ ਹੋ ਗਿਆ ਹੈ। ਯੂਨੀਵਰਸਿਟੀ ਅਧਿਕਾਰੀਆਂ ਨੂੰ ਇਸ ਗੱਲ ਦੀ ਜਾਣਕਾਰੀ ਨਹੀਂ ਹੈ ਕਿ ਇਹ ਸਰੂਪ ਲਾਇਬ੍ਰੇਰੀ ਵਿਚ ਕਦੋਂ ਤੋਂ ਪਏ ਹਨ। ਖੋਜ ਵਿਦਿਆਰਥੀਆਂ ਨੇ ਅਧਿਕਾਰੀਆਂ ਕੋਲ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਲਈ ਸਿੱਖ ਮਰਿਆਦਾ ਅਨੁਸਾਰ 'ਵਿਸ਼ੇਸ਼ ਥਾਂ' ਦਾ ਬੰਦੋਬਸਤ ਕਰਨ ਦੀ ਮੰਗ ਕੀਤੀ ਸੀ। ਅਧਿਕਾਰੀਆਂ ਵੱਲੋਂ ਮਾਮਲੇ ਨੂੰ ਗੰਭੀਰਤਾ ਨਾਲ ਨਾ ਲੈਣ 'ਤੇ ਤਿੰਨ ਦਰਜਨ ਤੋਂ ਜ਼ਿਆਦਾ ਰਿਸਰਚ ਸਕਾਲਰ ਲਾਇਬ੍ਰੇਰੀ ਅੱਗੇ ਧਰਨੇ 'ਤੇ ਬੈਠ ਗਏ ਸਨ। ਕੈਂਪਸ ਵਿਚ ਤਾਇਨਾਤ ਪੁਲਿਸ ਨੇ ਵਿਖਾਵਾਕਾਰੀਆਂ ਨੂੰ ਉਠਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਆਪਣੀ ਮੰਗ 'ਤੇ ਅੜੇ ਰਹੇ। ਯੂਨੀਵਰਸਿਟੀ ਪ੍ਰਸ਼ਾਸਨ ਤੇ ਵਿਦਿਆਰਥੀਆਂ ਵੱਲੋਂ ਗੁਰਦੁਆਰਾ ਮੁਕਤਸਰ ਸਾਹਿਬ ਵਿਖੇ ਰਲ ਕੇ ਸਰੂਪ ਰੱਖਣ ਦਾ ਪ੍ਰਬੰਧ ਕੀਤਾ ਗਿਆ ਹੈ। ਬਾਅਦ ਦੁਪਹਿਰ ਵੱਖ-ਵੱਖ ਗੁਰਦੁਆਰਿਆਂ ਤੋਂ ਵੈਨਾਂ ਮੰਗਵਾ ਕੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਗੁਰਦੁਆਰੇ ਵਿਚ ਪਹੁੰਚਾ ਦਿੱਤੇ ਗਏ ਹਨ। ਗੁਰਦੁਆਰਾ ਮੁਕਤਸਰ ਸਾਹਿਬ ਦੇ ਪ੍ਰਧਾਨ ਤੇ ਬੌਟੇਨੀ ਵਿਭਾਗ ਦੇ ਮੁਖੀ ਡਾ. ਅਮਰੀਕ ਸਿੰਘ ਆਹਲੂਵਾਲੀਆ ਨੇ ਕਿਹਾ ਕਿ ਯੂਨੀਵਰਸਿਟੀ ਵੱਲੋਂ ਬੰਦੋਬਸਤ ਕਰਨ ਤੱਕ ਸਰੂਪ ਪੂਰਨ ਗੁਰਮਰਿਆਦਾ ਅਨੁਸਾਰ ਰੱਖੇ ਗਏ ਹਨ।

## ਕੋਲੀ ਨੂੰ ਫਾਂਸੀ ਦੇਣ ਦਾ ਅਮਲ ਹਫਤੇ ਲਈ ਟਲਿਆ

**ਨਵੀਂ ਦਿੱਲੀ:** ਨਿਠਾਰੀ ਕਾਂਡ ਦੇ ਦੋਸ਼ੀ ਸੁਰਿੰਦਰ ਕੋਲੀ (42) ਨੂੰ ਫਾਂਸੀ ਦੇਣ ਦਾ ਅਮਲ ਸੁਪਰੀਮ ਕੋਰਟ ਨੇ ਇਕ ਹਫਤੇ ਲਈ ਰੋਕ ਦਿੱਤਾ ਹੈ। ਜਸਟਿਸ ਐਚ.ਐਲ. ਦੱਤੂ ਤੇ ਏ.ਆਰ. ਦਵੇ ਦੇ ਬੈਂਚ ਨੇ ਕੋਲੀ ਦੀ ਸਜ਼ਾ 'ਤੇ ਰੋਕ ਲਾਈ ਹੈ। ਸੁਪਰੀਮ ਕੋਰਟ ਦੇ ਅਧਿਕਾਰੀ ਨੇ ਦੱਸਿਆ ਕਿ ਫਾਂਸੀ ਰੋਕਣ ਬਾਰੇ ਦੇਰ ਰਾਤ ਹੁਕਮ ਜਾਰੀ ਕੀਤੇ ਗਏ। ਕੋਲੀ ਨੂੰ ਮੇਰਠ ਜੇਲ੍ਹ ਵਿਚ 12 ਸਤੰਬਰ ਨੂੰ ਫਾਹੇ ਟੰਗਿਆ ਜਾਣਾ ਸੀ ਜਿਥੇ ਉਸ ਨੂੰ ਉੱਚ ਸੁਰੱਖਿਆ ਵਾਲੀ ਬੈਰਕ ਵਿਚ ਰੱਖਿਆ ਗਿਆ ਹੈ। ਕੋਲੀ ਤਰਫੋਂ ਸੀਨੀਅਰ ਵਕੀਲ ਇੰਦਰਾ ਜੈਸਿੰਘ ਦੀ ਅਗਵਾਈ ਹੇਠ ਵਕੀਲਾਂ ਦੀ ਟੀਮ ਨੇ ਸੁਪਰੀਮ ਕੋਰਟ ਵਿਚ ਅਰਜ਼ੀ ਪਾਈ ਸੀ। ਵਕੀਲਾਂ ਨੇ ਸੁਪਰੀਮ ਕੋਰਟ ਵੱਲੋਂ 24 ਜੁਲਾਈ ਨੂੰ ਸਜ਼ਾ 'ਤੇ ਰੋਕ ਲਾਉਣ ਤੋਂ ਇਨਕਾਰ ਕਰਨ ਦੇ ਫੈਸਲੇ 'ਤੇ ਨਜ਼ਰਸਾਨੀ ਕਰਨ ਨੂੰ ਕਿਹਾ ਹੈ।

## ਗੁਰਸੇਵਕ ਸਿੰਘ ਗਿੱਲ ਦਾ ਦੇਹਾਂਤ

**ਫਰਿਜ਼ਨੋ (ਬਿਊਰੋ):** ਇਥੇ ਰਹਿੰਦੇ ਪਤਵੰਤੇ ਗੁਰਸੇਵਕ ਸਿੰਘ ਗਿੱਲ ਪਿਛਲੇ ਦਿਨੀਂ ਅਚਾਨਕ ਅਕਾਲ ਚਲਾਣਾ ਕਰ ਗਏ। ਉਹ 71 ਵਰਿਆਂ ਦੇ ਸਨ। ਉਨ੍ਹਾਂ ਦਾ ਪਿਛਲਾ ਪਿੰਡ ਨਵਾਂ ਮਾਛੀਕੇ, ਜਿਲ੍ਹਾ ਮੋਗਾ ਹੈ।



ਸ. ਗਿੱਲ ਨੇ ਆਪਣੀ ਜ਼ਿੰਦਗੀ ਦਾ ਵਧੇਰੇ ਸਮਾਂ ਚੰਡੀਗੜ੍ਹ ਵਿਖੇ ਸਰਕਾਰੀ ਨੌਕਰੀ ਕਰਦਿਆਂ ਬਿਤਾਇਆ ਅਤੇ ਹੁਣ ਉਹ ਬੱਚਿਆਂ ਸਮੇਤ ਪਿਛਲੇ ਕੁਝ ਸਾਲਾਂ ਤੋਂ ਫਰਿਜ਼ਨੋ ਰਹਿ ਰਹੇ ਸਨ। ਉਹ ਆਪਣੇ ਪਿਛੇ ਪਤਨੀ, ਬੇਟਾ, ਬੇਟੀ ਅਤੇ ਪੋਤਾ-ਪੋਤੀ ਤੋਂ ਬਿਨਾਂ ਹਰਿਆ-ਭਰਿਆ ਪਰਿਵਾਰ ਛੱਡ ਗਏ ਹਨ। ਪਰਿਵਾਰ ਨਾਲ ਸੰਪਰਕ ਫੋਨ 646-867-9560 ਜਾਂ 559-577-0167 ਰਾਹੀਂ ਕੀਤਾ ਜਾ ਸਕਦਾ ਹੈ।


Prince's Barber Shop

37477 Fremont Blvd, suite C, Fremont, CA 94536

Men & Children's Hair Cut

*Threading *Custom Text
*Men's Facials *Hair Coler
*Custom Designing *Shave &
*Line-ups *Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



Cell: (510)-677-9942
Shop: (510)-505-9605
www.princebarbershop.com

40 ਟਰੱਕ ਰਿਪੇਅਰ-ਓਕਲਹੋਮਾ

ਮਕੈਨਿਕਾਂ ਦੀ ਜ਼ਰੂਰਤ ਹੈ

ਕਾਰਾਂ ਅਤੇ ਡੀਜ਼ਲ ਟਰੱਕਾਂ ਬਾਰੇ ਚੰਗੀ ਜਾਣਕਾਰੀ ਰੱਖਣ ਵਾਲੇ ਮਕੈਨਿਕਾਂ ਦੀ ਜ਼ਰੂਰਤ ਹੈ



ਹੋਰ ਜਾਣਕਾਰੀ ਲਈ ਸੰਪਰਕ ਕਰੋ

ਫੋਨ: 832-512-7172

FARMERS INSURANCE GROUP
FARMERS

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

*Auto *Home *Life *Umbrella
*Business Work Comp.

Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com



Gurcharan Singh Mann
Insurance Agent
License # 0C 70672

ਪਾਲਿਸੀ (ਅਤੇ ਪ੍ਰਾਸਪੇਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 13 ਸਤੰਬਰ 2014*

## ਦਿੱਲੀ, ਪੰਜਾਬ ਤੇ ਬਾਦਲ

ਭਾਰਤ ਦੇ ਖ਼ਜ਼ਾਨਾ ਮੰਤਰੀ ਅਰੁਣ ਜੇਤਲੀ ਵੱਲੋਂ ਠੁੱਠ ਦਿਖਾ ਦੇਣ ਤੋਂ ਬਾਅਦ ਪੰਜਾਬ ਦੇ ਹਾਕਮ ਬਾਦਲ ਫਿਲਹਾਲ ਸਕਤੇ ਵਿਚ ਹਨ। ਤਿੰਨ ਕੁ ਮਹੀਨੇ ਪਹਿਲਾਂ ਜਦੋਂ ਪੰਜਾਬ ਵਿਚ ਲੋਕ ਸਭਾ ਚੋਣਾਂ ਦਾ ਪਿੜ ਮਘਿਆ ਹੋਇਆ ਸੀ, ਤਾਂ ਬਾਦਲਾਂ ਦੇ ਹਰ ਚੋਣ ਜਲਸੇ ਵਿਚ ਭਾਸ਼ਣ ਸ਼ੁਰੂ ਹੀ ਇਥੋਂ ਹੁੰਦਾ ਸੀ ਕਿ ਪੰਜਾਬ ਵਿਚ ਹੁਣ 'ਆਪਣੀ' ਸਰਕਾਰ ਹੈ, ਜੇ ਕਿਤੇ ਦਿੱਲੀ ਵਿਚ ਨਰੇਂਦਰ ਮੋਦੀ ਦੀ ਸਰਕਾਰ ਬਣ ਜਾਵੇ ਤਾਂ ਪੰਜਾਬ ਦੇ ਵਾਰੇ-ਨਿਆਰੇ ਹੋ ਜਾਣ। ਇਸ ਤੋਂ ਪਹਿਲਾਂ ਪੰਜਾਬ ਨੂੰ ਕੈਲੀਫੋਰਨੀਆ ਬਣਾਉਣ ਦੇ ਲਾਰੇ ਤਾਂ ਉਹ ਬਹੁਤ ਵਾਰ ਲਾ ਚੁੱਕੇ ਹਨ। ਫਿਰ ਵੀ ਸਰਕਾਰ ਦੀ ਮਾੜੀ ਕਾਰਗੁਜ਼ਾਰੀ ਖਿਲਾਫ ਲੋਕਾਂ ਦਾ ਗੁੱਸਾ ਸ਼ਾਂਤ ਕਰਨ ਲਈ ਉਨ੍ਹਾਂ ਮੋਦੀ ਦਾ ਸਹਾਰਾ ਲੈਣ ਦੀ ਕੋਸ਼ਿਸ਼ ਕੀਤੀ। ਚੋਣਾਂ ਦੇ ਆਖਰੀ ਗੇੜ ਵਿਚ ਜਦੋਂ ਸਪਸ਼ਟ ਹੀ ਹੋ ਗਿਆ ਕਿ ਅਕਾਲੀ ਦਲ ਨੂੰ ਚੋਣਾਂ ਵਿਚ ਤਕੜੀ ਮਾਰ ਪੈ ਰਹੀ ਹੈ ਤਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਲਿਲ੍ਹਕੜੀਆਂ ਕੱਢਣ ਉਤੇ ਆ ਗਏ; ਅਖੇ, ਤੁਸੀਂ ਸਾਡੀ ਮਾੜੀ ਕਾਰਗੁਜ਼ਾਰੀ ਦੀ ਸਜ਼ਾ ਮੋਦੀ ਨੂੰ ਨਾ ਦਿਉ, ਇਕ ਵਾਰ ਦਿੱਲੀ ਵਿਚ ਮੋਦੀ ਸਰਕਾਰ ਬਣ ਗਈ ਤਾਂ ਸਮਝੋ ਪੰਜਾਬ ਲਈ ਫੰਡਾਂ ਅਤੇ ਸਕੀਮਾਂ ਦੀ ਝੜੀ ਲੱਗ ਜਾਵੇਗੀ। ਦਿੱਲੀ ਵਿਚ ਮੋਦੀ ਸਰਕਾਰ ਹੋਂਦ ਵਿਚ ਆ ਗਈ ਅਤੇ ਨਾਲ ਹੀ ਬਾਦਲ ਪਰਿਵਾਰ ਵਿਚ ਵਜ਼ੀਰੀ ਵੀ ਆ ਗਈ। ਹਰਸਿਮਰਤ ਕੌਰ ਬਾਦਲ ਨੂੰ ਕੈਬਨਿਟ ਮੰਤਰੀ ਬਣਾ ਦਿੱਤਾ ਗਿਆ, ਪਰ ਇਸ ਤੋਂ ਬਾਅਦ ਦਿਨ ਮਹੀਨੇ ਬੀਤਣੇ ਅਰੰਭ ਹੋ ਗਏ ਪਰ ਪੰਜਾਬ ਲਈ ਕੋਈ ਪੈਕੇਜ ਨਾ ਆਇਆ। ਅਸਲ ਵਿਚ ਪੰਜਾਬ ਨਵੇਂ ਕੇਂਦਰੀ ਹਾਕਮਾਂ ਦੇ ਏਜੰਡੇ ਉਤੇ ਵੀ ਨਹੀਂ ਸੀ।

ਪਿਛਲਝਾਤ ਮਾਰਿਆਂ ਪਤਾ ਲਗਦਾ ਹੈ ਕਿ ਇਕ ਵਾਰ ਪਹਿਲਾਂ ਵੀ ਹੋਇਆ ਹੈ ਜਦੋਂ ਪੰਜਾਬ ਵਿਚ ਬਾਦਲਾਂ ਅਤੇ ਕੇਂਦਰ ਵਿਚ ਵਾਜਪਾਈ ਦੀ ਸਰਕਾਰ ਸੀ। ਦੇਸ਼ ਦੇ ਹੋਰ ਕਈ ਸੂਬੇ ਆਪਣੀ ਸਿਆਸਤ ਦੇ ਆਧਾਰ 'ਤੇ ਜਾਂ ਲੜ-ਭਿੜ ਕੇ ਆਪਣੇ ਲਈ ਕਈ ਪੈਕੇਜ ਲੈ ਗਏ ਸਨ, ਪਰ ਪੰਜਾਬ ਦੇ ਲੀਡਰ ਪ੍ਰਕਾਸ਼ ਸਿੰਘ ਬਾਦਲ ਨੇ ਉਸ ਵੇਲੇ ਵੀ ਆਪਣੇ ਪੁੱਤਰ ਲਈ ਵਜ਼ੀਰੀ ਹੀ ਪੱਲੇ ਪੁਆਈ ਸੀ। ਬਾਦਲ ਅਤੇ ਅਕਾਲੀ ਦਲ ਦੇ ਹੋਰ ਆਗੂ ਅਕਸਰ ਕਾਂਗਰਸ ਨੂੰ ਪਾਣੀ ਪੀ-ਪੀ ਕੋਸਦੇ ਰਹੇ ਹਨ ਕਿ ਇਹ ਪਾਰਟੀ ਪੰਜਾਬ ਨਾਲ ਸਦਾ ਧੱਕਾ ਕਰਦੀ ਆਈ ਹੈ। ਇਸ ਵਿਚ ਸੱਚਾਈ ਵੀ ਸੀ। ਇਸ ਪਾਰਟੀ ਨੇ ਕਿਸੇ ਨਾ ਕਿਸੇ ਬਹਾਨੇ ਪੰਜਾਬ ਨੂੰ ਪਛਾੜ ਕੇ ਹੀ ਰੱਖਿਆ, ਪਰ ਬਾਅਦ ਵਿਚ ਅਕਾਲੀ ਦਲ ਦੀ ਚੜ੍ਹਾਈ ਕੇਂਦਰ-ਰਾਜਾਂ ਦੇ ਸਬੰਧਾਂ ਦੇ ਆਧਾਰ ਉਤੇ ਹੀ ਹੋਈ ਸੀ। ਉਦੋਂ ਸੰਘੀ ਢਾਂਚੇ ਦਾ ਮੁੱਦਾ ਬਾਕਾਇਦਾ ਸਾਹਮਣੇ ਆਇਆ ਸੀ। ਉਸ ਵੇਲੇ ਇਸ ਫਰੰਟ 'ਤੇ ਜੂਝ ਰਹੇ ਹੋਰ ਸੂਬਿਆਂ ਦੇ ਆਗੂ ਅਤੇ ਪਾਰਟੀਆਂ ਵੀ ਉਨ੍ਹਾਂ ਨਾਲ ਸਨ; ਪਰ ਸਿਆਸੀ ਲੋੜ ਵਿਚੋਂ ਜਦੋਂ ਦੀ ਅਕਾਲੀ ਦਲ ਨੇ ਭਾਰਤੀ ਜਨਤਾ ਪਾਰਟੀ ਨਾਲ ਜੋੜੀ ਬਣਾਈ ਹੈ, ਸਿਆਸਤ ਹੀ ਬਦਲ ਗਈ ਹੈ। ਅਕਾਲੀ ਦਲ ਦੀ ਬਿਨਾਂ ਸ਼ਰਤ ਹਮਾਇਤ ਨੇ ਭਾਰਤੀ ਜਨਤਾ ਪਾਰਟੀ ਨੂੰ ਕਈ ਮੁਸ਼ਕਿਲ ਘੜੀਆਂ ਵਿਚੋਂ ਕਈ ਵਾਰ ਕੱਢਿਆ। ਦੂਜੇ ਬੰਨੇ, ਭਾਰਤੀ ਜਨਤਾ ਪਾਰਟੀ ਨੇ ਇਸ ਹਾਲਾਤ ਨੂੰ ਆਪਣੀ ਤਾਕਤ ਵਧਾਉਣ ਲਈ ਵਰਤਿਆ। ਇਹ ਪਾਰਟੀ ਜਿਹੜੀ ਪੰਜਾਬ ਵਿਚ ਪੈਰ ਜਮਾਉਣ ਲਈ ਕਦੀ ਤਰਲੇ ਲੈਂਦੀ ਸੀ, ਅੱਜ ਬਾਦਲਾਂ ਲਈ ਹੀ ਵੰਗਾਰ ਬਣ ਗਈ ਹੈ।

ਨੋਟ ਕਰਨ ਵਾਲਾ ਨੁਕਤਾ ਇਹ ਹੈ ਕਿ ਬਾਦਲਾਂ ਨੇ ਪੰਜਾਬ ਜਾਂ ਪੰਥ ਦੀ ਥਾਂ ਪਹਿਲ ਸਦਾ ਆਪਣੇ ਪਰਿਵਾਰ ਨੂੰ ਦਿੱਤੀ ਹੈ। ਪਿਛਲੇ ਕੁਝ ਸਮੇਂ ਤੋਂ ਜਿਸ ਤਰ੍ਹਾਂ ਦੀਆਂ ਕਾਰਵਾਈਆਂ ਚੱਲੀਆਂ ਹਨ, ਉਸ ਤੋਂ ਇਹੀ ਸਪਸ਼ਟ ਹੁੰਦਾ ਹੈ ਅਤੇ ਇਹ ਗੱਲ ਅੱਜ ਦੇ ਕੇਂਦਰੀ ਹਾਕਮਾਂ ਨੂੰ ਵੀ ਪਤਾ ਹੈ। ਇਸੇ ਲਈ ਪੰਜਾਬ ਲਈ ਕਿਸੇ ਵੀ ਪੈਕੇਜ ਨੂੰ ਉਨ੍ਹਾਂ ਬਹੁਤਾ ਗੌਲਿਆ ਨਹੀਂ ਹੈ, ਸਗੋਂ ਦਿੱਲੀ ਦਰਬਾਰ ਜਾ ਕੇ ਕੁਝ ਮੰਗਣ ਗਿਆਂ ਨੂੰ ਸਲਾਹੁਤਾਂ ਹੀ ਦਿੱਤੀਆਂ ਹਨ। ਐਤਕੀਂ ਸਬਸਿਡੀ ਤੇ ਮੁਫਤ ਸਕੀਮਾਂ ਦਾ ਮਸਲਾ ਅੱਗੇ ਕਰ ਦਿੱਤਾ ਗਿਆ। ਬਿਜਲੀ ਦੀ ਸਬਸਿਡੀ ਦਾ ਰੱਟਾ ਤਾਂ ਕਦੀ ਖਤਮ ਹੀ ਨਹੀਂ ਹੋਇਆ ਹੈ; ਹਾਲਾਂਕਿ ਕਿਸਾਨ ਕੂਕ-ਕੂਕ ਕੇ ਕਹਿ ਰਹੇ ਹਨ ਕਿ ਉਨ੍ਹਾਂ ਨੂੰ ਮੁਫਤ ਨਹੀਂ, ਸਗੋਂ ਪੂਰੀ ਬਿਜਲੀ ਚਾਹੀਦੀ ਹੈ, ਪਰ ਅੱਜ ਤਾਈਂ ਸੂਬੇ ਵਿਚ ਪੂਰੀ ਬਿਜਲੀ ਦਾ ਪ੍ਰਬੰਧ ਨਹੀਂ ਕੀਤਾ ਜਾ ਸਕਿਆ। ਪੰਜਾਬ ਦੇ ਵੱਡੇ ਕਾਰੋਬਾਰਾਂ ਵਿਚ ਜਿਸ ਤਰ੍ਹਾਂ ਦੀ ਲੁੱਟ ਬਾਦਲਾਂ ਨੇ ਮਚਾਈ ਹੈ, ਉਹ ਹਨੇਰਗਰਦੀ ਤੋਂ ਕਿਸੇ ਵੀ ਲਿਹਾਜ਼ ਘੱਟ ਨਹੀਂ ਹੈ।

ਹੁਣ ਸੋਚਣ-ਵਿਚਾਰਨ ਵਾਲਾ ਸਵਾਲ ਇਹ ਹੈ ਕਿ ਦੋਹੀਂ ਥਾਈਂ- ਪੰਜਾਬ ਤੇ ਕੇਂਦਰ ਵਿਚ, 'ਆਪਣੀਆਂ ਸਰਕਾਰਾਂ' ਹੋਣ ਦੇ ਬਾਵਜੂਦ ਬਾਦਲਾਂ ਨੂੰ ਨਮੋਸ਼ੀ ਕਿਉਂ ਝਾਗਣੀ ਪੈ ਰਹੀ ਹੈ? ਦਰਅਸਲ, ਮਸਲਾ ਪੰਜਾਬ ਜਾਂ ਪੰਥ ਦੀ ਥਾਂ ਪਰਿਵਾਰ ਨੂੰ ਪਹਿਲ ਦਾ ਹੀ ਹੈ। ਇਹ ਖਬਰ ਹੁਣ ਦਿੱਲੀ ਦੇ ਜੋਟੀਦਾਰ ਹਾਕਮਾਂ ਨੂੰ ਵੀ ਹੈ। ਹਾਲ ਹੀ ਵਿਚ ਹਰਿਆਣਾ ਵਿਚ ਭਖੇ ਵੱਖਰੀ ਗੁਰਦੁਆਰਾ ਕਮੇਟੀ ਦੇ ਮਾਮਲੇ ਨੇ ਵੀ ਇਹੀ ਸਿੱਧ ਕੀਤਾ। ਬਾਦਲਾਂ ਨੇ ਆਪਣੀ ਚੌਧਰ ਕਾਇਮ ਰੱਖਣ ਲਈ ਇਹ ਕਮੇਟੀ ਰੋਕਣ ਦਾ ਯਤਨ ਕੀਤਾ। ਕੇਂਦਰੀ ਹਾਕਮਾਂ ਨੇ ਪਹਿਲਾਂ ਇਸ ਮਾਮਲੇ 'ਤੇ ਅਣਮੰਨੇ ਜਿਹੇ ਮਨ ਨਾਲ ਹੀ ਕਾਰਵਾਈ ਚਲਾਈ। ਮਗਰੋਂ ਜਦੋਂ ਬਾਦਲ ਤਰਲਿਆਂ ਉਤੇ ਆ ਗਏ ਤਾਂ ਕੇਂਦਰੀ ਹਾਕਮਾਂ ਨੇ ਬਣਦੀ-ਸਰਦੀ ਕਾਰਵਾਈ ਕਰਨ ਦਾ ਯਤਨ ਤਾਂ ਕੀਤਾ, ਪਰ ਇਸ ਨਾਲ ਕੇਂਦਰ ਵਿਚ ਬਾਦਲਾਂ ਦੇ ਨਾਲ-ਨਾਲ ਪੰਜਾਬ ਦਾ ਕੇਸ ਵੀ ਹੌਲਾ ਪੈ ਗਿਆ। ਕੇਂਦਰੀ ਹਾਕਮਾਂ ਨੂੰ ਭਲਾ ਹੋਰ ਕੀ ਚਾਹੀਦਾ ਹੈ? ਕਮਜ਼ੋਰ ਲੀਡਰਾਂ ਨੂੰ ਉਹ ਪਹਿਲਾਂ ਵੀ ਬੇਹੇ ਕੜਾਹ ਵਾਂਗ ਲੈਂਦੇ ਆਏ ਹਨ। ਇਤਿਹਾਸ ਗਵਾਹ ਹੈ ਕਿ ਪੰਜਾਬ ਦੇ ਲੀਡਰਾਂ ਨੇ ਜਦ-ਜਦ ਵੀ ਕਮਜ਼ੋਰੀ ਦਿਖਾਈ, ਕੇਂਦਰ ਨੇ ਵਧੀਕੀ ਹੀ ਕੀਤੀ ਹੈ। ਇਸ ਲਈ ਇਸ ਵਾਰ ਦੀ ਵਧੀਕੀ ਬਾਦਲਾਂ ਦੀ ਆਪਣੀ ਸਹੇੜੀ ਹੋਈ ਹੈ। ਕੌਮੀ ਜਮਹੂਰੀ ਗਠਜੋੜ (ਐਨ.ਡੀ.ਏ.) ਦਾ ਅਹਿਮ ਹਿੱਸਾ ਅਤੇ ਸਰਕਾਰ ਵਿਚ ਭਾਈਵਾਲ ਹੋਣ ਦੇ ਬਾਵਜੂਦ ਅਕਾਲੀ ਦਲ ਦੀ ਹੈਸੀਅਤ ਡੰਡੌਤਾਂ ਕਰਨ ਵਾਲੀ ਹੀ ਰਹਿ ਗਈ ਹੈ। ਫਿਲਹਾਲ ਤਾਂ ਆਸ ਦੀ ਕੋਈ ਕਿਰਨ ਵੀ ਨਹੀਂ ਦਿਸਦੀ ਕਿ ਪੰਜਾਬ ਨੂੰ ਇਸ ਡੰਡੌਤ ਤੋਂ ਮੁਕਤੀ ਕਦੋਂ ਮਿਲਣੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਪੰਜਾਬ ਦੀ ਤ੍ਰਾਸਦੀ

ਥਾਂ ਦਿਲਾਂ ਦੇ ਪੱਥਰ ਹੀ ਹੋਣਗੇ, ਜੋ ਸੁਣ ਕੇ ਦੁੱਖ ਪੰਜਾਬ ਦੇ ਢਲੇ ਹੈ ਨਹੀਂ।
ਚੋਣਾਂ ਆਉਂਦੀਆਂ-ਜਾਂਦੀਆਂ ਵਾਂਗ 'ਨੇਰੀ, ਦੀਵੇ ਆਸ ਦੇ ਕਦੇ ਵੀ ਬਲੇ ਹੈ ਨਹੀਂ।
ਇਨਕਲਾਬ ਦੇ ਬੀਆਂ 'ਤੇ ਹਿਰਖ ਆਵੇ, ਜੋ ਉਗੇ ਪਰ ਖੁਲ੍ਹ ਕੇ ਫਲੇ ਹੈ ਨਹੀਂ।
ਆਏ ਗਾਲਦੇ ਮੁਗਲ ਅੰਗਰੇਜ਼ ਰਾਜੇ, ਹੱਡ ਇਨ੍ਹਾਂ ਦੇ ਸਖਤ ਸੀ ਗਲੇ ਹੈ ਨਹੀਂ।
ਕਿੱਸੇ ਲਿਖੇ ਇਤਿਹਾਸ ਦੇ ਵਿਚ ਸੁੱਤੇ, ਅਣਖਾਂ ਨਾਲ ਜੋ ਘਾਲਣਾ ਘਾਲੀਆਂ ਦੇ।
ਹਾਰੇ ਹੋਏ ਜੁਹਾਰੀਆਂ ਵਾਂਗ ਹੋ ਗਏ, ਮੂੰਹੋਂ ਮੋੜੇ ਸੀ ਜਿਨ੍ਹਾਂ ਅਬਦਾਲੀਆਂ ਦੇ!

# ਭਾਰਤ ਜਹਾਦੀਆਂ ਦੇ ਰਾਡਾਰ 'ਤੇ

***ਪਿਛਲੇ ਕੁਝ ਸਮੇਂ ਤੋਂ ਭਾਰਤ ਵਿਚ ਫਿਰਕੂ ਆਧਾਰ ਉਤੇ ਪਾਲਾਬੰਦੀ ਬਾਰੇ ਸੰਜੀਦਾ ਸ਼ਖਸੀਅਤਾਂ ਵੱਲੋਂ ਫਿਕਰ ਜ਼ਾਹਿਰ ਕੀਤਾ ਜਾਂਦਾ ਰਿਹਾ ਹੈ। ਹੁਣ ਜਦੋਂ ਤੋਂ ਭਾਰਤ ਵਿਚ ਨਰੇਂਦਰ ਮੋਦੀ ਦੀ ਅਗਵਾਈ ਵਿਚ ਕੇਂਦਰ ਸਰਕਾਰ ਬਣੀ ਹੈ, ਇਹ ਫਿਕਰ ਦੂਣ-ਸਵਾਇਆ ਹੋ ਕੇ ਸਾਹਮਣੇ ਆ ਰਿਹਾ ਹੈ। ਧਰਮ ਦੇ ਆਧਾਰ ਉਤੇ ਭਾਰਤੀ ਸਮਾਜ ਵਿਚ ਖਿੱਚੀਆਂ ਲਕੀਰਾਂ ਡੂੰਘੀਆਂ ਕੀਤੀਆਂ ਜਾ ਰਹੀਆਂ ਹਨ। ਉਧਰ, ਸੰਸਾਰ ਪੱਧਰ 'ਤੇ ਮੁਸਲਿਮ ਜਹਾਦੀਆਂ ਦੀਆਂ ਕਾਰਵਾਈਆਂ ਵੀ ਪਹਿਲਾਂ ਨਾਲੋਂ ਵੱਧ ਜ਼ੋਰ ਅਤੇ ਜਥੇਬੰਦ ਰੂਪ ਵਿਚ ਦਰਜ ਹੋਈਆਂ ਹਨ। ਪੱਛਮ ਵਿਚ ਸਭਿਆਤਾਵਾਂ ਦੇ ਜਿਸ ਭੇੜ ਦੀ ਪੇਸ਼ੀਨਗੋਈ ਅਮਰੀਕੀ ਵਿਦਵਾਨ ਸੈਮੂਅਲ ਹੰਟਿੰਗਟਨ ਨੇ ਕੀਤੀ ਸੀ, ਉਹ ਤਾਂ ਜਿਹੜੀ ਹੋਈ ਸੋ ਹੋਈ, ਹੁਣ ਭਾਰਤ ਵਿਚ ਫਿਰਕੂ ਭੇੜ ਤਿੱਖਾ ਹੁੰਦਾ ਨਜ਼ਰੀਂ ਪੈ ਰਿਹਾ ਹੈ। ਹੁਣ ਸੰਜੀਦਾ ਸ਼ਖਸਾਂ ਲਈ ਇਹ ਸੋਚਣ ਦੀ ਘੜੀ ਹੈ ਕਿ ਇਸ ਤਲਖੀ ਨੂੰ ਕੱਟਣ ਦਾ ਤੋੜ ਕੀ ਹੈ। ਆਪਣੇ ਇਸ ਲੇਖ 'ਭਾਰਤ ਜਹਾਦੀਆਂ ਦੇ ਰਾਡਾਰ 'ਤੇ' ਵਿਚ ਪ੍ਰਿੰਸੀਪਲ ਅਮਰਜੀਤ ਪਰਾਗ ਨੇ ਇਸ ਤਲਖੀ ਦੇ ਪਿਛੋਕੜ ਬਾਰੇ ਚਰਚਾ ਕੀਤੀ ਹੈ। -ਸੰਪਾਦਕ***

ਸੰਨ 2011 ਵਿਚ ਅਲ-ਕਾਇਦਾ ਦਾ ਮੋਢੀ ਤੇ ਮੁਖੀ ਉਸਾਮਾ ਬਿਨ-ਲਾਦਿਨ ਪਾਕਿਸਤਾਨ ਸਥਿਤ ਟਿਕਾਣੇ ਵਿਚ ਜਾ ਕੇ ਅਮਰੀਕੀ ਸੈਨਿਕਾਂ ਨੇ ਕਤਲ ਕਰ ਦਿੱਤਾ। ਮਿਸਰ ਵਿਚ ਜਨਮਿਆ ਤੇ ਡਾਕਟਰੀ ਦੀ ਉੱਚ ਸਿੱਖਿਆ ਪ੍ਰਾਪਤ ਐਮਾਨ ਅਲ-ਜਵਾਹਰੀ ਬਿਨ-ਲਾਦਿਨ ਦਾ ਉੱਤਰਾਧਿਕਾਰੀ ਥਾਪਿਆ ਗਿਆ। ਬਿਨ-ਲਾਦਿਨ ਦੀ ਮੌਤ ਅਲ-ਕਾਇਦਾ ਲਈ ਵੱਡਾ ਘਾਟਾ ਸਾਬਤ ਹੋਈ। ਇਸ ਦੀ ਕਮਾਂਡ ਹੇਠ ਚੱਲ ਰਹੀਆਂ ਕਈ ਜਥੇਬੰਦੀਆਂ ਅਲ-ਕਾਇਦਾ ਦੇ ਕੰਟਰੋਲ ਤੋਂ ਬਾਹਰ ਹੋ ਕੇ ਚੱਲਣ ਲੱਗ ਪਈਆਂ। ਅਫਗਾਨਿਸਤਾਨ ਦਾ ਅੱਡਾ ਪਹਿਲੋਂ ਹੀ ਪੁੱਟਿਆ ਜਾ ਚੁੱਕਾ ਸੀ।

ਦਹਾਕਿਆਂ ਤੋਂ ਸੱਤਾ 'ਤੇ ਕਾਬਜ਼ ਅਰਬ ਦੇਸ਼ਾਂ ਦੇ ਪੱਛਮ ਨਿਵਾਜ਼ ਤਾਨਾਸ਼ਾਹਾਂ ਖਿਲਾਫ ਟਿਊਨੇਸ਼ੀਆ, ਮਿਸਰ, ਲੀਬੀਆ ਤੇ ਸੀਰੀਆ

ਅਮਰਜੀਤ ਪਰਾਗ

ਆਦਿਕ ਦੇਸ਼ਾਂ ਵਿਚ ਭਾਰੀ ਜਨਤਕ ਰੋਸ ਭੜਕ ਉਠਿਆ। ਇਸ ਨੂੰ 'ਅਰਬ ਦੀ ਬਸੰਤ' ਕਿਹਾ ਗਿਆ। ਇੱਕ ਵਾਰ ਤਾਂ ਲੱਗਦਾ ਸੀ ਕਿ ਡੈਮੋਕਰੇਸੀ ਦੇ ਹੱਕ ਵਿਚ ਅਰਬ ਦੇ ਇਸ ਜਨਤਕ ਉਭਾਰ ਦੀ ਸਫਲਤਾ ਨੂੰ ਕੋਈ ਨਹੀਂ ਰੋਕ ਸਕਦਾ, ਪਰ ਨਰਮਪੰਥੀ ਤੇ ਜਮਹੂਰੀਅਤ ਪਸੰਦ ਅਨਸਰਾਂ ਨੂੰ ਪਿਛਾਂਹ ਧੱਕ ਕੇ ਇਸ ਲੋਕ ਉਭਾਰ ਵਿਚ ਕੱਟੜ ਇਸਲਾਮੀ ਸੰਗਠਨ ਅੱਗੇ ਆ ਗਏ। ਕਾਰਨ ਕਈ ਸਨ ਜਿਵੇਂ ਮਿਸਰ ਵਿਚ ਪੰਜਾਹ ਸਾਲਾਂ ਤੋਂ ਤਾਨਾਸ਼ਾਹਾਂ ਦਾ ਵਿਰੋਧ ਮੁਸਲਿਮ ਬ੍ਰਦਰਹੁਡ ਕਰ ਰਹੀ ਸੀ। ਹੋਰ ਕੋਈ ਸੰਗਠਨ ਤਾਨਾਸ਼ਾਹ ਵਿਰੋਧੀ ਧਿਰ ਹੈ ਹੀ ਨਹੀਂ ਸੀ। ਸੀਰੀਆ ਵਿਚ ਅਸਦ ਵਿਰੋਧੀਆਂ ਦੀ ਮਦਦ ਕਰਨ ਵਿਚ ਅਮਰੀਕਾ ਨੇ ਲੰਮੇ ਸਮੇਂ ਲਈ ਬੇਦਿਲੀ ਧਾਰੀ ਰੱਖੀ ਜਿਸ ਕਰ ਕੇ ਸਾਊਦੀ ਅਰਬ ਵਰਗੇ ਦੇਸ਼ਾਂ ਦੀ ਸਹਾਇਤਾ ਨਾਲ ਕੱਟੜਪੰਥੀ ਭਾਰੂ ਹੋ ਗਏ। ਇਰਾਕ ਵਿਚੋਂ ਅਮਰੀਕੀ ਸੈਨਿਕਾਂ ਦੇ ਚਲੇ ਜਾਣ ਪਿਛੋਂ ਨੂਰ ਅਲ-ਮਾਲੀਕੀ ਸ਼ੀਆ-ਸੁੰਨੀ ਧੜਿਆਂ ਵਿਚ ਟਕਰਾਓ ਘਟਾਉਣ ਦੀ ਥਾਂ ਵਧਾਉਣ ਵਾਲੀਆਂ ਨੀਤੀਆਂ 'ਤੇ ਹੀ ਚੱਲਿਆ।

ਪਹਿਲਾਂ ਅਲ-ਕਾਇਦਾ ਦੀ ਸਹਿਯੋਗੀ ਇਸਲਾਮਿਕ ਸਟੇਟ ਤੇਜ਼ੀ ਨਾਲ ਅੱਗੇ ਵਧੀ। ਇਸ ਦੇ ਆਗੂ ਇਬ੍ਰਾਹੀਮ ਨੇ ਇਸਲਾਮ ਦੇ ਪਹਿਲੇ ਖਲੀਫ਼ਾ ਅਬੂ ਬਕਰ ਦੇ ਨਾਮ 'ਤੇ ਆਪਣਾ ਨਾਮ ਅਬੂ ਬਕਰ ਅਲ-ਬਗਦਾਦੀ ਧਾਰਨ ਕਰ ਕੇ ਆਪਣੀ ਜਥੇਬੰਦੀ ਦਾ ਨਾਮ ਇਸਲਾਮਿਕ ਸਟੇਟ ਆਫ ਇਰਾਕ ਐਂਡ ਸੀਰੀਆ ਰੱਖ ਲਿਆ। ਇਰਾਕ ਵਿਚ ਇਸ ਨੇ ਬਿਜਲੀ ਦੀ ਰਫ਼ਤਾਰ ਨਾਲ ਵੱਡੇ ਇਲਾਕੇ ਅਤੇ ਮਾਸੂਲ ਵਰਗੇ ਪ੍ਰਸਿੱਧ ਸ਼ਹਿਰਾਂ 'ਤੇ ਕਬਜ਼ਾ ਕਰ ਲਿਆ। ਉਸ ਨੇ ਸਦੀਆਂ ਤੀਕ ਕਾਇਮ ਰਹੀ ਆਟੋਮਨ ਸਲਤਨਤ ਵਾਂਗ ਦੁਬਾਰਾ ਇਸਲਾਮਿਕ ਸਟੇਟ ਕਾਇਮ ਕਰਨ ਦਾ ਅਹਿਦ ਕਰ ਲਿਆ। ਆਪਣੇ ਆਪ ਨੂੰ ਇਸਲਾਮਿਕ ਸਟੇਟ ਦਾ ਖ਼ਲੀਫ਼ਾ ਐਲਾਨ ਦਿੱਤਾ।

ਅਲ-ਬਗਦਾਦੀ ਦਾ ਸੰਗਠਨ ਅੰਤ ਦਾ ਬੇਰਹਿਮ ਹੈ। ਗੈਰ-ਮੁਸਲਮਾਨਾਂ ਲਈ ਇਸ ਕੋਲ ਇੱਕੋ ਚੋਣ ਹੈ, ਇਸਲਾਮ ਜਾਂ ਮੌਤ। ਵਿਰੋਧੀਆਂ ਲਈ ਕੇਵਲ ਮੌਤ। ਦੋ ਅਮਰੀਕਨ ਪੱਤਰਕਾਰਾਂ ਨੂੰ ਉਸ ਨੇ ਨਾ ਕੇਵਲ ਛੁਰੀ ਨਾਲ ਜਿਬ੍ਹਾ ਹੀ ਕੀਤਾ ਬਲਕਿ ਇਸ ਦੀ ਵੀਡੀਓ ਬਣਾ ਕੇ ਇੰਟਰਨੈਟ ਉਤੇ ਵੀ ਪਾਈ ਹੈ।

ਇਸ ਸੰਗਠਨ ਕੋਲ 15000 ਤਨਖਾਹਦਾਰ ਲੜਾਕੇ ਹਨ ਤੇ ਟੈਂਕ ਤੋਪਾਂ ਵਰਗੇ ਮਾਰੂ ਹਥਿਆਰ ਹਨ। ਸਾਊਦੀ ਅਰਬ, ਕੁਵੈਤ, ਕਤਰ ਅਤੇ ਹੋਰ ਕੱਟੜ ਸੁੰਨੀ ਇਸਲਾਮਿਕ ਦੇਸ਼ਾਂ ਤੋਂ ਮਿਲਦੀ ਸਹਾਇਤਾ, ਬੈਂਕ ਡਕੈਤੀਆਂ, ਫਿਰੌਤੀਆਂ, ਤਸਕਰੀ, ਹਥਿਆਏ ਤੇਲ ਦੇ ਖੂਹਾਂ ਦਾ ਤੇਲ ਵੇਚ ਕੇ ਅਤੇ ਆਪਣੇ ਅਧੀਨ ਇਲਾਕੇ ਵਿਚੋਂ ਟੈਕਸ ਦੀ ਉਗਰਾਹੀ ਨਾਲ ਇਸ ਸੰਗਠਨ ਕੋਲ 14000 ਕਰੋੜ ਡਾਲਰ ਦੀ ਰਕਮ ਦੱਸੀ ਜਾਂਦੀ ਹੈ। ਇਸ ਜਥੇਬੰਦੀ ਦੀ ਇੱਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਪੂਰੀ ਤਰ੍ਹਾਂ ਪੇਸ਼ੇਵਾਰਾਨਾ ਢੰਗ ਨਾਲ ਕੰਮ ਕਰਦੀ ਹੈ। ਇਸ ਕਰ ਕੇ ਇਹ ਅਰਧ-ਸੰਗਠਤ ਅਤਿਵਾਦੀ ਸੰਗਠਨਾਂ ਨਾਲੋਂ ਵਧੇਰੇ ਖ਼ਤਰਨਾਕ ਹੈ। ਇਸ ਕੋਲ ਆਧੁਨਿਕ ਹਥਿਆਰ ਹੀ ਨਹੀਂ, ਸਗੋਂ ਇਲੈਕਟ੍ਰਾਨਿਕ ਇੰਜੀਨੀਅਰਿੰਗ ਅਤੇ ਕੰਪਿਊਟਰੀ ਉਪਕਰਨਾਂ ਦੇ ਮਾਹਰ ਕਾਰਕੁਨ ਹਨ। ਇਸਲਾਮਿਕ ਸਟੇਟ ਦੀਆਂ ਉਪਰੋ-ਤੋੜੀ ਜਿੱਤਾਂ ਨੇ ਸੰਸਾਰ ਭਰ ਦੇ ਜਹਾਦੀ ਮਾਨਸਿਕਤਾ ਵਾਲੇ ਮੁਸਲਿਮ ਨੌਜਵਾਨਾਂ ਦਾ ਧਿਆਨ ਆਪਣੇ ਵੱਲ ਖਿੱਚਿਆ।

ਅਲ-ਕਾਇਦਾ ਦਾ ਪ੍ਰਭਾਵ ਘਟਦਾ ਵੇਖਦੇ ਹੋਏ ਇਸ ਦੇ ਮੁਖੀ ਐਮਾਨ ਅਲ-ਜਵਾਹਰੀ ਨੇ ਵੀ ਇੱਕ ਵੀਡੀਓ ਟੇਪ ਜਾਰੀ ਕਰ ਕੇ ਦੱਖਣੀ ਏਸ਼ੀਆ ਵਿਚ ਜਹਾਦ ਤੇਜ਼ ਕਰਨ ਲਈ ਅਲ-ਕਾਇਦਾ ਦਾ ਵਿਸ਼ੇਸ਼ ਵਿੰਗ ਸੰਗਠਤ ਕਰਨ ਦਾ ਦਾਅਵਾ ਕੀਤਾ ਹੈ। ਇਹ ਵਿੰਗ ਮਿਆਂਮਾਰ (ਬਰਮਾ), ਬੰਗਲਾ ਦੇਸ਼ ਤੋਂ ਬਿਨਾਂ ਭਾਰਤ ਦੇ ਆਸਾਮ, ਗੁਜਰਾਤ ਅਹਿਮਦਾਬਾਦ ਅਤੇ ਕਸ਼ਮੀਰ ਵਿਚ ਮੁਸਲਮਾਨਾਂ ਉਪਰ ਹੋ ਰਹੇ ਕਥਿਤ ਅੱਤਿਆਚਾਰਾਂ ਨੂੰ ਰੋਕਣ ਅਤੇ ਬਦਲਾ ਲੈਣ ਲਈ ਕਾਰਵਾਈ ਕਰੇਗਾ।

ਭਾਰਤ ਲਈ ਨਿਰਸੰਦੇਹ ਇਹ ਸਥਿਤੀ ਚਿੰਤਾਜਨਕ ਹੈ। ਦੇਸ਼ ਦਾ ਹਿੰਸਕ ਬਟਵਾਰਾ, ਕਸ਼ਮੀਰ ਨੂੰ ਲੈ ਕੇ ਲੜੀਆਂ ਗਈਆਂ ਲੜਾਈਆਂ, ਪੂਰਬੀ ਪਾਕਿਸਤਾਨ ਦੇ ਬੰਗਲਾ ਦੇਸ਼ ਵਜੋਂ ਅਲਹਿਦਾ ਹੋ ਜਾਣ ਵਿਚ ਭਾਰਤ ਦੀ ਭੂਮਿਕਾ ਨੂੰ ਇਸਲਾਮਿਕ ਹਲਕਿਆਂ ਵਲੋਂ ਪਾਕਿਸਤਾਨ ਦੀ ਹੋਂਦ ਮਿਟਾ ਦੇਣ ਦੇ ਭਾਰਤ ਦੇ ਮਨਸੂਬੇ ਵਜੋਂ ਪ੍ਰਚਾਰਿਆ ਜਾਂਦਾ ਰਿਹਾ ਹੈ। ਭਾਰਤੀ ਮੁਸਲਮਾਨ ਭਾਈਚਾਰਾ ਆਜ਼ਾਦੀ ਪਿੱਛੋਂ ਚਾਰ ਦਹਾਕਿਆਂ ਤੀਕ ਪਾਕਿਸਤਾਨ ਦੇ ਬਹਿਕਾਵੇ ਵਿਚ ਨਹੀਂ ਆਇਆ। ਇਹ ਗੱਲ ਅਮਰੀਕਾ ਦੇ ਪ੍ਰਧਾਨ ਜਾਰਜ ਬੁਸ਼ ਨੇ ਕਈ ਵਾਰ ਜਨਤਕ ਤੌਰ 'ਤੇ ਵੀ ਚਿਤਾਰੀ ਸੀ ਕਿ ਪਾਕਿਸਤਾਨ ਨਾਲੋਂ ਵੀ ਵਧੇਰੇ ਮੁਸਲਿਮ ਆਬਾਦੀ ਵਾਲੇ ਭਾਰਤ ਦਾ ਇੱਕ ਵੀ ਮੁਸਲਮਾਨ ਅਲ-ਕਾਇਦਾ ਵਿਚ ਸ਼ਾਮਲ ਨਹੀਂ ਹੋਇਆ।

ਰਾਮ ਮੰਦਰ ਦੇ ਨਿਰਮਾਣ ਨੂੰ ਮੁੱਦਾ ਬਣਾ ਕੇ ਹਿੰਦੂਤਵਵਾਦੀ ਅਨਸਰਾਂ ਨੇ ਜ਼ੋਰਦਾਰ ਅਭਿਆਨ ਚਲਾਇਆ ਸੀ। ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਨੇ ਰਾਜਸੀ ਲਾਹਾ ਲੈਣ ਲਈ ਰੱਥ ਯਾਤਰਾ ਕੱਢੀ ਜਿਸ ਨਾਲ ਰਾਮ ਮੰਦਰ ਬਨਾਮ ਬਾਬਰੀ ਮਸਜਿਦ ਦਾ ਮੁੱਦਾ ਬਹੁਤ ਗਰਮਾ ਗਿਆ। ਬਾਬਰੀ ਮਸਜਿਦ ਦਾ ਢਾਂਚਾ ਤੋੜੇ ਜਾਣ ਸਮੇਂ ਹਿੰਦੂ ਸੰਗਠਨਾਂ ਤੋਂ ਇਲਾਵਾ ਭਾਜਪਾ ਦੇ ਚੋਟੀ ਦੇ ਨੇਤਾ ਵੀ ਮੌਕੇ 'ਤੇ ਹਾਜ਼ਰ ਸਨ। ਦੇਸ਼ ਦੇ ਬਟਵਾਰੇ ਤੋਂ ਪਿੱਛੋਂ ਇਹ ਵੱਡੀ ਘਟਨਾ ਸੀ ਜਿਸ ਨੇ ਭਾਰਤੀ ਮੁਸਲਮਾਨਾਂ ਦੀ ਮਾਨਸਿਕਤਾ ਉਪਰ ਗਹਿਰੀ ਸੱਟ ਮਾਰੀ। ਇਸ ਪਿੱਛੋਂ ਬੰਬਈ ਬੰਬ ਧਮਾਕੇ ਅਤੇ ਫਿਰ 2002 ਵਿਚ ਗੁਜਰਾਤ ਦੇ ਮੁਸਲਿਮ ਵਿਰੋਧੀ ਦੰਗੇ ਮਸਜਿਦ-ਮੰਦਰ ਦੇ ਭੇੜ ਵਿਚੋਂ ਹੀ ਨਿਕਲੇ।

ਮੰਨਿਆ ਜਾਂਦਾ ਹੈ ਕਿ ਸ੍ਰੀ ਰਾਮ ਦੇ ਮਹਾਂਬਲੀ ਪੁਰਖੇ ਰਾਜਾ ਮਾਨਧਾਤਾ ਦਾ ਰੱਥ ਜਿੱਧਰੋਂ ਲੰਘਦਾ ਸੀ, ਉਸ ਦੇ ਪਹੀਏ ਧਰਤੀ ਵਿਚ ਪਾੜ ਪਾ ਦਿੰਦੇ ਸਨ। ਇਨ੍ਹਾਂ ਪਾੜਾਂ ਵਿਚ ਪਾਣੀ ਭਰ ਕੇ ਵਗਣ ਨਾਲ ਹੀ ਭਾਰਤ ਦੇ ਦਰਿਆ ਹੋਂਦ ਵਿਚ ਆਏ। ਮਿਥਾਂ ਦਾ ਆਪਣਾ ਹੀ ਤਰਕ ਹੁੰਦਾ ਹੈ। ਇਸ ਮਿੱਥ ਦਾ ਉਦੇਸ਼ ਸਾਡੇ ਦਰਿਆਵਾਂ ਦੀ ਉਤਪਤੀ ਨਾਲ ਨਹੀਂ, ਸਗੋਂ ਮਾਨਧਾਤਾ ਦੇ ਬਾਹੂਬਲ ਦਾ ਅਲੰਕਾਰਕ ਵਰਣਨ ਹੈ, ਪਰ ਅਡਵਾਨੀ ਦਾ ਰਾਮ ਰੱਥ ਮਾਨਧਾਤਾ-ਰੱਥ ਸਾਬਤ ਹੋਇਆ ਜਿਸ ਨੇ ਭਾਰਤ ਦੇ ਦੋ ਵੱਡੇ ਫਿਰਕਿਆਂ ਵਿਚ ਪਾੜ ਜ਼ਰੂਰ ਪਾ ਦਿੱਤਾ। ਇਸ ਪਾੜ ਵਿਚ ਹਿੰਸਾ ਅਤੇ ਨਫ਼ਰਤ ਦੇ ਖ਼ੂਨੀ ਪਾਣੀ ਸੁੱਕਣ ਦਾ ਨਾਮ ਨਹੀਂ ਲੈ ਰਹੇ।

ਬਾਹਰੀ ਭੜਕਾਹਟ ਨੂੰ ਜਿਸ ਭਾਰਤੀ ਮੁਸਲਿਮ ਭਾਈਚਾਰੇ ਨੇ ਦਹਾਕਿਆਂ ਤੀਕ ਆਮ ਕਰ ਕੇ ਨਜ਼ਰਅੰਦਾਜ਼ ਕਰੀ ਰੱਖਿਆ, ਉਸ ਦੀ ਮਾਨਸਿਕਤਾ ਨੂੰ ਅੰਦਰੂਨੀ ਅਤੇ ਬਾਹਰੀ ਭੜਕਾਹਟ ਨੇ ਮਿਲ ਕੇ ਕਿਸ ਹੱਦ ਤੀਕ ਪ੍ਰਭਾਵਤ ਕਰਨ ਵਿਚ ਸਫਲਤਾ ਪ੍ਰਾਪਤ ਕੀਤੀ ਹੈ। ਇਸਲਾਮਿਕ ਸਟੇਟ ਦੀ ਚਮਤਕਾਰੀ ਪੇਸ਼ਕਦਮੀ ਤੋਂ ਪ੍ਰਭਾਵਤ ਹੋ ਕੇ ਕੁਝ ਮੁਸਲਿਮ ਨੌਜਵਾਨਾਂ ਦੇ ਉਸ ਦੇ ਲੜਾਕੂਆਂ ਵਿਚ ਸ਼ਾਮਲ ਹੋਣ ਦੀਆਂ ਖ਼ਬਰਾਂ ਆ ਰਹੀਆਂ ਹਨ।

ਅਲ-ਕਾਇਦਾ ਦੇ ਘਟਦੇ ਪ੍ਰਭਾਵ ਨੂੰ ਰੋਕਣ ਲਈ ਐਮਾਨ ਅਲ-ਜਵਾਹਰੀ ਵਲੋਂ ਦੱਖਣੀ ਏਸ਼ੀਆ ਵਿਚ ਆਪਣੀਆਂ ਸਰਗਰਮੀਆਂ ਤੇਜ਼ ਕਰਨਾ ਅਲ-ਕਾਇਦਾ ਲਈ ਹੋਂਦ ਦਾ ਸੁਆਲ ਹੈ। ਅਮਰੀਕੀ ਫ਼ੌਜੀਆਂ ਦੀ ਵਾਪਸੀ ਪਿੱਛੋਂ ਅਫ਼ਗਾਨਿਸਤਾਨ ਦੇ ਫਰੰਟ ਤੋਂ ਵਿਹਲੇ ਹੋਏ ਅਤੇ ਪਾਕਿਸਤਾਨ ਸੈਨਾ ਵਲੋਂ ਸਰਹੱਦੀ ਇਲਾਕੇ ਵਿਚੋਂ ਖਦੇੜੇ ਜਹਾਦੀਆਂ ਦੀ ਵਰਤੋਂ ਭਾਰਤ, ਬੰਗਲਾ ਦੇਸ਼ ਅਤੇ ਮਿਆਂਮਾਰ ਵਿਚ ਕੀਤੀ ਜਾ ਸਕਦੀ ਹੈ। ਇਸ ਪੈਂਤੜੇ ਵਿਚ ਪਾਕਿਸਤਾਨੀ ਜਹਾਦੀ ਵੀ ਉਸ ਦੇ ਭਾਈਵਾਲ ਹੋਣਗੇ।

ਜਹਾਦੀਆਂ ਦਾ ਇਹ ਨਵਾਂ ਪੈਂਤੜਾ ਭਾਰਤ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ। ਇਸ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀਆਂ ਮੁਸ਼ਕਲਾਂ ਵਿਚ ਨਿਰਸੰਦੇਹ ਵਾਧਾ ਹੋਵੇਗਾ। ਮੁਸਲਿਮ ਵਿਰੋਧੀ ਮੰਨੀ ਜਾਂਦੀ ਆਰ.ਐਸ.ਐਸ. ਵਲੋਂ ਮਨੋਨੀਤ ਹੋਣ ਕਰ ਕੇ ਅਤੇ ਗੁਜਰਾਤ ਦੇ ਮੁਸਲਿਮ ਵਿਰੋਧੀ ਦੰਗਿਆਂ ਸਮੇਂ ਉਸ ਦੀ ਵਿਵਾਦ ਵਾਲੀ ਭੂਮਿਕਾ ਜਹਾਦੀਆਂ ਲਈ ਮੁਸਲਿਮ ਜਜ਼ਬਾਤ ਭੜਕਾਉਣ ਵਿਚ ਅਸਰਦਾਰ ਪ੍ਰਾਪੇਗੰਡੇ ਦੇ ਹਥਿਆਰ ਵਜੋਂ ਵਰਤੀ ਜਾਵੇਗੀ। ਅਜਿਹੀ ਸਥਿਤੀ 'ਚ ਕਲੀਨ ਚਿਟਾਂ ਕੰਮ ਨਹੀਂ ਆਉਂਦੀਆਂ ਹੁੰਦੀਆਂ। ਉਪਰੋਂ ਖੁਦ ਬੀ.ਜੇ.ਪੀ. ਦੇ ਕੁਝ ਕੱਟੜਪੰਥੀ ਹਿੰਦੂਵਾਦੀ ਆਏ ਦਿਨ ਭੜਕਾਹਟ ਪੈਦਾ ਕਰਨ ਵਾਲੇ ਬਿਆਨ ਦਾਗ ਰਹੇ ਹਨ। ਇਨ੍ਹਾਂ ਬਾਰੇ ਅਜੇ ਤੀਕ ਨਰੇਂਦਰ ਮੋਦੀ ਨੇ ਪੂਰਨ ਚੁੱਪ ਧਾਰੀ ਹੋਈ ਹੈ। ਇਸ ਲਈ ਸੰਦੇਹ ਪੈਦਾ ਹੋਣਾ ਕੁਦਰਤੀ ਹੈ।

ਕਾਰਪੋਰੇਟ ਜਗਤ, ਸ਼ੇਅਰ ਬਾਜ਼ਾਰ ਦੇ ਨਿਵੇਸ਼ਕਾਂ, ਸੁੱਖ-ਸੁਵਿਧਾ ਦੇ ਭੁੱਖੇ ਮੱਧ ਵਰਗ ਅਤੇ ਭਵਿੱਖ ਬਾਰੇ ਚਿੰਤਤ ਨੌਜਵਾਨ ਪੀੜ੍ਹੀ ਨੂੰ ਚੰਗੇ ਦਿਨਾਂ ਦੇ ਮਨਮੋਹਕ ਸੁਪਨੇ ਵਿਖਾ ਕੇ ਪ੍ਰਾਪਤ ਕੀਤੀ ਸੱਤਾ ਦੀਆਂ ਹਾਂ ਪੱਖੀ ਸੰਭਾਵਨਾ ਜੇ ਫਿਰਕੂ ਸੇਕ ਵਿਚ ਝੁਲਸ ਗਈਆਂ ਤਾਂ ਮੋਦੀ ਅਤੇ ਭਾਰਤ-ਦੋਹਾਂ ਦੀ ਵੱਡੀ ਬਦਨਸੀਬੀ ਹੋਵੇਗੀ।

ਧਰਮ ਨਿਰਲੇਪ ਪੇਸ਼ੇਵਰ ਫੌਜ, ਆਜ਼ਾਦ ਨਿਆਂ ਪ੍ਰਣਾਲੀ, ਨਿਰਪੱਖ ਚੋਣ ਕਮਿਸ਼ਨ ਸਾਡੀ ਸ਼ਕਤੀ ਦੇ ਥੰਮ੍ਹ ਹਨ। ਅਫਸਰਸ਼ਾਹੀ ਨੂੰ ਕਾਫੀ ਹੱਦ ਤੀਕ ਅਤੇ ਪੁਲਿਸ ਬਲਾਂ ਨੂੰ ਰਾਜਨੀਤਕ ਦਖ਼ਲ ਨਾਲ ਬੁਰੀ ਤਰ੍ਹਾਂ ਭ੍ਰਿਸ਼ਟ ਤੇ ਨਿਕੰਮਿਆਂ ਬਣਾ ਦਿੱਤਾ ਗਿਆ ਹੈ। ਇਹ ਰੁਝਾਨ ਰੋਕਿਆ ਜਾਣਾ ਬਹੁਤ ਜ਼ਰੂਰੀ ਹੈ। ਸਭ ਤੋਂ ਵੱਡੀ ਗੱਲ ਭਾਰਤੀਅਤਾ ਦਾ ਹਰਿਆਵਲ ਹੋਣ ਦਾ ਦਾਅਵਾ ਕਰਨ ਵਾਲੇ ਹਿੰਦੂ ਰਾਸ਼ਟਰਵਾਦੀਆਂ ਵੱਲੋਂ ਮਨ, ਬਚਨ ਅਤੇ ਕਰਮ ਦੇ ਪੱਖੋਂ ਅਜਿਹਾ ਕੁਝ ਨਹੀਂ ਕੀਤਾ ਜਾਣਾ ਚਾਹੀਦਾ ਜਿਸ ਨਾਲ ਘੱਟ-ਗਿਣਤੀ ਫਿਰਕਿਆਂ, ਖਾਸ ਕਰ ਕੇ ਮੁਸਲਮਾਨਾਂ ਦੇ ਮਨ ਵਿਚ ਉਪਰਾਮਤਾ ਅਤੇ ਬੇਦਿਲੀ ਪੈਦਾ ਹੋਵੇ।

ਮਹਾਨ ਮਾਨਵਵਾਦੀ ਚਿੰਤਕ ਕ੍ਰਿਸ਼ਨਾਮੂਰਤੀ ਜੀ ਸਾਡੀ ਅਸਫਲਤਾ ਦਾ ਵੱਡਾ ਕਾਰਨ ਇਹ ਮੰਨਦੇ ਹਨ ਕਿ ਪੈਦਾ ਹੋਣ ਵਾਲੀਆਂ ਵੰਗਾਰਾਂ ਨਵੀਆਂ ਹੁੰਦੀਆਂ ਹਨ, ਪਰ ਅਸੀਂ ਉਨ੍ਹਾਂ ਨੂੰ ਪੁਰਾਣੀ ਸੋਚ ਅਨੁਸਾਰ ਹੱਲ ਕਰਨ ਦਾ ਯਤਨ ਕਰਦੇ ਹਾਂ। ਅੱਜ ਦਾ ਜਹਾਦ ਨਾ ਤਾਂ ਮੱਧ ਕਾਲ ਵਾਲਾ ਜਹਾਦ ਹੈ, ਨਾ ਹੀ ਭਾਰਤ ਅੰਦਰ ਸਮੇਂ-ਸਮੇਂ ਉਠਦੇ ਰਹੇ ਵੱਖਵਾਦ/ਅਤਿਵਾਦ ਤੇ ਖਾੜਕੂਵਾਦ ਵਰਗਾ ਹੈ। ਅੱਜ ਦੇ ਜਹਾਦੀਆਂ ਦੇ ਹਥਿਆਰ, ਪ੍ਰਬੰਧ ਅਤੇ ਮਨਸੂਬੇ ਵੱਖਰੇ ਹਨ। ਇਨ੍ਹਾਂ ਨੂੰ ਨਾਕਾਮ ਕਰਨ ਲਈ ਸਾਡੇ ਹੁਕਮਰਾਨਾਂ, ਖੁਫ਼ੀਆ ਤੰਤਰ, ਸੈਨਿਕ ਤੇ ਪੁਲਿਸ ਬਲਾਂ ਨੂੰ ਨਵੀਂ ਯੁੱਧ ਨੀਤੀ ਘੜਨੀ ਪੈਣੀ ਹੈ।

# ਮਹਿਜ਼ ਦਿਖਾਵਾ ਸੀ ਮੋਦੀ ਦਾ 'ਗੁਰੂ ਮਹਾਂ-ਉਤਸਵ' ਭਾਸ਼ਣ

ਪੰਜ ਸਤੰਬਰ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਪੂਰੇ ਮੁਲਕ ਦੇ ਸਕੂਲੀ ਬੱਚਿਆਂ ਉਪਰ ਥੋਪਿਆ ਭਾਸ਼ਣ ਹਿੰਦੂਤਵਵਾਦੀਆਂ ਦੀ ਕਾਰਜ-ਸ਼ੈਲੀ ਦਾ ਟਕਸਾਲੀ ਨਮੂਨਾ ਹੋ ਨਿੱਬੜਿਆ। ਕੇਂਦਰੀ ਮਨੁੱਖੀ ਵਸੀਲੇ ਵਿਕਾਸ ਮੰਤਰਾਲੇ ਨੇ ਸਾਰੇ ਸੂਬਿਆਂ ਨੂੰ ਅਗਾਊਂ ਲਿਖਤੀ ਨਿਰਦੇਸ਼ ਭੇਜ ਰੱਖਿਆ ਸੀ ਕਿ ਭਾਸ਼ਣ ਤੋਂ ਪਿੱਛੋਂ ਮੰਤਰਾਲਾ ਭਾਸ਼ਣ ਸੁਣਨ ਵਾਲੇ ਸਕੂਲਾਂ ਅਤੇ ਉਨ੍ਹਾਂ ਦੇ ਬੱਚਿਆਂ ਦੀ ਗਿਣਤੀ ਦੀ ਰਿਪੋਰਟ ਚੈਕ ਕਰੇਗਾ। ਮੋਦੀ ਹਕੂਮਤ ਦੀ ਹਦਾਇਤ 'ਤੇ ਸਕੂਲਾਂ ਨਾਲ ਸਬੰਧਤ ਸੈਂਟਰਲ ਬੋਰਡ ਆਫ ਸਕੂਲ ਐਜੂਕੇਸ਼ਨ (ਸੀ.ਬੀ.ਐਸ.ਈ.) ਅਤੇ ਹੋਰ ਅਥਾਰਟੀਜ਼ ਵਲੋਂ ਸੀ.ਬੀ.ਐਸ.ਈ., ਡਾਇਰੈਕਟੋਰੇਟ ਆਫ ਐਜੂਕੇਸ਼ਨ, ਕੇਂਦਰੀ ਵਿਦਿਆਲਿਆ ਸੰਗਠਨ ਸਮੇਤ ਸਕੂਲੀ ਪ੍ਰਣਾਲੀ ਦੀ ਹਰ ਅਥਾਰਟੀ ਨੂੰ ਫਰਮਾਨ ਜਾਰੀ ਕਰ ਦਿੱਤਾ ਗਿਆ ਕਿ 'ਅਧਿਆਪਕ ਦਿਵਸ' ਉਪਰ ਸ੍ਰੀਮਾਨ ਮੋਦੀ ਦੇ 'ਗੁਰੂ ਮਹਾਂ-ਉਤਸਵ' ਭਾਸ਼ਣ ਅਤੇ ਇਸ ਮੌਕੇ ਦਿੱਲੀ ਦੇ ਮਾਣਕਸ਼ਾਹ ਆਡੀਟੋਰੀਅਮ ਵਿਚ ਰਾਜਧਾਨੀ ਦੇ ਵੱਖੋ-ਵੱਖਰੇ ਸਕੂਲਾਂ ਦੇ 1000 ਵਿਦਿਆਰਥੀਆਂ ਨਾਲ ਉਸ ਦੇ ਵਿਚਾਰ-ਵਟਾਂਦਰੇ ਦਾ ਸਿੱਧਾ ਪ੍ਰਸਾਰਨ ਪੂਰੇ ਮੁਲਕ ਦੇ ਇਕ ਕਰੋੜ

ਬੂਟਾ ਸਿੰਘ
ਫੋਨ: 91-94634-74342

ਵੀਹ ਲੱਖ ਸਕੂਲੀ ਵਿਦਿਆਰਥੀਆਂ ਨੂੰ ਸੈਟੇਲਾਈਟ, ਦੂਰਦਰਸ਼ਨ ਤੇ ਮੰਤਰਾਲੇ ਦੀ ਵੈਬਸਾਈਟ ਰਾਹੀਂ ਸੁਣਾਉਣ ਲਈ ਸਾਰੇ ਸਕੂਲਾਂ ਅੰਦਰ ਟੀ.ਵੀ. ਸੈਟ ਤੇ ਹੋਰ ਜ਼ਰੂਰੀ ਇੰਤਜ਼ਾਮ ਕੀਤੇ ਜਾਣ ਅਤੇ ਸਾਰੇ ਬੱਚਿਆਂ ਦੀ ਹਾਜ਼ਰੀ ਯਕੀਨੀ ਬਣਾਈ ਜਾਵੇ। ਇਸ ਖ਼ਾਤਰ ਸਕੂਲ ਦਾ ਆਮ ਸਮਾਂ ਸਵੇਰ 8 ਤੋਂ 2 ਵਜੇ ਨੂੰ ਧੱਕੇ ਨਾਲ ਬਦਲ ਕੇ 2.30 ਤੋਂ ਸ਼ਾਮ ਪੌਣੇ ਪੰਜ ਵਜੇ ਤਕ ਕਰ ਦਿੱਤਾ ਗਿਆ। ਆਮ ਆਦਮੀ ਪਾਰਟੀ (ਆਪ) ਦੇ ਸਾਬਕਾ ਬੁਲਾਰੇ ਅਤੇ ਮਸ਼ਹੂਰ ਸਿਖਿਆ ਸ਼ਾਸਤਰੀ ਯੋਗਿੰਦਰ ਯਾਦਵ ਨੇ ਐਨ ਸਹੀ ਕਿਹਾ ਹੈ ਕਿ ਇਹ ਹਰ ਕਾਇਦੇ-ਕਾਨੂੰਨ ਨੂੰ ਸਾਹਿਬਾਂ ਦੀ ਸਹੂਲਤ ਮੁਤਾਬਕ ਬਦਲ ਦੇਣ ਦਾ ਵੀ.ਵੀ.ਆਈ.ਪੀ. ਸਭਿਆਚਾਰ ਹੈ।

ਮੋਦੀ ਦਾ ਸ਼ਾਹੀ ਫਰਮਾਨ ਲਾਗੂ ਕਰਨ ਲਈ ਕੇਂਦਰ ਤੋਂ ਲੈ ਕੇ ਹੇਠਲੇ ਪੱਧਰਾਂ ਤਕ ਸਮੁੱਚੇ ਮੁਲਕ ਦਾ ਪ੍ਰਸ਼ਾਸਨਿਕ ਢਾਂਚਾ ਪੱਬਾਂ ਭਾਰ ਹੋ ਗਿਆ। ਮੋਦੀ ਜੋ ਇੱਥੋਂ ਤਾਈਂ ਖ਼ਬਰ ਰੱਖਦਾ ਹੈ ਕਿ ਵਿਦੇਸ਼ ਦੌਰੇ 'ਤੇ ਜਾਣ ਵਕਤ ਉਸ ਦੇ ਮੰਤਰੀ ਕਿਹੜਾ ਪਹਿਰਾਵਾ ਪਹਿਨਦੇ ਹਨ, ਉਸ ਦੀ ਦਹਿਸ਼ਤ ਤੋਂ ਹਰ ਕੋਈ ਭੈਅਭੀਤ ਸੀ। ਲਿਹਾਜ਼ਾ, ਪਹਿਲਾਂ ਹੀ ਫੰਡਾਂ ਤੇ ਸਰਕਾਰੀ ਸਹਾਇਤਾ ਦੀ ਮਹਾਂ-ਤੋਟ ਦਾ ਸਾਹਮਣਾ ਕਰ ਰਹੇ ਸਰਕਾਰੀ ਸਕੂਲਾਂ ਦੇ ਮੁਖੀ ਹੱਥਲੇ ਨਿਗੂਣੇ ਵਸੀਲੇ ਤੇ ਫੰਡ 'ਗੁਰੂ ਮਹਾਂ-ਉਤਸਵ' ਭਾਸ਼ਣ ਸੁਣਾਉਣ ਦੇ ਇੰਤਜ਼ਾਮਾਂ 'ਚ ਖ਼ਰਚਣ ਲਈ ਮਜਬੂਰ ਹੋ ਗਏ। ਦੂਜੇ ਪਾਸੇ, ਅੰਗਰੇਜ਼ੀ ਤੇ ਪੱਛਮੀ ਮੁੱਲਾਂ ਦੀ ਆਰਤੀ ਉਤਾਰਨ ਦੀ ਗ਼ੁਲਾਮ ਜ਼ਿਹਨੀਅਤ ਦਾ 'ਚਾਨਣ' ਵੰਡਣ ਵਾਲੇ ਕਾਨਵੈਂਟ ਸਕੂਲਾਂ ਨੇ ਇਨ੍ਹਾਂ ਇੰਤਜ਼ਾਮਾਂ 'ਚ ਉਚੇਚੀ ਦਿਲਚਸਪੀ ਦਿਖਾਈ ਕਿਉਂਕਿ 'ਅਧਿਆਪਕ ਦਿਵਸ' ਅਤੇ ਇਸ ਖ਼ਾਸ ਦਿਨ ਉਪਰ ਅਧਿਆਪਕਾਂ ਦੇ ਸਰੋਕਾਰਾਂ ਦੀ ਉਚੇਚੀ ਚਰਚਾ ਉਨ੍ਹਾਂ ਦੇ ਪ੍ਰਸ਼ਾਸਨਿਕ ਢਾਂਚੇ ਤੇ ਵਿਦਿਆ ਬਜ਼ਾਰ ਦੇ ਹਿੱਤਾਂ ਨਾਲ ਸਿੱਧਾ ਟਕਰਾਉਂਦੀ ਹੈ। ਜਿਥੇ ਫ਼ੀਸਾਂ-ਫੰਡ ਤਾਂ ਫਿਰੌਤੀ ਦੀ ਤਰਜ਼ 'ਤੇ ਵਸੂਲੇ ਜਾਂਦੇ ਹਨ ਪਰ ਅਧਿਆਪਕਾਂ-ਅਧਿਆਪਕਾਵਾਂ ਦੀ ਸੁਪਰ ਲੁੱਟ-ਖਸੁੱਟ ਵੀ ਸਾਰੇ ਕਿਰਤ ਕਾਨੂੰਨਾਂ ਨੂੰ ਛਿੱਕੇ ਟੰਗ ਕੇ ਚਲਾਈਆਂ ਜਾਂਦੀਆਂ ਨਿੱਜੀ ਫੈਕਟਰੀਆਂ ਦੀ ਤਰਜ਼ 'ਤੇ ਕੀਤੀ ਜਾਂਦੀ ਹੈ। ਦਿੱਲੀ ਪਬਲਿਕ ਸਕੂਲ ਅਤੇ ਨੋਇਡਾ (ਦਿੱਲੀ) ਦੇ ਬਾਲ ਭਾਰਤੀ ਪਬਲਿਕ ਸਕੂਲ ਦੇ ਪ੍ਰਸ਼ਾਸਨ ਵਲੋਂ ਇਸ ਬਾਬਤ ਚੁੱਕੇ ਕਦਮ ਇਸ ਦੀ ਆਹਲਾ ਮਿਸਾਲ ਹਨ। ਦਿੱਲੀ ਪਬਲਿਕ ਸਕੂਲ ਨੇ ਤਾਂ ਸਿੱਧਾ ਸਰਕੂਲਰ ਜਾਰੀ ਕਰ ਦਿੱਤਾ ਕਿ 'ਸਾਰੇ ਵਿਦਿਆਰਥੀਆਂ ਦੀ ਹਾਜ਼ਰੀ ਲਾਜ਼ਮੀ ਹੈ ਅਤੇ ਗ਼ੈਰ-ਹਾਜ਼ਰ ਰਹਿਣ ਵਾਲਿਆਂ ਦੇ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਦੂਜੇ ਪਾਸੇ, ਇਮਤਿਹਾਨਾਂ ਕਾਰਨ ਬਾਲ ਭਾਰਤੀ ਪਬਲਿਕ ਸਕੂਲ ਦੇ ਪ੍ਰਸ਼ਾਸਨ ਨੇ ਆਪਣੇ ਬੱਚਿਆਂ ਨੂੰ ਆਪਣੇ ਘਰ ਰਹਿ ਕੇ ਮੋਦੀ ਦਾ ਭਾਸ਼ਣ ਇਹ ਫਰਮਾਨ ਜਾਰੀ ਕਰ ਕੇ ਸੁਣਨਾ ਲਾਜ਼ਮੀ ਬਣਾ ਦਿੱਤਾ ਕਿ ਅਗਲੇ ਦਿਨ ਉਨ੍ਹਾਂ ਦਾ ਇਸ ਦੇ ਆਧਾਰ 'ਤੇ ਇਮਤਿਹਾਨ ਲਿਆ ਜਾਵੇਗਾ। ਸਕੂਲ ਦੇ ਸਰਕੂਲਰ ਅਨੁਸਾਰ 'ਪੰਜਾਂ ਹੀ ਮੁੱਖ ਪਰਚਿਆਂ ਵਿਚੋਂ ਹਰ ਇਕ ਵਿਚ ਮੋਦੀ ਦੇ ਭਾਸ਼ਣ ਬਾਰੇ ਸਵਾਲ ਹੋਵੇਗਾ। ਇਸ ਹਰ ਸਵਾਲ ਦੇ ਦੋ ਨੰਬਰ ਲਗਾਏ ਜਾਣਗੇ।' ਚੇਤੇ ਰਹੇ ਕਿ ਬੱਚਿਆਂ ਦੇ ਮਾਪਿਆਂ ਵਲੋਂ 'ਗੁਰੂ ਮਹਾਂ-ਉਤਸਵ' ਭਾਸ਼ਣ ਨੂੰ ਮੁੱਖ ਰੱਖ ਕੇ ਸਕੂਲ ਦਾ ਸਮਾਂ ਬਦਲਣ ਕਾਰਨ ਬੱਚਿਆਂ ਨੂੰ ਛੁੱਟੀ ਹੋਣ 'ਤੇ ਸਕੂਲੋਂ ਖ਼ੁਦ ਲੈ ਕੇ ਜਾਣ ਦੀ ਪ੍ਰੇਸ਼ਾਨੀ ਦਾ 'ਹੱਲ' ਪ੍ਰਸ਼ਾਸਨ ਨੇ ਸਕੂਲ ਵਿਚ ਛੁੱਟੀ ਕਰ ਕੇ ਕੱਢ ਲਿਆ। ਇਸ ਭਾਸ਼ਣ ਨੂੰ ਇਮਤਿਹਾਨਾਂ ਦਾ ਸਵਾਲ ਬਣਾ ਕੇ ਭਾਸ਼ਣ ਪੂਰੇ ਗ਼ੌਰ ਨਾਲ ਸੁਣਨ ਦੀ ਤਾਕੀਦ ਕਰ ਦਿੱਤੀ ਗਈ। ਇਸ ਸਕੂਲ ਦੇ ਪ੍ਰਿੰਸੀਪਲ ਅਨੁਸਾਰ, 'ਅੱਜਕੱਲ੍ਹ ਵਿਦਿਆਰਥੀ ਸਿਰਫ਼ ਇਮਤਿਹਾਨਾਂ ਤੇ ਨੰਬਰਾਂ ਦੀ ਭਾਸ਼ਾ ਹੀ ਸਮਝਦੇ ਹਨ।'

ਮੁਲਕ ਦੇ ਇਤਿਹਾਸ ਵਿਚ ਇਹ ਪਹਿਲੀ ਦਫ਼ਾ ਹੋਇਆ ਕਿ ਇਕ ਸਦਰ-ਏ-ਹਕੂਮਤ ਵਲੋਂ ਆਪਣਾ ਭਾਸ਼ਣ ਧੱਕੇ ਨਾਲ ਬੱਚਿਆਂ ਨੂੰ ਸੁਣਾਉਣ ਦੀ ਮਨਮਾਨੀ ਰਾਹੀਂ ਬੱਚਿਆਂ ਦੇ ਹੱਕਾਂ ਬਾਰੇ ਕੌਮਾਂਤਰੀ ਕਨਵੈਨਸ਼ਨ ਦੀ ਬੇਖ਼ੌਫ਼ ਹੋ ਕੇ ਉਲੰਘਣਾ ਕੀਤੀ ਗਈ ਜੋ ਕਹਿੰਦੀ ਹੈ ਕਿ ਬੱਚਿਆਂ ਨੂੰ ਆਪਣੀ ਰਾਇ ਆਪ ਬਣਾਉਣ ਤੇ ਰੱਖਣ ਦਾ ਹੱਕ ਹੈ। ਉਨ੍ਹਾਂ ਤੋਂ ਇਹ ਲਾਜ਼ਮੀ ਪੁੱਛਿਆ ਜਾਣਾ ਚਾਹੀਦਾ ਹੈ ਕਿ ਕੀ ਉਹ ਸਕੂਲ ਟਾਈਮ ਤੋਂ ਪਿੱਛੋਂ ਦੀ ਅਜਿਹੀ ਕਿਸੇ ਗ਼ੈਰ-ਤਾਲੀਮੀ ਸਰਗਰਮੀ ਵਿਚ ਹਿੱਸਾ ਲੈਣਾ ਚਾਹੁੰਣਗੇ ਜਾਂ ਨਹੀਂ? ਇਹ ਫਰਮਾਨ ਭਾਵੇਂ ਸਵਾਲਾਂ ਦੇ ਘੇਰੇ ਵਿਚ ਆ ਜਾਣ ਕਾਰਨ ਮਨੁੱਖੀ ਵਿਕਾਸ ਮੰਤਰਾਲੇ ਨੇ ਮੂੰਹ-ਜ਼ਬਾਨੀ ਇਹ ਸਫ਼ਾਈ ਪੇਸ਼ ਕੀਤੀ ਕਿ ਮੋਦੀ ਦਾ ਭਾਸ਼ਣ ਸੁਣਨਾ ਸਕੂਲਾਂ ਅਤੇ ਬੱਚਿਆਂ ਲਈ ਬੰਦਸ਼ ਦਾ ਸਵਾਲ ਨਹੀਂ, ਇਸ ਵਿਚ ਨਿਰੋਲ ਸਵੈ-ਇੱਛਾ ਨਾਲ ਸ਼ਾਮਲ ਹੋਇਆ ਜਾਵੇਗਾ ਪਰ ਇਸ ਦੇ ਨਾਲੋ-ਨਾਲ ਅਥਾਰਟੀਜ਼ ਵਲੋਂ ਸਾਰੇ ਸਕੂਲਾਂ ਨੂੰ ਇਨ੍ਹਾਂ ਹੁਕਮਾਂ ਦੀ ਤਾਮੀਲ ਦੀ ਸਟੇਟਸ ਰਿਪੋਰਟ 2 ਸਤੰਬਰ ਤਕ ਦੇਣ ਅਤੇ ਇਸ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਉਪਰੋਂ ਕਿਸੇ ਵੀ ਵਕਤ ਚਾਣਚੱਕ ਚੈਕਿੰਗ ਲਈ ਤਿਆਰ ਰਹਿਣ ਦੀ ਤਲਵਾਰ ਸਕੂਲਾਂ ਉਪਰ ਲਟਕਾ ਦਿੱਤੀ ਗਈ। ਸਰਕਾਰੀ ਸਕੂਲਾਂ ਦੇ ਕਈ ਜਾਗਰੂਕ ਅਧਿਆਪਕਾਂ ਵਲੋਂ ਬੇਸ਼ੱਕ ਇਸ ਦਾ ਤਿੱਖਾ ਵਿਰੋਧ ਵੀ ਕੀਤਾ ਗਿਆ ਅਤੇ ਇਸ ਦੇ ਖ਼ਿਲਾਫ਼ ਬਹੁਤ ਥਾਂਈਂ ਰੋਸ ਵੀ ਪ੍ਰਗਟਾਏ ਗਏ। ਦਿੱਲੀ ਦੀਆਂ ਯੂਨੀਵਰਸਿਟੀਆਂ ਸਮੇਤ ਪੂਰੇ ਮੁਲਕ ਦੇ 97 ਉਚ ਸਿਖਿਆ ਵਿਗਿਆਨੀਆਂ, ਪ੍ਰੋਫੈਸਰਾਂ ਅਤੇ ਸਮਾਜੀ ਸਰੋਕਾਰ ਰੱਖਣ ਵਾਲੇ ਬੁੱਧੀਜੀਵੀਆਂ ਨੇ ਇਸ ਜ਼ਬਰਦਸਤੀ ਦੇ ਖਿਲਾਫ ਸਾਂਝਾ ਖੁੱਲ੍ਹਾ ਖ਼ਤ ਲਿਖ ਕੇ ਰੋਸ ਪ੍ਰਗਟਾਇਆ ਕਿ 'ਪ੍ਰਧਾਨ ਮੰਤਰੀ ਮੁਲਕ ਦੇ ਅਧਿਆਪਕਾਂ ਦਾ ਮੁਖੀ ਨਹੀਂ ਹੈ ਅਤੇ ਉਸ ਨੂੰ ਬੱਚਿਆਂ ਨੂੰ ਉਨ੍ਹਾਂ ਦੇ ਰਹਿਮ 'ਤੇ ਛੱਡ ਦੇਣਾ ਚਾਹੀਦਾ ਹੈ'; ਪਰ ਮੋਦੀ ਹਕੂਮਤ ਨੇ ਇਸ ਕੁਲ ਜਾਇਜ਼ ਵਿਰੋਧ ਨੂੰ ਗੌਲਿਆ ਤਕ ਨਹੀਂ।

ਸੱਤਾ ਦੇ ਗ਼ਰੂਰ 'ਚ ਹਿੰਦੂਤਵਵਾਦੀ ਹੁਕਮਰਾਨਾਂ ਨੂੰ ਤਾਂ ਇਹ ਪ੍ਰਵਾਹ ਵੀ ਨਹੀਂ ਸੀ ਕਿ 'ਅਧਿਆਪਕ ਦਿਵਸ' ਨਿਰੋਲ ਅਧਿਆਪਕ ਭਾਈਚਾਰੇ ਦਾ ਖ਼ਾਸ ਦਿਨ ਹੈ। ਇਕ ਪ੍ਰਧਾਨ ਮੰਤਰੀ ਵਲੋਂ ਇਸ ਨੂੰ ਆਪਣਾ ਭਾਸ਼ਣ ਸੁਣਾਉਣ ਲਈ ਅਗਵਾ ਕਰ ਲੈਣ ਦਾ ਮਤਲਬ ਹੈ ਇਸ ਮੁਲਕ ਦੇ 50 ਲੱਖ ਅਧਿਆਪਕਾਂ ਕੋਲੋਂ ਇਸ ਦਿਨ ਦੇ ਖ਼ਾਸ ਹਕੂਕ ਖੋਹ ਲੈਣਾ। ਕੁਲ ਆਲਮ ਦੇ ਤਰਕ-ਸ਼ਾਸਤਰ ਦੀ ਕੋਈ ਵੀ ਦਲੀਲ ਕਿਸੇ ਮੁਲਕ ਦੇ ਪ੍ਰਧਾਨ ਮੰਤਰੀ ਵਲੋਂ ਇਸ ਦਿਨ ਨੂੰ ਅਗਵਾ ਕਰ ਲੈਣ ਦੀ ਬੇਹੂਦਗੀ ਅਤੇ ਅਧਿਆਪਕ ਭਾਈਚਾਰੇ ਦੀ ਸਪੇਸ ਉਪਰ ਧੌਂਸ ਨੂੰ ਜਾਇਜ਼ ਨਹੀਂ ਠਹਿਰਾ ਸਕਦੀ। ਇਸ ਦੇ ਵਿਰੋਧ 'ਚ ਪੂਰੀ ਤਰ੍ਹਾਂ ਵਾਜਬ ਦਲੀਲ ਇਹ ਬਣਦੀ ਹੈ ਕਿ ਮੋਦੀ ਨੇ ਆਪਣਾ ਭਾਸ਼ਣ ਟੀ.ਵੀ. ਪ੍ਰਸਾਰਨ ਰਾਹੀਂ ਪੂਰੇ ਮੁਲਕ ਨੂੰ ਸੁਣਾਉਣ ਦਾ ਰਸਤਾ ਕਿਉਂ ਨਹੀਂ ਚੁਣਿਆ। ਉਸ ਨੂੰ ਪਤਾ ਹੈ ਕਿ ਉਸ ਦੇ ਫਰੇਬੀ ਦਾਅਵਿਆਂ ਤੇ ਲਾਰਿਆਂ ਦਾ ਜਾਦੂ ਹੁਣ ਕਾਟ ਨਹੀਂ ਕਰ ਸਕਦਾ। (ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਵਲੋਂ ਮੋਦੀ ਦੀ ਘਟ ਰਹੀ ਹਰਮਨ-ਪਿਆਰਤਾ ਦਾ ਇਕਬਾਲ ਇਸ ਦੀ ਹਾਲੀਆ ਤਸਦੀਕ ਹੈ); ਪਰ ਮੋਦੀ ਉਪਰ ਤਾਂ ਕੁਲ ਆਲਮ ਦੇ ਤਾਨਾਸ਼ਾਹ ਓਬਾਮਾ ਦੀ ਨਕਲ ਕਰ ਕੇ ਸਕੂਲਾਂ ਨੂੰ ਮੁਖ਼ਾਤਬ ਹੋਣ ਦਾ ਭੂਤ ਸਵਾਰ ਸੀ। ਇਸ ਰੀਸ ਨੂੰ ਅੰਜਾਮ ਦੇਣ ਦੀ ਧੁੱਸ 'ਚ ਉਹ ਇਹ ਵੀ ਭੁੱਲ ਗਿਆ ਕਿ ਅਮਰੀਕਾ ਦੇ ਰਾਸ਼ਟਰਪਤੀ ਦਾ ਸੰਵਿਧਾਨਕ ਦਰਜਾ ਅਤੇ ਉਸ ਦੀ ਭੂਮਿਕਾ ਹਿੰਦੁਸਤਾਨ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਤੇ ਸੰਵਿਧਾਨਕ ਭੂਮਿਕਾ ਤੋਂ ਬਿਲਕੁਲ ਵੱਖਰੇ ਹਨ। 'ਅਧਿਆਪਕ ਦਿਵਸ' ਨੂੰ ਅਗਵਾ ਕਰਨਾ ਤਾਂ ਹੋਰ ਵੀ ਬੇਹੂਦਗੀ ਹੈ।

*ਮੁਲਕ ਦੇ ਇਤਿਹਾਸ ਵਿਚ ਇਹ ਪਹਿਲੀ ਦਫ਼ਾ ਹੋਇਆ ਕਿ ਇਕ ਸਦਰ-ਏ-ਹਕੂਮਤ ਵਲੋਂ ਆਪਣਾ ਭਾਸ਼ਣ ਧੱਕੇ ਨਾਲ ਬੱਚਿਆਂ ਨੂੰ ਸੁਣਾਉਣ ਦੀ ਮਨਮਾਨੀ ਰਾਹੀਂ ਬੱਚਿਆਂ ਦੇ ਹੱਕਾਂ ਬਾਰੇ ਕੌਮਾਂਤਰੀ ਕਨਵੈਨਸ਼ਨ ਦੀ ਬੇਖ਼ੌਫ਼ ਹੋ ਕੇ ਉਲੰਘਣਾ ਕੀਤੀ ਗਈ ਜੋ ਕਹਿੰਦੀ ਹੈ ਕਿ ਬੱਚਿਆਂ ਨੂੰ ਆਪਣੀ ਰਾਇ ਆਪ ਬਣਾਉਣ ਤੇ ਰੱਖਣ ਦਾ ਹੱਕ ਹੈ। ਉਨ੍ਹਾਂ ਤੋਂ ਇਹ ਲਾਜ਼ਮੀ ਪੁੱਛਿਆ ਜਾਣਾ ਚਾਹੀਦਾ ਹੈ ਕਿ ਕੀ ਉਹ ਸਕੂਲ ਟਾਈਮ ਤੋਂ ਪਿੱਛੋਂ ਦੀ ਅਜਿਹੀ ਕਿਸੇ ਗ਼ੈਰ-ਤਾਲੀਮੀ ਸਰਗਰਮੀ ਵਿਚ ਹਿੱਸਾ ਲੈਣਾ ਚਾਹੁੰਣਗੇ ਜਾਂ ਨਹੀਂ?*




ਮੋਦੀ ਦਾ 'ਗੁਰੂ ਮਹਾਂ-ਉਤਸਵ' ਭਾਸ਼ਣ ਉਨ੍ਹਾਂ ਸਰਕਾਰੀ ਸਕੂਲਾਂ ਅਤੇ ਉਨ੍ਹਾਂ ਦੇ ਅਧਿਆਪਕਾਂ ਤੇ ਬੱਚਿਆਂ ਲਈ ਕੀ ਮਾਇਨੇ ਰੱਖਦਾ ਹੈ ਜਿਥੇ ਏਸਰ (ਐਨੂਅਲ ਸਟੇਟਸ ਆਫ ਐਜੂਕੇਸ਼ਨ ਰਿਪੋਰਟ) ਦੇ ਸਰਵੇਖਣ ਅਨੁਸਾਰ ਤੀਜੀ ਜਮਾਤ ਦੇ ਮਹਿਜ਼ 32.6 ਫ਼ੀਸਦੀ ਬੱਚੇ ਹੀ ਪਹਿਲੀ ਜਮਾਤ ਦੇ ਪਾਠਕ੍ਰਮ ਦੀਆਂ ਕਿਤਾਬਾਂ ਪੜ੍ਹਨ ਦੇ ਕਾਬਲ ਹਨ। ਜਿਥੇ ਪੰਜਵੀਂ ਜਮਾਤ ਦੇ ਮਹਿਜ਼ 20 ਫ਼ੀਸਦੀ ਬੱਚੇ ਹੀ ਜ਼ਰਬ ਦੇ ਸਵਾਲ ਅਤੇ ਤੀਜੀ ਜਮਾਤ ਦੇ ਮਹਿਜ਼ 18.9 ਫ਼ੀਸਦੀ ਬੱਚੇ ਹੀ ਘਟਾਓ ਦੇ ਸਾਧਾਰਨ ਸਵਾਲ ਹੱਲ ਕਰਨ ਦੇ ਕਾਬਲ ਹਨ। ਜਿਥੇ ਬੱਚਿਆਂ ਦਾ ਭਵਿੱਖ ਸਿਰਜਣ ਲਈ ਲਗਾਏ 'ਗੁਰੂ' ਮਰਦਮ-ਸ਼ੁਮਾਰੀਆਂ ਕਰਨ, ਪੋਲੀਓ ਦੀਆਂ ਬੂੰਦਾਂ ਪਿਆਉਣ, ਦੁਪਹਿਰ ਦੇ ਖਾਣੇ ਵਰਗੀਆਂ ਸ਼ੋਸ਼ੇਬਾਜ਼ ਸਕੀਮਾਂ ਲਾਗੂ ਕਰਨ ਅਤੇ ਚੋਣਾਂ ਕਰਵਾਉਣ ਵਾਲੇ ਕਾਰਿੰਦੇ ਬਣ ਕੇ ਰਹਿ ਗਏ ਹਨ।

ਖ਼ੈਰ! ਮੋਦੀ ਦਾ 'ਗੁਰੂ ਮਹਾਂ-ਉਤਸਵ' ਭਾਸ਼ਣ ਬੱਚਿਆਂ ਨੂੰ ਅਧਿਆਪਕ ਦਾ ਪੁਰਾਤਨ 'ਗੁਰੂ' ਵਾਲਾ ਮਾਣ-ਤਾਣ ਅਤੇ ਸਮਾਜੀ ਜ਼ਿੰਦਗੀ ਵਿਚ ਅਧਿਆਪਕ ਦੀ ਅਹਿਮੀਅਤ ਪਛਾਨਣ, ਅਧਿਆਪਕ ਦਾ ਸਤਿਕਾਰ ਬਹਾਲ ਕਰਨ, ਅਧਿਆਪਨ ਨੂੰ ਮਹਾਨ ਤੇ ਸਤਿਕਾਰਤ ਕਿੱਤੇ ਵਜੋਂ ਚੁਣਨ, ਬੱਚਿਆਂ ਨੂੰ ਮਨਪਸੰਦ ਸ਼ਖ਼ਸੀਅਤਾਂ ਦੀਆਂ ਜੀਵਨੀਆਂ ਪੜ੍ਹਨ, ਜਪਾਨ ਦੇ ਨਮੂਨੇ 'ਤੇ ਸਕੂਲਾਂ ਦੀ ਸਫ਼ਾਈ ਬੱਚਿਆਂ ਤੇ ਅਧਿਆਪਕਾਂ ਵਲੋਂ ਮਿਲ ਕੇ ਕਰਨ, ਸਾਰੇ ਪੜ੍ਹੇ-ਲਿਖੇ ਸਾਬਕਾ ਅਫ਼ਸਰਾਂ ਨੂੰ ਹਫ਼ਤੇ ਵਿਚ ਕਿਤੇ ਨਾ ਕਿਤੇ ਵਿਦਿਆਰਥੀਆਂ ਦਾ ਇਕ ਪੀਰੀਅਡ ਲਾਜ਼ਮੀ ਲਾਉਣ ਦੀਆਂ ਮੱਤਾਂ ਦੇਣ, ਸਾਰੇ ਅਧਿਆਪਕਾਂ ਨੂੰ ਆਪਣੇ ਵਲੋਂ ਸਲਾਮ ਕਹਿਣ ਤੇ ਸ਼ੁਭ-ਇੱਛਾਵਾਂ ਦੇਣ ਦੀ ਰਸਮੀ ਕਵਾਇਦ ਤੋਂ ਅੱਗੇ ਨਹੀਂ ਗਿਆ। ਉਸ ਨੇ ਉਨ੍ਹਾਂ ਪੌਣੇ ਚੌਦਾਂ ਲੱਖ ਬੱਚਿਆਂ ਬਾਰੇ ਇਕ ਲਫ਼ਜ਼ ਵੀ ਨਹੀਂ ਉਚਰਿਆ ਜਿਨ੍ਹਾਂ ਲਈ ਇਸ ਮੁਲਕ 'ਚ ਕੋਈ ਸਕੂਲ ਹੀ ਨਹੀਂ। ਯੂਨੈਸਕੋ ਦੀ ਹਾਲੀਆ ਰਿਪੋਰਟ ਅਨੁਸਾਰ ਕੁਲ ਆਲਮ ਦੇ 6 ਤੋਂ 11 ਸਾਲ ਦੀ ਉਮਰ ਦੇ ਸਕੂਲੀ ਪੜ੍ਹਾਈ ਤੋਂ ਪੂਰੀ ਤਰ੍ਹਾਂ ਮਹਿਰੂਮ 5 ਕਰੋੜ 78 ਲੱਖ ਬੱਚਿਆਂ ਵਿਚੋਂ 13 ਲੱਖ 80 ਹਜ਼ਾਰ ਉਸ ਮੁਲਕ ਵਿਚ ਹਨ ਜਿਸ ਦਾ ਪ੍ਰਧਾਨ ਮੰਤਰੀ ਸ੍ਰੀਮਾਨ ਮੋਦੀ ਹੈ। (ਹਿੰਦੁਸਤਾਨ ਟਾਈਮਜ਼ 13 ਜੁਲਾਈ 2014) ਪੂਰੇ ਮੁਲਕ ਦੀ ਸਿੱਖਿਆ ਪ੍ਰਣਾਲੀ ਦਾ ਬੇੜਾ ਗ਼ਰਕ ਕਰਨ ਵਾਲੇ ਕਾਰਪੋਰੇਟ ਵਿਕਾਸ ਮਾਡਲ (ਉਦਾਰੀਕਰਨ-ਨਿੱਜੀਕਰਨ-ਆਲਮੀਕਰਨ) ਦੀਆਂ ਨੀਤੀਆਂ ਦੀ ਤਬਾਹਕੁਨ ਭੂਮਿਕਾ ਨੂੰ ਪੂਰੀ ਚਲਾਕੀ ਨਾਲ ਦਰਕਿਨਾਰ ਕਰ ਕੇ ਉਸ ਨੇ ਸਾਰਾ ਇਲਜ਼ਾਮ ਮੁਲਕ ਦੇ ਲੋਕਾਂ ਸਿਰ ਮੜ੍ਹ ਦਿੱਤਾ, ਜਿਨ੍ਹਾਂ ਨੂੰ ਹੁਣ 'ਗੁਰੂ' ਦੀ ਕਦਰ ਕਰਨੀ ਨਹੀਂ ਆਉਂਦੀ। ਆਪਣੇ 15 ਅਗਸਤ ਦੇ ਭਾਸ਼ਣ ਵਿਚ ਇਸ ਸਾਲ ਦੇ ਅੰਤ ਤਾਈਂ ਸਾਰੇ ਸਕੂਲਾਂ ਵਿਚ ਕੁੜੀਆਂ ਲਈ ਪਖ਼ਾਨਿਆਂ ਦਾ ਇੰਤਜ਼ਾਮ ਕਰਨ ਸਬੰਧੀ ਕੀਤੇ ਆਪਣੇ ਵਾਅਦੇ ਨੂੰ ਦੁਹਰਾਉਂਦੇ ਹੋਏ ਉਹ ਇਹ ਪ੍ਰਭਾਵ ਦੇ ਰਿਹਾ ਸੀ ਜਿਵੇਂ ਪਖ਼ਾਨਿਆਂ ਦੀ ਅਣਹੋਂਦ ਹੀ ਸਿੱਖਿਆ ਪ੍ਰਣਾਲੀ ਅੱਗੇ ਇਕੋ-ਇਕ ਸਮੱਸਿਆ ਹੋਵੇ। ਉਸ ਦੇ ਭਾਸ਼ਣ ਵਿਚ ਇਸ ਮੁਲਕ ਦੀ ਸਿੱਖਿਆ ਨੂੰ ਦਰਪੇਸ਼ ਇਕ ਵੀ ਮਸਲੇ ਦਾ ਸੰਜੀਦਾ ਜ਼ਿਕਰ ਅਤੇ ਇਸ ਦਾ ਕੋਈ ਠੋਸ ਪੂਰੀ ਤਰ੍ਹਾਂ ਨਦਾਰਦ ਸੀ। ਉਸ ਦੇ ਬੋਲਾਂ ਵਿਚੋਂ ਇਕੋ ਗੱਲ ਝਲਕਦੀ ਸੀ ਜਿਵੇਂ ਵਿਦੇਸ਼ੀ ਦੌਰਿਆਂ, ਖ਼ਾਸ ਕਰ ਕੇ ਜਪਾਨ ਫੇਰੀ ਤੋਂ ਉਹ ਕੋਈ ਜਾਦੂ ਦੀ ਛੜੀ ਲੱਭ ਲਿਆਇਆ ਹੋਵੇ ਜਿਸ ਦੀ ਮਦਦ ਨਾਲ ਉਹ ਝੱਟਪੱਟ ਸਿਖਿਆ ਅਤੇ ਅਧਿਆਪਕਾਂ ਦੇ ਮਾਣ-ਤਾਣ ਨੂੰ ਨਿਘਾਰ ਦੇ ਪਤਾਲ ਵਿੱਚੋਂ ਧੂਹ ਕੇ ਅੰਬਰੀ ਬੁਲੰਦੀਆਂ 'ਤੇ ਪਹੁੰਚਾ ਦੇਵੇਗਾ। ਸੱਚੀ ਹੀ ਮੋਦੀ ਦੇ 'ਥਿੰਕ-ਟੈਂਕ' ਨੂੰ ਹਿਟਲਰਨੁਮਾ 'ਰਾਸ਼ਟਰਵਾਦੀ' ਭਾਸ਼ਣ ਉਸ ਦੇ ਮੂੰਹੋਂ ਕਢਵਾਉਣ ਲਈ ਕਿੰਨੀ ਮਗਜ਼-ਖਪਾਈ ਕਰਨੀ ਪੈ ਰਹੀ ਹੈ ਤੇ ਕਿੰਨੇ ਪਾਪੜ ਵੇਲਣੇ ਪੈ ਰਹੇ ਹਨ!

# ਸਾਰੇ ਆਦਿਵਾਸੀ ਹੀ ਨਕਸਲੀ?

ਹਿੰਦੁਸਤਾਨ ਦੇ ਨਵੇਂ ਚੀਫ਼ ਜਸਟਿਸ ਬਣਨ ਵਾਲੇ ਜਸਟਿਸ ਐਚ.ਐਲ. ਦੱਤੂ ਨੇ ਇਸ ਮੁਲਕ ਦੇ ਨਿਆਂ ਪ੍ਰਬੰਧ ਨੂੰ ਕੁਲ ਦੁਨੀਆਂ ਦਾ ਸਭ ਤੋਂ ਸ੍ਰੇਸ਼ਟ ਨਿਆਂ ਪ੍ਰਬੰਧ ਦੱਸਿਆ ਹੈ ਅਤੇ ਇਸ ਨੂੰ ਬੁਲੰਦੀਆਂ 'ਤੇ ਲਿਜਾਣ ਦੀ ਵਚਨਬੱਧਤਾ ਜ਼ਾਹਿਰ ਕੀਤੀ ਹੈ। ਇਸ ਨਿਆਂ ਪ੍ਰਬੰਧ ਬਾਰੇ ਕਿਹਾ ਤਾਂ ਇਹ ਜਾਂਦਾ ਹੈ ਕਿ ਇਥੇ ਚਾਹੇ ਗੁਨਾਹਗਾਰ ਨੂੰ ਦੇਰ ਨਾਲ ਸਜ਼ਾ ਮਿਲੇ, ਪਰ ਕਿਸੇ ਬੇਕਸੂਰ ਨੂੰ ਸਜ਼ਾ ਨਹੀਂ ਮਿਲਣੀ ਚਾਹੀਦੀ। ਉਂਜ ਵਿਹਾਰਕ ਪੱਧਰ 'ਤੇ ਹਾਲਾਤ ਇਸ ਤੋਂ ਐਨ ਉਲਟ ਹਨ।

ਸੰਜੇ ਸਵਦੇਸ਼
ਅਨੁਵਾਦ: ਬੂਟਾ ਸਿੰਘ

ਕਸੂਰਵਾਰ ਪੈਸੇ ਅਤੇ ਪਹੁੰਚ ਦੇ ਜ਼ੋਰ ਕਾਨੂੰਨੀ ਅਮਲ ਅੰਦਰ ਅਜਿਹੇ ਦਾਅ-ਪੇਚ ਖੇਡਦੇ ਹਨ ਕਿ ਉਹ ਛੇਤੀ ਹੀ ਬਾਹਰ ਆ ਜਾਂਦੇ ਹਨ। ਇਸ ਦੇ ਉਲਟ ਬੇਸ਼ੁਮਾਰ, ਬੇਕਸੂਰ ਲੋਕ ਜੇਲ੍ਹ ਦੀਆਂ ਸੀਖਾਂ ਪਿੱਛੇ ਆਪਣੀ ਪੇਸ਼ੀ ਦਾ ਇੰਤਜ਼ਾਰ ਕਰਦਿਆਂ ਵਰ੍ਹਿਆਂ ਦੇ ਵਰ੍ਹੇ ਗੁਜ਼ਾਰ ਜਾਂਦੇ ਹਨ। ਕਈ ਵਾਰ ਇੰਵ ਹੋਇਆ ਕਿ ਜਦੋਂ ਤਾਈਂ ਅਦਾਲਤ ਦਾ ਫ਼ੈਸਲਾ ਆਉਂਦਾ ਹੈ, ਉਦੋਂ ਤਾਈਂ ਇਨਸਾਨ ਬੇਕਸੂਰ ਹੀ ਜੇਲ੍ਹ ਵਿਚ ਬੰਦ ਰਹਿੰਦਾ ਹੈ, ਜਾਂ ਫਿਰ ਜਿੰਨੀ ਸਜ਼ਾ ਉਸ ਨੂੰ ਦਿੱਤੀ ਗਈ, ਉਸ ਤੋਂ ਕਿਤੇ ਵੱਧ ਵਰ੍ਹੇ ਜੇਲ੍ਹ ਵਿਚ ਗੁਜ਼ਾਰ ਚੁੱਕਾ ਹੁੰਦਾ ਹੈ।

ਹਾਲ ਹੀ ਵਿਚ 'ਫਾਈਟ ਫਾਰ ਹਿਊਮੈਨ ਰਾਈਟਸ ਸੁਸਾਇਟੀ' ਦੀ ਲੋਕ ਹਿੱਤ ਪਟੀਸ਼ਨ ਉਪਰ ਸੁਣਵਾਈ ਕਰਦੇ ਹੋਏ ਸੁਪਰੀਮ ਕੋਰਟ ਨੇ ਬਗੈਰ ਸੁਣਵਾਈ ਦੇ ਸੂਚੀਦਰਜ ਜਾਤਾਂ/ਸੂਚੀਦਰਜ ਕਬੀਲਿਆਂ ਦੇ ਜੇਲ੍ਹਾਂ ਵਿਚ ਬੰਦ 31 ਹਜ਼ਾਰ ਵਿਚਾਰ ਅਧੀਨ ਕੈਦੀਆਂ ਦੇ ਮਾਮਲੇ ਨੂੰ ਗੰਭੀਰ ਮਸਲਾ ਦੱਸਿਆ ਹੈ।

ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਕਿਹਾ ਕਿ ਇਸ ਮਸਲੇ ਦੇ ਹੱਲ ਲਈ ਸਾਰੇ ਸੂਬਿਆਂ ਦੇ ਗ੍ਰਹਿ ਸਕੱਤਰਾਂ ਦੀ ਛੇ ਹਫ਼ਤੇ ਦੇ ਅੰਦਰ ਮੀਟਿੰਗ ਬੁਲਾਈ ਜਾਵੇ। ਨਾਲ ਹੀ ਅਦਾਲਤ ਨੇ ਇਹ ਵੀ ਕਿਹਾ ਹੈ ਕਿ ਮੂਕ ਦਰਸ਼ਕ ਬਣੇ ਰਹਿਣ ਦੀ ਬਜਾਏ ਕੇਂਦਰ ਸਰਕਾਰ ਨੂੰ ਕੇਂਦਰੀ ਏਜੰਸੀ ਦੇ ਰੂਪ 'ਚ ਕੰਮ ਕਰ ਕੇ ਸੂਬਿਆਂ ਨਾਲ ਗੱਲ ਕਰਨੀ ਚਾਹੀਦੀ ਹੈ। ਅੱਜ ਹਿੰਦੁਸਤਾਨ ਦੀ ਆਜ਼ਾਦੀ ਦੇ 68 ਸਾਲ ਬਾਅਦ ਵੀ ਇਨਸਾਫ਼ ਦਾ ਅਮਲ ਇੰਨਾ ਸਹਿਜ ਨਹੀਂ ਬਣ ਸਕਿਆ ਕਿ ਪੈਸੇ ਤੇ ਪਹੁੰਚ ਤੋਂ ਬਗੈਰ ਆਮ ਆਦਮੀ ਨੂੰ ਸਮੇਂ ਸਿਰ ਨਿਆਂ ਮਿਲ ਸਕੇ। ਖ਼ੁਦ ਅਦਾਲਤ ਦੇ ਜੱਜ ਇਹ ਕਹਿ ਚੁੱਕੇ ਹਨ ਕਿ ਦੇਰ ਨਾਲ ਮਿਲਿਆ ਨਿਆਂ, ਅਨਿਆਂ ਹੁੰਦਾ ਹੈ।

ਛੱਤੀਸਗੜ੍ਹ ਹਕੂਮਤ ਵਲੋਂ ਆਦਿਵਾਸੀ ਮਾਮਲਿਆਂ ਲਈ ਬਣਾਈ ਨਿਰਮਲਾ ਬਰੁੱਚ ਕਮੇਟੀ ਨੇ ਦਰਜਨਾਂ ਮਾਮਲਿਆਂ ਵਿਚ ਹਕੂਮਤ ਨੂੰ ਉਨ੍ਹਾਂ ਕੈਦੀਆਂ ਦੀ ਜ਼ਮਾਨਤ ਦਾ ਵਿਰੋਧ ਨਾ ਕਰਨ ਦਾ ਸੁਝਾਅ ਦਿੱਤਾ ਹੈ ਜਿਨ੍ਹਾਂ ਵਿਚ ਗ਼ਰੀਬ ਆਦਿਵਾਸੀ ਦੋਸ਼ੀ ਮਾਮੂਲੀ ਰਕਮ ਦਾ ਇੰਤਜ਼ਾਮ ਨਾ ਕਰ ਸਕਣ ਕਾਰਨ ਜੇਲ੍ਹ ਵਿਚ ਸੜ ਰਹੇ ਹਨ। ਸ਼ਰਮਨਾਕ ਤਾਂ ਇਹ ਹੈ ਕਿ ਇਨ੍ਹਾਂ ਕੈਦੀਆਂ ਵਿਚ ਇਕ ਅਜਿਹੀ ਗ਼ਰੀਬ ਔਰਤ ਵੀ ਸ਼ਾਮਲ ਹੈ ਜੋ ਕਤਲ ਦੇ ਮਾਮਲੇ 'ਚ ਵਿਚਾਰ ਅਧੀਨ ਹੈ। ਵਿਚਾਰ ਅਧੀਨ ਹਾਲਤ 'ਚ ਹੀ ਉਹ ਦਸ ਵਰ੍ਹੇ ਜੇਲ੍ਹ ਵਿਚ ਰਹਿ ਚੁੱਕੀ ਹੈ। ਹੁਣ ਜੇ ਉਹ ਦੋਸ਼ ਮੁਕਤ ਵੀ ਹੋ ਜਾਵੇ ਤਾਂ ਉਸ ਦੇ ਅੱਗੇ ਕਿਹੜਾ ਭਵਿੱਖ ਬਚਿਆ ਹੈ?

ਅਜਿਹੇ ਮਾਮਲੇ ਸਿਰਫ਼ ਛੱਤੀਸਗੜ੍ਹ ਵਿਚ ਹੀ ਨਹੀਂ ਹਨ। ਸੂਚਨਾ ਅਧਿਕਾਰ ਤਹਿਤ ਛੱਤੀਸਗੜ੍ਹ ਦੀਆਂ ਜੇਲ੍ਹਾਂ ਵਿਚ ਨਕਸਲੀ ਮਾਮਲਿਆਂ ਦੇ 546 ਵਿਚਾਰ ਅਧੀਨ ਕੈਦੀ ਹਨ। ਇਨ੍ਹਾਂ ਵਿਚ 512 ਕੈਦੀ ਆਦਿਵਾਸੀ ਹਨ। ਦਾਂਤੇਵਾੜਾ ਜੇਲ੍ਹ ਵਿਚ ਨਕਸਲੀ ਮਾਮਲਿਆਂ ਦੇ 377 ਵਿਚਾਰ ਅਧੀਨ ਕੈਦੀ ਬੰਦ ਹਨ ਜਿਨ੍ਹਾਂ ਵਿਚੋਂ 372 ਕੈਦੀ ਆਦਿਵਾਸੀ ਹਨ। ਕਾਂਕੇਰ ਜੇਲ੍ਹ ਵਿਚ ਨਕਸਲੀ ਮਾਮਲਿਆਂ ਦੇ 144 ਵਿਚਾਰ ਅਧੀਨ ਕੈਦੀ ਬੰਦ ਹਨ ਜਿਨ੍ਹਾਂ ਵਿਚੋਂ 134 ਕੈਦੀ ਆਦਿਵਾਸੀ ਹਨ। ਦੁਰਗ ਜੇਲ੍ਹ ਵਿਚ ਨਕਸਲੀ ਮਾਮਲਿਆਂ ਦੇ 57 ਵਿਚਾਰ ਅਧੀਨ ਕੈਦੀ ਬੰਦ ਹਨ ਜਿਨ੍ਹਾਂ ਵਿਚੋਂ 51 ਕੈਦੀ ਆਦਿਵਾਸੀ ਹਨ। ਨਕਸਲਵਾਦ ਤੋਂ ਪ੍ਰਭਾਵਿਤ ਛੱਤੀਸਗੜ੍ਹ, ਮੱਧ ਪ੍ਰਦੇਸ਼, ਝਾਰਖੰਡ, ਉੜੀਸਾ ਅਤੇ ਪੱਛਮੀ ਬੰਗਾਲ ਵਰਗੇ ਸੂਬਿਆਂ ਦੀਆਂ ਜੇਲ੍ਹਾਂ ਵਿਚ ਬਗੈਰ ਸੁਣਵਾਈ ਹਜ਼ਾਰਾਂ ਆਦਿਵਾਸੀ ਬੰਦ ਹਨ।

ਸਵਾਲ ਹੈ ਕਿ ਆਖ਼ਿਰ ਸਮਾਜ ਦਾ ਇਹ ਹਿੱਸਾ ਆਪਣੇ ਮੌਲਿਕ ਹੱਕਾਂ ਦੇ ਸਵਾਲ ਤੋਂ ਐਨਾ ਵਾਂਝਾ ਕਿਉਂ ਰੱਖਿਆ ਗਿਆ ਹੈ। ਹਕੂਮਤ ਉਪਰ ਇਹ ਵੀ ਇਲਜ਼ਾਮ ਲੱਗਦਾ ਹੈ ਕਿ ਨਕਸਲੀ ਰਸੂਖ਼ ਵਾਲੇ ਖੇਤਰਾਂ ਦੇ ਆਦਿਵਾਸੀਆਂ ਨੂੰ ਤਾਂ ਇਹ ਵੀ ਨਹੀਂ ਦੱਸਿਆ ਜਾਂਦਾ ਕਿ ਉਨ੍ਹਾਂ ਨੂੰ ਕਿਸ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਇਕ ਸੰਕਟ ਬੋਲੀ ਦੀ ਜਾਣਕਾਰੀ ਦਾ ਹੈ। ਆਦਿਵਾਸੀ ਆਪਣੀ ਮਾਂ ਬੋਲੀ ਬੋਲਦੇ ਹਨ। ਉਹ ਗ੍ਰਿਫ਼ਤਾਰੀ ਦੇ ਵਕਤ ਜਾਂ ਅਦਾਲਤ ਵਿਚ ਆਪਣਾ ਪੱਖ ਸਹੀ ਤਰੀਕੇ ਨਾਲ ਅਦਾਲਤ ਨੂੰ ਸਮਝਾ ਨਹੀਂ ਸਕਦੇ ਅਤੇ ਅਦਾਲਤ ਵੀ ਉਨ੍ਹਾਂ ਨੂੰ ਸਮਝਣ ਦੀ ਸਿਰਦਰਦੀ ਨਹੀਂ ਲੈਂਦੀ।

ਇਨ੍ਹਾਂ ਆਦਿਵਾਸੀਆਂ ਨੂੰ ਨਾ ਤਾਂ ਉਨ੍ਹਾਂ ਦੀ ਬੋਲੀ ਸਮਝਣ ਵਾਲਾ ਵਕੀਲ ਮੁਹੱਈਆ ਕਰਵਾਇਆ ਜਾਂਦਾ ਹੈ ਅਤੇ ਨਾ ਹੀ ਅਦਾਲਤਾਂ ਵਿਚ ਅਜਿਹੇ ਅਨੁਵਾਦਕ ਮਿਲਦੇ ਹਨ ਜੋ ਆਦਿਵਾਸੀਆਂ ਦੀ ਭਾਸ਼ਾ ਦਾ ਅਨੁਵਾਦ ਕਰ ਕੇ ਜੱਜ ਸਾਹਿਬਾਨ ਨੂੰ ਉਨ੍ਹਾਂ ਦਾ ਪੱਖ ਸਮਝਾ ਸਕਣ। ਜੇਲ੍ਹਾਂ ਵਿਚ ਬੰਦ ਨਕਸਲੀ ਕੈਦੀਆਂ ਬਾਰੇ ਸਰਕਾਰੀ ਅੰਕੜਿਆਂ ਦੇ ਆਧਾਰ 'ਤੇ ਨਕਸਲੀ ਲਹਿਰ ਦੇ ਹਮਾਇਤੀ ਹਕੂਮਤ ਨੂੰ ਇਸ ਗੱਲ ਨੂੰ ਲੈ ਕੇ ਕਟਹਿਰੇ ਵਿਚ ਖੜ੍ਹਾ ਕਰਦੇ ਹਨ ਕਿ ਸਾਰੇ ਨਕਸਲੀ ਆਦਿਵਾਸੀ ਹਨ, ਜਾਂ ਫਿਰ ਆਦਿਵਾਸੀ ਹੀ ਨਕਸਲੀ ਹਨ।

ਦੂਜੇ ਪਾਸੇ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਕਹਿ ਰਹੇ ਹਨ ਕਿ ਨਕਸਲੀ ਮੁਲਕ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ ਹਨ। ਜੇਲ੍ਹ ਦੇ ਅੰਕੜੇ ਦੱਸਦੇ ਹਨ ਕਿ ਆਦਿਵਾਸੀ ਹੀ ਨਕਸਲੀ ਹਨ। ਇਸ ਦਾ ਮਤਲਬ ਇਹ ਬਣਦਾ ਹੈ ਕਿ ਸਭ ਤੋਂ ਵੱਡਾ ਖ਼ਤਰਾ ਇਸ ਮੁਲਕ ਦੇ ਆਦਿਵਾਸੀਆਂ ਨੂੰ ਹੀ ਹੈ। ਜਲ, ਜੰਗਲ, ਜ਼ਮੀਨ ਨੂੰ ਲੈ ਕੇ ਆਦਿਵਾਸੀ ਹਿੱਤਾਂ ਦੀ ਰਾਖੀ ਲਈ ਵਰ੍ਹਿਆਂ ਤੋਂ ਆਵਾਜ਼ ਉਠ ਰਹੀ ਹੈ। ਆਦਿਵਾਸੀਆਂ ਦੇ ਵਿਕਾਸ ਲਈ ਬਹੁ-ਕਰੋੜੀ ਯੋਜਨਾਵਾਂ ਦੀਆਂ ਰਕਮਾਂ ਖ਼ਰਚਣ ਤੋਂ ਬਾਅਦ ਵੀ ਉਨ੍ਹਾਂ ਦੀ ਜ਼ਿੰਦਗੀ ਦੇ ਹਾਲਾਤ ਨਹੀਂ ਬਦਲੇ।

ਵਿਚਾਰ-ਚਰਚਾ

# ਸਿੱਖ ਅਤੇ ਸਿੱਖੀ ਸਿਧਾਂਤ

***'ਪੰਜਾਬ ਟਾਈਮਜ਼' ਦੇ ਪਿਛਲੇ ਅੰਕਾਂ ਵਿਚ ਪਹਿਲਾਂ ਡਾ. ਬਲਕਾਰ ਸਿੰਘ ਦਾ ਅਕਾਲ ਤਖਤ ਬਾਰੇ ਅਤੇ ਫਿਰ ਰਾਜਬੀਰ ਕੌਰ ਢੀਂਡਸਾ ਦਾ ਸਿੱਖੀ ਵਿਚ ਆਏ ਨਿਘਾਰ ਬਾਰੇ ਲੇਖ ਛਾਪੇ ਗਏ ਸਨ। ਇਸੇ ਸਿਲਸਿਲੇ ਵਿਚ ਮਾਸਟਰ ਨਿਰਮਲ ਸਿੰਘ ਲਾਲੀ ਨੇ ਇਹ ਲੇਖ ਛਪਣ ਹਿਤ ਭੇਜਿਆ ਹੈ। ਅਜਿਹੀਆਂ ਲਿਖਤਾਂ ਆਪਣੇ ਪਾਠਕਾਂ ਤੱਕ ਪੁੱਜਦੀਆਂ ਕਰਨ ਦਾ ਇਕ ਹੀ ਮਕਸਦ ਹੈ ਕਿ ਅਸੀਂ ਆਪਣੇ ਗਿਰੇਵਾਨ ਅੰਦਰ ਝਾਕਦਿਆਂ, ਦੋ ਕਦਮ ਅੱਗੇ ਵਧ ਸਕੀਏ। ਇਸ ਨੁਕਤਾ-ਨਿਗ੍ਹਾ ਤੋਂ ਆਈਆਂ ਹੋਰ ਲਿਖਤਾਂ ਨੂੰ ਵੀ ਬਣਦੀ ਥਾਂ ਦਿੱਤੀ ਜਾਵੇਗੀ। ਬੱਸ, ਇਕ ਹੀ ਧਿਆਨ ਰਹੇ ਕਿ ਲਿਖਤ ਸੰਖੇਪ, ਸਰਲ ਅਤੇ ਸਪਸ਼ਟ ਹੋਵੇ। -ਸੰਪਾਦਕ***

ਮਾਸਟਰ ਨਿਰਮਲ ਸਿੰਘ ਲਾਲੀ
ਫੋਨ: 530-777-0955

ਸਿੱਖ ਇਸ ਵੇਲੇ ਜਿਹੜੀ ਦਸ਼ਾ ਵਿਚੋਂ ਲੰਘ ਰਹੇ ਹਨ, ਉਸ ਤੋਂ ਸਿੱਧ ਹੁੰਦਾ ਹੈ ਕਿ ਸਿੱਖ ਅਜੇ ਸਿੱਖੀ ਸਿਧਾਂਤਾਂ ਤੇ ਉਪਦੇਸ਼ਾਂ ਤੋਂ ਕੋਹਾਂ ਦੂਰ ਹਨ, ਕਿਉਂਕਿ ਜੇ ਸਿੱਖਾਂ ਨੇ ਗੁਰੂਆਂ ਦੇ ਦਿੱਤੇ ਸਿਧਾਂਤਾਂ ਤੇ ਉਪਦੇਸ਼ਾਂ ਨੂੰ ਆਪਣੇ ਜੀਵਨ ਦਾ ਆਧਾਰ ਬਣਾਇਆ ਹੁੰਦਾ ਤਾਂ ਸਿੱਖਾਂ ਦੀ ਇਹ ਦਸ਼ਾ ਨਾ ਹੁੰਦੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿੱਖ ਬੜੇ ਬਹਾਦਰ, ਮਿਹਨਤੀ ਤੇ ਗੈਰਤਮੰਦ ਹਨ। ਆਰਥਿਕ ਪੱਖੋਂ ਤੇ ਸਰੀਰਕ ਪੱਖੋਂ, ਭਾਵ ਖੇਡਾਂ ਦੇ ਖੇਤਰ ਵਿਚ ਬੜੀਆਂ ਮੱਲਾਂ ਮਾਰੀਆਂ ਹਨ, ਪਰ ਜ਼ਿੰਦਗੀ ਵਿਚ ਆਰਥਿਕ ਪੱਖ, ਭਾਵ ਜੀਵਨ ਪੱਧਰ ਹੀ ਸਭ ਕੁਝ ਨਹੀਂ ਹੁੰਦਾ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਵਿਦਿਆ ਤੇ ਰਾਜਨੀਤੀ ਦੇ ਖੇਤਰਾਂ ਵਿਚ ਸਿੱਖ ਚੰਗੀਆਂ ਪਦਵੀਆਂ 'ਤੇ ਬਿਰਾਜਮਾਨ ਹਨ, ਪਰ ਇਸ ਦੇ ਬਾਵਜੂਦ ਸਿੱਖ, ਦੁਨੀਆਂ ਵਿਚ ਆਪਣੀ ਕੋਈ ਵਿਸ਼ੇਸ਼ ਥਾਂ ਨਹੀਂ ਬਣਾ ਸਕੇ। ਦੁਨੀਆਂ ਵਿਚ ਤਾਂ ਕੀ, ਆਪਣੇ ਦੇਸ਼ ਭਾਰਤ ਵਿਚ ਸਿੱਖਾਂ ਦੀ ਕੀ ਦਸ਼ਾ ਹੈ? ਕੋਈ ਏਕਤਾ ਨਹੀਂ, ਸਾਰਾ ਪੰਥ ਵੱਖ-ਵੱਖ ਧੜਿਆਂ ਵਿਚ ਵੰਡਿਆ ਹੋਇਆ ਹੈ। ਕੀ ਏਕਤਾ ਤੋਂ ਬਿਨਾਂ ਕਿਸੇ ਵੀ ਮੰਜ਼ਿਲ ਜਾਂ ਕਿਸੇ ਨਿਸ਼ਾਨੇ ਦੀ ਪ੍ਰਾਪਤੀ ਹੋ ਸਕਦੀ ਹੈ?

ਸਿੱਖਾਂ ਵਿਚ ਅਨੁਸ਼ਾਸਨ ਦੀ ਘਾਟ ਹੈ ਅਤੇ ਇਹੀ ਸਿੱਖਾਂ ਦਾ ਵੱਡਾ ਦੁਖਾਂਤ ਹੈ। ਠੀਕ ਹੈ ਕਿ ਸਿੱਖਾਂ ਨੇ ਪਰਦੇਸਾਂ ਵਿਚ ਆ ਕੇ ਗੁਰੂਘਰਾਂ ਦੀਆਂ ਬੜੀਆਂ ਆਲੀਸ਼ਾਨ ਇਮਾਰਤਾਂ ਬਣਾਈਆਂ ਹਨ। ਸਿੱਖ ਗੁਰੂਘਰ ਜਾਂਦੇ ਹਨ, ਗੁਰਬਾਣੀ ਦਾ ਪਾਠ ਸੁਣਦੇ ਹਨ ਅਤੇ ਗੁਰੂਆਂ ਦੇ ਪ੍ਰਕਾਸ਼ ਉਤਸਵ, ਗੁਰਗੱਦੀ ਦਿਵਸ ਤੇ ਜੋਤੀ-ਜੋਤਿ ਸਮਾਉਣ ਦੇ ਦਿਹਾੜੇ ਭਾਰੀ ਉਤਸ਼ਾਹ ਅਤੇ ਸ਼ਾਨੋ-ਸ਼ੌਕਤ ਨਾਲ ਮਨਾਏ ਜਾਂਦੇ ਹਨ, ਪਰ ਕੀ ਸਿੱਖਾਂ ਨੇ ਗੁਰੂਆਂ ਦੇ ਉਪਦੇਸ਼ਾਂ ਨੂੰ ਆਪਣੇ ਜੀਵਨ ਦਾ ਹਿੱਸਾ ਬਣਾ ਲਿਆ ਹੈ? ਪ੍ਰਚਾਰ ਬਹੁਤ ਹੈ, ਧਾਰਮਿਕ ਆਗੂ ਵੀ ਬਥੇਰਾ ਪ੍ਰਚਾਰ ਕਰਦੇ ਹਨ, ਪਰ ਉਨ੍ਹਾਂ ਦਾ ਆਪਣਾ ਜੀਵਨ ਉਸ ਅਨੁਸਾਰ ਨਹੀਂ, ਭਾਵ ਉਨ੍ਹਾਂ ਦੀ ਕਹਿਣੀ ਤੇ ਕਰਨੀ ਇਕ ਨਹੀਂ। ਇਸ ਕਰ ਕੇ, ਸਿੱਖ ਹੀ ਸਿੱਖ ਦਾ ਦੁਸ਼ਮਣ ਬਣਿਆ ਬੈਠਾ ਹੈ। ਸਿੱਖਾਂ ਦੇ ਧੜੇ ਬਣੇ ਹੋਏ ਹਨ। ਅੱਜ ਦਾ ਸਿੱਖ ਇੰਨਾ ਸੁਆਰਥੀ ਤੇ ਪਦਾਰਥਵਾਦੀ ਹੋ ਗਿਆ ਹੈ ਕਿ ਗੁਰੂਆਂ ਦੀਆਂ ਕੀਤੀਆਂ ਕੁਰਬਾਨੀਆਂ ਨੂੰ ਭੁਲਾ ਬੈਠਾ ਹੈ। ਅਕਾਲੀ ਪਾਰਟੀ ਜਿਹੜੀ ਸਿੱਖਾਂ, ਭਾਵ ਪੰਥ ਦੀ ਦਰਦੀ ਮੰਨੀ ਜਾਂਦੀ ਸੀ, ਅੱਜ ਕੱਲ੍ਹ ਕੀ ਕਰ ਰਹੀ ਹੈ, ਇਹ ਕਿਸੇ ਪਾਸੋਂ ਵੀ ਛੁਪਿਆ ਹੋਇਆ ਨਹੀਂ। ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗ ਪਵੇ, ਤਾਂ ਖੇਤ ਦੀ ਰਾਖੀ ਕੌਣ ਕਰੇਗਾ?

ਜਿੰਨੀ ਦੇਰ ਸਿੱਖ ਗੁਰਬਾਣੀ ਅਨੁਸਾਰ ਆਪਣਾ ਜੀਵਨ ਨਹੀਂ ਗੁਜ਼ਾਰਦੇ, ਉਤਨੀ ਦੇਰ ਇਨ੍ਹਾਂ ਦਾ ਕੁਝ ਨਹੀਂ ਬਣ ਸਕਦਾ। ਕਿਸੇ ਵੀ ਨਿਸ਼ਾਨੇ ਦੀ ਪ੍ਰਾਪਤੀ ਲਈ ਸਿੱਖੀ ਸਰੂਪ ਤੇ ਸਿੱਖੀ ਕਿਰਦਾਰ ਬਣਾਉਣਾ ਜ਼ਰੂਰੀ ਹੈ। ਜੇ ਕੋਈ ਸਿੱਖ ਸਰੂਪ ਨਹੀਂ ਰੱਖ ਸਕਦਾ, ਘੱਟੋ-ਘੱਟ ਸਿੱਖੀ ਕਿਰਦਾਰ ਦਾ ਧਾਰਨੀ ਤਾਂ ਜ਼ਰੂਰ ਬਣੇ। ਸਿਧਾਂਤਾਂ ਤੇ ਉਪਦੇਸ਼ਾਂ ਦੀ ਗੱਲ ਤਾਂ ਦੂਰ ਦੀ ਹੈ, ਅਸੀਂ ਅਜੇ ਤੱਕ ਇਕ-ਦੂਜੇ ਨਾਲ ਵਿਹਾਰ ਕਰਨਾ ਵੀ ਨਹੀਂ ਸਿੱਖਿਆ ਕਿ ਵੱਡੇ-ਛੋਟੇ ਨਾਲ ਕਿਵੇਂ ਪੇਸ਼ ਆਉਣਾ ਹੈ। ਸਦੀਆਂ ਬੀਤ ਗਈਆਂ, ਗੁਰੂ ਜੀ ਨੇ ਫਰਮਾਇਆ ਸੀ,

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥

ਹਮਦਰਦੀ, ਦਇਆ, ਸਹਿਨਸ਼ੀਲਤਾ, ਸਬਰ, ਸੰਤੋਖ ਦੀ ਘਾਟ ਹੈ ਜੋ ਧਰਮ ਦਾ ਪਹਿਲਾ ਅਸੂਲ ਹੈ। ਗੁਰਬਾਣੀ ਵਿਚ ਹੰਕਾਰ ਨੂੰ ਸਭ ਤੋਂ ਭੈੜਾ ਸਮਝਿਆ ਹੈ। ਗੁਰੂ ਜੀ ਫ਼ਰਮਾਉਂਦੇ ਹਨ, "ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥" ਅਸੀਂ ਲੋਕ ਹੰਕਾਰ, ਈਰਖਾ ਤੇ ਨਫ਼ਰਤ ਦੀ ਅੱਗ ਵਿਚ ਸੜ ਰਹੇ ਹਾਂ। ਅੱਜ ਦਾ ਸਿੱਖ ਨੌਜਵਾਨ ਪਤਿਤ ਹੋ ਰਿਹਾ ਹੈ। ਪੰਜਾਬ ਵਿਚ ਨਸ਼ਿਆਂ ਦਾ ਹੜ੍ਹ ਵਗ ਰਿਹਾ ਹੈ। ਗੁਰੂ ਜੀ ਨੇ ਕਿਰਦਾਰ ਨੂੰ ਸਭ ਤੋਂ ਉਤਮ ਫ਼ਰਮਾਇਆ ਹੈ, ਪਰ ਆਚਰਨ ਪੱਖੋਂ ਅਸੀਂ ਦੇਖਦੇ ਹਾਂ, ਰੋਜ਼ ਬਲਾਤਕਾਰ ਹੁੰਦੇ ਹਨ ਅਤੇ ਨੇਤਾ ਪੈਸੇ ਦੇ ਘਪਲਿਆਂ ਵਿਚ ਫ਼ਸੇ ਪਏ ਹਨ। ਇਨ੍ਹਾਂ ਸਾਰੀਆਂ ਸਮੱਸਿਆਵਾਂ ਲਈ ਸਾਡੇ ਨੇਤਾ ਹੀ ਜ਼ਿੰਮੇਵਾਰ ਹਨ। ਜਿਨ੍ਹਾਂ ਦਾ ਆਪਣਾ ਕਿਰਦਾਰ ਉਚਾ ਤੇ ਸੁੱਚਾ ਨਹੀਂ, ਉਨ੍ਹਾਂ ਦੀਆਂ ਗੱਲਾਂ ਦਾ ਦੂਜਿਆਂ 'ਤੇ ਕੀ ਪ੍ਰਭਾਵ ਪਏਗਾ? ਇਹਦੇ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਸ਼ੇਸ਼ ਕਰ ਕੇ ਜ਼ਿੰਮੇਵਾਰ ਹੈ। ਉਹ ਹੁਣ ਤੱਕ ਧਰਮ ਦਾ ਪ੍ਰਚਾਰ ਕਰਨ ਵਿਚ ਅਸਫ਼ਲ ਰਹੀ ਹੈ। ਹੁਣ ਤੱਕ ਵੀ ਪਿੰਡਾਂ ਵਿਚ, ਗੁਰੂਘਰ ਦੇ ਪਾਠੀ ਤੇ ਗ੍ਰੰਥੀ ਖੁਦ ਗੁਰਬਾਣੀ ਦਾ ਚੰਗੀ ਤਰ੍ਹਾਂ ਉਚਾਰਨ ਕਰਨ ਦੇ ਵੀ ਕਾਬਲ ਨਹੀਂ, ਉਨ੍ਹਾਂ ਨੇ ਸੰਗਤ ਨੂੰ ਅਰਥ ਤਾਂ ਕੀ ਸਮਝਾਉਣੇ ਹਨ! ਗੁਰਬਾਣੀ ਦੇ ਆਸ਼ੇ ਅਨੁਸਾਰ ਜੀਵਨ ਗੁਜ਼ਾਰਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ, ਬਹੁਤ ਔਖਾ ਮਾਰਗ ਹੈ। ਸਿੱਖ ਧਰਮ ਵਿਚ ਸਿਮਰਨ ਤੇ ਸੇਵਾ ਦੋ ਥੰਮ੍ਹ ਹਨ, ਪਰ ਕੀ ਨਿਰੇ ਸਿਮਰਨ ਕਰਨ ਨਾਲ ਸਾਡੀ ਗਤੀ ਹੋ ਸਕਦੀ ਹੈ? ਜੇ ਅਜਿਹਾ ਹੋ ਸਕਦਾ ਹੁੰਦਾ ਤਾਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਮੀਰੀ-ਪੀਰੀ ਦਾ ਸਿਧਾਂਤ ਦੇਣ ਦੀ ਲੋੜ ਸੀ? ਗੁਰੂ ਗ੍ਰੰਥ ਸਾਹਿਬ ਵਿਚ ਦਿੱਤੇ ਉਪਦੇਸ਼ ਨੂੰ ਪਾਉਣ ਲਈ ਸਿਮਰਨ ਕਰਨਾ ਅਤੇ ਚੰਗੇ ਇਨਸਾਨ ਬਣ ਕੇ ਨਿਰਧਨ, ਕਮਜ਼ੋਰ, ਨਿਰਦੋਸ਼ ਤੇ ਲੋੜਵੰਦ ਦੀ ਸਹਾਇਤਾ ਕਰਨਾ ਜ਼ਰੂਰੀ ਹੈ। ਵਿਦਿਆ, ਪੈਸਾ, ਪਿਆਰ, ਅਹੁਦਾ ਤੇ ਕਿਰਦਾਰ ਵੱਖ-ਵੱਖ ਚੀਜ਼ਾਂ ਹਨ। ਜਦ ਤੱਕ ਅਸੀਂ ਪੂਰਨ ਇਨਸਾਨ ਨਹੀਂ ਬਣਦੇ, ਉਤਨੀ ਦੇਰ ਆਦਰਸ਼ਕ ਸਮਾਜ ਦੀ ਉਸਾਰੀ ਸਿਰਫ਼ ਸੁਪਨਾ ਹੀ ਹੋ ਸਕਦਾ ਹੈ। ਇਸ ਤਰ੍ਹਾਂ ਚੰਗੇ ਇਨਸਾਨ ਬਣਨਾ ਸੌਖਾ ਨਹੀਂ। ਕਿਸੇ ਕਵੀ ਨੇ ਕਿਹਾ ਹੈ,

ਫ਼ਰਿਸ਼ਤੋਂ ਸੇ ਬਿਹਤਰ ਹੈ
ਇਨਸਾਨ ਬਨਨਾ।
ਮਗਰ ਇਸ ਮੇਂ ਲਗਤੀ ਹੈ
ਮਿਹਨਤ ਜ਼ਿਆਦਾ।

ਗੁਰਬਾਣੀ ਦਾ ਕਥਨ ਹੈ,

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥

ਸੰਖੇਪ ਵਿਚ ਕਹੀਏ ਤਾਂ ਸਾਨੂੰ ਨਹੀਂ ਭੁੱਲਣਾ ਚਾਹੀਦਾ ਕਿ ਸਿੱਖੀ ਦੇ ਸਿਧਾਂਤ ਤੇ ਉਪਦੇਸ਼ ਕੀ ਹਨ। ਨਾਲ ਹੀ ਵੇਖਣਾ ਅਤੇ ਸੋਚਣਾ ਇਹ ਹੈ ਕਿ ਅਸੀਂ ਇਨ੍ਹਾਂ ਅਨੁਸਾਰ ਜਿਉਣ ਦਾ ਯਤਨ ਕਰਦੇ ਹਾਂ?

-ਧਰਮ ਦੀ ਹੋਂਦ ਨੂੰ ਮੰਨਣਾ, ਪਰ ਅੰਧ-ਵਿਸ਼ਵਾਸ ਤੋਂ ਬਚਣਾ।

-ਪਰਮਾਤਮਾ ਦਾ ਨਾਮ ਜਪਣਾ, ਕਿਰਤ ਕਰਨੀ ਤੇ ਵੰਡ ਛਕਣਾ।

-ਪਰਾਈ ਇਸਤਰੀ ਵੱਲ ਬੁਰੇ ਖਿਆਲ ਨਾਲ ਨਾ ਵੇਖਣਾ।

-ਹੱਕ, ਸੱਚ ਤੇ ਇਨਸਾਫ਼ ਦੇ ਆਧਾਰ 'ਤੇ ਜੀਵਨ ਗੁਜ਼ਾਰਨਾ।

-ਸਰਬੱਤ ਦਾ ਭਲਾ ਮੰਗਣਾ।

-ਕਿਸੇ ਦਾ ਦਿਲ ਨਾ ਦੁਖਾਉਣਾ।

-ਕਿਸੇ ਨਿਰਧਨ ਅਤੇ ਦੁਖੀ ਨੂੰ ਵੇਖ ਕੇ ਨਿਰਾਦਰ ਨਾ ਕਰਨਾ।

-ਆਪਣੇ ਤੋਂ ਵੱਡੇ ਦਾ ਸਤਿਕਾਰ ਤੇ ਉਸ ਦੀ ਆਗਿਆ ਦਾ ਪਾਲਣ ਕਰਨਾ ਅਤੇ ਛੋਟੇ ਨੂੰ ਪਿਆਰ ਕਰਨਾ।

-ਕੁਦਰਤ ਦੇ ਭਾਣੇ ਵਿਚ ਰਹਿਣਾ।

-ਕੁਦਰਤ ਦੇ ਨਿਯਮਾਂ ਦੀ ਪਾਲਣਾ ਕਰਨਾ, ਭਾਵ ਉਸ ਦੇ ਵਿਰੁਧ ਕੋਈ ਵੀ ਕੰਮ ਨਾ ਕਰਨਾ।

-ਨਿਮਰਤਾ ਧਾਰਨ ਕਰਨਾ।

-ਹੰਕਾਰ, ਈਰਖਾ, ਕਾਮ, ਕ੍ਰੋਧ, ਲੋਭ, ਮੋਹ ਤੋਂ ਬਚਣਾ।

-ਬੁਰੇ ਕੰਮ ਤੋਂ ਬਚਣਾ।

-ਛਲ-ਫਰੇਬ ਤੋਂ ਰਹਿਤ, ਭਾਵ ਕਿਸੇ ਨਾਲ ਧੋਖਾ ਨਾ ਕਰਨਾ।

-ਆਪਣੇ ਕਰਤੱਵ ਨੂੰ ਸਮਝਣਾ ਤੇ ਉਸ ਦੀ ਪਾਲਣਾ ਕਰਨਾ।

-ਗਲਤ ਕੰਮ ਨਾ ਕਰਨਾ।

-ਕਿਸੇ ਦਾ ਬੁਰਾ ਨਾ ਕਰਨਾ।

# ਜਰਨੈਲ ਹਰੀ ਸਿੰਘ ਨਲੂਆ

ਸ. ਹਰੀ ਸਿੰਘ ਨਲੂਏ ਦਾ ਨਾਂ ਅਣਖ, ਇੱਜਤ, ਸਤਿਕਾਰ, ਬਹਾਦਰੀ ਅਤੇ ਸੂਰਮਤਾਈ ਦਾ ਪ੍ਰਤੀਕ ਹੈ। ਮਹਾਰਾਜਾ ਰਣਜੀਤ ਸਿੰਘ ਦੇ ਰਾਜਪਾਟ ਨੂੰ ਵਿਸ਼ਾਲਤਾ, ਸਥਿਰਤਾ ਅਤੇ ਵਡਿਆਈ ਸ. ਨਲੂਏ ਵਰਗੇ ਜਰਨੈਲਾਂ ਨੇ ਹੀ ਬਖ਼ਸ਼ੀ ਸੀ। ਉਹ ਨਿਰਾ ਨਿਡਰ, ਤਲਵਾਰ ਵਾਹਣ ਵਾਲਾ ਜਰਨੈਲ ਨਹੀਂ ਸੀ, ਸਗੋਂ ਉਹ ਜੋਸ਼ ਦੇ ਨਾਲ-ਨਾਲ ਬੇਮਿਸਾਲ ਹੋਸ਼-ਹਵਾਸ ਦਾ ਵੀ ਮਾਲਕ ਸੀ। ਲੰਮਾ ਚਿਰ ਪਹਿਲਾਂ ਇਸ ਮਹਾਨ ਜਰਨੈਲ ਦੀ ਦੂਰਅੰਦੇਸ਼ੀ, ਅਕਲ, ਜ਼ਿੰਮੇਵਾਰੀ ਅਤੇ ਵਫਾਦਾਰੀ ਬਾਰੇ ਇਕ ਪੜ੍ਹੀ/ਸੁਣੀ ਘਟਨਾ ਯਾਦ ਆ ਗਈ ਹੈ,

ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਕੋਈ ਅੰਗਰੇਜ਼ ਮਹਿਮਾਨ ਪਧਾਰਿਆ। ਮਹਿਮਾਨ-ਨਿਵਾਜ਼ੀ ਤੋਂ ਬਾਅਦ ਉਸ ਨੇ ਮਹਾਰਾਜੇ ਕੋਲ ਉਹ ਵੱਡਾ ਕਿਲ੍ਹਾ ਵੇਖਣ ਦੀ ਇੱਛਾ ਜ਼ਾਹਿਰ ਕੀਤੀ ਜਿਸ ਦੀ ਵਾਗਡੋਰ ਸ. ਨਲੂਏ ਦੇ ਹੱਥ ਸੀ। ਸ਼ਾਹੀ ਮਹਿਮਾਨ ਦੀ ਇੱਛਾ ਪੂਰਤੀ ਵਾਸਤੇ ਮਹਾਰਾਜੇ ਨੇ ਕਿਲ੍ਹੇ ਦੇ ਇੰਚਾਰਜ ਸ. ਨਲੂਆ ਵੱਲ ਚਿੱਠੀ ਲਿਖ ਕੇ ਮਹਿਮਾਨ ਨੂੰ ਤੋਰ ਦਿੱਤਾ। ਸ਼ਾਹੀ ਮਹਿਮਾਨ ਨੇ ਜਰਨੈਲ ਕੋਲੋਂ ਆਪਣੀ ਰਸਮੀ ਟਹਿਲ ਸੇਵਾ ਕਰਵਾਉਣ ਤੋਂ ਬਾਅਦ ਮਹਾਰਾਜੇ ਦੀ ਲਿਖੀ ਚਿੱਠੀ ਫੜਾ ਦਿੱਤੀ। ਚਿੱਠੀ ਦੀ ਇਬਾਰਤ ਸੀ ਕਿ 'ਇਹ ਅੰਗਰੇਜ਼ ਸਾਡਾ ਸ਼ਾਹੀ ਮਹਿਮਾਨ ਹੈ, ਇਸ ਦੀ ਇੱਛਾ ਅਨੁਸਾਰ ਇਸ ਨੂੰ ਕਿਲ੍ਹਾ ਵਿਖਾਇਆ ਜਾਵੇ।' ਸ. ਨਲੂਆ ਨੇ ਚਿੱਠੀ ਪੜ੍ਹ ਕੇ ਉਸ ਸ਼ਾਹੀ ਮਹਿਮਾਨ ਨੂੰ ਕਿਲ੍ਹਾ ਵਿਖਾਉਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਸ਼ਾਹੀ ਮਹਿਮਾਨ ਨੇ ਵਾਪਸ ਲਾਹੌਰ ਦਰਬਾਰ ਪਹੁੰਚ ਕੇ ਮਹਾਰਾਜੇ ਨੂੰ ਹਰੀ ਸਿੰਘ ਨਲੂਏ ਦੀ ਇਸ ਹੁਕਮ-ਅਦੂਲੀ ਵਾਲੀ ਕਾਰਵਾਈ ਬਾਰੇ ਦੱਸਿਆ। ਮਹਾਰਾਜੇ ਨੇ ਆਪਣੇ ਜਰਨੈਲ ਨੂੰ ਇਸ ਹੁਕਮ-ਅਦੂਲੀ ਬਾਰੇ ਪੁੱਛਿਆ ਤਾਂ ਜਰਨੈਲ ਦਾ ਜਵਾਬ ਸੀ- ਜਦ ਤੱਕ ਮੈਂ ਇਸ ਕਿਲ੍ਹੇ ਦਾ ਕਿਲ੍ਹੇਦਾਰ ਹਾਂ, ਤਦ ਤੱਕ ਤੁਹਾਡਾ ਇਹ ਹੁਕਮ ਕਦੇ ਨਹੀਂ ਮੰਨਾਂਗਾ। ਬਤੌਰ ਸੈਨਾਪਤੀ ਤੁਹਾਡੇ ਰਾਜ ਨੂੰ ਕਾਇਮ ਰੱਖਣ ਲਈ ਇਹ ਕਿਲ੍ਹਾ ਬਚਾਅ ਕੇ ਰੱਖਣਾ ਮੇਰੀ ਜ਼ਿੰਮੇਵਾਰੀ ਹੈ। ਜਿਸ ਨੂੰ ਤੁਸੀਂ ਸ਼ਾਹੀ ਮਹਿਮਾਨ ਦੱਸ ਕੇ ਕਿਲ੍ਹਾ ਵੇਖਣ/ਪਰਖਣ ਦੀ ਇਜਾਜ਼ਤ ਦੇ ਰਹੇ ਹੋ, ਇਹ ਸ਼ਾਹੀ ਮਹਿਮਾਨ ਨਹੀਂ, ਵਿਦੇਸ਼ੀ ਹਕੂਮਤ ਦਾ ਸੂਹੀਆ ਹੈ।



ਇਕ ਹੋਰ ਘਟਨਾ ਸ. ਨਲੂਆ ਬਾਰੇ ਹੈ। ਜਦੋਂ ਉਹ ਅਫ਼ਗਾਨ ਪਠਾਣਾਂ ਉਪਰ ਜਿੱਤਾਂ ਪ੍ਰਾਪਤ ਕਰ ਰਹੇ ਸਨ ਤਾਂ ਪਠਾਣ ਸੋਚਣ ਵਿਚਾਰਨ ਲੱਗੇ ਕਿ ਸਿੰਘਾਂ ਨਾਲੋਂ ਉਹ ਕਿਸੇ ਪਾਸਿਉਂ ਵੀ ਘੱਟ ਨਹੀਂ, ਪਰ ਸਿੰਘਾਂ ਨੂੰ ਜਿੱਤਿਆ ਕਿਉਂ ਨਹੀਂ ਜਾ ਰਿਹਾ? ਸਿੰਘਾਂ ਨਾਲੋਂ ਤਕੜੇ ਸਰੀਰ, ਯੁੱਧ ਕਲਾ, ਹਥਿਆਰਬਾਜ਼ੀ, ਜੋਸ਼, ਬਹਾਦਰੀ ਸਭ ਕੁਝ ਉਨ੍ਹਾਂ ਦੇ ਕੋਲ ਹੈ, ਫਿਰ ਵੀ ਉਹ ਕਿਉਂ ਹਾਰ ਰਹੇ ਹਨ? ਪਠਾਣਾਂ ਨੇ ਚਾਲ ਚੱਲੀ, ਰਾਤ ਸਮੇਂ ਉਨ੍ਹਾਂ ਇਕ ਖੂਬਸੂਰਤ ਮੁਟਿਆਰ ਸ. ਨਲੂਆ ਦੇ ਕੈਂਪ ਵਿਚ ਛੱਡ ਦਿੱਤੀ ਜਿਹੜੀ ਜਰਨੈਲ ਦੇ ਸਨਮੁਖ ਹੋ ਕੇ ਦੱਸਣ ਲੱਗੀ ਕਿ ਉਹ ਆਪਣੇ ਘਰ ਦਾ ਰਸਤਾ ਭੁੱਲ ਗਈ ਹੈ, ਮਦਦ ਕਰੋ। ਜਰਨੈਲ ਨੇ ਫ਼ਰਮਾਇਆ-, 'ਤੂੰ ਸਾਡੀ ਧੀ-ਭੈਣ ਤੇ ਮਹਿਮਾਨ ਹੈਂ, ਅਸੀਂ ਤੈਨੂੰ ਬਾਇੱਜ਼ਤ ਤੇਰੇ ਘਰ ਪਹੁੰਚਾ ਦੇਵਾਂਗੇ, ਪਰ ਰਾਤ ਦੇ ਵਕਤ ਨਹੀਂ, ਦਿਨੇ ਸਵੇਰੇ।' ਬੀਬੀ ਨੂੰ ਰਾਤ ਇੱਜ਼ਤ-ਮਾਣ ਨਾਲ ਸਖਤ ਪਹਿਰੇ ਹੇਠ ਆਪਣੀ ਹਿਫ਼ਾਜ਼ਤ ਵਿਚ ਰੱਖਿਆ ਤੇ ਸਵੇਰ ਵੇਲੇ ਧੀ-ਭੈਣ ਵਾਲੇ ਸ਼ਗਨ-ਵਿਹਾਰ ਕਰ ਕੇ ਘਰ ਪਹੁੰਚਾ ਦਿੱਤਾ। ਸਿੰਘਾਂ ਦਾ ਇਹ ਕੌਤਕ ਵੇਖ ਕੇ ਪਠਾਣ ਸਮਝ ਗਏ ਕਿ ਇਹੀ ਹੈ ਸਿੰਘਾਂ ਦੀਆਂ ਜਿੱਤਾਂ ਦਾ ਰਾਜ਼।

ਉਨ੍ਹਾਂ ਵੇਲਿਆਂ ਵਿਚ ਸਿੰਘਾਂ ਦਾ ਇਹ ਜੰਗੀ ਸਿਧਾਂਤ ਸੀ ਕਿ ਸਿੰਘ ਕਦੇ ਵੀ ਬਜ਼ੁਰਗ, ਬੱਚੇ, ਔਰਤ, ਨਿਰਦੋਸ਼, ਬੇਹਥਿਆਰੇ, ਸੁੱਤੇ ਪਏ ਤੇ ਭੱਜੇ ਜਾਂਦੇ ਦੁਸ਼ਮਣ ਦੇ ਪਿਛੋਂ ਵਾਰ ਨਹੀਂ ਸਨ ਕਰਦੇ ਅਤੇ ਸ਼ਰਨ ਵਿਚ ਆਏ ਦੁਸ਼ਮਣ ਦੀ ਵੀ ਸ਼ਰਮ ਕਰਦੇ ਸਨ। ਇਸੇ ਕਰ ਕੇ ਹੀ ਗੁਰੂ ਨਾਨਕ ਸਾਹਿਬ ਦੀ ਸਿੱਖੀ ਦੀਆਂ ਧੁੰਮਾਂ ਚਹੁੰ-ਕੂੰਟੀ ਪੈ ਰਹੀਆਂ ਸਨ। ਇਹ ਸਨ ਜਰਨੈਲ ਹਰੀ ਸਿੰਘ ਨਲੂਆ ਜਿਹੜੇ ਆਪਣੇ ਉਚੇ ਸੁੱਚੇ ਗੁਣਾਂ ਕਰ ਕੇ ਤਾਂ ਮਹਾਨ ਹੈ ਹੀ ਸਨ, ਉਨ੍ਹਾਂ ਗੁਰੂ ਨਾਨਕ ਦੀ ਸਿੱਖੀ ਨੂੰ ਵੀ ਸੰਭਾਲ ਕੇ ਰੱਖਿਆ ਹੋਇਆ ਸੀ। ਐਵੇਂ ਨਹੀਂ ਦੁਨੀਆਂ ਚੋਟੀ ਦੇ 12 ਫੌਜੀ ਜਰਨੈਲਾਂ ਵਿਚੋਂ ਸ. ਨਲੂਆ ਨੂੰ ਪਹਿਲੇ ਨੰਬਰ ਦਾ ਜਰਨੈਲ ਮੰਨਦੀ।

ਜਗ ਮਹਿ ਉਤਮ ਕਾਢੀਅਹਿ
ਵਿਰਲੇ ਕੇਈ ਕੇਇ॥

ਸ. ਹਰੀ ਸਿੰਘ ਨਲੂਏ ਵਰਗੇ ਉਤਮ ਇਨਸਾਨ ਰੋਜ਼-ਰੋਜ਼ ਅਤੇ ਘਰ-ਘਰ ਨਹੀਂ ਜੰਮਦੇ। ਮਹਾਰਾਜਾ ਰਣਜੀਤ ਸਿੰਘ ਬੇਸ਼ੱਕ ਆਪ ਵੀ ਮਹਾਂਬਲੀ ਕਰ ਕੇ ਜਾਣਿਆ ਜਾਂਦਾ ਸੀ, ਪਰ ਉਹ ਵੀ ਆਪਣੇ ਇਸ ਲਾਸਾਨੀ ਅਤੇ ਅਦੁੱਤੀ ਜਰਨੈਲ ਦੇ ਬੇਮਿਸਾਲ ਅਤੇ ਸ਼ਕਤੀਸ਼ਾਲੀ ਸਰੀਰਕ, ਦਿਮਾਗੀ ਅਤੇ ਇਖਲਾਕੀ ਗੁਣਾਂ ਦੀ ਤਾਕਤ ਸਾਹਵੇਂ ਕੰਨ ਭੰਨਦਾ ਸੀ।

*-ਦਲਵਿੰਦਰ ਸਿੰਘ ਬੇਕਰਜ਼ਫੀਲਡ*
*ਫੋਨ: 661-834-9770*

# ਕਿਵ ਕੂੜੈ ਤੁਟੈ ਪਾਲਿ

## ਰੱਬ ਤੇ ਮਨੁੱਖ-1

ਪ੍ਰੋ. ਹਰਪਾਲ ਸਿੰਘ
ਫੋਨ: 916-236-8830

ਕਹਾਣੀ ਹੈ ਤਾਂ ਛੋਟੀ ਪਰ ਲੰਮੀ ਬਹੁਤ ਹੈ। ਤੁਹਾਡੀ, ਮੇਰੀ ਤੇ ਆਪਾਂ ਸਾਰਿਆਂ ਦੀ ਕਹਾਣੀ। ਇਹ ਕਹਾਣੀ ਰੱਬ ਦੀ ਵੀ ਹੈ; ਰੋਂਦੇ, ਨਿਰਬਲ, ਬੇਸਹਾਰਾ, ਨਿੰਸਲ ਤੇ ਲਾਚਾਰ ਰੱਬ ਦੀ। ਹੋਇਆ ਇੰਜ ਕਿ ਰੱਬ ਦਾ ਦਰਬਾਰ ਲੱਗਿਆ ਹੋਇਆ ਸੀ। ਸਿੰਘਾਸਣ 'ਤੇ ਬੈਠਾ ਰੱਬ ਬਹੁਤ ਦੁਖੀ ਤੇ ਉਦਾਸ ਸੀ। ਮੰਤਰੀਆਂ ਨੇ ਉਦਾਸੀ ਦਾ ਕਾਰਨ ਪੁੱਛਿਆ।

"ਮੈਂ ਦੁਖੀ ਹਾਂ, ਬਹੁਤ ਹੀ ਦੁਖੀ। ਬੇਵੱਸ ਹੋ ਗਿਆ ਹਾਂ। ਲੋਕਾਈ ਦੀਆਂ ਮੰਗਾਂ ਨੇ ਮੇਰਾ ਜੀਣਾ ਹਰਾਮ ਕਰ ਦਿੱਤਾ ਹੈ। ਕਿਧਰ ਨੂੰ ਜਾਵਾਂ? ਮੈਂ ਪਾਗਲ ਹੋ ਜਾਵਾਂਗਾ।" ਭਰੀ ਸਭਾ ਵਿਚ ਰੱਬ ਦਾ ਰੋਣ ਨਿਕਲ ਗਿਆ।

"ਪ੍ਰਭੂ! ਮਹਾਂਦੇਵ! ਇਸ ਦਾ ਉਪਾਅ ਤਾਂ ਬਹੁਤ ਆਸਾਨ ਹੈ।" ਮਹਾਂ ਮੰਤਰੀ ਬੋਲਿਆ।

"ਦੱਸੋ ਮਹਾਂ ਮੰਤਰੀ ਜੀ।" ਰੱਬ ਬੋਲਿਆ।

"ਭਗਵਾਨ ਜੀ, ਤੁਸੀਂ ਇੰਜ ਕਰੋ... ਕੈਲਾਸ਼ ਪਰਬਤ ਦੀ ਚੋਟੀ 'ਤੇ ਜਾ ਬਿਰਾਜੋ। ਬਰਫ਼ਾਂ ਨੂੰ ਲਤਾੜਦਾ ਕੋਈ ਤੁਹਾਡੇ ਤੱਕ ਪਹੁੰਚ ਨਹੀਂ ਪਾਏਗਾ।" ਕੱਛਾਂ ਵਜਾਉਂਦਾ ਮਹਾਂ ਮੰਤਰੀ ਬੋਲਿਆ।

"ਮਹਾਂ ਮੰਤਰੀ, ਤੁਸੀਂ ਕਿੰਨੇ ਨਾ-ਸਮਝ ਹੋ। ਤੁਸੀਂ ਤਾਂ ਮੰਤਰੀ ਪਦ ਦੇ ਵੀ ਕਾਬਿਲ ਨਹੀਂ ਹੋ। ਹਰ ਰੋਜ਼ ਸੈਲਾਨੀਆਂ ਦੀਆਂ ਡਾਰਾਂ ਮਾਊਂਟ ਐਵਰੈਸਟ ਵੱਲ ਧਾਵਾ ਕਰੀ ਜਾਂਦੀਆਂ ਹਨ। ਮੈਨੂੰ ਕੌਣ ਬਖਸ਼ੇਗਾ? ਬੇ-ਸਮਝ ਮੰਤਰੀ!" ਰੱਬ ਚੀਕਿਆ।

"ਰੱਬ ਜੀ! ਮੇਰਾ ਵਿਚਾਰ ਹੈ ਕਿ ਤੁਸੀਂ ਚੰਦਰਮਾ 'ਤੇ ਜਾ ਬਿਰਾਜੋ।" ਮਹਾਂ ਮੰਤਰੀ ਦੀ ਬੇਇੱਜ਼ਤੀ ਹੁੰਦੀ ਦੇਖ, ਇੰਦਰ ਦੇਵਤੇ ਨੇ ਅਰਜ ਕੀਤਾ।

"ਇੰਦਰ ਜੀ, ਤੁਸੀਂ ਸਠਿਆ ਗਏ ਹੋ। ਇਨਸਾਨੀ ਫ਼ਿਤਰਤ ਨੇ ਕੋਈ ਪਾਸਾ ਨਹੀਂ ਛੱਡਿਆ। ਦਰੜ ਦਿੱਤਾ ਹੈ ਚੰਦ ਨੂੰ ਵੀ। ਚੰਦ 'ਤੇ ਜਾਣ ਲਈ ਲੋਕ ਸੀਟਾਂ ਬੁੱਕ ਕਰਾਈ ਬੈਠੇ ਨੇ ਬੇਵਕੂਫ਼ ਮੰਤਰੀ!" ਇੰਦਰ ਦੇਵਤੇ ਦੀ ਘਿੱਗੀ ਬੱਝ ਗਈ।

"ਜਨਾਬ, ਧਰਤੀ ਵਿਚ ਸਮਾ ਜਾਓ।" ਧਰਤੀ ਮਾਤਾ ਬੋਲੀ।

"ਮਾਂ ਮੇਰੀਏ, ਰੂਸ ਨੇ ਧਰਤੀ ਅੰਦਰ ਅੱਠ ਮੀਲ ਲੰਮੀ ਸੁਰੰਗ ਪੁੱਟ ਛੱਡੀ ਏ। ਮੇਰੇ ਤਾਂ ਜੁੰਡੇ ਪੁੱਟ ਦੇਣਗੇ। ਪੁਰਾਤੱਤਵ ਵਿਗਿਆਨੀ ਮੈਨੂੰ ਲੀਰ-ਲੀਰ ਕਰ ਦੇਣਗੇ।" ਰੱਬ ਨੇ ਲੰਮਾ ਹਉਕਾ ਭਰਿਆ।

ਸਾਹ-ਸਤਹੀਣ, ਕਮਜ਼ੋਰ, ਦੁੱਖਾਂ ਦਾ ਮਾਰਿਆ ਕੋਈ ਨਿਰਬਲ ਜਿਹਾ ਦੇਵਤਾ ਬੋਲਿਆ, "ਜਨਾਬ, ਮੈਂ ਬੋਲਣ ਦੀ ਗੁਸਤਾਖੀ ਕਰ ਸਕਦਾ ਹਾਂ?"

"ਚੱਲ ਤੂੰ ਵੀ ਦੱਸ ਲੈ।" ਦਰਬਾਰ ਵਿਚ ਹਾਸਾ ਮੱਚ ਗਿਆ।

"ਮੇਰੇ ਮੌਲਾ ਪਰਵਰਦਗਾਰ! ਤੁਹਾਨੂੰ ਕੁਝ ਵੀ ਕਰਨ ਦੀ ਲੋੜ ਨਹੀਂ। ਨਾ ਅੰਬਰੀਂ ਜਾਣ ਦੀ, ਨਾ ਧਰਤੀ ਵਿਚ ਸਮਾਉਣ ਦੀ। ਬੱਸ ਬੰਦੇ ਦੇ ਅੰਦਰ ਬੈਠ ਜਾਓ, ਕੋਈ ਪ੍ਰੇਸ਼ਾਨੀ ਨਹੀਂ ਹੋਵੇਗੀ। ਲਾਲਚ, ਮੋਹ, ਮਾਇਆ ਤੇ ਹਉਮੈ ਦਾ ਮਾਰਿਆ ਬੰਦਾ ਤੁਹਾਨੂੰ ਇੱਟਾਂ ਦੀਆਂ ਚਾਰ-ਦੀਵਾਰੀਆਂ ਵਿਚ ਲੱਭਣ ਦਾ ਯਤਨ ਕਰੇਗਾ, ਅੰਦਰ ਕੋਈ ਝਾਤੀ ਨਹੀਂ ਮਾਰੇਗਾ।"

ਰੱਬ ਦੇ ਮੂੰਹ 'ਤੇ ਰੌਣਕ ਆ ਗਈ।

"ਜੇ ਕਿਸੇ ਨੇ ਅੰਦਰ ਝਾਤੀ ਮਾਰ ਲਈ, ਫਿਰ ਕੀ ਹੋਵੇਗਾ?" ਸ਼ਰਾਰਤੀ ਧਰਮ ਰਾਜ ਬੋਲਿਆ।

"ਜਿਸ ਨੇ ਅੰਦਰ ਝਾਤੀ ਮਾਰ ਲਈ, ਉਹ ਤੇਰਾ ਹੀ ਰੂਪ ਹੋ ਜਾਵੇਗਾ। ਉਹ ਨਿਰਭੈ, ਨਿਰਵੈਰ ਤੇ ਨਿਰਲੇਪ ਹੋ ਜਾਵੇਗਾ, ਬੱਸ ਮੰਗਾਂ ਮਰ ਜਾਣਗੀਆਂ।" ਬੁੱਢਾ ਦੇਵਤਾ ਬੋਲਿਆ।

ਧਰਮ ਰਾਜ ਤਰੇਲੀਓ-ਤਰੇਲੀ ਹੋ ਗਿਆ। ਰੱਬ ਦਾ ਹਾਸਾ ਨਿਕਲ ਗਿਆ।

(ਚੱਲਦਾ)

# ਲੋਕ-ਰਾਜ ਦੇ ਓਹਲੇ ਹੇਠ ਕੋਈ ਰਾਜ਼ ਹੈ ਮੇਰੇ ਸਾਹਿਬ!

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਇਹ ਬਹਿਸ ਸਾਡੇ ਲਈ ਕੋਈ ਖਾਸ ਅਰਥ ਹੀ ਨਹੀਂ ਰੱਖਦੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਬੱਚਿਆਂ ਨਾਲ ਉਹ ਗੱਲਬਾਤ ਕਰਨੀ ਚਾਹੀਦੀ ਸੀ ਕਿ ਨਹੀਂ, ਜਿਹੜੀ ਉਨ੍ਹਾਂ ਨੇ ਅਧਿਆਪਕ ਦਿਵਸ ਮੌਕੇ ਕੀਤੀ ਹੈ। ਨਾ ਮੋਦੀ ਪਹਿਲਾ ਵੱਡਾ ਆਦਮੀ ਹੈ, ਜਿਸ ਨੇ ਏਦਾਂ ਦੀ ਗੱਲਬਾਤ ਕੀਤੀ ਹੈ ਤੇ ਨਾ ਉਹ ਆਖਰੀ ਬੰਦਾ ਹੋ ਸਕਣਾ ਹੈ, ਕਿਉਂਕਿ ਜਿਸ ਕਿਸੇ ਨੂੰ ਵੀ ਮੌਕਾ ਮਿਲਦਾ ਹੈ, ਲੋਕਾਂ ਨੂੰ ਪ੍ਰਭਾਵਤ ਕਰਨ ਦੇ ਏਦਾਂ ਦੇ ਕੰਮ ਕਰਨ ਲੱਗਦਾ ਹੈ।

ਪੰਡਿਤ ਜਵਾਹਰ ਲਾਲ ਨਹਿਰੂ ਬੱਚਿਆਂ ਨੂੰ ਬੜਾ ਪਿਆਰ ਕਰਦਾ ਸੀ। ਰਾਸ਼ਟਰਪਤੀ ਬਣੇ ਤੋਂ ਪਤਾ ਲੱਗਾ ਕਿ ਮਿਜ਼ਾਈਲਾਂ ਬਣਾਉਣ ਵਾਲਾ ਡਾਕਟਰ ਏ ਪੀ ਜੇ ਕਲਾਮ ਵੀ ਬੱਚਿਆਂ ਨਾਲ ਗੱਲਾਂ ਕਰਨ ਦਾ ਖਾਹਿਸ਼ਮੰਦ ਸੀ। ਹੋਰਨਾਂ ਨੂੰ ਛੱਡੋ, ਪੰਜਾਬ ਪੁਲਿਸ ਦਾ ਮੁਖੀ ਹੁੰਦਿਆਂ ਕੇ ਪੀ ਐਸ ਗਿੱਲ ਵੀ ਇੱਕ ਦਿਨ ਸਕੂਲ ਜਾ ਵੜਿਆ ਸੀ। ਇਨ੍ਹਾਂ ਸਭ ਦਾ ਵੱਖੋ-ਵੱਖ ਰੰਗ ਹੁੰਦਾ ਸੀ। ਮਿਸਾਲ ਵਜੋਂ ਛੋਟੇ ਬੱਚਿਆਂ ਕੋਲ ਗਏ ਗਿੱਲ ਨੂੰ ਫਿਲਮਾਂ ਬਾਰੇ ਪੁੱਛ ਲਿਆ ਗਿਆ ਤਾਂ ਉਸ ਨੇ ਆਨੇ-ਬਹਾਨੇ ਫਿਲਮੀ ਹੀਰੋਇਨ ਸ੍ਰੀਦੇਵੀ ਨਾਲ ਮਿਲਣ ਦੀ ਇੱਛਾ ਜ਼ਾਹਰ ਕਰ ਦਿੱਤੀ। ਸ੍ਰੀਦੇਵੀ ਉਸ ਦੇ ਦਰਸ਼ਨ ਕਰਨ ਜਾਂ ਉਸ ਨੂੰ ਦਰਸ਼ਨ ਦੇਣ ਲਈ ਅਗਲੇ ਹਫਤੇ ਚੰਡੀਗੜ੍ਹ ਆ ਪਹੁੰਚੀ। ਅਬਦੁਲ ਕਲਾਮ ਜਦੋਂ ਬੋਲਦਾ, ਬੱਚਿਆਂ ਨੂੰ ਸੁਫਨੇ ਲੈਣ ਨੂੰ ਪ੍ਰੇਰਿਤ ਕਰਦਾ ਸੀ ਤੇ ਨਰਿੰਦਰ ਮੋਦੀ ਨੇ ਬੱਚਿਆਂ ਨੂੰ ਹੁਣ ਇਹ ਕਹਿ ਦਿੱਤਾ ਹੈ ਕਿ ਸੁਫਨੇ ਲੈਣੇ ਛੱਡ ਕੇ ਕੰਮ ਕਰਨ ਦਾ ਇਰਾਦਾ ਬਣਾਓ। ਉਂਜ ਬੱਚਿਆਂ ਲਈ ਜੋ ਸੁਨੇਹਾ ਪੰਡਿਤ ਜਵਾਹਰ ਲਾਲ ਨਹਿਰੂ ਨੇ ਦਿੱਤਾ ਸੀ, ਉਹ ਗਿੱਲ, ਕਲਾਮ ਅਤੇ ਮੋਦੀ ਤਿੰਨੇ ਨਹੀਂ ਦੇ ਸਕੇ, ਕਿਉਂਕਿ ਇਨ੍ਹਾਂ ਤਿੰਨਾਂ ਨੂੰ ਖੁਦ ਉਸ ਦੀ ਸਮਝ ਨਹੀਂ ਆਈ ਹੋਣੀ। 'ਪਿਤਾ ਵੱਲੋਂ ਧੀ ਵੱਲ ਚਿੱਠੀਆਂ' ਦੇ ਸਿਰਲੇਖ ਹੇਠ ਜੋ ਨਹਿਰੂ ਨੇ ਲਿਖਿਆ ਸੀ, ਉਹ ਸਿਰਫ ਨਾਂ ਦਾ ਪੰਡਿਤ ਨਹੀਂ, ਸੰਸਾਰ ਭਰ ਦੇ ਗਿਆਨ ਦਾ ਅਸਲੀ ਪੰਡਿਤ, ਵਿਦਵਾਨ, ਬੰਦਾ ਲਿਖ ਸਕਦਾ ਸੀ ਤੇ ਉਸ ਲਿਖਤ ਦਾ ਜ਼ਿਕਰ ਇਨ੍ਹਾਂ ਤਿੰਨਾਂ ਨੇ ਨਹੀਂ ਕੀਤਾ। ਨਹਿਰੂ ਨੂੰ ਪੜ੍ਹੇ ਬਿਨਾਂ ਬੱਚਿਆਂ ਨੂੰ ਮਨੁੱਖਤਾ ਦਾ ਪਿਛੋਕੜ ਦੱਸਣਾ ਜਾਂ ਭਵਿੱਖ ਦਾ ਰਾਹ ਸਮਝਣ ਵਾਲੀ ਅਕਲ ਦਾ ਪੱਲਾ ਫੜਾ ਸਕਣਾ ਸਾਨੂੰ ਬਹੁਤ ਔਖਾ ਕੰਮ ਲੱਗਦਾ ਹੈ।

ਕਿਉਂਕਿ ਮਨੁੱਖਤਾ ਦਾ ਪਿਛੋਕੜ ਸਮਝਣ ਤੇ ਭਵਿੱਖ ਦਾ ਰਾਹ ਲੱਭਣ ਦਾ ਫਾਰਮੂਲਾ ਨਹੀਂ ਦੱਸਿਆ ਜਾ ਰਿਹਾ, ਇਸ ਲਈ ਬੱਚੇ ਹੁਣ ਵਾਲੇ ਆਗੂਆਂ ਦੇ ਤਜਰਬੇ ਤੋਂ ਸਿੱਖ ਕੇ ਪੈਂਡਾ ਤੈਅ ਕਰਨ ਦਾ ਯਤਨ ਕਰ ਸਕਦੇ ਹਨ। ਸਾਡੇ ਅਜੋਕੇ ਆਗੂਆਂ ਬਾਰੇ ਇਹ ਕਹਿਣ ਵਿਚ ਸਾਨੂੰ ਹਰਜ ਨਹੀਂ, ਉਨ੍ਹਾਂ ਦਾ ਕਿਰਦਾਰ ਬਰਫ ਦੇ ਗਲੇਸ਼ੀਅਰ ਵਾਂਗ ਹੁੰਦਾ ਹੈ, ਜਿਸ ਦਾ ਦਸਵਾਂ ਹਿੱਸਾ ਦਿੱਸਦਾ ਅਤੇ ਨੱਬੇ ਫੀਸਦੀ ਪਾਣੀ ਵਿਚ ਛੁਪਿਆ ਰਹਿੰਦਾ ਹੈ। ਪਾਣੀ ਹੇਠਲਾ ਨੱਬੇ ਫੀਸਦੀ ਹਿੱਸਾ ਉਦੋਂ ਬਾਹਰ ਦਿੱਸਦਾ ਹੈ, ਜਦੋਂ ਉਹ ਰਾਜ ਗੱਦੀ ਉਤੋਂ ਉਠਾ ਦਿੱਤੇ ਜਾਂਦੇ ਹਨ। ਅਟਲ ਬਿਹਾਰੀ ਵਾਜਪਾਈ ਦੇ ਗੱਦੀ ਛੱਡਣ ਪਿੱਛੋਂ ਵੀ ਇਹ ਸੱਚ ਸਾਹਮਣੇ ਆਇਆ ਸੀ ਕਿ ਅਸਲ ਵਿਚ ਰਾਜ ਕੁਝ ਹੋਰ ਲੋਕ ਚਲਾ ਰਹੇ ਸਨ ਅਤੇ ਡਾ. ਮਨਮੋਹਨ ਸਿੰਘ ਦਾ ਰਾਜ ਮੁੱਕਣ ਦੀ ਥਾਂ ਉਸ ਰਾਜ ਦੀ ਸ਼ਾਮ ਵੇਲੇ ਹੀ ਇਹ ਗੱਲ ਦੇਸ਼ ਦੇ ਲੋਕ ਜਾਣ ਗਏ ਸਨ ਕਿ ਉਹ ਪ੍ਰਧਾਨ ਮੰਤਰੀ ਦੀ ਸਿਰਫ ਭੂਮਿਕਾ ਨਿਭਾ ਰਿਹਾ ਸੀ, ਕੰਮ ਹੋਰ ਲੋਕ ਚਲਾ ਰਹੇ ਸਨ। ਜਿਹੜੇ ਹੋਰ ਲੋਕ ਪਿੱਛੇ ਬਹਿ ਕੇ ਰਾਜ ਚਲਾਉਂਦੇ ਹਨ, ਉਹ ਕਿਸੇ ਇੱਕ ਪਾਰਟੀ ਦੇ ਵਫਾਦਾਰ ਨਾ ਹੋ ਕੇ ਪਰਦੇ ਪਿੱਛੇ ਚੱਲਦੇ ਅਸਲੀ 'ਰਾਜ' ਦੇ ਵਫਾਦਾਰ ਹੁੰਦੇ ਹਨ ਤੇ ਇਸ ਅਸਲੀ 'ਰਾਜ' ਦਾ ਰਾਜ਼ ਆਮ ਲੋਕਾਂ ਲਈ ਲੁਕਿਆ ਰਹਿੰਦਾ ਹੈ।

ਅਸੀਂ ਇਹ ਗੱਲਾਂ ਸੁਣ ਕੇ ਅੱਕ ਚੁੱਕੇ ਹਾਂ ਕਿ ਆਜ਼ਾਦੀ ਵੇਲੇ ਪਿੰਡਾਂ ਦੇ ਰਾਹ ਕੱਚੇ ਹੁੰਦੇ ਸਨ ਤੇ ਹੁਣ ਹਰ ਥਾਂ ਪੱਕੀਆਂ ਸੜਕਾਂ ਦਾ ਜਾਲ ਵਿਛਿਆ ਪਿਆ ਹੈ। ਸਰਮਾਏਦਾਰੀ ਨੇ ਇਹ ਵਿਕਾਸ ਆਪਣੀ ਲੋੜ ਵਾਸਤੇ ਕੀਤਾ ਹੈ। ਜਦੋਂ ਅੰਗਰੇਜ਼ ਆਏ ਸਨ, ਭਾਰਤ ਵਿਚ ਰੇਲਵੇ ਲਾਈਨ ਨਹੀਂ ਸੀ ਤੇ ਉਨ੍ਹਾਂ ਨੇ ਵਿਛਾ ਦਿੱਤੀ ਤਾਂ ਭਾਰਤੀ ਲੋਕਾਂ ਲਈ ਨਹੀਂ, ਇਥੋਂ ਦੀ ਫਸਲ ਖੋਹ ਕੇ ਲਿਜਾਣ ਅਤੇ ਆਪਣੇ ਇੰਗਲੈਂਡ ਤੱਕ ਦੇ ਕਾਰਖਾਨਿਆਂ ਦਾ ਮਾਲ ਗ੍ਰਾਹਕਾਂ ਤੱਕ ਪੁਚਾਉਣ ਤੇ ਨਾਲ ਦੀ ਨਾਲ ਲੋੜ ਪੈਣ ਵੇਲੇ ਫੌਜਾਂ ਨੂੰ ਝਟਪਟ ਹਰ ਥਾਂ ਪੁਚਾ ਸਕਣ ਲਈ ਇਸ ਦੀ ਲੋੜ ਸੀ। ਇਸੇ ਲਈ ਉਨ੍ਹਾਂ ਵੇਲੇ ਬਣੇ ਬਹੁਤੇ ਰੇਲਵੇ ਜੰਕਸ਼ਨ ਫੌਜੀ ਛਾਉਣੀਆਂ ਦੇ ਨਾਲ ਬਣਾਏ ਗਏ ਸਨ। ਹੁਣ ਵਾਲਾ ਵਿਕਾਸ ਸਰਮਾਏਦਾਰੀ ਦੀਆਂ ਲੋੜਾਂ ਨਾਲ ਬੱਝਾ ਹੈ। ਆਮ ਆਦਮੀ ਦੇ ਵਿਕਾਸ ਦਾ ਖਾਤਾ ਪਹਿਲਾਂ ਵਾਂਗ ਹੀ ਖਾਲੀ ਜਾਪਦਾ ਹੈ। ਸਰਮਾਏਦਾਰੀ ਦੇ ਏਜੰਟ ਬਣ ਚੁੱਕੇ ਮੰਤਰੀਆਂ ਦੇ ਤਨਖਾਹਾਂ ਤੇ ਭੱਤੇ ਲਗਾਤਾਰ ਵਧੀ ਜਾਂਦੇ ਹਨ ਤੇ ਇਹ ਸਰਬ-ਸੰਮਤੀ ਨਾਲ ਵਧਾਏ ਜਾਣ ਦਾ ਰਿਵਾਜ ਪੈ ਗਿਆ ਹੈ, ਪਰ ਚਾਲੀ ਹਜ਼ਾਰ ਤਨਖਾਹ ਵਾਲੇ ਦੀ ਥਾਂ ਜਿਹੜਾ ਅਧਿਆਪਕ ਅੱਠ ਹਜ਼ਾਰ ਤਨਖਾਹ ਨਾਲ ਠੇਕੇ ਉਤੇ ਕੰਮ ਕਰਦਾ ਹੈ, ਉਹ ਪ੍ਰਧਾਨ ਮੰਤਰੀ ਦਾ ਭਾਸ਼ਣ ਸੁਣਾਉਣ ਲਈ ਬੱਚਿਆਂ ਨੂੰ ਇਕੱਠੇ ਕਰ ਕੇ ਬਿਠਾਉਂਦਾ ਹੈ ਤੇ ਮੁੱਖ ਮੰਤਰੀ ਦੇ ਸੰਗਤ ਦਰਸ਼ਨ ਲਈ ਆਉਣ ਵੇਲੇ ਦੱਸੇ ਗਏ ਪਿੰਡ ਵਿਚ ਉਚੇਚ ਨਾਲ ਬੱਚਿਆਂ ਨੂੰ ਪੁਚਾਉਣ ਲਈ ਤੋਰ ਦਿੱਤਾ ਜਾਂਦਾ ਹੈ। ਇਸ ਵਿਚ ਆਮ ਲੋਕਾਂ ਦੇ ਭਲੇ ਦੀ ਗੱਲ ਕਿੱਥੇ ਹੈ?



ਜਿਹੜੀ ਗੱਲ ਬੱਚਿਆਂ ਨੂੰ ਕਿਸੇ ਨੇ ਦੱਸਣੀ ਨਹੀਂ, ਉਹ ਸਾਡੇ ਲੋਕ-ਰਾਜ ਦਾ ਉਹ ਤਜਰਬਾ ਹੈ, ਜਿਹੜਾ ਨਿੱਤ ਦਿਨ ਅਦਾਲਤਾਂ ਵਿਚ ਪੇਸ਼ ਹੁੰਦਾ ਵੇਖ ਰਹੇ ਹਾਂ। ਭਾਰਤ ਦੀ ਸਭ ਤੋਂ ਉਚੀ ਅਦਾਲਤ ਇਕੱਲੀ ਦਾ ਰੋਜ਼ਨਾਮਚਾ ਪੜ੍ਹਨ ਨਾਲ ਕਈ ਗੱਲਾਂ ਲੱਭ ਜਾਂਦੀਆਂ ਹਨ। ਕੋਲਾ ਸਕੈਂਡਲ ਦੀ ਖੱਪ ਪਈ। ਲੋਕ-ਰਾਜ ਦਾ ਵੱਡਾ ਮੰਦਰ ਪਾਰਲੀਮੈਂਟ ਗਿਣੀ ਜਾਂਦੀ ਹੈ, ਪਰ ਉਹ ਕੁਝ ਨਹੀਂ ਕਰ ਸਕੀ, ਨਿਬੇੜਾ ਅਦਾਲਤ ਨੂੰ ਕਰਨਾ ਪਿਆ ਸੀ, ਜਿਸ ਨੇ ਘੋਟਾਲੇ ਦੀ ਤੰਦ ਬਹੁਤ ਇਮਾਨਦਾਰ ਅਖਵਾਉਂਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੋਂ ਫੜੀ ਤੇ ਲੀਰਾਂ ਦਾ ਖਿੱਦੋ ਫੋਲਦੀ-ਫੋਲਦੀ ਨਰਸਿਮਹਾ ਰਾਓ ਦੇ ਰਾਜ ਤੱਕ ਚਲੀ ਗਈ। ਟੈਲੀਕਾਮ ਦਾ ਟੂ-ਜੀ ਸਪੈਕਟਰਮ ਘਪਲਾ ਵੀ ਇਸੇ ਮਨਮੋਹਨ ਸਿੰਘ ਦੇ ਰਾਜਿਆਂ ਵਾਂਗ ਮਨ-ਆਈਆਂ ਕਰਨ ਵਾਲੇ ਮੰਤਰੀ ਏ. ਰਾਜਾ ਤੋਂ ਤੁਰਿਆ ਤੇ ਵਾਜਪਾਈ ਰਾਜ ਦੇ ਪ੍ਰਮੋਦ ਮਹਾਜਨ ਨੂੰ ਬੁੱਕਲ ਵਿਚ ਵਲ੍ਹੇਟਦਾ ਹੋਇਆ ਨਰਸਿਮਹਾ ਰਾਓ ਦੇ ਟੈਲੀਕਾਮ ਮੰਤਰੀ ਸੁਖਰਾਮ ਤੱਕ ਨੂੰ ਦਾਗੀ ਸਾਬਤ ਕਰਨ ਤੱਕ ਜਾਂਦਾ ਸੀ, ਪਰ ਇਹ ਨਿਤਾਰਾ ਅਦਾਲਤ ਨੇ ਕੀਤਾ ਸੀ। ਪਾਰਲੀਮੈਂਟ ਕਿਉਂ ਨਹੀਂ ਕਰਦੀ ਤੇ ਅਦਾਲਤ ਵਿਚ ਜਾ ਕੇ ਕਿਉਂ ਹੋ ਜਾਂਦਾ ਹੈ, ਭਾਰਤ ਦੇ ਅਸਲੀ ਰਾਜ ਦਾ ਰਾਜ਼ ਏਸੇ ਚੱਕਰ ਵਿਚ ਛੁਪਿਆ ਹੈ।

ਜਦੋਂ ਐਮਰਜੈਂਸੀ ਲਾਈ ਗਈ, ਉਦੋਂ ਇੱਕ ਵਾਰੀ ਇਹ ਖਬਰ ਆਈ ਸੀ ਕਿ ਭਾਰਤੀ ਪਾਰਲੀਮੈਂਟ ਦੇ ਕਰੀਬ ਸੱਤਵਾਂ ਹਿੱਸਾ ਮੈਂਬਰ ਕਿਸੇ ਵਿਦੇਸ਼ੀ ਸਾਮਰਾਜੀ ਤਾਕਤ ਦੀ ਖੁਫੀਆ ਏਜੰਸੀ ਤੋਂ ਤਨਖਾਹ ਲੈਂਦੇ ਸਨ ਤੇ ਲਗਭਗ ਏਨੇ ਮੈਂਬਰ ਵੱਖੋ-ਵੱਖ ਭਾਰਤੀ ਸਰਮਾਏਦਾਰ ਘਰਾਣਿਆਂ ਦੇ ਤਨਖਾਹਦਾਰ ਸਨ। ਕੁਝ ਪਾਰਲੀਮੈਂਟ ਮੈਂਬਰ ਏਦਾਂ ਦਾ ਕੰਮ ਹੁਣ ਵੀ ਕਰਦੇ ਹੋ ਸਕਦੇ ਹਨ। ਪਿਛਲੀਆਂ ਸਰਕਾਰਾਂ ਸਮੇਂ ਉਹ ਵੱਡੀਆਂ ਕਾਰਪੋਰੇਸ਼ਨਾਂ ਦੇ ਕਹੇ ਉਤੇ ਪਾਰਲੀਮੈਂਟ ਵਿਚ ਸਵਾਲ ਪੁੱਛਣ ਦਾ ਸੌਦਾ ਮਾਰਦੇ ਸਾਬਤ ਹੋ ਚੁੱਕੇ ਹਨ, ਪਰ ਭਾਰਤ ਦੇ ਲੋਕ-ਰਾਜ ਦੇ ਪਿੱਛੇ ਛੁਪੇ ਅਸਲੀ 'ਰਾਜ' ਦਾ ਰਾਜ਼ ਇਹ ਹੈ ਕਿ ਲੋਕਾਂ ਨੂੰ ਇਸ ਸਕੈਂਡਲ ਦਾ ਹਸ਼ਰ ਹੁਣ ਯਾਦ ਹੀ ਨਹੀਂ। ਜਦੋਂ ਰੌਲਾ ਪਿਆ ਤਾਂ ਪਹਿਲੇ ਹੱਲੇ ਵਿਚ ਲੋਕ ਸਭਾ ਵਾਲੇ ਦਾਗੀ ਮੈਂਬਰਾਂ ਨੂੰ ਬਰਖਾਸਤ ਕਰ ਦਿੱਤਾ ਗਿਆ, ਪਰ ਜਦੋਂ ਗੱਲ ਅੱਗੇ ਵਧਦੀ ਗਈ ਤਾਂ ਉਨ੍ਹਾਂ ਨਾਲ ਦੇ ਜਿਹੜੇ ਰਾਜ ਸਭਾ ਮੈਂਬਰ ਫਸਦੇ ਸਨ, ਉਨ੍ਹਾਂ ਦੀ ਵਾਰੀ ਕਾਰਵਾਈ ਰੁਕ ਗਈ। ਲਿਹਾਜ ਦਾ ਕਾਰਨ ਇਹ ਸੀ ਕਿ 'ਇਸ ਹਮਾਮ ਵਿਚ ਸਾਰੇ ਨੰਗੇ' ਵਾਲਾ ਮੁਹਾਵਰਾ ਸੱਚਾ ਸਾਬਤ ਹੋ ਗਿਆ ਸੀ। ਜਿਨ੍ਹਾਂ ਉਤੇ ਸਜ਼ਾ ਵਾਲਾ ਕੁਹਾੜਾ ਚੱਲਿਆ ਸੀ, ਹਰ ਪਾਰਟੀ ਨੇ ਉਨ੍ਹਾਂ ਬਾਰੇ ਇਹ ਕਿਹਾ ਕਿ ਅੱਗੇ ਤੋਂ ਇਨ੍ਹਾਂ ਨੂੰ ਅਸੀਂ ਕਦੇ ਮੂੰਹ ਨਹੀਂ ਲਾਵਾਂਗੇ, ਪਰ ਉਨ੍ਹਾਂ ਵਿਚੋਂ ਇੱਕ ਜਣੇ ਨੂੰ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਹਿਮਾਚਲ ਪ੍ਰਦੇਸ਼ ਤੋਂ ਭਾਜਪਾ ਨੇ ਟਿਕਟ ਦੇ ਦਿੱਤੀ ਤੇ ਕਿਸੇ ਵੀ ਹੋਰ ਪਾਰਟੀ ਨੇ ਇਸ ਨੂੰ ਮੁੱਦਾ ਨਹੀਂ ਸੀ ਬਣਾਇਆ। ਬਾਕੀ ਪਾਰਟੀਆਂ ਇਸ ਲਈ ਚੁੱਪ ਹੋ ਗਈਆਂ ਕਿ ਜੇ ਭਾਜਪਾ ਦਾ ਦਾਗੀ ਪਾਰ ਲੰਘ ਗਿਆ ਤਾਂ ਅਸੀਂ ਵੀ ਆਪੋ-ਆਪਣੇ ਕਮਾਊ-ਪੁੱਤਾਂ ਨੂੰ ਫਿਰ ਰਾਜਨੀਤੀ ਦੇ ਅਖਾੜੇ ਵਿਚ ਲਿਆਉਣ ਲਈ ਰਸਤਾ ਸਾਫ ਸਮਝ ਲਵਾਂਗੇ। ਹੁਣ ਇਹ ਰਸਤਾ ਖੁੱਲ੍ਹ ਗਿਆ ਹੈ।

ਲੋਕ-ਰਾਜ ਵਿਚ ਲੋਕਾਂ ਦੀ ਅੱਖ ਫਿਰ ਲੋਕ-ਰਾਜ ਦਾ ਮੰਦਰ ਅਖਵਾਉਂਦੀ ਲੋਕ-ਸਭਾ ਦੀ ਥਾਂ ਅਦਾਲਤਾਂ ਦੀ ਸਿਖਰ ਸਮਝੀ ਜਾਂਦੀ ਸੁਪਰੀਮ ਕੋਰਟ ਵੱਲ ਹੈ, ਜਿਸ ਨੇ ਦਾਗੀਆਂ ਨੂੰ ਮੰਤਰੀ ਬਣਾਏ ਜਾਣ ਨੂੰ ਗਲਤ ਕਹਿ ਦਿੱਤਾ ਹੈ, ਪਰ ਇੱਕ ਵੀ ਰਾਜ ਦੇ ਮੁੱਖ ਮੰਤਰੀ ਨੇ ਇੱਕ ਵੀ ਦਾਗੀ ਮੰਤਰੀ ਦਾ ਅਸਤੀਫਾ ਨਹੀਂ ਮੰਗਿਆ। ਬੱਚੇ ਕਈ ਵਾਰ ਬਾਪ ਦੀਆਂ ਆਦਤਾਂ ਗ੍ਰਹਿਣ ਕਰਨ ਲੱਗਦੇ ਹਨ ਤੇ ਰਾਜਾਂ ਦੇ ਮੁੱਖ ਮੰਤਰੀ ਵੀ ਬਹੁਤਾ ਕਰ ਕੇ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਵੇਖਦੇ ਹਨ। ਜਦੋਂ ਪ੍ਰਧਾਨ ਮੰਤਰੀ ਆਪਣੇ ਮੰਤਰੀ ਮੰਡਲ ਦੇ ਦਾਗੀਆਂ ਬਾਰੇ ਚੁੱਪ ਕੀਤਾ ਰਹੇ ਤਾਂ ਰਾਜਾਂ ਦੀ ਹਕੂਮਤ ਚਲਾਉਣ ਵਾਲੇ ਵੀ ਇਸ਼ਾਰਾ ਸਮਝ ਜਾਂਦੇ ਹਨ। ਇਹ ਇਸ਼ਾਰਾ ਹੁਣ ਵੀ ਹੇਠਾਂ ਤੱਕ ਪਹੁੰਚ ਗਿਆ ਹੈ।

ਪ੍ਰਧਾਨ ਮੰਤਰੀ ਨੇ ਬੱਚਿਆਂ ਨਾਲ ਗੱਲਾਂ ਕੀਤੀਆਂ ਹਨ। ਉਸ ਨੂੰ ਕਰਨ ਦਾ ਹੱਕ ਹੈ ਤੇ ਉਸ ਨੇ ਇਸ ਹੱਕ ਨੂੰ ਵਰਤ ਲਿਆ ਹੈ, ਪਰ ਜਿਹੜੇ ਸਵਾਲ ਲੋਕ-ਰਾਜ ਬਾਰੇ ਕੀਤੇ ਜਾ ਸਕਦੇ ਹਨ, ਉਹ ਸਵਾਲ ਬੱਚਿਆਂ ਨੂੰ ਸੁੱਝੇ ਵੀ ਹੋਣ ਤਾਂ ਉਹ ਕਰ ਨਹੀਂ ਸਨ ਸਕਦੇ। ਬੱਚਿਆਂ ਨੂੰ ਇਹ ਗੱਲ ਪਹਿਲਾਂ ਸਮਝਾ ਦਿੱਤੀ ਜਾਂਦੀ ਹੈ ਕਿ ਤੁਸੀਂ ਪ੍ਰਧਾਨ ਮੰਤਰੀ ਦੇ ਸਾਹਮਣੇ ਡਿਸਿਪਲਿਨ ਵਿਚ ਰਹਿਣਾ ਹੈ। ਡਿਸਿਪਲਿਨ ਵਿਚ ਰਹਿਣ ਦੀ ਹਦਾਇਤ ਨਾ ਹੋਵੇ ਤਾਂ ਉਹ ਕਈ ਸਵਾਲ ਪੁੱਛ ਸਕਦੇ ਹਨ। ਜੇ ਇਹ ਬੱਚੇ ਚੁਣਵੇਂ ਤੇ ਡਿਸਿਪਲਿਨ ਵਾਲੇ ਵਿਦਿਅਕ ਅਦਾਰਿਆਂ ਤੋਂ ਨਾ ਲਿਆਂਦੇ ਹੁੰਦੇ ਤਾਂ ਕਿਸੇ ਥੁੜਾਂ ਭਰਪੂਰ ਸਕੂਲ ਦਾ ਬੱਚਾ ਇਹ ਸਵਾਲ ਪੁੱਛ ਲੈਂਦਾ ਕਿ ਸਾਡੇ ਸਕੂਲ ਵਿਚ ਬਹਿਣ ਨੂੰ ਬੈਂਚ ਨਹੀਂ, ਨੇੜਲੇ ਨਿੱਜੀ ਸਕੂਲ ਦੇ ਬੱਚੇ ਏਅਰ ਕੰਡੀਸ਼ਨਡ ਕਮਰੇ ਵਿਚ ਬੈਠ ਕੇ ਕਿਉਂ ਪੜ੍ਹਦੇ ਹਨ, ਅਸੀਂ ਦੋਵੇਂ ਬਰਾਬਰ ਦੇ ਨਾਗਰਿਕ ਹਾਂ? ਕਿਸੇ ਹੋਰ ਸਕੂਲ ਦਾ ਬੱਚਾ ਇਹ ਪੁੱਛ ਲੈਂਦਾ ਕਿ ਸਾਡੇ ਸਕੂਲ ਵਿਚ ਡੇਢ ਸੌ ਬੱਚੇ ਤੇ ਇੱਕ ਟੀਚਰ ਹੈ, ਪਰ ਨਾਲ ਦਾ ਪਿੰਡ ਮੰਤਰੀ ਦਾ ਹੋਣ ਕਰ ਕੇ ਉਥੇ ਸੌ ਬੱਚਿਆਂ ਲਈ ਸੋਲਾਂ ਟੀਚਰ ਕਿਉਂ ਹਨ? ਤੀਸਰਾ ਬੱਚਾ ਇਹ ਪੁੱਛਣ ਦੀ ਭੁੱਲ ਕਰ ਸਕਦਾ ਸੀ ਕਿ ਸਾਡੇ ਸਕੂਲ ਦੀ ਟੀਚਰ ਨੂੰ ਤਨਖਾਹ ਦੇਣ ਵੇਲੇ ਕੁਝ ਪੈਸੇ ਪਿੰਡ ਦਾ ਸਰਪੰਚ ਕਾਹਦੇ ਲਈ ਆਪ ਰੱਖ ਲੈਂਦਾ ਹੈ ਤੇ ਹਰ ਵਾਰੀ ਤਨਖਾਹ ਲੈਣ ਪਿੱਛੋਂ ਸਾਡੀ ਟੀਚਰ ਪੜ੍ਹਾਉਣ ਦੀ ਥਾਂ ਅੱਧਾ ਘੰਟਾ ਅੱਥਰੂ ਕਿਉਂ ਪੂੰਝਦੀ ਹੈ? ਚੌਥਾ ਬੱਚਾ ਇਹ ਪੁੱਛ ਸਕਦਾ ਸੀ ਕਿ ਉਸ ਦੇ ਪਿੰਡ ਦੇ ਖਾਤੇ ਦਾ ਟੀਚਰ ਨਾਲ ਦੇ ਪਿੰਡ ਮੰਤਰੀ ਦੇ ਘਰ ਉਸ ਦੇ ਦਫਤਰ ਵਿਚ ਕਿਉਂ ਬੈਠਦਾ ਹੈ ਅਤੇ ਲੋਕ ਉਸ ਨੂੰ 'ਪੀ ਏ' ਕਿਉਂ ਆਖਦੇ ਹਨ? ਕੀ ਇਹੋ ਜਿਹੇ ਸਵਾਲ ਕੀਤੇ ਜਾ ਸਕਦੇ ਹਨ ਕਿਸੇ ਪ੍ਰਧਾਨ ਮੰਤਰੀ ਨੂੰ ਅਤੇ ਕੀ ਇਹੋ ਜਿਹਾ ਸਵਾਲ ਕਰਨ ਵਾਲੇ ਬੱਚੇ ਨਾਲ ਆਏ ਟੀਚਰ ਨੂੰ ਭਾਰਤ ਦਾ ਲੋਕ-ਰਾਜ ਅਗਲੇ ਦਿਨ ਸਕੂਲ ਵਿਚ ਆਉਣ ਦੀ ਆਗਿਆ ਦੇ ਸਕਦਾ ਹੈ?

ਬੜੇ ਔਖੇ ਇਹੋ ਜਿਹੇ ਸਵਾਲਾਂ ਦੀ ਸੂਚੀ ਬੜੀ ਲੰਮੀ ਹੈ, ਜਿਸ ਨੂੰ ਛੇੜਨ ਤੋਂ ਬਿਨਾਂ ਇਹ ਵਧੀਆ ਤਰੀਕਾ ਹੈ ਕਿ ਜਿਵੇਂ ਮੁੱਖ ਮੰਤਰੀ ਦੇ ਸੰਗਤ ਦਰਸ਼ਨ ਤੋਂ ਪਿੱਛੋਂ ਵਿਧਾਇਕ ਵੀ ਸੰਗਤਾਂ ਦੇ ਦਰਸ਼ਨ ਕਰਨ ਤੁਰ ਪੈਂਦੇ ਹਨ, ਉਵੇਂ ਹੀ ਪ੍ਰਧਾਨ ਮੰਤਰੀ ਤੋਂ ਬਾਅਦ ਮੁੱਖ ਮੰਤਰੀਆਂ ਨੂੰ ਇਹ ਰਸਮ ਪੂਰੀ ਕਰਨ ਲਈ ਕਹਿ ਦਿੱਤਾ ਜਾਵੇ। ਇਸ ਨਾਲ ਸਾਡੇ ਲੋਕਾਂ ਦਾ ਪੱਲਾ ਬਿਨਾਂ ਸ਼ੱਕ ਖਾਲੀ ਰਹਿ ਜਾਵੇ, ਲੋਕ-ਰਾਜ ਦੇ ਪਿੱਛੇ ਛੁਪੇ ਅਸਲ 'ਰਾਜ' ਦਾ ਬੁੱਤਾ ਸਰ ਜਾਵੇਗਾ।

## ਕਾਵਿ-ਮਸ਼ਕੂਲੇ

ਮੋਦੀ-ਮੋਦੀ ਕਰਾਉਣ ਲਈ
ਸਭ ਹੋ ਗਏ ਪੱਬਾਂ ਭਾਰ,
ਅੱਛੇ ਦਿਨ ਸੁਪਨਾ ਬਣੇ,
ਹਿੱਲ ਗਈ ਸਰਕਾਰ!
ਅਧਿਆਪਕ ਦਿਵਸ ਮਨਾਉਣ ਦਾ
ਇਹ ਕੈਸਾ ਫਰਮਾਨ,
ਅਧਿਆਪਕ ਪੜ੍ਹਨੇ ਪਾ ਦਿੱਤੇ,
ਬੱਚੇ ਨੇ ਪ੍ਰੇਸ਼ਾਨ!
ਰੇਡੀਓ, ਟੀ.ਵੀ. ਕੇਬਲ ਦਾ,
ਕਰੋ ਇੰਤਜ਼ਾਮ ਹਜ਼ੂਰ,
ਮੋਦੀ ਸਾਹਿਬ ਨੇ ਬੋਲਣੈ,
ਸੁਣਨਾ ਪਊ ਜ਼ਰੂਰ!
ਜੇ ਉਨੀ-ਇੱਕੀ ਹੋ ਗਈ ਤੇ
ਪੜ੍ਹਿਆ ਲਿਉ ਵਿਚਾਰ,
ਮਾਸਟਰਾਂ ਦੇ ਦਿਲ ਡੋਲਦੇ,
ਮਨ ਵਿਚ ਪਿਆ ਖਿਲਾਰ!
ਸਰਕਾਰ ਦੀ ਕੀ ਫਿਲਾਸਫੀ,
ਜੀਅ ਦਾ ਬਣੀ ਜੰਜਾਲ,
ਭਾਸ਼ਣ ਵਾਲੇ 'ਜੁਗਾੜ' ਨਾਲ
ਹੋ ਗਿਆ ਮੰਦੜਾ ਹਾਲ!
ਨਾਦਰਸ਼ਾਹੀ ਹੁਕਮ ਨਾਲ,
ਆ ਗਿਆ ਇਕ ਭੂਚਾਲ,
'ਜੱਸਲ' ਬਹਿ ਮੁਸਕਰਾ ਰਿਹੈ,
ਵਾਹ! ਮੋਦੀ ਸਾਬ੍ਹ ਕਮਾਲ!

-ਰਾਜਿੰਦਰ ਜੱਸਲ



ਪੰਜਾਬ ਟਾਈਮਜ਼ ਦਾ ਨਾਂ ਲਓ
ਅਤੇ 50 ਮਿੰਟ ਮੁਫਤ ਲਓ

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

24/7 Customer Service Available

Same rate for lanline and mobile.

ਟੌਲ ਫਰੀ ਨੰਬਰ 1-888-652-6268
732-983-4332/4333

# ਭਰਵਾਂ ਰਿਹਾ ਸ਼ੇਰੇ ਪੰਜਾਬ ਸਪੋਰਟਸ ਕਲੱਬ ਦਾ ਖੇਡ ਮੇਲਾ

**ਸ਼ਿਕਾਗੋ (ਸੁਰਿੰਦਰ ਸਿੰਘ ਭਾਟੀਆ):** ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ ਵਲੋਂ ਇਥੇ 31 ਅਗਸਤ ਨੂੰ ਬਸੀ ਵੁਡ ਫਾਰੈਸਟ ਪ੍ਰਿਜ਼ਰਵ, ਐਲਕ ਗਰੂਵ ਵਿਚ ਕਰਵਾਏ ਗਏ ਅੱਠਵੇਂ ਸਾਲਾਨਾ ਖੇਡ ਮੇਲੇ ਨੂੰ ਮਿਡਵੈਸਟ ਦੇ ਵਖ ਵਖ ਸ਼ਹਿਰਾਂ ਤੋਂ ਆਏ ਦਰਸ਼ਕਾਂ ਦਾ ਭਰਪੂਰ ਹੁੰਗਾਰਾ ਮਿਲਿਆ ਜਿਨ੍ਹਾਂ ਨਾ ਸਿਰਫ ਫਸਵੇਂ ਕਬੱਡੀ ਅਤੇ ਵਾਲੀਬਾਲ ਮੈਚਾਂ ਦਾ ਅਨੰਦ ਮਾਣਿਆ ਸਗੋਂ ਲੋਕ ਗਾਇਕ ਸਰਬਜੀਤ ਚੀਮਾ ਦੇ ਗੀਤਾਂ ਦਾ ਵੀ ਭਰਪੂਰ ਅਨੰਦ ਮਾਣਿਆ।



ਕਬੱਡੀ ਟੂਰਨਾਮੈਂਟ ਦਾ ਪਹਿਲਾ ਇਨਾਮ ਇਕ ਫਸਵੇਂ ਮੁਕਾਬਲੇ ਵਿਚ ਮਿਲਵਾਕੀ ਸਪੋਰਟਸ ਕਲੱਬ ਨੇ ਮੇਜ਼ਬਾਨ ਸ਼ੇਰੇ ਪੰਜਾਬ ਸਪੋਰਟਸ ਕਲੱਬ ਦੀ ਟੀਮ ਨੂੰ ਹਰਾ ਕੇ ਜਿੱਤਿਆ। ਵਾਲੀਬਾਲ ਮੁਕਾਬਲਿਆਂ ਵਿਚ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਸ਼ਿਕਾਗੋ ਦੀ ਟੀਮ ਜੇਤੂ ਰਹੀ ਅਤੇ ਗੋ ਗਰੀਨ ਕਲੱਬ ਦੀ ਟੀਮ ਨੂੰ ਦੂਜੇ ਥਾਂ 'ਤੇ ਸਬਰ ਕਰਨਾ ਪਿਆ।

ਮੇਲੇ ਦਾ ਅਰੰਭ ਗੁਰਦੁਆਰਾ ਪੈਲਾਟਾਈਨ ਦੇ ਹੈਡ ਗ੍ਰੰਥੀ ਭਾਈ ਗੁਰਜੰਟ ਸਿੰਘ ਵਲੋਂ ਪ੍ਰਭੂ ਚਰਨਾਂ ਵਿਚ ਅਰਦਾਸ ਨਾਲ ਹੋਇਆ। ਉਪਰੰਤ ਮੁਖ ਮਹਿਮਾਨ, ਗੈਸਟ ਆਫ ਆਨਰ ਤੇ ਪ੍ਰਬੰਧਕਾਂ ਨੇ ਗੁਬਾਰੇ ਛਡ ਕੇ ਰਸਮੀ ਤੌਰ 'ਤੇ ਮੇਲੇ ਦਾ ਅਰੰਭ ਕੀਤਾ।

ਕਬੱਡੀ ਓਪਨ ਵਿਚ ਲਿਸ਼ਕਦੇ ਕੱਬਡੀ ਕੱਪ ਨੂੰ ਚੁੰਮਣ ਅਤੇ 5100 ਡਾਲਰ ਦਾ ਪਹਿਲਾ ਅਤੇ 4100 ਡਾਲਰ ਦਾ ਦੂਜਾ ਇਨਾਮ ਹਾਸਿਲ ਕਰਨ ਲਈ ਮੈਦਾਨ ਵਿਚ ਚਾਰ ਟੀਮਾਂ-ਮੇਜ਼ਬਾਨ ਸ਼ੇਰੇ ਪੰਜਾਬ ਸਪੋਰਟਸ ਕਲੱਬ, ਇੰਡੀਅਨਐਪੋਲਿਸ ਕਬੱਡੀ ਟੀਮ, ਮਿਲਵਾਕੀ ਸਪੋਰਟਸ ਕਲੱਬ ਅਤੇ ਅਰਕਨਸਾਸ ਸਪੋਰਟਸ ਕਲੱਬ ਆਹਮੋ-ਸਾਹਮਣੇ ਸਨ ਅਤੇ ਹਾਲਤ 'ਕੋਈ ਨਿਤਰੂ ਵੜੇਵੇਂ ਖਾਣੀ, ਕੁੰਢੀਆਂ ਦੇ ਸਿੰਗ ਫਸ ਗਏ' ਵਾਲੇ ਸਨ।

ਪਹਿਲਾ ਮੈਚ ਸ਼ੇਰੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਤੇ ਅਰਕਨਸਾਸ ਸਪੋਰਟਸ ਕਲੱਬ ਵਿਚਾਲੇ ਹੋਏ ਫਸਵੇਂ ਮੈਚ ਵਿਚ 30 ਦੇ ਮੁਕਾਬਲੇ 35 ਅੰਕ ਲੈ ਕੇ ਸ਼ੇਰੇ ਪੰਜਾਬ ਸਪੋਰਟਸ ਕਲੱਬ ਦੀ ਟੀਮ ਜੇਤੂ ਰਹੀ। ਮਿਲਵਾਕੀ ਸਪੋਰਟਸ ਕਲੱਬ ਤੇ ਇੰਡੀਅਨਐਪੋਲਿਸ ਕਬੱਡੀ ਕਲੱਬ ਵਿਚਾਲੇ ਹੋਏ ਅਗਲੇ ਕਬੱਡੀ ਮੈਚ ਵਿਚ ਮਿਲਵਾਕੀ ਸਪੋਰਟਸ ਕਲੱਬ ਨੇ 35-31 ਦੇ ਫਰਕ ਨਾਲ ਵਿਰੋਧੀ ਟੀਮ ਨੂੰ ਹਰਾ ਕੇ ਫਾਈਨਲ ਵਿਚ ਪ੍ਰਵੇਸ਼ ਪਾ ਲਿਆ।



ਤੀਸਰੇ ਸਥਾਨ ਲਈ ਇੰਡੀਅਨਐਪੋਲਿਸ ਸਪੋਰਟਸ ਕਲੱਬ ਤੇ ਅਰਕਨਸਾਸ ਸਪੋਰਟਸ ਕਲੱਬ ਵਿਚਾਲੇ ਮੁਕਾਬਲਾ ਇੰਨਾ ਫਸਵਾਂ ਸੀ ਕਿ ਜਿੱਤ-ਹਾਰ ਦਾ ਫੈਸਲਾ ਸਿਰਫ ਅੱਧੇ ਅੰਕ ਨਾਲ ਹੋਇਆ। ਇੰਡੀਅਨਐਪੋਲਿਸ ਸਪੋਰਟਸ ਕਲੱਬ 22 ਦੇ ਮੁਕਾਬਲੇ ਸਾਢੇ 22 ਅੰਕਾਂ ਨਾਲ ਜੇਤੂ ਰਿਹਾ।

ਫਾਈਨਲ ਮੈਚ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਅਤੇ ਮਿਲਵਾਕੀ ਸਪੋਰਟਸ ਕਲੱਬ ਵਿਚਾਲੇ ਬਹੁਤ ਫਸਵਾਂ ਰਿਹਾ। ਮਿਲਵਾਕੀ ਦੀ ਤਰਫੋਂ ਮੈਕਸੀਕੋ ਮੂਲ ਦੇ ਸ਼ਾਵੇਜ਼ ਭਰਾ-ਹੈਰੋ ਤੇ ਜੀਸਸ ਦੀ ਮਸ਼ਹੂਰ ਜੋੜੀ ਖੇਡ ਰਹੀ ਸੀ ਜਦਕਿ ਦੂਜੀ ਟੀਮ ਵਿਚ ਕਾਲੇ ਮੂਲ ਦਾ ਡਾਂਟੇ। ਹੈਰੋ ਤੇ ਜੀਸਸ ਕਬੱਡੀ ਜਗਤ ਵਿਚ ਆਪਣੇ ਦਮਦਾਰ ਜੱਫਿਆਂ ਤੇ ਰੇਡਾਂ ਨਾਲ ਨਾਮਣਾ ਖੱਟ ਚੁਕੇ ਹਨ। ਉਨ੍ਹਾਂ ਇਸ ਮੈਚ ਵਿਚ ਬਤੌਰ ਰੇਡਰ ਜਾਨਦਾਰ ਖੇਡ ਦਾ ਜਲਵਾ ਦਿਖਾਇਆ। ਸ਼ਾਵੇਜ਼ ਭਰਾਵਾਂ ਅਤੇ ਮੰਨਾ ਲੱਛਰ ਨੇ ਇਕ ਦੂਜੇ ਨਾਲ ਚੰਗੇ ਹੱਥ ਅਜ਼ਮਾਏ। ਮੰਨੇ ਲੱਛਰ ਦਾ ਸ਼ਾਵੇਜ਼ ਭਰਾਵਾਂ ਨਾਲ ਪੰਜਾ ਕਈ ਵਾਰੀ ਫਸਿਆ ਪਰ ਹਰ ਵਾਰ ਬਾਜ਼ੀ ਹੈਰੋ ਤੇ ਜੀਸਸ ਦੇ ਹੱਥ ਰਹੀ। ਡਾਂਟੇ ਨੇ ਵੀ ਸ਼ਾਵੇਜ਼ ਭਰਾਵਾਂ ਨਾਲ ਜਮ ਕੇ ਟੱਕਰ ਲਈ। ਡਾਂਟੇ ਤੇ ਮੰਨੇ ਲੱਛਰ ਨੇ ਕਈ ਵਾਰੀ ਧੋਬੀ ਪਟਕੇ ਤੇ ਰੋਪੜੀ ਜਿੰਦੇ ਲਾਉਣ ਦੀ ਕੋਸ਼ਿਸ਼ ਕੀਤੀ ਪਰ ਲਚਕੀਲੇ ਤੇ ਫੁਰਤੀਲੇ ਜੁੱਸੇ ਵਾਲੇ ਸ਼ਾਵੇਜ਼ ਭਰਾ ਹਰ ਵਾਰ ਉਨ੍ਹਾਂ ਦੇ ਹੱਥੋਂ ਮੱਛੀ ਵਾਂਗ ਤਿਲਕ ਜਾਂਦੇ।

ਸ਼ਿਕਾਗੋ ਦੇ ਰੂਬਲ ਤੇ ਮਿਲਵਾਕੀ ਦੇ ਗੁਰਪ੍ਰੀਤ ਨੇ ਵੀ ਕਈ ਵਾਰੀ ਆਹਮੋ-ਸਾਹਮਣੇ ਹੋ ਕੇ ਚੰਗੀ ਖੇਡ ਦਿਖਾਈ। ਵਿੱਕੀ ਤੇ ਸਾਬੀ ਦਾ ਮੁਕਾਬਲਾ ਵੀ ਜਾਨਦਾਰ ਰਿਹਾ, ਤੇਜੀ ਨੇ ਕਈ ਕੋਸ਼ਿਸ਼ਾਂ ਵਿਚ ਕਾਮਯਾਬੀ ਹਾਸਿਲ ਕਰਕੇ ਆਪਣੀ ਟੀਮ ਦੇ ਅੰਕਾਂ ਵਿਚ ਵਾਧਾ ਕੀਤਾ। ਲੱਬੀ ਨੇ ਲਗਾਤਾਰ ਕਈ ਅੰਕ ਹਾਸਿਲ ਕਰਕੇ ਦਰਸ਼ਕਾਂ ਦਾ ਮਨ ਮੋਹਿਆ। ਦਰਸ਼ਕਾਂ ਨੇ ਵੀ 'ਕੱਲੀ-'ਕੱਲੀ ਰੇਡ ਅਤੇ ਜੱਫੇ ਦਾ ਅਨੰਦ ਮਾਣਦਿਆਂ ਖਿਡਾਰੀਆਂ ਦੀ ਡਾਲਰਾਂ ਨਾਲ ਹੌਂਸਲਾ ਅਫਜਾਈ ਕੀਤੀ।

ਅਖੀਰ ਮਿਲਵਾਕੀ ਸਪੋਰਟਸ ਕਲੱਬ ਨੇ 35 ਦੇ ਮੁਕਾਬਲੇ ਸਾਢੇ 41 ਅੰਕਾਂ ਦੇ ਫਰਕ ਨਾਲ ਮੇਜ਼ਬਾਨ ਟੀਮ ਨੂੰ ਹਰਾ ਕੇ ਕਬੱਡੀ ਕੱਪ ਉਤੇ ਕਬਜ਼ਾ ਕਰ ਲਿਆ। ਚੇਤੇ ਰਹੇ ਮਿਲਵਾਕੀ ਸਪੋਰਟਸ ਕਲੱਬ ਨੇ ਇਸ ਸਾਲ ਸ਼ਿਕਾਗੋ ਵਿਚ ਹੋਏ ਤਿੰਨਾਂ ਕੱਬਡੀ ਮੇਲਿਆਂ ਵਿਚ ਫਾਈਨਲ ਜਿੱਤ ਕੇ ਸਾਰੇ ਕਬੱਡੀ ਕੱਪ ਆਪਣੀ ਝੋਲੀ ਪੁਆ ਕੇ ਧਾਕ ਜਮਾਈ ਹੋਈ ਹੈ।



ਗਾਇਕ ਸਰਬਜੀਤ ਚੀਮਾ ਗੀਤ ਪੇਸ਼ ਕਰਦਿਆਂ

ਕਬੱਡੀ ਕੱਪ ਦਾ 5100 ਡਾਲਰ ਦਾ ਪਹਿਲਾ ਇਨਾਮ ਵਾਕੀਗਨ ਦੇ ਗਿੱਲ ਭਰਾਵਾਂ-ਜਸਵਿੰਦਰ ਸਿੰਘ ਗਿੱਲ ਤੇ ਨਾਜਰ ਸਿੰਘ ਗਿੱਲ ਵਲੋਂ ਸਪਾਂਸਰ ਕੀਤਾ ਗਿਆ ਸੀ ਜਦਕਿ 4100 ਡਾਲਰ ਦਾ ਦੂਜਾ ਇਨਾਮ ਗੁਰਦੇਵ ਸਿੰਘ ਗਿੱਲ ਤੇ ਅੰਮ੍ਰਿਤਪਾਲ ਸਿੰਘ ਗਿੱਲ ਨੇ ਸਪਾਂਸਰ ਕੀਤਾ ਸੀ।

ਓਪਨ ਕਬੱਡੀ ਦੇ ਬੈਸਟ ਸਟਾਪਰ ਧੁੱਦਾ ਮਹੇੜੂ ਤੇ ਬੈਸਟ ਰੇਡਰ ਸਾਂਝੇ ਤੌਰ 'ਤੇ ਹੈਰੋ ਤੇ ਜੀਸਸ ਚੁਣੇ ਗਏ। ਬੈਸਟ ਸਟਾਪਰ ਤੇ ਬੈਸਟ ਰੇਡਰ ਦੇ ਇਨਾਮ ਸਵਰਗੀ ਗੁਰਦੇਵ ਸਿੰਘ ਬੰਦੇਸ਼ਾ ਦੀ ਯਾਦ 'ਚ ਉਨ੍ਹਾਂ ਦੇ ਪੁੱਤਰ ਜੰਗ ਬੰਦੇਸ਼ਾ ਵਲੋਂ ਸਨ।

ਨੌਜਵਾਨਾਂ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਟੀ-ਟਵੰਟੀ ਟੂਰਨਾਮੈਂਟ ਦੀ ਤਰਜ਼ 'ਤੇ 22 ਸਾਲਾਂ ਤੋਂ ਘਟ ਉਮਰ ਦੇ ਖਿਡਾਰੀਆਂ ਦਾ ਮੈਚ ਵੀ ਕਰਵਾਇਆ ਗਿਆ। ਇਹ ਮੈਚ ਮਿਸ਼ੀਗਨ ਦੀ ਟੀਮ ਨੇ ਮਿਲਵਾਕੀ ਦੀ ਜੂਨੀਅਰ ਟੀਮ ਨੂੰ 41-26 ਦੇ ਫਰਕ ਨਾਲ ਹਰਾ ਕੇ ਜਿੱਤਿਆ।

ਰੈਫਰੀ ਦਰਸ਼ਨ ਪੰਮਾ ਤੇ ਰਾਜਾ ਤੱਲ੍ਹਣ ਸਨ। ਕਬੱਡੀ ਮੈਚਾਂ ਦੇ ਅੰਕ ਸਿੱਖ ਰਿਲੀਜੀਅਸ ਸੁਸਾਇਟੀ ਦੇ ਸਾਬਕਾ ਪ੍ਰਧਾਨ ਰਘਵਿੰਦਰ ਸਿੰਘ ਮਾਹਲ ਨੇ ਨੋਟ ਕੀਤੇ। ਕਬੱਡੀ ਮੈਚਾਂ ਦੀ ਕੁਮੈਂਟਰੀ ਕਰਦਿਆਂ ਇਕਬਾਲ ਗਾਲਿਬ ਨੇ ਆਪਣੀਆਂ ਟਿਪਣੀਆਂ ਤੇ ਟੋਟਕਿਆਂ 'ਮੁਲ ਪੈਂਦਾ ਨਹੀਂ ਫੋਕੇ ਲਲਕਾਰਿਆਂ ਦਾ', 'ਜਿਤ ਦਾ ਹੋਵੇ ਜਜ਼ਬਾ ਹਾਰ ਕੋਲੋਂ ਨਾ ਮੂਲੋਂ ਡਰਦਾ ਹਾਂ', 'ਬੜੇ ਮਹਿੰਗੇ ਤੇਰੇ ਸ਼ੋਕ ਮੀਆਂ', 'ਯਾਰੀ ਵਿਚ ਨਾ ਮਾੜਾ ਤਕੀਏ'... ਆਦਿ ਨਾਲ ਦਰਸ਼ਕਾਂ ਦਾ ਖੂਬ ਮਨੋਰੰਜਨ ਕੀਤਾ। ਵਿਚ ਵਿਚ ਰਾਣਾ ਸਿੱਧੂ ਵੀ ਕੁਮੈਂਟਰੀ ਕਰੀ ਜਾ

(ਬਾਕੀ ਸਫਾ 23 ਉਤੇ)



ਜੇਤੂ ਕੱਪ ਨਾਲ ਮਿਲਵਾਕੀ ਦੀ ਟੀਮ



ਮੁੱਖ ਮਹਿਮਾਨ ਰਘਬੀਰ ਸਿੰਘ ਘੁੰਨ ਨੂੰ ਯਾਦਗਾਰੀ ਚਿੰਨ ਦਿੰਦੇ ਹੋਏ ਕਲੱਬ ਮੈਂਬਰ



ਦੂਜੇ ਥਾਂ ਰਹੀ ਮੇਜ਼ਬਾਨ ਸ਼ੇਰੇ ਪੰਜਾਬ ਸਪੋਰਟਸ ਕਲੱਬ ਦੀ ਟੀਮ

## ਝਲਕੀਆਂ

ਫਾਈਨਲ ਮੈਚ ਦੌਰਾਨ ਮੈਦਾਨ ਵਿਚ ਲੋਕਾਂ ਦੀਆਂ ਗੂੰਜਦੀਆਂ ਤਾੜੀਆਂ, ਹੱਲਾਸ਼ੇਰੀਆਂ ਤੇ ਆਪ ਮੁਹਾਰੇ ਮੂੰਹੋਂ ਨਿਕਲਦੀਆਂ ਟਿੱਪਣੀਆਂ 'ਵਾਹ ਬਈ ਵਾਹ...ਨਹੀਂ ਰੀਸਾਂ ਤੇਰੀਆਂ', 'ਬਈ ਲੈ ਗਿਆ ਨੰਬਰ...ਹੁਣ ਨ੍ਹੀਂ ਆਉਂਦਾ ਹੱਥ', 'ਬੱਲੇ ਬੱਲੇ...ਮੀਗੇ ਤਾਂ ਕਮਾਲ ਹੀ ਕਰ'ਗੇ' ਇਸ ਗੱਲ ਦੀਆਂ ਗਵਾਹ ਸਨ ਕਿ ਦਰਸ਼ਕ ਮੈਚ ਕਿੰਨੇ ਉਤੇਜਿਤ ਹੋ ਕੇ ਵੇਖ ਰਹੇ ਹਨ। ਜਦ ਕਿਤੇ ਜੱਫਾ ਲੱਗ ਜਾਂਦਾ ਤਾਂ ਕਈ ਦਰਸ਼ਕ ਕੁਰਸੀਆਂ 'ਤੇ ਬੈਠੇ ਹੀ ਜ਼ੋਰ ਲਾਉਂਦੇ ਵੇਖੇ ਗਏ ਜਿਵੇਂ ਜੱਫਾ ਉਨ੍ਹਾਂ ਨੂੰ ਹੀ ਲੱਗਾ ਹੋਵੇ।

---

ਇਹ ਗੱਲ ਕਿਸੇ ਤੋਂ ਗੁੱਝੀ ਨਹੀਂ ਕਿ ਪੰਜਾਬੀ ਖਾਣ-ਪੀਣ ਦੇ ਸ਼ੌਕੀਨ ਹਨ। ਮੇਲੇ ਵਿਚ ਦਰਸ਼ਕ ਜਿਥੇ ਆਲੂ ਮਟਰ-ਚੌਲ, ਨਾਨ-ਛੋਲਿਆਂ ਦਾ ਸਵਾਦ ਚਖਦੇ ਰਹੇ, ਉਥੇ ਸ਼ੌਕੀਨਾਂ ਨੇ ਭੁੰਨੇ ਕੁੱਕੜਾਂ ਦਾ ਵੀ ਪੂਰਾ ਲੁਤਫ ਲਿਆ। ਮਾਣਕ ਤੇ ਪਰਮਿੰਦਰ ਦੇ ਜਲੇਬੀਆਂ ਵਾਲੇ ਸਟਾਲ 'ਤੇ ਵੀ ਚੋਖੀ ਭੀੜ ਸੀ। ਲੋਕਾਂ ਨੇ ਗਰਮਾ-ਗਰਮ ਜਲੇਬੀਆਂ ਲਾਈਨ 'ਚ ਲੱਗ ਕੇ ਖਾਧੀਆਂ। ਕੁਝ ਬਜ਼ੁਰਗਾਂ ਨੇ ਵੀ ਜਲੇਬੀਆਂ ਸਵਾਦ ਲਾ ਲਾ ਖਾਧੀਆਂ। ਜਲੇਬੀਆਂ ਦੇ ਸਟਾਲ ਲਾਗੇ ਹੀ ਖੜ੍ਹੇ ਇਕ ਨੌਜਵਾਨ ਨੇ ਟਿੱਪਣੀ ਕੀਤੀ, 'ਸੂਗਰ ਭਾਵੇਂ ਅੱਜ ਉਤਾਂਹ ਚੜ੍ਹ'ਜੇ ਪਰ ਜਲੇਬੀਆਂ ਖਾਣੋ ਨ੍ਹੀਂ ਟਲਦੇ ਬਜ਼ੁਰਗ।'

---

ਖਿਡਾਰੀ ਤਾਂ ਕਬੱਡੀ ਦੇ ਕਰਤੱਬ ਦਿਖਾ ਹੀ ਰਹੇ ਸਨ, ਕਬੱਡੀ ਦੇ ਸ਼ੌਕੀਨ ਦਰਸ਼ਕ ਵੀ ਨਕਦ ਰਾਸ਼ੀ ਐਲਾਨ ਕੇ ਜਾਂ ਖੜ੍ਹੇ ਪੈਰ ਡਾਲਰ ਦੇ ਕੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕਰਦੇ ਦੇਖੇ ਗਏ। ਫਾਈਨਲ ਮੈਚ ਸਮੇਂ ਦਰਸ਼ਕਾਂ ਦਾ ਉਤਸ਼ਾਹ ਇੰਨਾ ਵਧ ਗਿਆ ਕਿ ਇਕ ਇਕ ਜੱਫੇ ਜਾਂ ਰੇਡ ਲਈ ਰਕਮ 50 ਡਾਲਰ ਤੋਂ ਵਧ ਕੇ ਸੌ ਡਾਲਰ, ਡੇਢ ਸੌ ਡਾਲਰ ਤੇ ਅਖੀਰ ਦੋ ਸੌ ਡਾਲਰ ਹੋ ਗਈ। ਖਿਡਾਰੀ ਵੀ ਪੂਰੇ ਤਰਾਰੇ 'ਚ ਆਏ ਹੋਏ ਸਨ।

---

ਸ਼ਾਵੇਜ਼ ਭਰਾਵਾਂ ਨੇ ਹਨੇਰੀ ਵਾਂਗ ਨਾਨ ਸਟਾਪ ਕਬੱਡੀਆਂ ਪਾਈਆਂ। ਇਹ ਵੇਖ ਕਾਲੇ ਮੂਲ ਦੇ ਖਿਡਾਰੀ ਡਾਂਟੇ ਨੇ ਖੁੱਲ੍ਹੇ ਮੈਦਾਨ ਵਿਚ ਹੱਸਦੇ ਹੋਏ ਸਿਰ ਹਿਲਾ ਕੇ ਜਿਵੇਂ ਮੰਨ ਲਿਆ ਕਿ ਇਹ ਨਹੀਂ ਡੱਕੇ ਜਾਂਦੇ। ਸ਼ਾਵੇਜ਼ ਭਰਾ ਪੰਜਾਬੀ ਭਾਈਚਾਰੇ ਵਿਚ ਕਬੱਡੀ ਕਰਕੇ ਇੰਨੇ ਜਾਣੇ-ਪਛਾਣੇ ਹੋ ਗਏ ਹਨ ਕਿ ਲੱਗਦਾ ਹੀ ਨਹੀਂ ਕਿ ਇਹ ਮੈਕਸੀਕਨ ਮੂਲ ਦੇ ਹਨ।

---

ਮੇਲੇ ਵਿਚ ਸ਼ਿਕਾਗੋ ਤੋਂ ਇਲਾਵਾ ਇੰਡੀਆਨਾ, ਓਹਾਇਓ, ਵਿਸਕਾਨਸਿਨ, ਸਿਨਸਿਨੈਟੀ, ਮਿਸੀਸਿਪੀ, ਮਿਸ਼ੀਗਨ, ਕੈਲੀਫੋਰਨੀਆ ਸਮੇਤ ਹੋਰਨਾਂ ਸ਼ਹਿਰਾਂ-ਸਟੇਟਾਂ ਤੋਂ ਵੀ ਵੱਡੀ ਗਿਣਤੀ ਵਿਚ ਦਰਸ਼ਕ ਹਾਜਰ ਸਨ। ਪਾਰਕਿੰਗ ਵਿਚ ਕਾਰਾਂ ਹੀ ਕਾਰਾਂ ਨਜ਼ਰ ਆ ਰਹੀਆਂ ਸਨ। ਜਿਹੜੇ ਮੇਲੇ ਵਿਚ ਥੋੜ੍ਹਾ ਪੱਛੜ ਕੇ ਪਹੁੰਚੇ, ਉਨ੍ਹਾਂ ਨੂੰ ਕਾਰ ਪਾਰਕ ਕਰਨ ਲਈ ਕਰੀਬ ਪੌਣਾ ਮੀਲ ਦੂਰ ਪਾਰਕਿੰਗ ਵਿਚ ਜਾਣਾ ਪਿਆ।

---

ਚੀਮੇ ਦੇ ਅਖਾੜੇ ਦੌਰਾਨ ਸਟੇਜ ਦੇ ਲਾਗੇ ਇਕ ਜੁੰਡਲੀ ਤਾਸ਼ ਦੇ ਪੱਤੇ ਕੁੱਟਣ 'ਚ ਮਸ਼ਰੂਫ ਸੀ। ਇਨ੍ਹਾਂ ਸੱਜਣਾਂ ਨੇ ਆਪਣਾ ਹੀ ਮੇਲਾ ਲਾਇਆ ਹੋਇਆ ਸੀ ਤੇ ਦੇਖਦਿਆਂ-ਦੇਖਦਿਆਂ ਇਨ੍ਹਾਂ ਛੇਆਂ-ਸੱਤਾਂ ਦੀ ਟੋਲੀ ਦੁਆਲੇ ਬਾਰਾਂ-ਪੰਦਰਾਂ ਸੱਜਣ ਹੋਰ ਆ ਜੁੜੇ।

**-ਪੰਜਾਬ ਟਾਈਮਜ਼ ਬਿਊਰੋ**

# Yuba Brothers Field Hockey Club
# & Gadri Babe Sports Club ਵਲੋਂ

# ਹਾਕੀ ਟੂਰਨਾਮੈਂਟ

## 26, 27 ਅਤੇ 28 ਸਤੰਬਰ 2014

**University Of Pacific, Stockton, CA**
**3601 Pacific Ave., Stockton, CA**



## ਪਹਿਲਾ ਇਨਾਮ: $5100

**ਏ ਐਂਡ ਆਈ ਟਰੱਕਿੰਗ ਦੇ ਗਾਖਲ ਭਰਾਵਾਂ ਵਲੋਂ**


ਇਕਬਾਲ ਸਿੰਘ ਗਾਖਲ


ਪਲਵਿੰਦਰ ਸਿੰਘ ਗਾਖਲ


ਅਮੋਲਕ ਸਿੰਘ ਗਾਖਲ

## ਦੂਜਾ ਇਨਾਮ: $3100

**ਕਿੰਗਜ਼ ਸਪੋਰਟਸ ਕਲੱਬ, ਸੈਕਰਾਮੈਂਟੋ ਵਲੋਂ**





## ਇਸ ਟੂਰਨਾਮੈਂਟ ਵਿਚ ਉਚ ਕੋਈ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ
## ਸਕਿਉਰਿਟੀ ਅਤੇ ਦਰਸ਼ਕਾਂ ਦੇ ਬੈਠਣ ਲਈ ਖਾਸ ਪ੍ਰਬੰਧ ਕੀਤੇ ਗਏ ਹਨ
## ਪ੍ਰੋਗਰਾਮ ਗਲੋਬਲ ਪੰਜਾਬ 'ਤੇ ਲਾਈਵ ਦਿੱਤਾ ਜਾਵੇਗਾ

**ਹੋਰ ਜਾਣਕਾਰੀ ਲਈ ਸੰਪਰਕ ਕਰੋ**

ਟੀ ਜੇ ਉਪਲ 530-701-5591
ਸੁਰਜੀਤ ਨਿੱਜਰ 530-682-9596
ਜੀਤੂ ਧਾਲੀਵਾਲ 209-941-3616
ਦੇਵ ਅਟਵਾਲ 209-456-2559

**Sponsors:** A&I Trucking, AD Services (Sodi Gill), ALR Business Services (Amar Sandhu), Amanpreet Singh Sandhu, Amarjit Singh Dulai, American Freight (Rimple), Avtar Sahota, Bachittar Singh (Jahant), Bajinder Singh Klair, Balhar Bajwa, Baljinder Singh (Sacto) Jhihaz, Baljit Sahota, Balwinder S. Mithu, Bhandal Brothers Trucking, Bullet Express, C&A Trans (Sekhon Manteca), Commander Transport, Davinder Babbar, Dhanna Khalsa, Dr. Jasvir Singh Gill, Ekam Trans, Gill Transport Inc., Global Allianz (Kapoor), Gurmej Singh Gill, Gurmit Singh Basra, Gurmit Singh Sandhu, Gurnam Singh (Manteca), Gurpreet Johl, Harbrinder Janda, Harbans Trucking, HSD Trucking, Jumbo Logistics, Karnial Sandhu, Kashmir Thandi & Balhar Ranu, Kings Sports Club, Lakha Mahil (L&R), Lakhbir Singh Lakha, Lasher Brothers, Liquor King, Mahal Trucking (Sarabjit Mahal), Major Singh Livingston, Manjit Uppal, Mohinder Singh Khinda, Papu Murphys (Charn Kang), Papu Sangha, Power Truck Lines, PS Carrier, Raman Dhaliwal, Ranjit Dhaliwal, Ranjit Lathrop (Gurbinder S. Mangat), Sac Truck Lines, Sarabjit (Wells Fargo), Sarup Singh Sarai, Shop-N-Go 2 (Mahjan), Sigma Freight, Sodi Singh Sidhu, Sony Singh, Sukh Bains, Sukh Dhaliwal, Sukhdev Singh, Sukhwinder Mahal, Sumel Singh Sandhu, Tajinder Singh, Tirath Gakhal, Vanco Truck & Auto Plaza, White Hawk (Rimple Nijjar).













WORLD KABADDI LEAGUE

Wor
Lea

17 ਅਕਤੂਬਰ, ਸ਼ੁੱਕਰਵਾਰ
ਪ੍ਰੋਗਰਾਮ ਸ਼ਾਮ 4:30 ਵਜੇ ਸ਼ੁਰੂ ਹੋਣਗੇ

CALIFORNIA EAGLES

CALIFORNIA EAGLES

Stock
ਇਸ ਵਿੱਚ ਹਿਸਾ ਲੈਣ
ਭਰ ਦੇ ਵੱਡੇ ਸਟੇਡੀਅ

ਅਮਰੀਕਾ ਦੇ ਉ
ਉਨ੍ਹਾਂ ਦੀ ਟੀਮ
ਭਰ ਵਿੱਚੋਂ ਚੁ

ਦੁਨੀਆ ਭਰ ਵਿ





ਸੂਚਨਾ : ਸੰਸਾਰ ਦੀ ਪ੍ਰਸਿੱਧ ਪਾਕਿਸਤਾਨ ਦੀ ਕਬੱਡੀ ਟੀਮ ਨੂੰ ਸਮੇਂ ਸਿ





# rld Kabaddi
# ague 2014

## 18 ਅਕਤੂਬਰ, ਸਨਿਚਰਵਾਰ

ਪ੍ਰੋਗਰਾਮ ਬਾਅਦ ਦੁਪਹਿਰ ਢਾਈ ਵਜੇ ਸ਼ੁਰੂ ਹੋਣਗੇ

# kton Arena ਵਿੱਚ

ਗੇ ਫਿਲਮੀ ਦੁਨੀਆ ਦੇ ਵੱਡੇ ਸੁਪਰ ਸਟਾਰ, ਕਬੱਡੀ ਹੁਣ ਦੁਨੀਆ
ਮ ਵਿੱਚ World Kabaddi League ਵਲੋਂ ਖੇਡੀ ਜਾਵੇਗੀ।

**ਘੇ ਫਾਰਮਰ ਟੁੱਟ ਬ੍ਰਦਰਜ਼ ਵਲੋਂ ਇਨ੍ਹਾਂ ਮੈਚਾਂ ਵਿੱਚ
ਕੈਲੀਫੋਰਨੀਆ ਈਗਲਜ਼ ਦਾ ਮੁਕਾਬਲਾ ਦੁਨੀਆ
ਣੀਆਂ 7 ਚੋਟੀ ਦੀਆਂ ਟੀਮਾ ਨਾਲ ਹੋਵੇਗਾ।**

ੱਚ ਖੇਡੇ ਗਏ ਇਨ੍ਹਾਂ ਮੈਚਾਂ ਦੀਆਂ ਝਲਕੀਆਂ ਤਸਵੀਰਾਂ ਦੀ ਜ਼ੁਬਾਨੀ











## ਰ ਵੀਜ਼ਾ ਨਾ ਮਿਲਣ ਕਾਰਨ ਟੂਰਨਾਮੈਂਟ ਦੀ ਤਾਰੀਕ ਬਦਲਣੀ ਪਈ।

# ਇਤਿਹਾਸ ਦੀਆਂ ਪੈੜਾਂ

## ਇਤਿਹਾਸ ਖੋਜੀ ਬਿਪਨ ਚੰਦਰ


*ਇਤਿਹਾਸਕਾਰ ਬਿਪਨ ਚੰਦਰ ਭਾਰਤ ਦੇ ਉਨ੍ਹਾਂ ਵਿਰਲੇ ਇਤਿਹਾਸਕਾਰਾਂ ਵਿਚੋਂ ਸਨ ਜਿਨ੍ਹਾਂ ਨੇ ਆਪਣੀਆਂ ਸੁੱਚੀਆਂ ਲਿਖਤਾਂ ਨਾਲ ਆਪਣੇ ਲਈ ਭਰੋਸਾ ਕਮਾਇਆ। ਅਜਿਹੇ ਇਤਿਹਾਸਕਾਰ ਬਥੇਰੇ ਹਨ ਜਿਹੜੇ ਆਪਣੇ ਹਿਸਾਬ ਨਾਲ ਇਤਿਹਾਸਕ ਤੱਥਾਂ ਦੀ ਵਿਆਖਿਆ ਕਰਦੇ ਹਨ। ਅਜਿਹੇ ਇਤਿਹਾਸਕਾਰਾਂ ਦੇ ਨਾਂ ਅੱਗੇ ਫਿਰ ਸਿੱਖ ਜਾਂ ਹਿੰਦੂ ਜਾਂ ਕੋਈ ਹੋਰ ਵਿਸ਼ੇਸ਼ਣ ਲਾਉਣਾ ਪੈਂਦਾ ਹੈ। ਇਨ੍ਹਾਂ 'ਇਤਿਹਾਸਕਾਰਾਂ' ਦੀ ਭਰੋਸੇਯੋਗਤਾ ਸਦਾ ਹੀ ਦਾਅ ਉਤੇ ਲੱਗੀ ਰਹਿੰਦੀ ਹੈ। ਆਪਣੀ ਕੀਤੀ ਵਿਆਖਿਆ ਦੀ ਇਨ੍ਹਾਂ ਅਖੌਤੀ ਇਤਿਹਾਸਕਾਰਾਂ ਨੂੰ ਵਾਰ-ਵਾਰ ਵਿਆਖਿਆ ਦੀ ਲੋੜ ਪੈਂਦੀ ਹੈ। ਬਿਪਨ ਚੰਦਰ ਦੀਆਂ ਲਿਖਤਾਂ ਅਜਿਹੇ ਹਿਸਾਬ-ਕਿਤਾਬਾਂ ਤੋਂ ਪਾਰ ਜਾਂਦੀਆਂ ਹਨ। ਉਹ ਖੁਦ ਆਖਦੇ ਸਨ ਕਿ ਇਤਿਹਾਸਕਾਰ ਨੇ ਇਤਿਹਾਸ ਦੀਆਂ ਪੈੜਾਂ ਨੱਪਣੀਆਂ ਹੁੰਦੀਆਂ ਹਨ, ਆਪਣੇ ਵਿਚਾਰ ਨਹੀਂ ਥੋਪਣੇ ਹੁੰਦੇ। -ਸੰਪਾਦਕ*

ਇਤਿਹਾਸਕਾਰ ਬਿਪਨ ਚੰਦਰ ਨੇ ਭਾਰਤ ਦੀ ਆਜ਼ਾਦੀ ਦੀ ਲਹਿਰ ਬਾਰੇ ਨਿੱਠ ਕੇ ਲਿਖਿਆ। 1966 ਵਿਚ ਛਪੀ ਆਪਣੀ ਕਿਤਾਬ 'ਦਿ ਰਾਈਜ਼ ਐਂਡ ਗਰੋਥ ਆਫ਼ ਇਕੋਨੋਮਿਕ ਨੈਸ਼ਨਲਿਜ਼ਮ ਇਨ ਇੰਡੀਆ' ਤੋਂ ਲੈ ਕੇ 2012 ਵਿਚ ਛਪੀ ਕਿਤਾਬ 'ਦਿ ਮੈਕਿੰਗ ਆਫ ਮਾਡਰਨ ਇੰਡੀਆ: ਫਰਾਮ ਮਾਰਕਸ ਟੂ ਗਾਂਧੀ' ਤੱਕ ਉਨ੍ਹਾਂ ਨੇ ਭਾਰਤ ਦੇ ਇਤਿਹਾਸ ਬਾਰੇ ਨਿੱਗਰ ਟਿੱਪਣੀਆਂ ਕੀਤੀਆਂ। ਉਨ੍ਹਾਂ ਦਾ ਜਨਮ ਸਾਂਝੇ ਪੰਜਾਬ ਵਿਚ 27 ਮਈ 1928 ਨੂੰ ਕਾਂਗੜਾ ਵਿਖੇ ਹੋਇਆ ਸੀ। ਉਨ੍ਹਾਂ ਪਹਿਲਾਂ ਲਾਹੌਰ ਦੇ ਫੋਰਮਨ ਕ੍ਰਿਸਚੀਅਨ ਕਾਲਜ ਅਤੇ ਫਿਰ ਅਮਰੀਕਾ ਦੀ ਸਟੈਨਫਰਡ ਯੂਨੀਵਰਸਿਟੀ ਤੋਂ ਵਿੱਦਿਆ ਹਾਸਿਲ ਕੀਤੀ। ਬਾਅਦ ਵਿਚ ਉਨ੍ਹਾਂ ਨੇ ਪ੍ਰੋ. ਬਿਸ਼ਵੇਸ਼ਵਰ ਪ੍ਰਸਾਦ ਦੀ ਨਿਗਰਾਨੀ ਹੇਠ ਦਿੱਲੀ ਯੂਨੀਵਰਸਿਟੀ ਤੋਂ ਪੀਐਚ.ਡੀ. ਕੀਤੀ।

**ਗੁਰਬਖਸ਼ ਸਿੰਘ ਸੋਢੀ**

ਦਿੱਲੀ ਦੇ ਹਿੰਦੂ ਕਾਲਜ ਵਿਚ ਬਤੌਰ ਲੈਕਚਰਾਰ ਉਨ੍ਹਾਂ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ। ਫਿਰ ਛੇਤੀ ਹੀ ਨਵੀਂ ਖੁੱਲ੍ਹੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਵਿਚ ਪ੍ਰੋਫੈਸਰ ਨਿਯੁਕਤ ਹੋ ਗਏ। ਉਥੇ ਉਨ੍ਹਾਂ ਨੇ 'ਇਨਕੁਆਰੀ' ਨਾਂ ਦਾ ਪਰਚਾ ਅਰੰਭ ਕੀਤਾ। 1985 ਵਿਚ ਹੋਈ 'ਇੰਡੀਅਨ ਹਿਸਟਰੀ ਕਾਂਗਰਸ' ਵਿਚ ਉਨ੍ਹਾਂ ਅਹਿਮ ਰੋਲ ਨਿਭਾਇਆ। 1993 ਵਿਚ ਉਹ ਯੂਨੀਵਰਸਿਟੀ ਗ੍ਰਾਂਟ ਕਮਿਸ਼ਨ (ਯੂ.ਜੀ.ਸੀ.) ਦੇ ਮੈਂਬਰ ਬਣੇ। 2004 ਤੋਂ ਲੈ ਕੇ 2012 ਤੱਕ ਉਨ੍ਹਾਂ ਨੈਸ਼ਨਲ ਬੁੱਕ ਟਰੱਸਟ (ਨਵੀਂ ਦਿੱਲੀ) ਦੀ ਚੇਅਰਮੈਨੀ ਵੀ ਕੀਤੀ।

ਬਿਪਨ ਚੰਦਰ ਦੀ ਕਮਿਊਨਿਸਟਾਂ ਨਾਲ ਬੜੀ ਨੇੜਤਾ ਰਹੀ ਅਤੇ ਉਹ ਲੋਕ ਪੱਖੀ ਘੋਲਾਂ ਵਿਚ ਖੁਦ ਸ਼ਾਮਿਲ ਵੀ ਹੁੰਦੇ ਰਹੇ। ਇਸ ਦੇ ਨਾਲ ਹੀ ਉਨ੍ਹਾਂ ਆਰ.ਐਸ. ਸ਼ਰਮਾ, ਰੋਮਿਲਾ ਥਾਪਰ, ਇਰਫਾਨ ਹਬੀਬ, ਸਤੀਸ਼ ਚੰਦਰ, ਬਰੁਨ ਡੇ ਅਤੇ ਅਰਜਨ ਦੇਵ ਵਰਗੇ ਇਤਿਹਾਸਕਾਰਾਂ ਨਾਲ ਰਲ ਕੇ ਇਤਿਹਾਸਕਾਰੀ ਦੀਆਂ ਨਵੀਂ ਪੈੜਾਂ ਬੰਨ੍ਹੀਆਂ। ਉਨ੍ਹਾਂ ਭਾਰਤ ਵਿਚ ਫਿਰਕਾਪ੍ਰਸਤੀ ਦੀਆਂ ਜੜ੍ਹਾਂ ਬਾਰੇ ਵੀ ਵਾਹਵਾ ਖੋਜ ਕੀਤੀ। 2004 ਵਿਚ ਫਿਰਕਾਪ੍ਰਸਤੀ ਬਾਰੇ ਉਨ੍ਹਾਂ ਦੀ ਬੜੀ ਅਹਿਮ ਕਿਤਾਬ 'ਕਮਿਊਨਲਿਜ਼ਮ: ਏ ਪ੍ਰਾਇਮਰ' ਛਪੀ। ਇਸ ਕਿਤਾਬ ਵਿਚ ਉਨ੍ਹਾਂ ਨੇ ਫਿਰਕਾਪ੍ਰਸਤੀ ਦੀਆਂ ਵੱਖ-ਵੱਖ ਪਰਤਾਂ ਦੀ ਚਰਚਾ ਕੀਤੀ। ਇਸ ਤੋਂ ਇਲਾਵਾ ਉਨ੍ਹਾਂ 1984 ਵਿਚ ਇਸੇ ਵਿਸ਼ੇ 'ਤੇ ਇਕ ਹੋਰ ਕਿਤਾਬ 'ਕਮਿਊਨਲਿਜ਼ਮ ਇਨ ਮਾਡਰਨ ਇੰਡੀਆ' ਛਪਵਾਈ।




*ਬਿਪਨ ਚੰਦਰ ਨੇ ਭਾਰਤ ਵਿਚ ਫਿਰਕਾਪ੍ਰਸਤੀ ਦੀਆਂ ਜੜ੍ਹਾਂ ਬਾਰੇ ਵੀ ਵਾਹਵਾ ਖੋਜ ਕੀਤੀ। ਸਾਲ 2004 ਵਿਚ ਫਿਰਕਾਪ੍ਰਸਤੀ ਬਾਰੇ ਉਨ੍ਹਾਂ ਦੀ ਅਹਿਮ ਕਿਤਾਬ 'ਕਮਿਊਨਲਿਜ਼ਮ: ਏ ਪ੍ਰਾਇਮਰ' ਛਪੀ। ਇਸ ਕਿਤਾਬ ਵਿਚ ਉਨ੍ਹਾਂ ਨੇ ਫਿਰਕਾਪ੍ਰਸਤੀ ਦੀਆਂ ਵੱਖ-ਵੱਖ ਪਰਤਾਂ ਦੀ ਚਰਚਾ ਕੀਤੀ। ਇਸ ਤੋਂ ਇਲਾਵਾ ਉਨ੍ਹਾਂ 1984 ਵਿਚ ਇਸੇ ਵਿਸ਼ੇ ਬਾਰੇ ਇਕ ਹੋਰ ਕਿਤਾਬ 'ਕਮਿਊਨਲਿਜ਼ਮ ਇਨ ਮਾਡਰਨ ਇੰਡੀਆ' ਛਪਵਾਈ।*

ਕਮਿਊਨਿਸਟ ਲਹਿਰ ਬਾਰੇ ਉਹ ਆਮ ਨਾਲੋਂ ਵੱਧ ਸੋਚਦੇ ਸਨ। ਉਨ੍ਹਾਂ ਨੇ ਭਾਰਤ ਦੇ ਕਮਿਊਨਿਸਟਾਂ ਬਾਰੇ ਆਲੋਚਨਾਤਮਕ ਪੁਸਤਕ 'ਦਿ ਇੰਡੀਅਨ ਲੈਫਟ: ਕ੍ਰਿਟੀਕਲ ਅਪਰੇਜ਼ਲ' 1983 ਵਿਚ ਛਪਵਾਈ। ਕੁਝ ਲੋਕ ਉਨ੍ਹਾਂ ਉਤੇ ਕਾਂਗਰਸ ਪੱਖੀ ਹੋਣ ਦਾ ਦੋਸ਼ ਵੀ ਲਾਉਂਦੇ ਰਹੇ, ਪਰ ਇਸ ਬਾਰੇ ਉਨ੍ਹਾਂ ਦਾ ਕਹਿਣਾ ਸੀ ਕਿ ਭਾਰਤ ਦੀ ਆਜ਼ਾਦੀ ਦੀ ਲਹਿਰ ਵਿਚ ਕਾਂਗਰਸ ਦਾ ਵੱਡਾ ਯੋਗਦਾਨ ਸੀ, ਇਸ ਗੱਲ ਨੂੰ ਭੁਲਾਇਆ ਨਹੀਂ ਜਾਣਾ ਚਾਹੀਦਾ। ਉਂਜ, ਉਨ੍ਹਾਂ ਨੇ ਆਜ਼ਾਦੀ ਦੀ ਲਹਿਰ ਵਿਚ ਕਾਂਗਰਸ ਦੇ ਯੋਗਦਾਨ ਤੋਂ ਇਲਾਵਾ ਹੋਰ ਲਹਿਰਾਂ ਦਾ ਵੀ ਚੋਖਾ ਜ਼ਿਕਰ ਕੀਤਾ।

ਬਿਪਨ ਚੰਦਰ ਬਤੌਰ ਅਧਿਆਪਕ ਆਪਣੇ ਵਿਦਿਆਰਥੀਆਂ ਵਿਚ ਬੜੇ ਲੋਕਪ੍ਰਿਅ ਸਨ। ਉਨ੍ਹਾਂ ਦਾ ਕਹਿਣਾ ਸੀ, 'ਮੇਰਾ ਪਹਿਲਾ ਕੰਮ ਤਾਂ ਪੜ੍ਹਾਉਣਾ ਹੀ ਹੈ। ਇਸ ਲਈ ਮੈਂ ਵੱਧ ਤੋਂ ਵੱਧ ਧਿਆਨ ਇਸ ਪਾਸੇ ਹੀ ਲਾਉਂਦਾ ਹਾਂ। ਇਤਿਹਾਸ ਦੀ ਖੋਜ ਅਤੇ ਇਸ ਬਾਰੇ ਲਿਖਣਾ ਪੜ੍ਹਾਉਣ ਤੋਂ ਬਾਅਦ ਆਉਂਦਾ ਹੈ।' ਉਹ ਆਪਣੇ ਵਿਦਿਆਰਥੀਆਂ ਨੂੰ ਖੁੱਲ੍ਹਾ ਸਮਾਂ ਦਿੰਦੇ ਸਨ। ਉਨ੍ਹਾਂ ਦੇ ਇਸ ਪੱਖ ਦੀ ਉਨ੍ਹਾਂ ਦੇ ਸਾਥੀ ਇਤਿਹਾਸਕਾਰ ਵੀ ਬੜੀ ਤਾਰੀਫ਼ ਕਰਦੇ ਸਨ। ਪਿਛਲੇ ਕੁਝ ਸਮੇਂ ਤੋਂ ਉਹ ਢਿੱਲੇ-ਮੱਠੇ ਚੱਲ ਰਹੇ ਸਨ ਅਤੇ 30 ਅਗਸਤ 2014 ਦੀ ਸਵੇਰ ਨੂੰ ਉਹ ਅਜੇ ਸੌਂ ਹੀ ਰਹੇ ਸਨ ਕਿ ਸੁੱਤੇ ਪਿਆਂ ਹੀ ਉਨ੍ਹਾਂ ਦਾ ਗੁੜਗਾਉਂ ਵਿਖੇ ਦੇਹਾਂਤ ਹੋ ਗਿਆ। ਉਨ੍ਹਾਂ ਦੇ ਸਾਥੀ ਇਤਿਹਾਸਕਾਰਾਂ ਨੇ ਉਨ੍ਹਾਂ ਨੂੰ ਬੜੇ ਵਿਲੱਖਣ ਅੰਦਾਜ਼ ਵਿਚ ਯਾਦ ਕੀਤਾ। ਉਨ੍ਹਾਂ ਦੀਆਂ ਪ੍ਰਾਪਤੀਆਂ ਦਾ ਲੇਖ-ਜੋਖਾ ਉਨ੍ਹਾਂ ਮੀਡੀਆ ਵਿਚ ਪੂਰੇ ਜ਼ੋਰ-ਸ਼ੋਰ ਨਾਲ ਕੀਤਾ ਅਤੇ ਦੱਸਿਆ ਕਿ ਇਤਿਹਾਸਕਾਰ ਕਿਸ ਨੂੰ ਕਹਿੰਦੇ ਹਨ!

### ਭਗਤ ਸਿੰਘ ਦਿਓਕੱਦ ਵਿਦਵਾਨ ਸੀ: ਬਿਪਨ

*ਇਤਿਹਾਸਕਾਰ ਬਿਪਨ ਚੰਦਰ ਨੇ ਇਤਿਹਾਸਕ ਤੱਥਾਂ ਦੀ ਵਿਆਖਿਆ ਬਹੁਤ ਬੇਕਿਰਕ ਹੋ ਕੇ ਕੀਤੀ। ਕਿਸੇ ਵਿਅਕਤੀ-ਵਿਸ਼ੇਸ਼ ਜਾਂ ਨਾਂ-ਥਾਂ ਦੀ ਕਦੀ ਕੋਈ ਰਿਆਇਤ ਨਹੀਂ ਕੀਤੀ। ਭਗਤ ਸਿੰਘ ਨੂੰ ਆਪਣੀਆਂ ਲਿਖਤਾਂ ਵਿਚ ਉਹ ਬਹੁਤ ਉਤਾਂਹ ਰੱਖਦੇ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਭਗਤ ਸਿੰਘ ਵਰਗਾ ਦਿਓਕੱਦ ਵਿਦਵਾਨ ਅਤੇ ਕਾਰਕੁਨ ਚਿਰਾਂ ਬਾਅਦ ਹੀ ਸਾਹਮਣੇ ਆਉਂਦਾ ਹੈ। ਭਗਤ ਸਿੰਘ ਦੀ ਅਹਿਮ ਰਚਨਾ 'ਮੈਂ ਨਾਸਤਿਕ ਕਿਉਂ ਹਾਂ' ਦੀ ਭੂਮਿਕਾ ਲਿਖਦਿਆਂ ਉਨ੍ਹਾਂ ਭਗਤ ਸਿੰਘ ਬਾਰੇ ਬੜੀਆਂ ਮੌਲਿਕ ਟਿੱਪਣੀਆਂ ਕੀਤੀਆਂ ਹਨ।*



## ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 20 ਸਤੰਬਰ 2014 ਹੈ। -ਸੰਪਾਦਕ

### ਕੈਪਸ਼ਨ ਮੁਕਾਬਲਾ-134



ਤਸਵੀਰ: ਤਰਲੋਚਨ ਸਿੰਘ ਦੁਪਾਲਪੁਰ

*ਜਿਸ ਘਰ ਦੇ ਵਿਚ ਬੱਚੇ ਏਦਾਂ ਬੈਠ ਪੜ੍ਹਨ ਗੁਰਬਾਣੀ।*
*ਪਤਿਤਪੁਣਾ ਤੇ ਨਸ਼ੇ ਬਿਮਾਰੀ ਨੇੜੇ ਮੂਲ ਨਾ ਆਣੀ।*

### ਕੈਪਸ਼ਨ ਮੁਕਾਬਲਾ-132



ਦੁਨੀਆਂ ਉਪਰ ਰੀਤ ਨਿਰਾਲੀ
ਸੇਵਾ ਲੰਗਰ ਪਾਣੀ ਵਾਲੀ।
ਖੂਹਾਂ ਵਰਗੇ ਦੇਗੇ ਭਾਈ
ਵਿਚ ਵੜ ਕਰੀਏ ਖੂਬ ਸਫਾਈ।
'ਮਸਤਾਨਾ' ਲੰਗਰ ਹੋਣ ਨੀ ਦਿੰਦੇ
ਭੁੱਖਾ ਕਿਸੇ ਨੂੰ ਰੋਣ ਨੀ ਦਿੰਦੇ।
ਬਿਨਾ ਵਿਤਕਰੇ ਕੋਈ ਵੀ ਆਓ
ਗੁਰੂ ਦੀਆਂ ਸਿਫਤਾਂ ਕਰਦੇ ਜਾਓ।
*-ਜਗਮੀਤ ਸਿੰਘ ਪੰਧੇਰ*
*ਵਿੰਨੀਪੈਗ (ਕੈਨੇਡਾ)*
*jagmitsinghpandher@gmail.com*

---

ਨਿਹੰਗ ਸਿੰਘਾਂ ਦੇਗੇ ਵਿਚ
ਲੰਗਰ ਬਣਾਉਣ ਦੀ
ਤਿਆਰੀ ਲਈ ਏ ਖਿੱਚ।
ਕਰਕੇ ਤਿਆਰ ਲੰਗਰ ਸਾਦਾ
ਫਿਰ ਸ਼ਰਧਾ ਨਾਲ ਬਿਨਾ ਭੇਦ
ਵਰਤਾਵਾਂਗੇ ਸੰਗਤ ਵਿਚ।
*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-690-8403*

ਨੇੜੇ ਆਇਆ ਹੋਲਾ ਤੱਕ ਕੇ
ਸਿੰਘਾਂ ਚਾਅ ਨਾਲ ਕੀਤਾ ਤਿਆਰਾ।
ਰੇਤੇ ਨਾਲ ਖੂਬ ਮਾਂਜ ਕੂਚ ਕੇ
ਦੇਗ ਦਾ ਜੰਗ ਲਾਹਿਆ ਸਾਰਾ।
ਸੁੱਚਮ ਦੇ ਨਾਲ ਲੰਗਰ ਬਣਾ ਕੇ
ਬਿਨ ਭੇਦ-ਭਾਵ ਸਭ ਨੂੰ ਛਕਾਵਾਂਗੇ।
ਵਾਹਿਗੁਰੂ ਦਾ ਰਲ ਜਾਪ ਕਰਨਗੇ
ਫਿਰ ਗੁਰੂ ਦੀਆਂ ਖੁਸ਼ੀਆਂ ਪਾਵਣਗੇ।
*-ਸੇਵਾ ਸਿੰਘ ਨੂਰਪੁਰੀ*
*ਸੈਨ ਹੋਜ਼ੇ, ਕੈਲੀਫੋਰਨੀਆ।*

---

ਦੇਗਾ ਰਗੜ ਕੇ ਲੰਗਰ ਬਣਾਉਣ ਦੀ
ਲੱਗਦਾ ਸਿੰਘ ਕਰਦੇ ਪਏ ਤਿਆਰੀ।
ਸਭ ਵਿਚ ਵਰਤੂ ਪਿਆਰ ਨਾਲ ਲੰਗਰ
ਰਹਿ ਨਾ ਜਾਵੇ ਸੰਗਤ ਭੁੱਖੀ ਬਿਚਾਰੀ।
ਦਿਹਾੜਾ ਏ ਜੋ ਅੱਜ ਸੰਗਰਾਂਦ ਦਾ
ਸੰਗਤ ਵੀ ਅੱਜ ਆਊਗੀ ਭਾਰੀ।
*-ਧਿਆਨ ਸਿੰਘ*
*ਯੂਬਾ ਸਿਟੀ, ਕੈਲੀਫੋਰਨੀਆ।*

### ਕੈਪਸ਼ਨ ਮੁਕਾਬਲਾ-131

ਹਰ ਵਕਤ ਰਹਿਣਾ ਪੈਂਦਾ ਤਿਆਰ
ਹੋਈਏ ਭਾਵੇਂ ਲੱਖ ਬਿਮਾਰ।
ਚਾਹ ਦੀ ਘੁੱਟ ਪੀ ਕੇ ਹੋ ਜਾਣਾ
ਚੁਸਤ, ਫੁਰਤ, ਹੁਸ਼ਿਆਰ।
ਲੰਘਣ ਨਾ ਦਈਏ ਵੈਰੀ ਸੁੱਕਾ
ਦੇਸ਼ ਨਾਲ ਸਾਨੂੰ ਏ ਪਿਆਰ।
ਆਇਆ ਮੌਕਾ ਜਦ ਜਦ ਵੀ
ਦਈਏ ਜਾਨਾਂ ਦੇਸ਼ ਤੋਂ ਵਾਰ।
*-ਗੋਰਾ ਪ੍ਰਜਾਪਤ, ਨਿਊ ਯਾਰਕ*

# ਅਕਾਲੀ-ਭਾਜਪਾ ਸਰਕਾਰ ਪੰਜਾਬ 'ਚ ਰਾਜਸੀ ਵਿਰੋਧੀ ਵਿਧਾਨਕਾਰਾਂ ਨਾਲ ਵਿਤਕਰਾ ਕਰਦੀ ਹੈ: ਗੁਰਇਕਬਾਲ

**ਸੈਂਟਾ ਕਲਾਰਾ (ਐਸ. ਅਸ਼ੋਕ ਭੌਰਾ):** ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਨੇ ਆਪਣੇ ਰਾਜਸੀ ਵਿਰੋਧੀਆਂ ਨੂੰ ਪੂਰੀ ਤਰ੍ਹਾਂ ਨਕਾਰਿਆ ਹੋਇਆ ਹੈ ਤੇ ਇਸੇ ਪੱਖਪਾਤੀ ਸੋਚ ਦਾ ਸਿੱਟਾ ਹੈ ਕਿ ਜਿਨ੍ਹਾਂ ਵਿਧਾਨ ਸਭਾ ਹਲਕਿਆਂ ਵਿਚ ਕਾਂਗਰਸੀ ਜਾਂ ਹੋਰ ਪਾਰਟੀ ਦੇ ਵਿਧਾਇਕ ਚੁਣੇ ਗਏ ਹਨ ਉਥੇ ਵਿਕਾਸ ਉਕਾ ਹੀ ਰੁਕ ਗਿਆ ਹੈ। ਸਰਕਾਰ ਤਾਨਾਸ਼ਾਹੀ ਵਰਗੀ ਨੀਤੀ ਅਪਨਾਉਂਦਿਆਂ ਉਨ੍ਹਾਂ ਦੀ ਕੋਈ ਵੀ ਗੱਲ ਸੁਣਨ ਨੂੰ ਤਿਆਰ ਨਹੀਂ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਲੰਘੇ ਐਤਵਾਰ ਹਲਕਾ ਨਵਾਂਸ਼ਹਿਰ ਤੋਂ ਕਾਂਗਰਸੀ ਵਿਧਾਇਕਾ ਬੀਬੀ ਗੁਰਇਕਬਾਲ ਕੌਰ ਨੇ ਸਥਾਨਕ ਬੰਬੇ ਗਾਰਡਨ ਵਿਚ ਨਵਾਂਸ਼ਹਿਰ ਨਾਲ ਜੁੜੇ ਲੋਕਾਂ ਦੇ ਭਰਵੇਂ ਇਕੱਠ ਵਿਚ ਕੀਤਾ।

ਬੀਬੀ ਗੁਰਇਕਬਾਲ ਕੌਰ ਨੇ ਕਿਹਾ ਕਿ ਉਨ੍ਹਾਂ ਦਾ ਪਰਿਵਾਰ ਪਿਛਲੇ ਲਗਭਗ 37 ਸਾਲਾਂ ਤੋਂ ਨਵਾਂਸ਼ਹਿਰ ਹਲਕੇ ਦੀ ਸੇਵਾ ਕਰ ਰਿਹਾ ਹੈ। ਸ. ਦਿਲਬਾਗ ਸਿੰਘ ਨੇ ਨਵਾਂਸ਼ਹਿਰ ਦਾ ਵਿਕਾਸ ਤੇ ਤਰੱਕੀ ਇਸ ਹੱਦ ਤੱਕ ਕਰਵਾਈ ਸੀ ਕਿ ਇਸ ਦੀ ਦੇਸ਼-ਵਿਦੇਸ਼ ਤੱਕ ਚਰਚਾ ਹੋਈ ਅਤੇ ਵਿਰੋਧੀ ਸਿਆਸਤਦਾਨ ਵੀ ਉਨ੍ਹਾਂ ਨੂੰ ਦਰਵੇਸ਼ ਆਗੂ ਦੱਸਦਿਆਂ ਨਵਾਂਸ਼ਹਿਰ ਦੀਆਂ ਉਦਾਹਰਣਾਂ ਦਿਆ ਕਰਦੇ ਸਨ। ਪਰ ਅਕਾਲੀ ਸਰਕਾਰ ਨੇ ਬਦਲਾ ਲਊ ਭਾਵਨਾ ਰੱਖਦਿਆਂ ਬਾਕੀ ਸੂਬੇ ਵਾਂਗ ਨਵਾਂਸ਼ਹਿਰ ਨੂੰ ਵੀ ਰੱਦੀ ਦੀ ਟੋਕਰੀ ਬਣਾ ਦਿੱਤਾ ਹੈ। ਵਾਰ ਵਾਰ ਕਹਿਣ 'ਤੇ ਵੀ ਮੁੱਖ ਮੰਤਰੀ ਸ. ਬਾਦਲ ਸੱਤ ਜ਼ਿਲ੍ਹਿਆਂ ਦੀ ਇਥੇ ਇਕੱਠੀ ਹੋਣ ਵਾਲੀ ਟਰੈਫਿਕ ਲਈ ਬਾਈਪਾਸ ਨਹੀਂ ਬਣਾ ਰਹੇ ਜਿਸ ਨਾਲ ਨਿੱਤ ਦਿਨ ਵੱਡੀਆਂ ਦੁਰਘਟਨਾਵਾਂ ਹੋ ਰਹੀਆਂ ਹਨ। ਬੀਬੀ ਇਕਬਾਲ ਕੌਰ ਨੇ ਕਿਹਾ ਕਿ ਕਾਂਗਰਸ ਦੀ ਸਰਕਾਰ ਬਣਨ 'ਤੇ ਨਵਾਂਸ਼ਹਿਰ ਦਾ ਵਿਕਾਸ ਕੀਤਾ ਜਾਵੇਗਾ। ਉਨ੍ਹਾਂ ਕਿਸੇ ਵੀ ਸਮੱਸਿਆ ਲਈ ਐਨ ਆਰ ਆਈ ਭਰਾਵਾਂ ਨੂੰ ਸਿੱਧਾ ਸੰਪਰਕ ਕਰਨ ਲਈ ਕਿਹਾ।

ਕਾਲਮਨਵੀਸ ਤਰਲੋਚਨ ਸਿੰਘ ਦੁਪਾਲਪੁਰ ਨੇ ਕਿਹਾ ਕਿ ਉਨ੍ਹਾਂ ਦਾ ਵੀ ਆਪਣੇ ਜ਼ਿਲ੍ਹੇ ਨਾਲ ਹਿਤ ਹੈ ਤੇ ਪਾਰਟੀਆਂ ਤੋਂ ਉਪਰ ਉਠ ਕੇ ਦਿਲਬਾਗ ਸਿੰਘ ਵਾਂਗ ਵਿਅਕਤੀ ਵਿਸ਼ੇਸ਼ ਨਾਲ ਜੁੜਨ ਦੀ ਲੋੜ ਹੈ। ਸਮਾਗਮ ਨੂੰ ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਇਕਬਾਲ ਕੌਰ ਦੇ ਬੇਟੇ ਤੇ ਜ਼ਿਲ੍ਹਾ ਨਵਾਂਸ਼ਹਿਰ ਯੂਥ ਕਾਂਗਰਸ ਮੁਖੀ ਅੰਗਦ ਸਿੰਘ, ਬਲਵੀਰ ਸਿੰਘ ਐਮ ਏ, ਸੁੱਚਾ ਰਾਮ ਭਾਰਟਾ, ਅਮਰਜੀਤ ਦਰਦੀ ਤੇ ਸਨੀਵੇਲ ਹਿੰਦੂ ਟੈਂਪਲ ਦੇ ਰਾਜ ਭਨੋਟ ਨੇ ਵੀ ਸੰਬੋਧਨ ਕੀਤਾ। ਇਸ ਰਾਜਨੀਤਕ ਵਿਸ਼ਲੇਸ਼ਣ ਵਾਲੇ ਇਕੱਠ ਵਿਚ ਵਿਜੇ ਦੀ ਕਾਮੇਡੀ ਨੇ ਪੂਰਾ ਰੰਗ ਭਰਿਆ। ਸਮਾਗਮ ਦੇ ਅੰਤ ਵਿਚ ਨਵਾਂਸ਼ਹਿਰ ਵਾਸੀਆਂ ਵਲੋਂ ਬੀਬੀ ਗੁਰਇਕਬਾਲ ਕੌਰ ਨੂੰ ਦੋਸ਼ਾਲਾ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਹ ਪ੍ਰੋਗਰਾਮ ਹਰਸੁਖਬੀਰ ਸਿੰਘ ਬਣਵੈਤ ਦੇ ਯਤਨਾਂ ਨਾਲ ਕੀਤਾ ਗਿਆ ਸੀ।



# ਗੁਰਲੀਨ ਕੌਰ ਚਾਹਲ ਨੇ ਯੂ.ਐਸ.ਏ. ਨੈਸ਼ਨਲ ਕੁਸ਼ਤੀ ਚੈਂਪੀਅਨਸ਼ਿਪ 'ਚ ਮੈਡਲ ਲਿਆ

**ਲਿਵਿੰਗਸਟਨ, ਕੈਲੀਫੋਰਨੀਆ (ਬਿਊਰੋ):** ਬੀਬਾ ਗੁਰਲੀਨ ਕੌਰ ਚਾਹਲ ਨੇ ਲੜਕੀਆਂ ਦੇ ਸਟੇਟ ਅਤੇ ਨੈਸ਼ਨਲ ਕੁਸ਼ਤੀ ਮੁਕਾਬਲਿਆਂ ਵਿਚ ਹਿੱਸਾ ਲਿਆ। ਗੁਰਲੀਨ ਦੇ ਪਿਤਾ ਸੁਖਵੀਰ ਸਿੰਘ ਚਾਹਲ ਜੋ ਸਟੇਟ ਸਕੂਲ ਆਫ਼ ਸਪੋਰਟਸ, ਜਲੰਧਰ ਵਿਚ ਕੁਸ਼ਤੀ ਕੋਚ ਰਹਿ ਚੁੱਕੇ ਹਨ, ਨੇ ਦੱਸਿਆ ਕਿ ਗੁਰਲੀਨ ਸੀ.ਆਈ.ਐਫ਼. ਸਟੇਟ, ਕੈਡਿਟ ਸਟੇਟ, ਫ਼ੋਲਕ ਸਟਾਈਲ ਹਾਈ ਸਕੂਲ ਸਟੇਟ, ਯੂ. ਐਸ. ਜੀ. ਡਬਲਿਊ.ਏ. ਸਟੇਟ ਅਤੇ ਜੂਨੀਅਰ ਫ਼ਰੀ ਸਟਾਈਲ ਸਟੇਟ ਵਿਚੋਂ ਆਪਣੇ ਹਾਈ ਸਕੂਲ ਦੇ ਕੈਰੀਅਰ ਵਿਚ 18 ਸਟੇਟ ਮੈਡਲ ਲੈ ਚੁੱਕੀ ਹੈ ਅਤੇ 3 ਵਾਰ ਸਟੇਟ ਚੈਂਪੀਅਨ ਬਣ ਚੁੱਕੀ ਹੈ। ਇਹੀ ਨਹੀਂ, ਉਹ ਵੈਸਟਰਨ ਸਟੇਟਸ ਚੈਂਪੀਅਨ ਵੀ ਬਣ ਚੁੱਕੀ ਹੈ ਅਤੇ ਉਸ ਨੇ ਲੜਕੀਆਂ ਦੇ ਨੈਸ਼ਨਲ ਕੁਸ਼ਤੀ ਮੁਕਾਬਲਿਆਂ ਵਿਚ 3 ਮੈਡਲ ਲਏ ਹਨ। ਇਕ ਵਾਰ ਉਹ ਯੂ.ਐਸ.ਏ. ਵੱਲੋਂ ਕੌਮਾਂਤਰੀ ਮੁਕਾਬਲੇ ਵਿਚ ਵੀ ਹਿੱਸਾ ਲੈ ਚੁੱਕੀ ਹੈ।



ਗੁਰਲੀਨ ਕੌਰ ਚਾਹਲ ਨੇ ਹਾਈ ਸਕੂਲ ਵਿਚ ਕਰਾਸ ਕੰਟਰੀ, ਵਾਲੀਬਾਲ, ਟਰੈਕ ਅਤੇ ਲੜਕੀਆਂ ਦੀ ਕੁਸ਼ਤੀ ਵਿਚ ਹਿੱਸਾ ਲਿਆ। ਯੂਨੀਅਨ ਸਿਟੀ ਦੀਆਂ ਸਿੱਖ ਸਪੋਰਟਸ ਖੇਡਾਂ ਵਿਚ ਵੀ ਗੁਰਲੀਨ ਪਿਛਲੇ 4 ਸਾਲ ਤੋਂ 5000 ਮੀਟਰ ਦੌੜ ਵਿਚ ਪਹਿਲੇ ਨੰਬਰ 'ਤੇ ਆ ਰਹੀ ਹੈ। ਗੁਰਲੀਨ ਨੇ ਲੜਕੀਆਂ ਦੇ ਰੇਨੋ ਵਰਲਡ ਨੈਸ਼ਨਲ ਕੁਸ਼ਤੀ ਮੁਕਾਬਲਿਆਂ ਵਿਚੋਂ ਦੂਜਾ ਸਥਾਨ ਪ੍ਰਾਪਤ ਕੀਤਾ। ਉਸ ਦਾ ਅਗਲਾ ਨਿਸ਼ਾਨਾ ਕੌਮਾਤਰੀ ਪੱਧਰ 'ਤੇ ਮੈਡਲ ਜਿੱਤਣਾ ਹੈ।

# ਵਿਧਾਨ ਸਭਾ ਹਲਕਾ ਨਵਾਂ ਸ਼ਹਿਰ ਨਿਵਾਸੀਆਂ ਵਲੋਂ ਹਰਸੁਖਬੀਰ ਸਿੰਘ ਬਣਵੈਤ ਦੇ ਯਤਨਾਂ ਨਾਲ ਨਵਾਂ ਸ਼ਹਿਰ ਤੋਂ ਵਿਧਾਇਕ ਬੀਬੀ ਗੁਰਇਕਬਾਲ ਕੌਰ ਦਾ ਸਨਮਾਨ: ਤਸਵੀਰਾਂ ਦੀ ਜ਼ੁਬਾਨੀ



*Sponsored Page*

# ਸਿਆਸੀ ਮਾਇਆ ਜਾਲ ਵਿਚ ਉਲਝਿਆ ਪੰਜਾਬ ਦਾ ਭਵਿੱਖ

**ਚੰਡੀਗੜ੍ਹ:** ਪੰਜਾਬ ਵਿਚ ਸੱਤਾ ਹਾਸਲ ਕਰਨ ਵਿਚ ਸਫਲ ਰਹੀਆਂ ਸਿਆਸੀ ਧਿਰਾਂ ਨੇ ਆਪਣਾ ਉੱਲੂ ਸਿੱਧਾ ਕਰਨ ਨੂੰ ਹੀ ਪਹਿਲ ਦਿੱਤੀ ਹੈ। ਸੱਤਾ ਬਦਲੇ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਬੇਤੁਕੀਆਂ ਰਿਆਇਤਾਂ ਨੇ ਇਸ ਖੁਸ਼ਹਾਲ ਸੂਬੇ ਨੂੰ ਕੰਗਾਲੀ ਦੇ ਰਾਹ 'ਤੇ ਲਿਆ ਖੜ੍ਹਾ ਕੀਤਾ ਹੈ। ਇਸ ਤੋਂ ਇਲਾਵਾ ਵੋਟਾਂ ਬਦਲੇ ਨਸ਼ਿਆਂ ਦੇ ਰੁਝਾਨ ਨੇ ਜਿਥੇ ਸੂਬੇ ਦੀ ਨੌਜਵਾਨ ਪੀੜ੍ਹੀ ਨੂੰ ਬਰਬਾਦ ਕਰਕੇ ਰੱਖ ਦਿੱਤਾ ਹੈ ਉਥੇ ਰਾਜ ਭਾਗ ਚੱਲਦਾ ਰੱਖਣ ਲਈ ਲੋਕ ਲੁਭਾਊ ਫੈਸਲਿਆਂ ਤੇ ਫਜ਼ੂਲ ਖਰਚੀ ਨੇ ਸੂਬੇ ਸਿਰ ਕਰਜ਼ੇ ਦੀ ਪੰਡ ਨੂੰ ਭਾਰਾ ਕੀਤਾ ਹੈ।

ਚਲੰਤ ਮਾਲੀ ਸਾਲ ਦੇ ਅੰਤ ਤੱਕ ਸਰਕਾਰ ਸਿਰ ਕਰਜ਼ੇ ਦਾ ਭਾਰ ਇਕ ਲੱਖ 13 ਹਜ਼ਾਰ ਕਰੋੜ ਰੁਪਏ ਹੋ ਜਾਣਾ ਹੈ। ਅਕਾਲੀ-ਭਾਜਪਾ ਗਠਜੋੜ ਸਰਕਾਰ ਵੱਲੋਂ ਆਟਾ-ਦਾਲ ਸਕੀਮ ਵੀ ਸ਼ੁਰੂ ਕੀਤੀ ਗਈ। ਵੋਟਾਂ ਬਟੋਰਨ ਵਾਲੀ ਇਸ ਸਕੀਮ ਨੇ ਜਨਤਕ ਖੇਤਰ ਦੇ ਅਦਾਰਿਆਂ ਮਾਰਕਫੈਡ, ਪਨਸਪ, ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਤੇ ਵੇਅਰਹਾਊਸਿੰਗ ਕਾਰਪੋਰੇਸ਼ਨ ਨੂੰ ਕਰਜ਼ਾਈ ਕਰ ਦਿੱਤਾ ਹੈ।

ਪੰਜਾਬ ਦੇ ਮਾਮਲੇ ਵਿਚ ਇਸ ਤੱਥ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ ਕਿ ਨਿੱਘਰੀ ਹੋਈ ਆਰਥਿਕ ਹਾਲਤ ਕਾਰਨ ਸਰਕਾਰ ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਦਾ ਜੁਗਾੜ ਵੀ ਮੁਸ਼ਕਲ ਨਾਲ ਕਰ ਪਾਉਂਦੀ ਹੈ। ਕੇਂਦਰੀ ਵਿੱਤ ਮੰਤਰੀ ਤੋਂ ਢੇਰ ਸਾਰੀਆਂ ਉਮੀਦਾਂ ਲਾਈ ਬੈਠੀ ਸਰਕਾਰ ਨੂੰ ਕੇਂਦਰ ਤੋਂ ਵੀ ਹੁਣ ਕੋਈ ਰਾਹਤ ਮਿਲਣ ਦੀ ਉਮੀਦ ਨਹੀਂ ਹੈ।

ਵਿਧਾਨ ਸਭਾ ਦੇ ਹਾਲੀਆ ਬਜਟ ਸੈਸ਼ਨ ਦੌਰਾਨ ਜੋ ਤੱਥ ਪੇਸ਼ ਕੀਤੇ ਗਏ ਉਨ੍ਹਾਂ ਮੁਤਾਬਕ ਕਾਂਗਰਸ ਦੇ ਪੰਜ ਸਾਲਾਂ ਦੇ ਰਾਜ ਤੋਂ ਬਾਅਦ 1997 ਵਿਚ ਅਕਾਲੀ-ਭਾਜਪਾ ਗਠਜੋੜ ਦੀ ਸਰਕਾਰ ਹੋਂਦ ਵਿਚ ਆਈ ਤਾਂ ਸੂਬੇ ਸਿਰ ਕਰਜ਼ੇ ਦਾ ਭਾਰ 15,000 ਕਰੋੜ ਰੁਪਏ ਸੀ। ਇਸ ਕਰਜ਼ੇ ਵਿਚ ਅਤਿਵਾਦ ਦੇ ਸਮੇਂ ਦਾ ਕਰਜ਼ਾ ਵੀ ਮੰਨਿਆ ਜਾਂਦਾ ਹੈ। ਬਾਦਲ ਸਰਕਾਰ ਨੇ ਕੰਮ ਕਾਰ ਚਲਾਉਣ ਲਈ ਤਕਰੀਬਨ 21854 ਕਰੋੜ ਰੁਪਏ ਦਾ ਕਰਜ਼ਾ ਲਿਆ ਜਿਸ ਕਰਕੇ ਕਰਜ਼ਾ 36854 ਕਰੋੜ ਰੁਪਏ ਹੋ ਗਿਆ। ਇਸ ਸਮੇਂ ਦੌਰਾਨ ਗਠਜੋੜ ਸਰਕਾਰ ਨੇ ਕਿਸਾਨਾਂ ਨੂੰ ਮੁਫ਼ਤ ਬਿਜਲੀ-ਪਾਣੀ ਦੀ ਸਹੂਲਤ ਦਿੱਤੀ ਸੀ। ਇਸ ਤਰ੍ਹਾਂ ਨਾਲ ਜਦੋਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੇ 2007 ਵਿਚ ਸੱਤਾ ਸੰਭਾਲੀ ਤਾਂ ਕਰਜ਼ੇ ਦਾ ਭਾਰ 36854 ਕਰੋੜ ਰੁਪਏ ਹੋ ਗਿਆ ਸੀ।

ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਪੰਜ ਸਾਲਾਂ ਦੌਰਾਨ 15301 ਕਰੋੜ ਰੁਪਏ ਦਾ ਕਰਜ਼ਾ ਲਿਆ ਸੀ। ਇਸ ਤਰ੍ਹਾਂ ਨਾਲ ਜਦੋਂ ਪੰਜਾਬ ਦੀ ਸੱਤਾ ਸਾਲ 2007 ਵਿਚ ਮੁੜ ਅਕਾਲੀ-ਭਾਜਪਾ ਗਠਜੋੜ ਦੇ ਹੱਥ ਆਈ ਤਾਂ ਉਦੋਂ ਤੱਕ ਕਰਜ਼ੇ ਦਾ ਭਾਰ 51155 ਕਰੋੜ ਰੁਪਏ ਹੋ ਗਿਆ ਸੀ। ਪੰਜਾਬ ਵਿਚ ਗਠਜੋੜ ਸਰਕਾਰ ਵੱਲੋਂ ਅੱਠ ਸਾਲਾਂ ਦੇ ਸਮੇਂ ਦੌਰਾਨ 61845 ਕਰੋੜ ਰੁਪਏ ਦਾ ਕਰਜ਼ਾ ਲਿਆ ਹੈ।

ਇਸ ਕਰਜ਼ੇ ਵਿਚ ਚਲੰਤ ਮਾਲੀ ਸਾਲ ਦੌਰਾਨ ਲਿਆ ਜਾਣ ਵਾਲਾ ਕਰਜ਼ਾ ਵੀ ਸ਼ਾਮਲ ਹੈ। ਇਨ੍ਹਾਂ ਤੱਥਾਂ ਤੋਂ ਇਹ ਵੀ ਸਪੱਸ਼ਟ ਹੈ ਕਿ ਗਠਜੋੜ ਸਰਕਾਰ ਵੱਲੋਂ ਜ਼ਿਆਦਾ ਕਰਜ਼ਾ ਲਿਆ ਜਾਂਦਾ ਹੈ। ਲੋਕ ਸਭਾ ਵਿਚ ਕਾਂਗਰਸ ਦੇ ਉਪ ਨੇਤਾ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਬਾਦਲਾਂ ਵੱਲੋਂ ਲੰਮੇਂ ਸਮੇਂ ਤੋਂ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਉਪਰ ਪੰਜਾਬ ਨਾਲ ਵਿੱਤੀ ਸਹਾਇਤਾ ਦੇਣ ਦੇ ਮਾਮਲੇ ਵਿਚ ਮਤਰੇਈ ਮਾਂ ਵਾਲਾ ਸਲੂਕ ਕਰਨ ਦੇ ਲਾਏ ਜਾ ਰਹੇ ਝੂਠੇ ਦੋਸ਼ਾਂ ਦਾ ਪਰਦਾਫਾਸ਼ ਕਰ ਦਿੱਤਾ ਹੈ। ਉਨ੍ਹਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸੂਬੇ ਨੂੰ ਮਿਲੇ ਪੈਸਿਆਂ ਦਾ ਹਿਸਾਬ ਮੰਗਿਆ ਹੈ, ਜਿਨ੍ਹਾਂ ਦਾ ਸ੍ਰੀ ਜੇਤਲੀ ਨੇ ਜ਼ਿਕਰ ਕੀਤਾ ਹੈ।

### ਸਰਕਾਰ ਦੀ 80 ਫ਼ੀਸਦੀ ਕਮਾਈ ਖਾ ਜਾਂਦੇ ਨੇ ਬੱਝਵੇਂ ਖਰਚੇ

ਪੰਜਾਬ ਦੀ ਵਿੱਤੀ ਹਾਲਤ ਇਸ ਸਮੇਂ ਇਹ ਹੋ ਗਈ ਹੈ ਕਿ ਸਰਕਾਰ ਦੀ ਕੁੱਲ ਕਮਾਈ ਦਾ 78.81 ਫ਼ੀਸਦੀ ਹਿੱਸਾ ਬੱਝਵੇਂ ਖਰਚਿਆਂ, ਜਿਸ ਵਿਚ ਤਨਖਾਹਾਂ, ਪੈਨਸ਼ਨਾਂ, ਸਬਸਿਡੀ, ਕਰਜ਼ੇ ਦਾ ਵਿਆਜ ਤੇ ਕਰਜ਼ੇ ਦੀ ਕਿਸ਼ਤ ਦੇ ਭੁਗਤਾਨ ਵਿਚ ਹੀ ਚਲਾ ਜਾਂਦਾ ਹੈ। ਪੰਜਾਬ ਸਰਕਾਰ ਦੇ ਬੋਰਡ ਤੇ ਨਿਗਮਾ ਸਿਰ 67806 ਕਰੋੜ ਰੁਪਏ ਦਾ ਕਰਜ਼ਾ ਹੈ। ਸਰਕਾਰ ਦਾ ਜ਼ਿਆਦਾਤਰ ਪੈਸਾ ਲੋਕ ਲੁਭਾਊ ਸਕੀਮਾਂ 'ਤੇ ਖਰਚ ਹੋ ਰਿਹਾ ਹੈ। ਜਿਸ ਵਿਚ ਕਿਸਾਨਾਂ ਨੂੰ ਮੁਫਤ ਬਿਜਲੀ ਦੀ ਸਹੂਲਤ ਸਭ ਤੋਂ ਮਹਿੰਗੀ ਪੈ ਰਹੀ ਹੈ। ਸਰਕਾਰ ਕੰਮਕਾਜ ਚੱਲਦਾ ਰੱਖਣ ਲਈ ਸਰਕਾਰੀ ਜ਼ਮੀਨਾਂ ਵੇਚ ਰਹੀ ਹੈ।

### ਕਰਜ਼ੇ ਬਾਰੇ ਬੜੀ ਬੇਤੁਕੀ ਹੈ ਸਰਕਾਰ ਦੀ ਦਲੀਲ

ਪੰਜਾਬ ਦੇ ਕਰਜ਼ੇ ਦਾ ਭਾਂਡਾ ਅਤਿਵਾਦ ਨਾਲ ਲੜਾਈ ਲੜਨ ਸਿਰ ਭੰਨਿਆ ਜਾਂਦਾ ਹੈ। ਸਰਕਾਰ ਵੱਲੋਂ ਤਰਕ ਇਹੋ ਦਿੱਤਾ ਜਾਂਦਾ ਹੈ ਕਿ ਇਸ ਸਰਹੱਦੀ ਸੂਬੇ ਨੇ ਦਹਾਕੇ ਤੋਂ ਵੱਧ ਸਮਾਂ ਅਤਿਵਾਦ ਨਾਲ ਲੜਾਈ ਲੜੀ ਜਿਸ ਕਰਕੇ ਕਰਜ਼ੇ ਦਾ ਭਾਰ ਵਧਿਆ ਹੈ। ਕਰਜ਼ੇ ਦੇ ਤੱਥਾਂ ਤੋਂ ਹਕੀਕਤ ਕੁਝ ਹੋਰ ਸਾਹਮਣੇ ਆਉਂਦੀ ਹੈ। ਜ਼ਿਕਰਯੋਗ ਹੈ ਕਿ ਇੰਦਰ ਕੁਮਾਰ ਗੁਜਰਾਲ ਦੀ ਸਰਕਾਰ ਦੇ ਸਮੇਂ ਪੰਜਾਬ ਸਿਰ ਚੜ੍ਹੇ ਕਰਜ਼ੇ ਵਿਚੋਂ 8500 ਕਰੋੜ ਰੁਪਈਆ ਮੁਆਫ਼ ਵੀ ਕਰ ਦਿੱਤਾ ਸੀ। ਫਿਰ ਵੀ ਕਰਜ਼ੇ ਦੀ ਪੰਡ ਭਾਰੀ ਹੁੰਦੀ ਜਾ ਰਹੀ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਕਰਜ਼ੇ ਦੇ ਇਸ ਭਾਰ ਨੂੰ 'ਸ਼ੁਭ ਸ਼ਗਨ' ਕਰਾਰ ਦਿੰਦੇ ਹਨ। ਇਹ ਆਗੂ ਪੰਜਾਬ ਦੀ ਤੁਲਨਾ ਅਮਰੀਕਾ ਤੇ ਜਪਾਨ ਵਰਗੇ ਮੁਲਕਾਂ ਨਾਲ ਕਰਦੇ ਹੋਏ ਅਕਸਰ ਆਖਦੇ ਹਨ ਕਿ ਦੁਨੀਆਂ ਦੇ ਸ਼ਕਤੀਸ਼ਾਲੀ ਮੁਲਕ ਵੀ ਕਰਜ਼ਾਈ ਹਨ। ਇਸ ਲਈ ਕਰਜ਼ਾ ਹੋਣਾ ਕੋਈ ਅਣਹੋਣੀ ਨਹੀਂ ਹੈ।

# ਪੰਜਾਬ ਸਰਕਾਰ ਲਈ ਖੜ੍ਹਾ ਹੋਇਆ ਨਵਾਂ ਖਰਚਾ

**ਚੰਡੀਗੜ੍ਹ:** ਆਰਥਿਕ ਤੰਗੀ ਦਾ ਸਾਹਮਣਾ ਕਰ ਰਹੀ ਪੰਜਾਬ ਸਰਕਾਰ ਲਈ ਨਵਾਂ ਖਰਚਾ ਖੜ੍ਹਾ ਹੋ ਗਿਆ ਹੈ। ਕੇਂਦਰ ਸਰਕਾਰ ਵੱਲੋਂ ਇਕ ਜੁਲਾਈ 2014 ਤੋਂ ਆਪਣੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਡੀ.ਏ. ਦੀ ਸੱਤ ਫੀਸਦੀ ਹੋਰ ਕਿਸ਼ਤ ਦੇਣ ਕਾਰਨ ਹੁਣ ਲੱਖਾਂ ਮੁਲਾਜ਼ਮਾਂ ਦਾ ਡੀਏ 107 ਫੀਸਦੀ ਹੋ ਗਿਆ ਹੈ। ਦੱਸਣਯੋਗ ਹੈ ਕਿ ਦੇਸ਼ ਦੀਆਂ ਸਮੂਹ ਸੂਬਾ ਸਰਕਾਰਾਂ ਆਪਣੇ ਮੁਲਾਜ਼ਮਾਂ ਨੂੰ ਕੇਂਦਰੀ ਪੈਟਰਨ 'ਤੇ ਡੀ.ਏ. ਦੀਆਂ ਕਿਸ਼ਤਾਂ ਦਿੰਦੀਆਂ ਆ ਰਹੀਆਂ ਹਨ।

ਸੂਬਾ ਸਰਕਾਰ ਪਹਿਲਾਂ ਹੀ ਰਿਟਾਇਰਮੈਂਟ ਮੌਕੇ ਮੁਲਾਜ਼ਮਾਂ ਦੇ ਕਰੋੜਾਂ ਰੁਪਏ ਦੇ ਪੈਨਸ਼ਨ ਲਾਭਾਂ ਨੂੰ ਰਿਲੀਜ਼ ਕਰਨ ਤੋਂ ਬਚਣ ਲਈ ਸੇਵਾਮੁਕਤੀ ਦੀ ਮਿਆਦ ਵਿਚ ਦੋ ਸਾਲ ਦਾ ਵਾਧਾ ਕਰਕੇ ਬੁੱਤਾ ਸਾਰ ਰਹੀ ਹੈ। ਹੁਣ ਸਰਕਾਰ ਵਿੱਤੀ ਸੰਕਟ ਤੋਂ ਬਚਣ ਲਈ ਨਵੀਂ ਭਰਤੀ ਵੇਲੇ ਮੁਲਾਜ਼ਮਾਂ ਨੂੰ ਪਹਿਲੇ ਪੰਜ ਸਾਲ ਸਿਰਫ ਮੁੱਢਲੀ ਤਨਖਾਹ 'ਤੇ ਠੇਕੇ ਦੇ ਆਧਾਰ 'ਤੇ ਰੱਖਣ ਦੀਆਂ ਤਜਵੀਜ਼ਾਂ ਘੜ ਰਹੀ ਹੈ, ਪਰ ਇਸ ਨਵੇਂ ਖਰਚੇ ਨੇ ਸਰਕਾਰ ਦੀਆਂ ਮੁਸੀਬਤਾਂ ਵਧਾ ਦਿੱਤੀਆਂ ਹਨ।

**ਕੇਂਦਰ ਵੱਲੋਂ ਮੁਲਾਜ਼ਮਾਂ ਦਾ ਡੀ.ਏ. ਵਧਾਉਣ ਦੇ ਫੈਸਲੇ ਨਾਲ ਵਧੀ ਮੁਸੀਬਤ**

ਸੂਬਾ ਸਰਕਾਰ ਵੱਲੋਂ ਇਕ ਜਨਵਰੀ 2014 ਨੂੰ ਕੇਂਦਰੀ ਪੈਟਰਨ 'ਤੇ 10 ਫੀਸਦੀ ਡੀ.ਏ. ਦੀ ਕਿਸ਼ਤ ਹਾਲੇ ਤੱਕ ਵੀ ਜਾਰੀ ਨਾ ਕਰਨ ਤੇ ਦੂਜੇ ਪਾਸੇ ਕੇਂਦਰ ਸਰਕਾਰ ਵੱਲੋਂ ਇਕ ਜੁਲਾਈ 2014 ਤੋਂ ਇਕ ਹੋਰ ਕਿਸ਼ਤ ਦੇਣ ਦੇ ਫੈਸਲੇ ਨੇ ਮੁਸ਼ਕਿਲ ਹਾਲਾਤ ਪੈਦਾ ਕਰ ਦਿੱਤੇ ਹਨ। ਇਹ ਵੀ ਦੱਸਣਯੋਗ ਹੈ ਕਿ ਕੇਂਦਰ ਸਰਕਾਰ ਵੱਲੋਂ ਕਈ ਦਹਾਕਿਆਂ ਤੋਂ ਮੁਲਾਜ਼ਮ ਦੇ ਤਨਖਾਹ ਢਾਂਚੇ ਨੂੰ ਵਧੀ ਮਹਿੰਗਾਈ ਦੇ ਅੰਕ ਨਾਲ ਜੋੜ ਕੇ ਹਰੇਕ ਸਾਲ ਇਕ ਜਨਵਰੀ ਤੇ ਇਕ ਜੁਲਾਈ ਨੂੰ ਬਣਦੀਆਂ ਡੀ.ਏ. ਦੀਆਂ ਦੋ ਕਿਸ਼ਤਾਂ ਰਿਲੀਜ਼ ਕੀਤੀਆਂ ਜਾਂਦੀਆਂ ਹਨ। ਪੰਜਾਬ ਸਰਕਾਰ ਨੇ 9 ਮਈ 2014 ਨੂੰ ਪੱਤਰ ਜਾਰੀ ਕਰਕੇ ਇਕ ਜਨਵਰੀ 2014 ਨੂੰ ਬਣਦੀ 10 ਫੀਸਦੀ ਡੀ.ਏ. ਦੀ ਕਿਸ਼ਤ ਦਸੰਬਰ 2014 ਤੱਕ ਪੈਂਡਿੰਗ ਕਰ ਦਿੱਤੀ ਸੀ।

ਇਸ ਪੱਤਰ ਅਨੁਸਾਰ ਸਰਕਾਰ ਵੱਲੋਂ ਸੂਬੇ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਇਕ ਜਨਵਰੀ 2014 ਨੂੰ ਬਣਦੀ 10 ਫੀਸਦੀ ਡੀ.ਏ. ਦੀ ਕਿਸ਼ਤ ਇਕ ਦਸੰਬਰ 2014 ਤੋਂ ਦੇਣ ਦਾ ਫੈਸਲਾ ਕੀਤਾ ਹੈ ਜਿਸ ਤਹਿਤ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਇਹ ਕਿਸ਼ਤ 11 ਮਹੀਨਿਆਂ ਬਾਅਦ ਇਕ ਦਸੰਬਰ 2014 ਨੂੰ ਨਸੀਬ ਹੋਵੇਗੀ। ਸਰਕਾਰ ਨੇ ਇਕ ਕਦਮ ਹੋਰ ਅੱਗੇ ਵਧਦਿਆਂ ਇਸ ਪੱਤਰ ਰਾਹੀਂ ਸਾਫ ਕਰ ਦਿੱਤਾ ਹੈ ਕਿ ਇਕ ਜਨਵਰੀ 2014 ਤੋਂ 30 ਨਵੰਬਰ 2014 ਤੱਕ ਦਾ ਡੀ.ਏ. ਦੀ ਕਿਸ਼ਤ ਦਾ ਬਕਾਇਆ ਦੇਣ ਬਾਰੇ ਫੈਸਲਾ ਬਾਅਦ ਵਿਚ ਕੀਤਾ ਜਾਵੇਗਾ ਜਿਸ ਤੋਂ ਸਪਸ਼ਟ ਸੰਕੇਤ ਮਿਲਦੇ ਹਨ ਕਿ ਸਰਕਾਰ ਇਸ ਕਿਸ਼ਤ ਦਾ ਬਕਾਇਆ ਅਗਲੇ ਵਿੱਤੀ ਸਾਲ ਤੱਕ ਲਟਕਾਉਣ ਦੇ ਰੌਂਅ ਵਿਚ ਹੈ।

# ਗੁਰਦੁਆਰਾ ਰਿਓਲਿੰਡਾ 'ਚ ਪੁਰਾਤਨ ਇਤਿਹਾਸਕ ਤਸਵੀਰਾਂ ਦੀ ਪ੍ਰਦਰਸ਼ਨੀ ਲਾਈ

**ਸੈਕਰਾਮੈਂਟੋ (ਬਿਊਰੋ):** ਸ੍ਰੀ ਗੁਰੂ ਰਵਿਦਾਸ ਟੈਂਪਲ, ਰੀਓ ਲਿੰਡਾ ਵਿਖੇ ਲੰਘੀ 7 ਸਤੰਬਰ ਨੂੰ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ ਗਿਆ। ਅਖੰਡ ਪਾਠ ਦੇ ਭੋਗ ਉਪਰੰਤ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਜਸਪਾਲ ਸਿੰਘ ਤੇ ਭਾਈ ਨਿਰਮਲ ਸਿੰਘ ਅਤੇ ਚੰਡੀਗੜ੍ਹ ਤੋਂ ਬੀਬੀ ਨਵਨੀਤ ਕੌਰ ਦੇ ਜਥੇ ਨੇ ਮਨੋਹਰ ਕੀਰਤਨ ਕਰਕੇ ਸੰਗਤਾਂ ਨੂੰ ਗੁਰ ਸ਼ਬਦ ਨਾਲ ਜੋੜਿਆ।

ਇਸ ਮੌਕੇ ਭਾਰਤੀ ਕੌਂਸਲੇਟ ਸੈਨ ਫਰਾਂਸਿਸਕੋ ਦੇ ਸਹਿਯੋਗ ਨਾਲ ਮਨਾਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਗੁਰੂ ਘਰ ਦੀ ਕਮੇਟੀ ਵਲੋਂ ਪੁਰਾਤਨ ਇਤਿਹਾਸ ਨੂੰ ਦਰਸਾਉਂਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਲਾਈ ਗਈ। ਇਸ ਪ੍ਰਦਰਸ਼ਨੀ ਵਿਚ ਪੁਰਾਤਨ ਤਸਵੀਰਾਂ ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ, ਸਿੱਖ ਇਤਿਹਾਸ ਦੇ ਸੂਰਬੀਰ ਯੋਧੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਿਆਂ ਦੀਆਂ ਹੱਥ ਲਿਖਤ ਤਸਵੀਰਾਂ, ਪੁਰਾਣੇ ਔਜ਼ਾਰ, ਪੁਰਾਣੇ ਸੱਭਿਆਚਾਰ ਆਦਿ ਨੂੰ ਦਰਸਾਉਂਦੀਆਂ ਅਤੇ ਇਤਿਹਾਸ ਨਾਲ ਜੋੜਦੀਆਂ ਤਸਵੀਰਾਂ ਇਸ ਪ੍ਰਦਰਸ਼ਨੀ ਵਿਚ ਸੁਸ਼ੋਭਿਤ ਕੀਤੀਆਂ ਗਈਆਂ। ਇਸ ਮੌਕੇ ਵੱਖ ਵੱਖ ਭਾਈਚਾਰਿਆਂ ਦੇ ਲੋਕਾਂ ਅਤੇ ਸੰਗਤਾਂ ਨੇ ਇਨ੍ਹਾਂ ਤਸਵੀਰਾਂ ਨੂੰ ਗਹੁ ਨਾਲ ਦੇਖਿਆ ਅਤੇ ਆਪਣੇ ਇਤਿਹਾਸ ਨੂੰ ਜਾਣਿਆ।

ਗੁਰੂ ਘਰ ਦੇ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਪ੍ਰਦਰਸ਼ਨੀ ਦਾ ਮੁੱਖ ਮਕਸਦ ਭਾਰਤੀ ਲੋਕਾਂ ਅਤੇ ਇਥੇ ਰਹਿੰਦੇ ਬੱਚਿਆਂ ਨੂੰ ਆਪਣੇ ਸੱਭਿਆਚਾਰ ਨਾਲ ਜੋੜਨਾ ਅਤੇ ਉਸ ਤੋਂ ਜਾਣੂੰ ਕਰਵਾਉਣਾ ਹੈ। ਉਨ੍ਹਾਂ ਕਿਹਾ ਅਸੀਂ ਇਥੇ ਰਹਿੰਦਿਆਂ ਆਪਣੇ ਸੱਭਿਆਚਾਰ ਅਤੇ ਇਤਿਹਾਸ ਤੋਂ ਕੋਹਾਂ ਦੂਰ ਜਾ ਰਹੇ ਹਾਂ, ਜਿਸ ਨੂੰ ਸੰਭਾਲਣਾ ਸਾਡਾ ਸਭ ਦਾ ਫਰਜ਼ ਹੈ, ਕਿਉਂਕਿ ਜੇ ਅਸੀਂ ਆਪਣਾ ਇਤਿਹਾਸ ਅਤੇ ਸੱਭਿਆਚਾਰ ਨਾ ਸਾਂਭਿਆ ਤਾਂ ਇਕ ਦਿਨ ਸਾਡੀ ਹੋਂਦ ਖਤਮ ਹੋ ਜਾਵੇਗੀ।

ਇਸ ਪ੍ਰਦਰਸ਼ਨੀ ਦੀ ਸੰਗਤਾਂ ਵਲੋਂ ਭਰਪੂਰ ਪ੍ਰਸ਼ੰਸਾ ਕੀਤੀ ਗਈ। ਸੰਗਤਾਂ ਨੇ ਕਿਹਾ ਕਿ ਇਹ ਸ੍ਰੀ ਗੁਰੂ ਰਵਿਦਾਸ ਕਮੇਟੀ ਦਾ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ, ਇਸ ਉਪਰਾਲੇ ਨੂੰ ਭਵਿੱਖ ਵਿਚ ਵੀ ਹੋਰ ਵੱਡੇ ਪੱਧਰ 'ਤੇ ਕੀਤਾ ਜਾਣਾ ਚਾਹੀਦਾ ਹੈ। ਇਸ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਸੈਕਰਾਮੈਂਟੋ ਅਤੇ ਗੁਰੂ ਘਰ ਦੇ ਛੋਟੇ ਬਚਿਆਂ ਦੀ ਕਮੇਟੀ ਦੇ ਮੈਂਬਰ ਅਤੇ ਅਹੁਦੇਦਾਰ ਵੀ ਹਾਜ਼ਰ ਸਨ। ਹੋਰਨਾਂ ਸ਼ਖ਼ਸੀਅਤਾਂ ਵਿਚ ਬਾਬੂ ਅਜੀਤ ਰਾਮ ਬੰਗੜ, ਰਮੇਸ਼ ਬੰਗੜ, ਸਤੀਸ਼ ਰੱਲ੍ਹ, ਬਲਵੀਰ ਕਲੇਰ, ਹਰਬੰਸ ਰੱਲ੍ਹ, ਦਰਸ਼ਨ ਵਿਰਕ, ਕਰਨੈਲ ਵਿਰਕ ਅਤੇ ਕਮੇਟੀ ਮੈਂਬਰਾਂ 'ਚ ਚੇਅਰਮੈਨ ਜੱਸੀ ਬੰਗਾ, ਵਾਈਸ ਚੇਅਰਮੈਨ ਦਰਸ਼ਨ ਵਿਰਕ, ਪ੍ਰਧਾਨ ਜੋਗਿੰਦਰ ਚੁੰਬਰ, ਵਾਈਸ ਪ੍ਰਧਾਨ- ਸਤਨਾਮ ਮੰਢਾਲੀ ਤੇ ਬਲਵਿੰਦਰ ਰੱਲ੍ਹ, ਦਫਤਰੀ ਸਕੱਤਰ ਰਾਜ ਬੱਧਣ, ਖਜ਼ਾਨਚੀ ਸੁਰਿੰਦਰ ਮੱਲ, ਇੰਦਰਜੀਤ ਪਡਵੱਗਾ, ਮਨਜੀਤ ਭਾਰਦਵਾਜ, ਸਟੇਜ ਸੈਕਟਰੀ ਜੀਵਨ ਰੱਤੂ, ਰਾਜ ਸੂਦ, ਪ੍ਰੈਸ ਸਕੱਤਰ ਜਸਵੰਤ ਸ਼ੀਮਾਰ, ਬਿਲਡਿੰਗ ਇੰਚਾਰਜ ਕਰਨੈਲ ਵਿਰਕ, ਕਿਚਨ ਮੈਨੇਜਰ ਮਹਿੰਦਰ ਸਿੰਘ ਧਾਮੀ, ਚਮਨ ਲਾਲ ਅਤੇ ਕਿਡਜ਼ ਕਮੇਟੀ ਰੌਨੀ ਬੰਗਾ, ਰਿੱਕੀ ਬੰਗਾ, ਅਜੇ ਪਡਵੱਗਾ, ਸਚਿਨ ਪਡਵੱਗਾ, ਮਾਇਕਲ ਬੱਧਣ, ਮਾਨਵ ਮੰਢਾਲੀ, ਦੀਪਕ ਆਦਿ ਹਾਜ਼ਰ ਸਨ। ਪ੍ਰੋਗਰਾਮ ਨੂੰ ਬੱਚਿਆਂ ਦੀ ਕਮੇਟੀ ਨੇ ਲਾਈਟ ਸਟਰੀਮ 'ਤੇ ਟੈਲੀਕਾਸਟ ਕੀਤਾ। ਲੰਗਰ ਅਤੁੱਟ ਵਰਤਿਆ।








# ਫਰਿਜ਼ਨੋ ਵਿਚ ਹੋਇਆ 'ਵਾਟਸ' ਟਰੱਕ ਸ਼ੋਅ

**ਫਰਿਜ਼ਨੋ (ਬਿਊਰੋ):** ਪਿਛਲੇ ਹਫਤੇ ਦੇਸੀ ਟਰੱਕਿੰਗ ਮੈਗਜ਼ੀਨ ਅਤੇ ਦੇਸੀ ਮੈਕਸ ਮੀਡੀਆ ਵੱਲੋਂ ਪਲੇਠਾ ਦੋ ਰੋਜ਼ਾ ਪੰਜਾਬੀ ਟਰੱਕ ਸ਼ੋਅ 'ਵਾਟਸ' (ਵਿਸ਼ਟਰਨ ਅਮੈਰੀਕਨ ਟਰੱਕ ਸ਼ੋਅ) ਇਥੋਂ ਦੇ ਕਨਵੈਨਸ਼ਨ ਸੈਂਟਰ ਵਿਚ ਕਰਵਾਇਆ ਗਿਆ। ਇਸ ਸ਼ੋਅ ਵਿਚ ਜਿਥੇ ਪੰਜਾਬੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਉਥੇ ਗੋਰੇ ਅਤੇ ਹੋਰ ਮੂਲ ਦੇ ਲੋਕ ਵੀ ਪਹੁੰਚੇ।

ਸ਼ੋਅ ਦੌਰਾਨ ਸ਼ਿੰਗਾਰੇ ਹੋਏ ਟਰੱਕ ਅਤੇ ਜਾਣਕਾਰੀ ਭਰਪੂਰ ਬੂਥ ਮੇਲੇ ਨੂੰ ਚਾਰ ਚੰਨ ਲਾ ਰਹੇ ਸਨ। ਇਸ ਸ਼ੋਅ ਦੌਰਾਨ ਟਰੱਕਿੰਗ ਕੰਪਨੀਆਂ, ਇੰਸ਼ੋਰੈਂਸ ਕੰਪਨੀਆਂ ਅਤੇ ਟਰੱਕ ਡੀਲਰ, ਟਰੇਲਰ ਸੇਲਜ਼ ਕੰਪਨੀਆਂ, ਬਿਲਿੰਗ ਕੰਪਨੀਆਂ ਅਤੇ ਏ ਪੀ ਯੂ ਅਤੇ ਦੇਸੀ ਟਰੱਕਿੰਗ ਮੈਗਜ਼ੀਨ ਦੇ ਬੂਥ ਆਏ ਮਹਿਮਾਨਾਂ ਲਈ ਖਾਸ ਖਿੱਚ ਦਾ ਕੇਂਦਰ ਬਣੇ ਰਹੇ।

ਪ੍ਰਬੰਧਕਾਂ ਅਨੁਸਾਰ ਫਰਿਜ਼ਨੋ ਵਿਚ ਵੱਸਦੇ ਜ਼ਿਆਦਾ ਸੱਜਣ ਟਰੱਕ ਇੰਡਸਟਰੀ ਨਾਲ ਜੁੜੇ ਹੋਣ ਕਰਕੇ, ਉਨ੍ਹਾਂ ਨੂੰ ਟਰੱਕਿੰਗ ਪ੍ਰਤੀ ਹੋਰ ਵਧੇਰੇ ਜਾਣਕਾਰੀ ਦੇਣ ਲਈ, ਬਿਜ਼ਨਸ ਨੂੰ ਕਿਵੇਂ ਪ੍ਰਫੁਲਤ ਕਰਨਾ ਹੈ ਅਤੇ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਨ ਲਈ ਇਹ ਸ਼ੋਅ ਕਰਵਾਇਆ ਗਿਆ। ਇਸ ਸ਼ੋਅ ਵਿਚ ਇੰਗਲੈਂਡ ਮੇਡ ਲੈਂਡ ਰੋਵਰ ਸ਼ਾਹੀ ਗੱਡੀ ਚਰਚਾ ਦਾ ਵਿਸ਼ਾ ਬਣੀ ਰਹੀ। ਇਸ ਤੋਂ ਇਲਾਵਾ ਗੋਰੇ ਅਤੇ ਮੈਕਸੀਕਨ ਸੰਗੀਤਕ ਬੈਂਡ ਨੇ ਆਏ ਲੋਕਾਂ ਦਾ ਮਨੋਰੰਜਨ ਕੀਤਾ। ਡਰਾਅ ਵੀ ਕੱਢੇ ਗਏ।

ਸ਼ੋਅ ਦੇ ਦੂਜੇ ਦਿਨ ਗਾਇਕ ਗਿੱਲ ਹਰਦੀਪ ਅਤੇ ਗੁਰਲੇਜ਼ ਅਖ਼ਤਰ ਤੇ ਕੁਲਵਿੰਦਰ ਕੈਲੀ ਦੀ ਜੋੜੀ ਨੇ ਖ਼ੂਬ ਰੰਗ ਬੰਨਿਆ।



# ਔਰਤਾਂ ਦੀ ਪੜ੍ਹਾਈ ਪੱਖੋਂ ਬਹੁਤ ਪਛੜ ਗਿਆ ਹੈ ਪੰਜਾਬ

## ਪੜ੍ਹਨ-ਲਿਖਣ ਦੀ ਸਮਰੱਥਾ ਪੱਖੋਂ ਪੰਜਾਬ ਦਾ 19ਵਾਂ ਨੰਬਰ



**ਚੰਡੀਗੜ੍ਹ:** ਪੰਜਾਬ ਦੇ ਪੇਂਡੂ ਖੇਤਰਾਂ ਦੀਆਂ 35 ਫ਼ੀਸਦੀ ਔਰਤਾਂ ਪੜ੍ਹਨ ਲਿਖਣ ਦੇ ਸਮਰੱਥ ਨਹੀਂ ਹਨ, ਜਦਕਿ ਸ਼ਹਿਰੀ ਖੇਤਰਾਂ ਦੀਆਂ 21 ਫ਼ੀਸਦੀ ਔਰਤਾਂ ਇਹ ਸਮਰੱਥਾ ਨਹੀਂ ਰੱਖਦੀਆਂ। ਔਰਤਾਂ ਦੇ ਇਸ ਪੱਖੋਂ ਸਮਰੱਥ ਹੋਣ ਵਿਚ ਪੰਜਾਬ 19ਵੇਂ ਨੰਬਰ ਉਤੇ ਹੈ, ਜਿਸ ਨੂੰ ਬਹੁਤ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ। ਇਹ ਖੁਲਾਸਾ ਭਾਰਤ ਦੀਆਂ ਲੜਕੀਆਂ ਤੇ ਔਰਤਾਂ ਬਾਰੇ ਸੰਯੁਕਤ ਰਾਸ਼ਟਰ ਸੰਸਥਾ (ਯੂਨੈਸਕੋ) ਦੀ ਰਿਪੋਰਟ ਵਿਚ ਕੀਤਾ ਗਿਆ ਹੈ।

ਮਹਾਰਾਸ਼ਟਰ, ਕੇਰਲ, ਗੋਆ, ਗੁਜਰਾਤ, ਮਨੀਪੁਰ, ਪੱਛਮੀ ਬੰਗਾਲ, ਉਤਰਾਖੰਡ, ਤ੍ਰਿਪੁਰਾ, ਤਾਮਿਲਨਾਡੂ, ਸਿੱਕਮ, ਮਿਜ਼ੋਰਮ ਤੇ ਚੰਡੀਗੜ੍ਹ (ਯੂ.ਟੀ.) ਸਮੇਤ ਸਾਰੀਆਂ ਯੂ.ਟੀਜ਼ ਔਰਤਾਂ ਪੜ੍ਹ ਲਿਖ ਸਕਣ ਦੀ ਸਮਰੱਥਾ ਪੱਖੋਂ ਪੰਜਾਬ ਤੋਂ ਅੱਗੇ ਹਨ। ਜਾਣਕਾਰਾਂ ਅਨੁਸਾਰ ਪੰਜਾਬ ਨੂੰ ਪੂਰਨ ਸਾਖ਼ਰ ਬਣਾਉਣ ਵਿਚ ਇਥੋਂ ਦੀ ਸਰਕਾਰ ਨੂੰ 'ਅਸੀਂ ਕਈ ਸੂਬਿਆਂ ਤੋਂ ਅੱਗੇ' ਵਾਲੇ ਵਾਕ ਦਾ ਖਹਿੜਾ ਛੱਡਣਾ ਪਵੇਗਾ, ਕਿਉਂਕਿ ਪੰਜਾਬ ਵਿਚੋਂ ਨਿਕਲਿਆ ਹਰਿਆਣਾ ਪੜ੍ਹ ਲਿਖ ਸਕਣ ਵਾਲੇ ਲੋਕਾਂ ਪੱਖੋਂ ਪੰਜਾਬ ਦੇ ਬਰਾਬਰ ਹੀ ਹੈ ਤੇ ਉਥੇ ਅਜਿਹੀਆਂ ਔਰਤਾਂ ਦੀ ਗਿਣਤੀ 76.6 ਫ਼ੀਸਦੀ ਹੈ। ਜਾਣਕਾਰਾਂ ਅਨੁਸਾਰ ਜੇਕਰ ਸਰਕਾਰ ਵਿਚ ਜਜ਼ਬੇ ਦੀ ਘਾਟ ਹੈ ਤਾਂ ਗੈਰ-ਸਰਕਾਰੀ ਸੰਸਥਾਵਾਂ ਨੂੰ ਇਸ ਖੇਤਰ ਵਿਚ ਅਹਿਮ ਭੂਮਿਕਾ ਨਿਭਾਉਣੀ ਪਵੇਗੀ।

ਦੇਸ਼ ਵਿਚ ਸਾਲ 2011 ਵਿਚ ਹੋਈ ਮਰਦਮਸ਼ੁਮਾਰੀ ਦੇ ਅੰਕੜੇ ਦੱਸਦੇ ਹਨ ਕਿ ਪੰਜਾਬ ਵਿਚ 90 ਲੱਖ 33 ਹਜ਼ਾਰ ਲੋਕ ਅਜੇ ਵੀ ਅਨਪੜ੍ਹ ਹਨ। ਰਿਪੋਰਟ ਅਨੁਸਾਰ ਪੰਜਾਬ ਵਿਚ ਲਗਭਗ 24 ਫ਼ੀਸਦੀ ਔਰਤਾਂ ਅਨਪੜ੍ਹ ਹਨ।

ਹਾਲਾਂਕਿ ਯੋਜਨਾ ਕਮਿਸ਼ਨ ਦਾ ਟੀਚਾ ਸੀ ਕਿ ਪੰਜਾਬ ਸਾਲ 2011-12 ਤੱਕ ਪੜ੍ਹ ਲਿਖ ਸਕਣ ਦੀ ਸਮਰੱਥਾ ਵਾਲੇ ਲੋਕਾਂ ਪੱਖੋਂ 85 ਫ਼ੀਸਦੀ ਦਰ ਨੂੰ ਪਾਰ ਕਰ ਜਾਵੇਗਾ ਪਰ ਪੰਜਾਬ ਵਿਚ ਆਈਆਂ ਸਰਕਾਰਾਂ ਸੂਬੇ ਦੇ ਸਮੂਹ ਲੋਕਾਂ ਨੂੰ ਇਸ ਪੱਖੋਂ ਸਮਰੱਥ ਬਣਾਉਣ ਵੱਲ ਬਹੁਤਾ ਗੰਭੀਰ ਨਹੀਂ ਹੋਈਆਂ ਤੇ ਪੰਜਾਬ ਯੋਜਨਾ ਕਮਿਸ਼ਨ ਟੀਚੇ ਤੱਕ ਨਹੀਂ ਅੱਪੜ ਸਕਿਆ।

ਅੰਕੜਿਆਂ ਅਨੁਸਾਰ ਪੰਜਾਬ ਵਿਚ ਪੜ੍ਹ-ਲਿਖ ਸਕਣ ਦੀ ਸਮਰੱਥਾ ਰੱਖਣ ਵਾਲੇ ਲੋਕਾਂ ਦੀ ਦਰ 75.8 ਫ਼ੀਸਦੀ ਹੈ। ਹਾਲਾਂਕਿ ਸਾਲ 2001 ਵਿਚ ਇਹ 69.7 ਫ਼ੀਸਦੀ ਸੀ ਤੇ ਇਨ੍ਹਾਂ 10 ਸਾਲਾਂ ਵਿਚ ਪੰਜਾਬ ਵਿਚ ਇਹ ਦਰ 6.1 ਫ਼ੀਸਦੀ ਵਧੀ ਪਰ ਰਾਸ਼ਟਰੀ ਪੱਧਰ 'ਤੇ ਇਹ ਦਰ 10 ਸਾਲਾਂ ਵਿਚ 8.16 ਫ਼ੀਸਦੀ ਵਧੀ। ਸਪੱਸ਼ਟ ਹੈ ਕਿ ਇਸ ਪੱਖੋਂ ਪੰਜਾਬ ਦੀ ਰਫ਼ਤਾਰ ਹੌਲੀ ਹੈ।

ਇਹ ਰਿਪੋਰਟ ਦੱਸਦੀ ਹੈ ਕਿ ਅਸਲ ਵਿਚ ਭਾਰਤ ਵਿਚ ਸਾਰੀਆਂ ਹੀ ਲੜਕੀਆਂ ਤੇ ਔਰਤਾਂ ਦੇ ਪੜ੍ਹਨ-ਲਿਖਣ ਵਿਚ ਸਮਰੱਥ (ਸਾਖ਼ਰ) ਹੋਣ ਨੂੰ ਅਜੇ 56 ਸਾਲ ਹੋਰ ਲੱਗਣਗੇ। ਰਿਪੋਰਟ ਵਿਚ ਵਿਸ਼ੇਸ਼ ਤੌਰ 'ਤੇ ਭਾਰਤ ਦੇ ਪੇਂਡੂ ਖੇਤਰਾਂ ਤੇ ਗਰੀਬ ਘਰ੍ਹਾਂ ਦੀਆਂ ਲੜਕੀਆਂ ਦਾ ਜ਼ਿਕਰ ਕੀਤਾ ਗਿਆ ਹੈ ਤੇ ਰਿਪੋਰਟ ਵਿਚ ਭਾਰਤ ਦੀ ਗੱਲ ਕਰਦਿਆਂ ਇਹ ਵੀ ਦੱਸਿਆ ਗਿਆ ਹੈ ਕਿ ਇਸ ਦੇਸ਼ ਵਿਚ ਵੱਡੀ ਗਿਣਤੀ ਵਿਚ ਅਜਿਹੇ ਲੋਕ ਵੀ ਦਰਜ ਕੀਤੇ ਗਏ, ਜਿਨ੍ਹਾਂ ਨੇ 4 ਸਾਲ ਸਕੂਲ ਵਿਚ ਲਾਏ ਹੋਏ ਹਨ, ਪਰ ਉਨ੍ਹਾਂ ਵਿਚੋਂ 90 ਫ਼ੀਸਦੀ ਲੋਕ ਫਿਰ ਵੀ ਅਨਪੜ੍ਹ ਹਨ ਤੇ ਜਿਨ੍ਹਾਂ ਨੇ 5 ਤੋਂ 6 ਸਾਲ ਸਕੂਲ ਵਿਚ ਲਾਏ ਹਨ, ਉਨ੍ਹਾਂ ਵਿਚੋਂ ਵੀ 30 ਫ਼ੀਸਦੀ ਲੋਕ ਅਨਪੜ੍ਹ ਹੀ ਹਨ।

ਰਿਪੋਰਟ ਦੇ ਇਹ ਅੰਕੜੇ ਭਾਰਤ ਵਿਚਲੇ ਸੂਬਿਆਂ ਦੀਆਂ ਸਰਕਾਰਾਂ ਲਈ ਸੰਕੇਤ ਹਨ, ਜਿਥੇ ਸਕੂਲੋਂ ਵਿਰਵੇ ਬੱਚਿਆਂ ਨੂੰ ਸਕੂਲ ਦਾਖਲ ਕਰਾਉਣ ਨੂੰ ਹੀ ਸਰਕਾਰਾਂ ਆਪਣੀ ਵੱਡੀ ਪ੍ਰਾਪਤੀ ਦਰਸਾਉਂਦੀਆਂ ਹਨ।

ਵਿਸ਼ਵ ਸਾਖ਼ਰਤਾ ਦੀ ਗੱਲ ਚੱਲੀ ਹੈ ਤਾਂ ਇਹ ਵੀ ਦੱਸ ਦਈਏ ਕਿ ਯੂਨੈਸਕੋ ਦੀ ਕੁੱਝ ਮਹੀਨੇ ਪਹਿਲਾਂ ਆਈ ਇਸ ਰਿਪੋਰਟ ਅਨੁਸਾਰ ਗੁਆਂਢੀ ਮੁਲਕ ਪਾਕਿਸਤਾਨ, ਉੱਥੋਂ ਦੀਆਂ ਲੜਕੀਆਂ ਤੇ ਔਰਤਾਂ ਦੇ ਪੂਰਨ ਤੌਰ 'ਤੇ ਪੜ੍ਹਨ ਲਿਖਣ ਵਿਚ ਸਮਰੱਥ ਹੋਣ ਦਾ ਟੀਚਾ 22ਵੀਂ ਸਦੀ ਵਿਚ ਹੀ ਪੂਰਾ ਕਰ ਸਕੇਗਾ।

# ਸ਼ੇਰੇ ਪੰਜਾਬ ਸਪੋਰਟਸ ਕਲੱਬ ਦਾ ਖੇਡ ਮੇਲਾ

*(ਸਫਾ 16 ਦੀ ਬਾਕੀ)*

ਰਿਹਾ ਸੀ।

ਵਾਲੀਬਾਲ ਦੇ ਫਾਈਨਲ ਮੁਕਾਬਲੇ ਵਿਚ ਸ਼ਹੀਦ ਭਗਤ ਸਿੰਘ ਸ਼ਿਕਾਗੋ ਦੀ ਟੀਮ ਨੇ ਗੋ ਗਰੀਨ ਟੀਮ ਨੂੰ ਹਰਾ ਕੇ ਕੱਪ ਜਿਤਿਆ। ਨਿੱਕ ਅਤੇ ਟੋਨੀ ਸੰਘੇੜਾ ਨੇ ਸ਼ਾਨਦਾਰ ਖੇਡ ਦਿਖਾਈ। ਵਾਲੀਬਾਲ ਦਾ ਪਹਿਲਾ ਇਨਾਮ ਅਮਰਜੀਤ ਸਿੰਘ ਢੀਂਡਸਾ ਵਲੋਂ ਆਪਣੇ ਪਿਤਾ ਮਿਹਰ ਸਿੰਘ ਢੀਂਡਸਾ ਦੀ ਯਾਦ 'ਚ ਸਪਾਂਸਰ ਕੀਤਾ ਗਿਆ ਸੀ।

ਮੇਲੇ ਦੇ ਮੁੱਖ ਮਹਿਮਾਨ ਹਿਊਸਟਨ ਤੋਂ ਬਿਜਨਸਮੈਨ ਅਤੇ 1970ਵਿਆਂ ਵਿਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਵਿਦਿਆਰਥੀ ਆਗੂ ਰਹੇ ਰਘਬੀਰ ਸਿੰਘ ਘੁੰਨ ਸਨ ਜਦਕਿ ਵਿਸ਼ੇਸ਼ ਮਹਿਮਾਨ ਜੇ ਪੀ ਖਹਿਰਾ ਤੇ ਗੈਸਟ ਆਫ ਆਨਰ ਹਰਕ੍ਰਿਸ਼ਨ ਸਿੰਘ ਭੱਟੀ, ਗੁਰਚਰਨ ਸਿੰਘ ਝੱਜ ਤੇ ਮਦਨ ਪੋਪਲੀ ਮਿਲਵਾਕੀ ਸਨ। ਇਨ੍ਹਾਂ ਪਤਵੰਤੇ ਸੱਜਣਾਂ ਨੇ ਖੇਡ ਮੇਲੇ ਦੇ ਸਪਾਂਸਰਾਂ ਅਤੇ ਖਿਡਾਰੀਆਂ ਨੂੰ ਇਨਾਮ ਵੀ ਤਕਸੀਮ ਕੀਤੇ।

ਮਿਡਵੈਸਟ ਦੀਆਂ ਤਕਰੀਬਨ ਸਾਰੀਆਂ ਖੇਡ ਤੇ ਸਭਿਆਚਾਰਕ ਸੰਸਥਾਵਾਂ ਦੇ ਅਹੁਦੇਦਾਰ ਅਤੇ ਪਤਵੰਤੇ ਸੱਜਣ ਮੇਲੇ ਦਾ ਅਨੰਦ ਮਾਨਣ ਲਈ ਪਹੁੰਚੇ। ਕਲੱਬ ਦੀ ਤਰਫੋਂ ਕਲੱਬ ਦੇ ਸਾਬਕਾ ਪ੍ਰਧਾਨ ਪਰਮਿੰਦਰ ਸਿੰਘ ਵਾਲੀਆ ਤੇ ਬੋਰਡ ਮੈਂਬਰ ਜਿੰਦਰ ਬੈਨੀਪਾਲ, ਜਸਵਿੰਦਰ (ਜੱਸੀ) ਸਿੰਘ ਤੇ ਜਿੰਦੀ ਖੰਗੂੜਾ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਪ੍ਰਬੰਧਕਾਂ ਵਲੋਂ ਪ੍ਰਮੁਖ ਸ਼ਖਸੀਅਤਾਂ, ਸਪਾਂਸਰਾਂ ਤੇ ਵਿਸ਼ੇਸ਼ ਮਹਿਮਾਨਾਂ ਦਾ ਸਨਮਾਨ ਚਿੰਨ੍ਹਾਂ ਨਾਲ ਸਨਮਾਨ ਕੀਤਾ ਗਿਆ।

ਮੈਚਾਂ ਦੀ ਸਮਾਪਤੀ ਉਪਰੰਤ ਕਰੀਬ 2 ਘੰਟੇ ਗਾਇਕੀ ਦਾ ਖੁੱਲ੍ਹਾ ਅਖਾੜਾ ਲੱਗਾ। ਪ੍ਰੋਗਰਾਮ ਦੀ ਸ਼ੁਰੂਆਤ ਸ਼ਿਕਾਗੋ ਦੇ ਉਭਰਦੇ ਗਾਇਕ ਕਲਾਕਾਰ ਜਗਮੀਤ (ਜੱਸੀ) ਸਿੰਘ ਨੇ ਗੀਤ 'ਸੋਹਣੇ ਸੂਟ ਵਾਲੀ ਸੂਟ ਬਦਲ ਬਦਲ ਕੇ ਪਾਉਂਦੀ ਏ' ਨਾਲ ਹਾਜਰੀ ਲਵਾਈ।

ਉਪਰੰਤ ਸਰਬਜੀਤ ਚੀਮਾ ਨੇ ਆਪਣੇ ਚਰਚਿਤ ਗੀਤਾਂ ਨਾਲ ਖੂਬ ਰੰਗ ਬੰਨ੍ਹਿਆ। ਸਰਬਜੀਤ ਨੇ ਜ਼ਿੰਦਗੀ ਦੇ ਮੇਲੇ ਦੀ ਗੱਲ ਛੇੜਦਿਆਂ 'ਮੇਲਾ ਦੋ ਘੜੀਆਂ, ਢਾਈ ਦਿਨ ਦੀ ਜ਼ਿੰਦਗਾਨੀ' ਤੋਂ ਸ਼ੁਰੂ ਕਰ ਕੇ 'ਚੱਕ ਦੇ ਫੱਟੇ' ਬੀਟ ਗੀਤ ਗਾ ਕੇ ਆਪਣੀ ਗਾਇਕੀ ਦਾ ਲੋਹਾ ਮਨਵਾਇਆ। 'ਨਿੱਤ ਨਿੱਤ ਨਹੀਂ ਮੇਲੇ ਲਗਦੇ ਮਿੱਤਰਾਂ-ਯਾਰਾਂ ਦੇ', 'ਪੈਸਾ ਜਿਵੇਂ ਨਚਾਈ ਜਾਂਦਾ ਦੁਨੀਆਂ ਨੱਚੀ ਜਾਂਦੀ ਐ' ਗਾ ਕੇ ਵਾਹ ਵਾਹ ਖੱਟੀ। ਫਿਰ ਉਸ 'ਰੰਗਲਾ ਪੰਜਾਬ', 'ਕੋਈ ਹੱਸ ਕੇ ਮਿਲ ਜਾਏ ਖਿੜ ਪਈਦਾ...ਐਵੇਂ ਤਾਂ ਨਹੀਂ ਲੋਕ ਪੰਜਾਬੀ ਕਹਿੰਦੇ ਨੇ' ਪੇਸ਼ ਕੀਤਾ।

ਨਸ਼ਿਆਂ ਨਾਲ ਬਰਬਾਦ ਹੋ ਰਹੇ ਪੰਜਾਬ ਦੇ ਨੌਜਵਾਨਾਂ ਨੂੰ ਸਰਬਜੀਤ ਨੇ ਇੰਜ ਸਮਝਾਉਣੀ ਦਿੱਤੀ, 'ਤੈਨੂੰ ਚਾਅ ਜੇ ਅਮਲੀ ਹੋਣ ਦਾ, ਉਸ ਮੁਰਸ਼ਦ ਨਾਂ ਦਾ ਨਸ਼ਾ ਚੜ੍ਹਾ ਲੈ ਤੂੰ।' ਜਦ ਉਸ ਨੇ 'ਮੇਲਾ ਜਿਉਂਦਾ ਰੱਖਣਾ, ਨੱਚ ਲਓ ਜਿਨ੍ਹਾਂ ਨੇ ਨੱਚਣਾ' ਗੀਤ ਛੋਹਿਆ ਤਾਂ ਕਲੱਬ ਦੇ ਪ੍ਰਧਾਨ ਦੀਪਾ ਬੰਦੇਸ਼ਾ ਨੇ ਵੀ ਸਟੇਜ 'ਤੇ ਆ ਚੀਮੇ ਦੀ ਸੁਰ 'ਚ ਸੁਰ ਮਿਲਾਈ। ਚੀਮੇ ਨੇ 'ਖੇਡਣ ਜ਼ੋਰਾਂ ਨਾਲ ਪੁੱਤ ਸਰਦਾਰਾਂ ਦੇ' ਅਤੇ ਅੰਤ ਵਿਚ ਬੋਲੀਆ ਪਾ ਕੇ ਦਰਸ਼ਕਾਂ ਨੂੰ ਖੂਬ ਨਚਾਇਆ। ਜੱਸੀ ਸਿੰਘ ਨੇ ਬੈਕ-ਅੱਪ ਗਾਇਕ ਵਜੋਂ ਸਾਥ ਦਿੱਤਾ। ਸੰਗੀਤ ਨਰਿੰਦਰ ਬੱਗਾ ਦਾ ਸੀ। ਉਸ ਨਾਲ ਕੀ-ਬੋਰਡ 'ਤੇ ਅਜੇ ਰੰਧਾਵਾ, ਢੋਲ 'ਤੇ ਇਕਬਾਲ ਲਾਲ ਅਤੇ ਹੋਰ ਸਾਜ਼ੀ ਸੰਨੀ ਤੇ ਬਿੱਟੂ ਸਨ।

ਇਸ ਮੌਕੇ ਰੈਫਲ ਦਾ ਇਨਾਮ ਵੀ ਕੱਢਿਆ ਗਿਆ। ਪਹਿਲਾ ਟੀ.ਵੀ. ਦਾ ਇਨਾਮ ਬੱਚੀ ਦਮਨ ਤੇ ਦੂਜਾ ਲੈਪ ਟਾਪ ਦਾ ਹਰਜੀਤ ਗਿੱਲ ਨੇ ਪ੍ਰਾਪਤ ਕੀਤਾ। ਗਲੋਬਲ ਪੰਜਾਬ ਟੀ.ਵੀ. ਨੇ ਟੂਰਨਾਮੈਂਟ ਦਾ ਸਿੱਧਾ ਪ੍ਰਸਾਰਣ ਕੀਤਾ। ਖਿਡਾਰੀਆਂ ਲਈ ਖਾਣਾ ਆਸ਼ਿਆਨਾ ਰੈਸਟੋਰੈਂਟ ਦੇ ਸੁਰਿੰਦਰ ਜੈਨ ਵਲੋਂ ਅਤੇ ਸਵੇਰ ਦਾ ਖਾਣਾ ਪੰਜਾਬ ਸਵੀਟਸ ਵਾਲੇ ਰੰਮੀ ਗਰੇਵਾਲ ਵਲੋਂ ਸੀ। ਪ੍ਰਬੰਧਕਾਂ ਨੇ ਸਫਾਈ ਦਾ ਉਚੇਚਾ ਖਿਆਲ ਰੱਖਿਆ। ਸਫਾਈ ਵਾਲੇ ਕਾਮੇ ਦਰਸ਼ਕਾਂ ਦੇ ਪਾਏ ਖਿਲਾਰੇ ਨੂੰ ਨਾਲੋ ਨਾਲ ਸਾਂਭੀ ਜਾ ਰਹੇ ਸਨ।

ਕਲੱਬ ਦੇ ਪ੍ਰਧਾਨ ਹਰਦੀਪ (ਦੀਪਾ) ਬੰਦੇਸ਼ਾ ਨੇ ਮੇਲੇ ਨੂੰ ਕਾਮਯਾਬ ਬਣਾਉਣ ਲਈ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨ ਲਈ ਸਮੂਹ ਨਵੇਂ ਅਤੇ ਪੁਰਾਣੇ ਬੋਰਡ ਮੈਂਬਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਦੂਰੋਂ-ਨੇੜਿਓਂ ਆਏ ਦਰਸ਼ਕਾਂ ਦਾ ਵੀ ਮੇਲੇ ਦੀ ਰੌਣਕ ਵਧਾਉਣ ਲਈ ਸ਼ੁਕਰੀਆ ਅਦਾ ਕੀਤਾ।


**Philips-66 Truck Stop Convenience Store**

***For Sale or Lease***

**11 Pumps, 30 Trucks Parking**
**Diesel & Gas With Restaurant, Liquor, Lottery**

*Good Profit Margin*

**Prime Location (4 States Traffic Area on State Hwy I-44/I-49 in Missouri)**

**Also available commercial bulding (SCF), partially rented in Mohali, India**
**Commercial plot in business growing area (in Walmart, Home Office area)**

Serious Parties Only, Please.

**Contact: 417-825-7602**

Email: shaanmann5@gmail.com

**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
- 3 Axle Alignment $199
- Trailer Alignment $150

Special Price for Truck Wash Grand Opening
- 8 Drive Tires For $3300 Kelly KDA
- Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

**Ph: 209.547.9210**

FAX: 209.547.9211
www.gfbontime.com, raj@gfbontime.com

**REPAIR SHOP**

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

**REGISTRATION SERVICES**

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997

# ਬਾਦਲਾਂ ਨੂੰ ਪਿਆ ਭਾੜੇ ਦੇ ਹੈਲੀਕਾਪਟਰੀ ਝੂਟਿਆਂ ਦਾ ਭੁੱਸ

## ਆਪਣਾ ਹੈਲੀਕਾਪਟਰ ਖਰੀਦਣ ਪਿੱਛੋਂ ਵੀ ਭਾੜੇ ਦਾ ਸਫਰ ਜਾਰੀ




**ਬਠਿੰਡਾ:** ਪੰਜਾਬ ਸਰਕਾਰ ਵੱਲੋਂ ਆਪਣਾ ਹੈਲੀਕਾਪਟਰ ਖਰੀਦਣ ਤੋਂ ਬਾਅਦ ਵੀ ਭਾੜੇ ਦੇ ਹੈਲੀਕਾਪਟਰ ਦੀ ਵਰਤੋਂ ਜਾਰੀ ਹੈ। ਬਾਦਲਾਂ ਦਾ ਇਹ ਸ਼ਾਹੀ ਸ਼ੌਕ ਸਰਕਾਰੀ ਖ਼ਜ਼ਾਨੇ ਨੂੰ ਬੜਾ ਮਹਿੰਗਾ ਪੈ ਰਿਹਾ ਹੈ। ਪੰਜਾਬ ਸਰਕਾਰ ਨੇ ਅਪਰੈਲ, 2013 ਵਿਚ 38 ਕਰੋੜ ਰੁਪਏ ਦਾ ਨਵਾਂ ਹੈਲੀਕਾਪਟਰ ਖਰੀਦਿਆ ਸੀ। ਲੰਘੇ ਸਵਾ ਸਾਲ ਦੌਰਾਨ ਪੰਜਾਬ ਸਰਕਾਰ ਨੇ ਹਰ ਮਹੀਨੇ ਘੱਟੋ ਘੱਟ ਦੋ ਵਾਰ ਕਿਰਾਏ ਦਾ ਹੈਲੀਕਾਪਟਰ ਵਰਤਿਆ ਹੈ। ਸਰਕਾਰੀ ਖ਼ਜ਼ਾਨਾ ਮਾਲੀ ਸੰਕਟ ਦਾ ਸੇਕ ਝੱਲ ਰਿਹਾ ਹੈ ਤੇ ਕੇਂਦਰ ਨੇ ਪੰਜਾਬ ਨੂੰ ਵਿੱਤੀ ਪੈਕੇਜ ਦੇਣ ਤੋਂ ਇਨਕਾਰ ਕਰ ਦਿੱਤਾ ਹੈ ਪਰ ਫਿਰ ਵੀ ਪੰਜਾਬ ਸਰਕਾਰ ਕਿਫ਼ਾਇਤ ਦੇ ਮੂਡ ਵਿਚ ਨਹੀਂ ਹੈ।

ਸੂਚਨਾ ਦੇ ਅਧਿਕਾਰ ਕਾਨੂੰਨ ਤਹਿਤ ਮਿਲੀ ਜਾਣਕਾਰੀ ਮੁਤਾਬਕ ਪੰਜਾਬ ਸਰਕਾਰ 19 ਵਰ੍ਹਿਆਂ ਤੋਂ ਭਾੜੇ ਦੇ ਹੈਲੀਕਾਪਟਰ ਦੀ ਵਰਤੋਂ ਕਰ ਰਹੀ ਹੈ। ਸਰਕਾਰ ਨੇ 16 ਨਵੰਬਰ, 1995 ਨੂੰ ਮੈਸਰਜ਼ ਪਵਨ ਹੰਸ ਕੰਪਨੀ ਨਾਲ ਸਮਝੌਤਾ ਕੀਤਾ ਸੀ। ਇਸ ਸਮੇਂ ਦੌਰਾਨ ਤਕਰੀਬਨ 117 ਕਰੋੜ ਰੁਪਏ ਹੈਲੀਕਾਪਟਰ ਦੇ ਭਾੜੇ 'ਤੇ ਖਰਚ ਕੀਤੇ ਗਏ ਹਨ। ਸੂਤਰਾਂ ਅਨੁਸਾਰ ਸਾਲ 2013-14 ਦੌਰਾਨ ਸਰਕਾਰੀ ਹੈਲੀਕਾਪਟਰ ਦਾ ਕੁੱਲ ਖਰਚਾ ਪ੍ਰਤੀ ਮਹੀਨਾ 50 ਲੱਖ ਰੁਪਏ ਰਿਹਾ ਹੈ ਤੇ ਇਸ ਹਿਸਾਬ ਨਾਲ ਇਕ ਸਾਲ ਵਿਚ ਸਰਕਾਰੀ ਹੈਲੀਕਾਪਟਰ ਦਾ ਖਰਚ ਛੇ ਕਰੋੜ ਰੁਪਏ ਬਣਦਾ ਹੈ। ਇਸ ਇਕ ਵਰ੍ਹੇ ਦੌਰਾਨ ਤਕਰੀਬਨ ਡੇਢ ਕਰੋੜ ਰੁਪਏ ਪ੍ਰਾਈਵੇਟ ਹੈਲੀਕਾਪਟਰਾਂ ਦਾ ਭਾੜਾ ਤਾਰਿਆ ਗਿਆ। ਸੂਚਨਾ ਮੁਤਾਬਕ ਅਕਾਲੀ-ਭਾਜਪਾ ਸਰਕਾਰ ਦੇ ਪੰਜ ਵਰ੍ਹਿਆਂ (2007-2012) ਦੌਰਾਨ ਮੁੱਖ ਮੰਤਰੀ ਦੇ ਹੈਲੀਕਾਪਟਰ ਦਾ ਖਰਚਾ 53.81 ਕਰੋੜ ਰੁਪਏ ਰਿਹਾ ਸੀ। ਇਸ ਦਾ ਮਤਲਬ ਹੈ ਕਿ ਪੰਜਾਬ ਸਰਕਾਰ ਰੋਜ਼ਾਨਾ ਔਸਤਨ 2.94 ਲੱਖ ਰੁਪਏ ਹੈਲੀਕਾਪਟਰ ਦਾ ਖਰਚਾ ਤਾਰਦੀ ਰਹੀ ਹੈ। ਕਾਂਗਰਸ ਦੇ ਰਾਜ (2002-2007) ਦੌਰਾਨ ਹੈਲੀਕਾਪਟਰ ਦਾ ਖਰਚਾ 22.62 ਕਰੋੜ ਰੁਪਏ ਰਿਹਾ ਜੋ ਪ੍ਰਤੀ ਦਿਨ 1.24 ਲੱਖ ਰੁਪਏ ਬਣਦਾ ਹੈ।

ਅਕਾਲੀ-ਭਾਜਪਾ ਦੇ ਪਿਛਲੇ ਕਾਰਜਕਾਲ (1997-2002) ਦੌਰਾਨ ਹੈਲੀਕਾਪਟਰ ਦਾ ਖਰਚ 21.44 ਕਰੋੜ ਰੁਪਏ ਰਿਹਾ ਤੇ ਪ੍ਰਤੀ ਦਿਨ ਇਹ ਖਰਚਾ ਔਸਤਨ 1.17 ਲੱਖ ਰੁਪਏ ਬਣਦਾ ਹੈ। ਉਸ ਤੋਂ ਪਹਿਲਾਂ ਨਵੰਬਰ 1995 ਤੋਂ 31 ਮਾਰਚ, 1997 ਤੱਕ ਹੈਲੀਕਾਪਟਰ ਦਾ ਖਰਚਾ 9.68 ਕਰੋੜ ਰੁਪਏ ਰਿਹਾ। ਅਕਾਲੀ-ਭਾਜਪਾ ਸਰਕਾਰ ਦਾ ਹੈਲੀਕਾਪਟਰ ਦਾ ਖਰਚਾ ਪਿਛਲੇ ਸਮੇਂ ਵਿਚ ਕਾਂਗਰਸ ਨਾਲੋਂ ਸਵਾ ਦੋ ਗੁਣਾ ਜ਼ਿਆਦਾ ਹੋ ਗਿਆ ਹੈ।

ਸੂਤਰਾਂ ਮੁਤਾਬਕ ਸਰਕਾਰ ਨੇ ਹੈਲੀਕਾਪਟਰਾਂ ਦਾ ਜਿੰਨਾ ਭਾੜਾ ਤਾਰਿਆ ਹੈ, ਉਸ ਨਾਲ ਤਿੰਨ ਨਵੇਂ ਹੈਲੀਕਾਪਟਰ ਖਰੀਦੇ ਜਾ ਸਕਦੇ ਸਨ। ਪੰਜਾਬ ਸਰਕਾਰ ਦਾ ਹੈਲੀਕਾਪਟਰ ਉਪ ਮੁੱਖ ਮੰਤਰੀ ਤੇ ਰਾਜਪਾਲ ਪੰਜਾਬ ਵੱਲੋਂ ਵੀ ਵਰਤਿਆ ਜਾ ਰਿਹਾ ਹੈ। ਜਾਣਕਾਰੀ ਅਨੁਸਾਰ ਸਰਕਾਰ ਨੇ ਹੁਣ ਏਅਰ ਕਰਾਫਟ ਖਰੀਦਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਸੀ ਪਰ ਉਹ ਵਿਚਾਲੇ ਹੀ ਰੁਕ ਗਈ ਹੈ।

ਆਡਿਟ ਵਿਭਾਗ ਵੀ ਭਾੜੇ ਦੇ ਹੈਲੀਕਾਪਟਰ ਉਤੇ ਇਤਰਾਜ਼ ਉਠਾ ਚੁੱਕਾ ਹੈ। ਆਡਿਟ ਮਹਿਕਮੇ ਨੇ ਕਿਰਾਇਆ ਵੱਧ ਤਾਰਨ ਤੇ ਸਮਝੌਤੇ ਦੀ ਮਿਆਦ ਪੁੱਗਣ ਮਗਰੋਂ ਵੀ ਹੈਲੀਕਾਪਟਰ ਵਰਤਣ 'ਤੇ ਉਂਗਲ ਉਠਾਈ ਸੀ। ਪਿਛਲੇ ਅਰਸੇ ਦੌਰਾਨ ਪੰਜਾਬ ਸਰਕਾਰ ਨੇ ਭਾੜੇ 'ਤੇ ਲਏ ਹੈਲੀਕਾਪਟਰਾਂ ਦਾ ਪ੍ਰਤੀ ਘੰਟਾ 1.40 ਲੱਖ ਰੁਪਏ ਤੋਂ 2.15 ਲੱਖ ਰੁਪਏ ਤੱਕ ਕਿਰਾਇਆ ਤਾਰਿਆ ਹੈ। ਸ਼ਹਿਰੀ ਹਵਾਬਾਜ਼ੀ ਵਿਭਾਗ ਪੰਜਾਬ ਦੇ ਸਲਾਹਕਾਰ ਕੈਪਟਨ ਅਭੈ ਚੰਦਰਾ ਦਾ ਕਹਿਣਾ ਹੈ ਕਿ ਨਵਾਂ ਹੈਲੀਕਾਪਟਰ ਖਰੀਦਣ ਮਗਰੋਂ ਪੰਜਾਬ ਸਰਕਾਰ ਦੇ ਹੈਲੀਕਾਪਟਰ ਖਰਚੇ ਤਕਰੀਬਨ 40 ਫੀਸਦੀ ਘੱਟ ਗਏ ਹਨ। ਹੁਣ ਲੋੜ ਪੈਣ 'ਤੇ ਮਹੀਨੇ ਵਿਚ ਇਕ ਦੋ ਵਾਰ ਹੀ ਕਿਰਾਏ 'ਤੇ ਹੈਲੀਕਾਪਟਰ ਲਿਆ ਜਾਂਦਾ ਹੈ। ਸਰਕਾਰੀ ਹੈਲੀਕਾਪਟਰ ਦੀ ਮੁਰੰਮਤ ਜਾਂ ਫਿਰ ਐਮਰਜੈਂਸੀ ਵੇਲੇ ਹੀ ਹੈਲੀਕਾਪਟਰ ਭਾੜੇ ਉਤੇ ਲਿਆ ਜਾਂਦਾ ਹੈ, ਜਿਸ ਦਾ ਪ੍ਰਤੀ ਘੰਟਾ 1.20 ਲੱਖ ਰੁਪਏ ਕਿਰਾਇਆ ਦਿੱਤਾ ਜਾਂਦਾ ਹੈ। ਉਨ੍ਹਾਂ ਆਖਿਆ ਕਿ ਨਵਾਂ ਏਅਰ ਕਰਾਫਟ ਖਰੀਦਣ ਬਾਰੇ ਹਾਲੇ ਪ੍ਰਕਿਰਿਆ ਅੱਗੇ ਨਹੀਂ ਵਧੀ ਹੈ।

# ਜਾਇਦਾਦਾਂ ਕੌਡੀਆਂ ਦੇ ਭਾਅ ਵੇਚਣ ਲੱਗੀ ਸਰਕਾਰ

## ਵਾਤਾਵਰਨ ਪ੍ਰੇਮੀਆਂ ਵੱਲੋਂ ਅਦਾਲਤ ਜਾਣ ਦੀ ਤਿਆਰੀ



**ਚੰਡੀਗੜ੍ਹ:** ਪੰਜਾਬ ਸਰਕਾਰ ਸੂਬੇ ਦੀਆਂ ਰਵਾਇਤੀ ਜਾਇਦਾਦਾਂ ਨੂੰ ਵੇਚ ਕੇ ਤੇ ਉਨ੍ਹਾਂ ਦੀ ਥਾਂ ਨਿੱਜੀ ਭਾਈਵਾਲਾਂ ਦੇ ਆਧਾਰ 'ਤੇ ਵਪਾਰਕ ਕੇਂਦਰ ਬਣਾ ਕੇ ਸੂਬੇ ਦੀ ਲੁੱਟ ਕਰਵਾ ਰਹੇ ਹਨ। ਸਰਕਾਰ ਦੀ ਇਸੇ ਨੀਤੀ ਤਹਿਤ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ (ਪੀ.ਐਸ.ਪੀ.ਸੀ.ਐਲ.) ਦੀ ਲੁਧਿਆਣਾ ਸਥਿਤ 31 ਏਕੜ ਜ਼ਮੀਨ ਨੂੰ ਤਹਿਸ-ਨਹਿਸ ਕਰਕੇ ਸਿਟੀ ਡਾਊਨਟਾਊਨ ਬਣਾਉਣ ਲਈ ਸਰਗਰਮ ਹਨ। ਸੁਖਬੀਰ ਬਾਦਲ ਪੰਜਾਬ ਕਾਂਗਰਸ ਦੇ ਸਾਬਕਾ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਇਹ ਦੋਸ਼ ਲਾਉਂਦਿਆਂ ਕਿਹਾ ਹੈ ਕਿ ਪੀ.ਐਸ.ਪੀ.ਸੀ.ਐਲ. ਦੀ ਲੁਧਿਆਣਾ ਸਥਿਤ ਸਰਾਭਾ ਨਗਰ ਵਿਚ ਇਸ ਜ਼ਮੀਨ ਦੇ 10.82 ਏਕੜ ਹਿੱਸੇ 'ਤੇ ਦਫਤਰੀ ਇਮਾਰਤ ਹੈ।

ਇਸ ਤੋਂ ਇਲਾਵਾ 21.07 ਏਕੜ 'ਤੇ ਪੀ.ਐਸ.ਪੀ.ਸੀ.ਐਲ. ਦੇ ਸਟਾਫ ਲਈ ਕਲੋਨੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਸ ਜ਼ਮੀਨ ਦੀ ਬਾਜ਼ਾਰੀ ਕੀਮਤ 3000 ਕਰੋੜ ਰੁਪਏ ਹੈ ਤੇ ਇਸ ਉਪਰ ਸੈਂਕੜੇ ਪੁਰਾਣੇ ਦਰੱਖਤ ਲੱਗੇ ਹੋਏ ਹਨ। ਸ੍ਰੀ ਖਹਿਰਾ ਨੇ ਦੋਸ਼ ਲਾਇਆ ਕਿ ਉਪ ਮੁੱਖ ਮੰਤਰੀ ਦੇ ਦਬਾਅ ਹੇਠ ਅਫਸਰਸ਼ਾਹੀ ਨੇ ਬਹਾਨਾ ਘੜਿਆ ਹੈ ਕਿ ਵਪਾਰਕ ਡਾਊਨਟਾਊਨ ਪ੍ਰਾਜੈਕਟ ਤੋਂ ਮਿਲਣ ਵਾਲੀ ਰਕਮ ਦਾ 80 ਫੀਸਦੀ ਹਿੱਸਾ ਮੁਕੇਰੀਆਂ ਪਾਵਰ ਪ੍ਰਾਜੈਕਟ ਦੀ ਵਿੱਤੀ ਮਦਦ ਲਈ ਵਰਤਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪਹਿਲਾਂ ਹੀ ਸ. ਬਾਦਲ ਵੱਲੋਂ ਐਲਾਨੇ ਗਏ ਨਿੱਜੀ ਖੇਤਰ ਦੇ ਥਰਮਲ ਪਲਾਂਟ ਮੰਦੀ ਹਾਲਤ ਵਿਚ ਚੱਲ ਰਹੇ ਹਨ। ਇਸ ਕਰਕੇ ਅਹਿਮ ਸਰਕਾਰੀ ਜਾਇਦਾਦ ਨੂੰ ਵੇਚ ਕੇ ਇਕ ਹੋਰ ਥਰਮਲ ਪਲਾਂਟ ਨੂੰ ਵਿੱਤੀ ਮੱਦਦ ਦੇਣਾ ਕਿਸੇ ਤਰ੍ਹਾਂ ਵੀ ਉਚਿਤ ਨਹੀਂ ਹੈ। ਉਨ੍ਹਾਂ ਦੋਸ਼ ਲਾਇਆਂ ਕਿ ਅਜਿਹੀਆਂ ਸਰਕਾਰੀ ਜ਼ਮੀਨਾਂ ਖਰੀਦ ਰਹੀਆਂ ਪ੍ਰਾਈਵੇਟ ਕੰਪਨੀਆਂ ਵਿਚ ਸੁਖਬੀਰ ਬਾਦਲ ਤੇ ਕੁਝ ਅਫਸਰਾਂ ਦੇ ਬੇਨਾਮੀ ਹਿੱਸੇ ਹਨ। ਇਸ ਮੌਕੇ ਵਾਤਾਵਰਨ ਪ੍ਰੇਮੀ ਜਤਿੰਦਰ ਮੌਦਗਿਲ ਨੇ ਕਿਹਾ ਕਿ ਜੇਕਰ ਸਰਕਾਰ ਨੇ ਇਸ 31 ਏਕੜ ਬੇਸ਼ਕੀਮਤੀ ਸਰਕਾਰੀ ਜ਼ਮੀਨ ਦਾ ਉਜਾੜਾ ਕਰਕੇ ਸਿਟੀ ਡਾਊਨਟਾਊਨ ਉਸਾਰਨ ਦੀ ਕਾਰਵਾਈ ਕੀਤੀ ਤਾਂ ਵਾਤਾਵਰਨ ਪ੍ਰੇਮੀ ਸੰਸਥਾਵਾਂ ਹਾਈ ਕੋਰਟ ਦਾ ਕੁੰਡਾ ਖੜਕਾਉਣਗੀਆਂ।

# ਸਜ਼ਾ ਦਾ ਫੈਸਲਾ ਸੁਣਨ ਪਿੱਛੋਂ ਦੋਸ਼ੀ ਅਦਾਲਤ ਵਿਚੋਂ ਫਰਾਰ

**ਫ਼ਰੀਦਕੋਟ:** ਅਦਾਲਤ ਵਿਚੋਂ ਇਕ ਮੁਲਜ਼ਮ ਸਜ਼ਾ ਦਾ ਫ਼ੈਸਲਾ ਸੁਣਨ ਤੋਂ ਬਾਅਦ ਮੌਕੇ ਤੋਂ ਫਰਾਰ ਹੋ ਗਿਆ। ਦੋਸ਼ੀ ਦੀ ਸ਼ਨਾਖ਼ਤ ਗੁਰਮੇਲ ਸਿੰਘ ਵਾਸੀ ਧੂਰੀ ਵਜੋਂ ਹੋਈ ਹੈ। ਮਿਲੀ ਜਾਣਕਾਰੀ ਮੁਤਾਬਕ ਅਦਾਲਤ ਨੇ ਥਾਣਾ ਬਾਜਾਖਾਨਾ ਵੱਲੋਂ ਦਰਜ ਤਿੰਨ ਸਾਲ ਪਹਿਲਾਂ ਚੋਰੀ ਤੇ ਜਾਅਲਸਾਜ਼ੀ ਦੇ ਮਾਮਲੇ ਵਿਚ ਲਾਲ ਸਿੰਘ, ਅਮਰਜੀਤ ਸਿੰਘ, ਮਲਕੀਤ ਸਿੰਘ ਤੇ ਗੁਰਮੇਲ ਸਿੰਘ ਨੂੰ ਪੰਜ-ਪੰਜ ਸਾਲ ਕੈਦ ਤੇ 15-15 ਹਜ਼ਾਰ ਰੁਪਏ ਜੁਰਮਾਨੇ ਦਾ ਹੁਕਮ ਸੁਣਾਇਆ। ਅਦਾਲਤ ਦੇ ਫ਼ੈਸਲੇ ਤੋਂ ਬਾਅਦ ਸਾਰੇ ਦੋਸ਼ੀਆਂ ਨੂੰ ਜੁਰਮਾਨਾ ਭਰਨ ਤੇ ਜ਼ਰੂਰੀ ਦਸਤਖ਼ਤ ਕਰਨ ਲਈ ਕਿਹਾ। ਇਸੇ ਦਰਮਿਆਨ ਮੁਲਜ਼ਮ ਗੁਰਮੇਲ ਸਿੰਘ ਪੁਲਿਸ ਨੂੰ ਚਕਮਾ ਦੇ ਕੇ ਅਦਾਲਤ ਵਿਚੋਂ ਫ਼ਰਾਰ ਹੋ ਗਿਆ। ਬਾਜਾਖਾਨਾ ਪੁਲਿਸ ਨੇ ਨਵੰਬਰ 2011 ਵਿਚ ਉਕਤ ਦੋਸ਼ੀਆਂ ਖ਼ਿਲਾਫ਼ ਮੁਕੱਦਮਾ ਦਰਜ ਕੀਤਾ ਸੀ। ਪੁਲਿਸ ਅਨੁਸਾਰ ਇਹ ਵਿਅਕਤੀ ਚੋਰੀ ਦੀਆਂ ਕਾਰਾਂ ਦੇ ਜਾਅਲੀ ਦਸਤਾਵੇਜ਼ ਤੇ ਨੰਬਰ ਪਲੇਟਾਂ ਆਦਿ ਬਣਾਉਣ ਦਾ ਧੰਦਾ ਕਰਦੇ ਸਨ ਤੇ ਕਾਰਾਂ 'ਤੇ ਜਾਅਲੀ ਨੰਬਰ ਲਾ ਕੇ ਉਨ੍ਹਾਂ ਨੂੰ ਮਹਿੰਗੇ ਮੁੱਲ 'ਤੇ ਅੱਗੇ ਵੇਚ ਦਿੰਦੇ ਸਨ।

# ਜ਼ਮੀਨੀ ਵੰਡ ਨੂੰ ਲੈ ਕੇ ਭਰਾ ਦੀ ਹੱਤਿਆ

**ਅੰਮ੍ਰਿਤਸਰ:** ਪੁਲਿਸ ਥਾਣਾ ਰਮਦਾਸ ਅਧੀਨ ਪੈਂਦੇ ਪਿੰਡ ਮੋਹਣ ਭੰਡਾਰੀਆਂ ਵਿਖੇ ਜ਼ਮੀਨੀ ਵੰਡ ਨੂੰ ਲੈ ਕੇ ਸਕੇ ਭਰਾ ਨੇ ਭਰਾ ਦਾ ਕਤਲ ਕਰ ਦਿੱਤਾ। ਪੁਲਿਸ ਮੁਤਾਬਕ ਪਿੰਡ ਮੋਹਣ ਭੰਡਾਰੀਆਂ ਦੇ ਰੂੜ ਸਿੰਘ ਦੀ 21 ਏਕੜ ਉਪਜਾਊ ਜ਼ਮੀਨ ਸੀ, ਜਿਹੜੀ ਉਹ ਆਪਣੇ ਤਿੰਨ ਪੁੱਤਰਾਂ ਵਿਚਕਾਰ ਬਰਾਬਰ ਵੰਡ ਕੇ ਉਨ੍ਹਾਂ ਦੇ ਨਾਂ ਬੈਨਾਮਾ ਕਰ ਦੇਣਾ ਚਾਹੁੰਦਾ ਸੀ।

ਜ਼ਮੀਨ ਦੀ ਇਸ ਵੰਡ ਨੂੰ ਲੈ ਕੇ ਉਸ ਦੇ ਪੁੱਤਰ ਬਲਜੀਤ ਸਿੰਘ ਤੇ ਕੁਲਦੀਪ ਸਿੰਘ ਦਰਮਿਆਨ ਤਕਰਾਰ ਹੋ ਗਿਆ ਤੇ ਇਸੇ ਤਕਰਾਰ ਨੂੰ ਲੈ ਕੇ ਬਲਜੀਤ ਸਿੰਘ ਉਸ ਦੀ ਪਤਨੀ, ਪੁੱਤਰ ਤੇ ਪੁੱਤਰੀ ਨੇ ਕੁਲਦੀਪ ਸਿੰਘ ਦੇ ਘਰ ਦਾਖ਼ਲ ਹੋ ਕੇ ਉਸ ਦੀ ਤੇਜ਼ਧਾਰ ਹਥਿਆਰਾਂ ਨਾਲ ਹੱਤਿਆ ਕਰ ਦਿੱਤੀ। ਕੁਲਦੀਪ ਸਿੰਘ ਦੀ ਪਤਨੀ ਕੁਲਵਿੰਦਰ ਕੌਰ ਦੇ ਬਿਆਨਾਂ 'ਤੇ ਬਲਜੀਤ ਸਿੰਘ, ਅਮਰਜੀਤ ਕੌਰ, ਗਗਨਦੀਪ ਕੌਰ ਤੇ ਗੁਰਸੰਦੀਪ ਸਿੰਘ ਖ਼ਿਲਾਫ਼ ਮੁਕੱਦਮਾ ਦਰਜ ਕਰ ਲਿਆ ਗਿਆ ਹੈ।

# ਪੰਜਾਬ ਦੇ ਮੰਤਰੀ ਵੀ ਹੁਣ ਹੋਏ 'ਕੰਗਾਲ'




**ਸਰਕਾਰ ਨੇ ਅਖ਼ਤਿਆਰੀ ਫੰਡਾਂ ਤੋਂ ਵੀ ਪਾਸਾ ਵੱਟਿਆ**

**ਮਾਲੀ ਸਾਧਨਾਂ ਪੱਖੋਂ ਸਰਕਾਰ ਦੇ ਹੱਥ ਹੋਏ ਐਨ ਖਾਲੀ**

**ਬਠਿੰਡਾ:** ਚਾਲੂ ਮਾਲੀ ਵਰ੍ਹੇ ਦੌਰਾਨ ਹਾਲੇ ਤੱਕ ਖ਼ਜ਼ਾਨੇ ਵਿਚੋਂ ਪੰਜਾਬ ਦੇ ਮੁੱਖ ਮੰਤਰੀ ਤੇ ਮੰਤਰੀਆਂ ਦੇ ਅਖ਼ਤਿਆਰੀ ਫੰਡ ਜਾਰੀ ਨਹੀਂ ਹੋਏ। ਚਰਚਾ ਹੈ ਕਿ ਖ਼ਜ਼ਾਨਾ ਸੰਕਟ ਵਿਚ ਹੋਣ ਕਰਕੇ ਅਖ਼ਤਿਆਰੀ ਫੰਡਾਂ ਤੋਂ ਪਾਸਾ ਵੱਟਿਆ ਗਿਆ ਹੈ। ਇਥੋਂ ਤੱਕ ਕਿ ਅਖ਼ਤਿਆਰੀ ਕੋਟੇ ਦੇ ਫੰਡ ਤਾਂ ਮੁੱਖ ਮੰਤਰੀ ਦੇ ਜ਼ਿਲ੍ਹੇ ਮੁਕਤਸਰ ਵਿਚ ਵੀ ਨਹੀਂ ਵੰਡੇ ਗਏ ਹਨ। ਚਾਲੂ ਸਾਲ ਦੇ ਪੰਜ ਮਹੀਨੇ ਲੰਘ ਗਏ ਹਨ ਪਰ ਖ਼ਜ਼ਾਨੇ ਵਿਚੋਂ ਅਖ਼ਤਿਆਰੀ ਕੋਟੇ ਦੇ ਫੰਡ ਜਾਰੀ ਹੋਣੇ ਸ਼ੁਰੂ ਨਹੀਂ ਹੋਏ ਹਨ। ਸਿਆਸੀ ਤੇ ਸਰਕਾਰੀ ਸਮਾਗਮਾਂ ਵਿਚ ਮੰਤਰੀ ਵੀ ਫੰਡ ਦੇਣ ਦਾ ਐਲਾਨ ਨਹੀਂ ਕਰ ਰਹੇ।

ਪੰਜਾਬ ਸਰਕਾਰ ਵੱਲੋਂ ਅਖ਼ਤਿਆਰੀ ਕੋਟੇ ਦੀਆਂ ਗਰਾਂਟਾਂ ਦੇ ਸੰਦਰਭ ਵਿਚ ਇਕ ਪਾਲਿਸੀ ਬਣਾਈ ਗਈ ਹੈ ਜਿਸ ਦੇ ਤਹਿਤ ਹਰ ਵਰ੍ਹੇ ਮੁੱਖ ਮੰਤਰੀ, ਉਪ ਮੁੱਖ ਮੰਤਰੀ, ਮੰਤਰੀ ਤੇ ਮੁੱਖ ਸੰਸਦੀ ਸਕੱਤਰਾਂ ਨੂੰ ਅਖ਼ਤਿਆਰੀ ਕੋਟੇ ਦੀ 72 ਕਰੋੜ ਰੁਪਏ ਦੀ ਗਰਾਂਟ ਦਿੱਤੀ ਜਾਂਦੀ ਹੈ। ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਐਡਵੋਕੇਟ ਐਚ.ਸੀ. ਅਰੋੜਾ ਵੱਲੋਂ ਕੁਝ ਅਰਸਾ ਪਹਿਲਾਂ ਅਖ਼ਤਿਆਰੀ ਕੋਟੇ ਦੇ ਫੰਡਾਂ ਬਾਰੇ ਪਟੀਸ਼ਨ ਪਾਈ ਗਈ ਸੀ। ਹਾਈਕੋਰਟ ਦੇ ਫੈਸਲੇ ਮਗਰੋਂ ਪੰਜਾਬ ਸਰਕਾਰ ਨੇ ਅਖ਼ਤਿਆਰੀ ਕੋਟੇ ਦੇ ਫੰਡਾਂ ਦੀ ਦੁਰਵਰਤੋਂ ਰੋਕਣ ਵਾਸਤੇ ਪਾਲਿਸੀ ਵਿਚ ਸੋਧ ਕੀਤੀ ਸੀ। ਚਾਲੂ ਮਾਲੀ ਸਾਲ ਲਈ ਪਾਲਿਸੀ ਵੀ ਜਾਰੀ ਕਰ ਦਿੱਤੀ ਗਈ। ਸੋਧ ਮਗਰੋਂ ਹੁਣ ਮੁੱਖ ਮੰਤਰੀ ਤੇ ਕੋਈ ਵੀ ਵਜ਼ੀਰ ਆਪਣੇ ਹਲਕੇ ਵਿਚ 50 ਫੀਸਦੀ ਤੋਂ ਜ਼ਿਆਦਾ ਅਖ਼ਤਿਆਰੀ ਫੰਡ ਨਹੀਂ ਵੰਡ ਸਕੇਗਾ।

ਮਿਲੇ ਵੇਰਵਿਆਂ ਮੁਤਾਬਕ ਮੁੱਖ ਮੰਤਰੀ ਨੂੰ ਸਾਲਾਨਾ 5.50 ਕਰੋੜ ਤੇ ਉਪ ਮੁੱਖ ਮੰਤਰੀ ਨੂੰ ਤਿੰਨ ਕਰੋੜ ਰੁਪਏ ਦੇ ਫੰਡ ਅਖ਼ਤਿਆਰੀ ਕੋਟੇ ਤਹਿਤ ਮਿਲਦੇ ਹਨ। ਇਸੇ ਤਰ੍ਹਾਂ ਕੈਬਨਿਟ ਮੰਤਰੀ ਨੂੰ ਦੋ ਕਰੋੜ ਰੁਪਏ ਤੇ ਮੁੱਖ ਸੰਸਦੀ ਸਕੱਤਰ ਨੂੰ ਡੇਢ ਕਰੋੜ ਰੁਪਏ ਸਾਲਾਨਾ ਪ੍ਰਾਪਤ ਹੁੰਦੇ ਹਨ। ਹਰ ਵੀ.ਆਈ.ਪੀ ਵੱਲੋਂ ਅਖ਼ਤਿਆਰੀ ਕੋਟੇ ਦੇ ਫੰਡਾਂ ਦਾ ਸੈਕਸ਼ਨ ਪੱਤਰ ਭੇਜ ਦਿੱਤਾ ਜਾਂਦਾ ਹੈ ਜਿਸ ਦੇ ਆਧਾਰ 'ਤੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵੱਲੋਂ ਰਕਮ ਜਾਰੀ ਕਰਵਾ ਦਿੱਤੀ ਜਾਂਦੀ ਹੈ। ਇਨ੍ਹਾਂ ਫੰਡਾਂ ਦੀ ਨੋਡਲ ਏਜੰਸੀ ਵਜੋਂ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਕੰਮ ਕਰਦਾ ਹੈ। ਪਿਛਲੇ ਸਾਲਾਂ ਦੌਰਾਨ ਤਾਂ ਮੁੱਖ ਮੰਤਰੀ ਤੇ ਮੰਤਰੀਆਂ ਦਾ ਅਖ਼ਤਿਆਰੀ ਕੋਟਾ ਸਾਲ ਪੂਰਾ ਹੋਣ ਤੋਂ ਪਹਿਲਾਂ ਹੀ ਪੂਰਾ ਹੋ ਜਾਂਦਾ ਸੀ ਪਰ ਐਤਕੀਂ ਫੰਡ ਵੰਡਣੇ ਵੀ ਸ਼ੁਰੂ ਹੀ ਨਹੀਂ ਕੀਤੇ ਹਨ।

ਸਰਕਾਰੀ ਸੂਤਰਾਂ ਮੁਤਾਬਕ ਸਰਕਾਰ ਕੋਲ ਮਾਲੀ ਸਾਧਨਾਂ ਦੀ ਕਮੀ ਹੈ। ਇਸੇ ਕਰਕੇ ਕਿਫ਼ਾਇਤੀ ਵਰਤੀ ਜਾ ਰਹੀ ਹੈ। ਇਕੱਲਾ ਤਲਵੰਡੀ ਸਾਬੋ ਹਲਕਾ ਹੈ ਜਿਸ ਨੂੰ ਪੰਜਾਬ ਸਰਕਾਰ ਨੇ ਖੁੱਲ੍ਹੇ ਦਿਲ ਨਾਲ ਫੰਡ ਵੰਡਣੇ ਸ਼ੁਰੂ ਕੀਤੇ ਹੋਏ ਹਨ। ਜ਼ਿਮਨੀ ਚੋਣ ਤੋਂ ਪਹਿਲਾਂ ਸਰਕਾਰ ਨੇ ਤਕਰੀਬਨ ਛੇ ਕਰੋੜ ਰੁਪਏ ਦੇ ਫੰਡ ਇਸ ਹਲਕੇ ਵਿਚ ਵੰਡੇ ਸਨ। ਹੁਣ ਧੰਨਵਾਦੀ ਤੋਹਫੇ ਵਜੋਂ ਮੁੱਖ ਮੰਤਰੀ ਮੁੜ ਇਸ ਹਲਕੇ ਦੇ ਪਿੰਡਾਂ ਵਿਚ ਕਰੋੜਾਂ ਰੁਪਏ ਦੇ ਫੰਡ ਵੰਡ ਕੇ ਗਏ ਹਨ। ਬਾਕੀ ਪੰਜਾਬ ਨੂੰ ਇਸ ਵੇਲੇ ਫੰਡਾਂ ਦੀ ਖੁਸ਼ਕੀ ਝੱਲਣੀ ਪੈ ਰਹੀ ਹੈ। ਬਠਿੰਡਾ ਤੇ ਮੁਕਤਸਰ ਜ਼ਿਲ੍ਹੇ ਵਿਚ ਚਾਲੂ ਮਾਲੀ ਸਾਲ ਦੌਰਾਨ ਅਖ਼ਤਿਆਰੀ ਕੋਟੇ ਦੇ ਫੰਡ ਪੁੱਜੇ ਨਹੀਂ ਹਨ। ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਮੁਕਤਸਰ ਨਵਲ ਰਾਮ ਦਾ ਕਹਿਣਾ ਸੀ ਕਿ ਚਾਲੂ ਮਾਲੀ ਸਾਲ ਦੌਰਾਨ ਅਖ਼ਤਿਆਰੀ ਕੋਟੇ ਦੀ ਕੋਈ ਗਰਾਂਟ ਨਹੀਂ ਆਈ ਹੈ। ਇਵੇਂ ਹੀ ਬਠਿੰਡਾ ਜ਼ਿਲ੍ਹੇ ਵਿਚ ਹੋਇਆ ਹੈ।

# ਕਰਜ਼ਾਈ ਹੋਏ ਕਿਸਾਨ ਵੱਲੋਂ ਖ਼ੁਦਕੁਸ਼ੀ

**ਮਾਨਸਾ:** ਪਿੰਡ ਚਹਿਲਾਂਵਾਲਾ ਦੇ ਕਰਜ਼ੇ ਹੇਠਾਂ ਆਏ ਇਕ ਕਿਸਾਨ ਨੇ ਖ਼ੁਦਕੁਸ਼ੀ ਕਰ ਲਈ। ਰੂਪ ਸਿੰਘ (62) ਪੁੱਤਰ ਮਹਿੰਦਰ ਸਿੰਘ ਪਿਛਲੇ ਦਿਨੀਂ ਪਈ ਬਾਰਸ਼ ਨਾਲ ਨਰਮੇ ਦੀ ਮਰੀ ਫ਼ਸਲ ਤੋਂ ਪ੍ਰੇਸ਼ਾਨ ਸੀ। ਇਸ ਤੋਂ ਦੁਖੀ ਹੋਏ ਰੂਪ ਸਿੰਘ ਨੇ ਮੌੜ ਮੰਡੀ ਨੇੜੇ ਰੇਲ ਗੱਡੀ ਹੇਠ ਆ ਕੇ ਖ਼ੁਦਕੁਸ਼ੀ ਕਰ ਲਈ।

ਮਿਲੀ ਜਾਣਕਾਰੀ ਅਨੁਸਾਰ ਸਾਢੇ ਤਿੰਨ ਏਕੜ ਜ਼ਮੀਨ ਦੇ ਮਾਲਕ ਇਸ ਕਿਸਾਨ ਦੀ ਦੋ ਏਕੜ ਜ਼ਮੀਨ ਪਹਿਲਾਂ ਹੀ ਲੱਖ ਲੱਖ ਰੁਪਏ ਵਿਚ ਗਹਿਣੇ ਰੱਖੀ ਹੋਈ ਹੈ। ਇਸ ਸੀਜ਼ਨ ਦੌਰਾਨ ਉਸ ਨੇ ਦੋ ਏਕੜ ਜ਼ਮੀਨ 80 ਹਜ਼ਾਰ ਰੁਪਏ ਵਿਚ ਠੇਕੇ 'ਤੇ ਲੈ ਕੇ ਸਾਢੇ ਤਿੰਨ ਏਕੜ ਜ਼ਮੀਨ ਵਿਚ ਨਰਮੇ ਦੀ ਕਾਸ਼ਤ ਕੀਤੀ ਸੀ। ਕਿਸਾਨ ਨੇ ਦੋ ਲੱਖ ਰੁਪਏ ਆੜ੍ਹਤੀਏ ਦੇ ਦੇਣੇ ਸਨ। ਇਸ ਤੋਂ ਇਲਾਵਾ ਬੈਂਕਾਂ ਦਾ ਵੀ ਦੋ ਲੱਖ ਰੁਪਏ ਵੱਖਰਾ ਕਰਜ਼ਾ ਸੀ। ਐਤਕੀਂ ਉਸ ਨੂੰ ਨਰਮੇ ਦੀ ਭਰਪੂਰ ਫ਼ਸਲ ਹੋਣ ਦੀ ਆਸ ਸੀ ਪਰ ਪਿਛਲੇ ਦਿਨੀਂ ਭਾਰੀ ਮੀਂਹ ਪੈਣ ਨਾਲ ਉਸ ਦੀ ਸਾਰੀ ਫ਼ਸਲ ਵਿਚ ਪਾਣੀ ਖੜ੍ਹਨ ਕਰਕੇ ਤਬਾਹ ਹੋ ਗਈ ਜਿਸ ਕਾਰਨ ਦੁਖੀ ਹੋਏ ਕਿਸਾਨ ਨੇ ਮੌਤ ਗਲੇ ਲਾ ਲਈ।

# ਜਿਥੇ ਲੋਕਾਂ ਨੂੰ ਵਹਿਮ ਹੈ ਕਿ ਲਾਸ਼ਾਂ ਬਦਲਾ ਲੈਂਦੀਆਂ ਹਨ!

## ਨੋਕ-ਝੋਕ



ਐਸ. ਅਸ਼ੋਕ ਭੌਰਾ

*ਰੱਬ ਨੇ ਸ਼ਾਇਦ ਕਸ਼ਮੀਰ ਨੂੰ ਇਸ ਕਰ ਕੇ ਰੱਜ ਕੇ ਖੂਬਸੂਰਤੀ ਦਿੱਤੀ ਸੀ ਕਿ ਮਨੁੱਖ ਸਮਝ ਸਕੇ- ਸਵਰਗ ਧਰਤੀ 'ਤੇ ਵੀ ਹੋ ਸਕਦਾ ਹੈ, ਪਰ ਇਸ ਗੱਲ ਦਾ ਇਲਮ ਸ਼ਾਇਦ ਉਸ ਨੂੰ ਵੀ ਨਾ ਹੋਵੇ ਕਿ ਦੋ ਮੁਲਕ ਇਸ ਨੂੰ ਖੋਹਣ ਖਿੱਚਣ ਦੇ ਚੱਕਰ ਵਿਚ ਸਿੰਗ ਫਸਾਈ ਰੱਖਣਗੇ। ਧਰਮ ਤਾਂ ਸਾਰੇ ਹੀ ਮਹਾਨ ਹਨ, ਪਰ ਧਰਮੀ ਕਹਾਉਣ ਵਾਲੇ ਇਸ ਦੇ ਠੇਕੇਦਾਰ ਸ਼ਾਇਦ ਇਸ ਨੂੰ ਵੀ ਇਕ-ਦੂਜੇ ਤੋਂ ਥੱਲੇ ਲਾਉਣ ਦੇ ਚੱਕਰ ਵਿਚ ਉਲਝ ਗਏ ਹਨ। ਸ਼ੀਆ ਤੇ ਸੁੰਨੀ ਇਸੇ ਦੀ ਹੀ ਤਾਂ ਇਕ ਮਿਸਾਲ ਹੈ। ਮੈਚ ਤਾਂ ਚਲੋ ਜਿੱਤਣੇ ਹੀ ਹੁੰਦੇ ਹਨ; ਮੁਲਕ, ਮੁਲਕ ਨੂੰ ਜਿੱਤਣ ਲਈ ਹਥਿਆਰਾਂ ਦੇ ਮੂੰਹ ਖੋਲ੍ਹੀ ਬੈਠਾ ਹੈ, ਪਰ ਦਿਲ ਜਿੱਤਣ ਦਾ ਅਧਿਆਇ ਹੀ ਪਾੜ ਦਿੱਤਾ ਗਿਆ ਹੈ। ਰਾਤ ਤਾਂ ਸ਼ਾਇਦ ਇਸ ਕਰ ਕੇ ਬਣੀ ਹੋਵੇ ਕਿ ਮਨੁੱਖ ਦੋ ਘੜੀਆਂ ਤਮ੍ਹਾਂ ਨੂੰ ਤਿਆਗ ਕੇ ਆਰਾਮ ਕਰ ਸਕੇ, ਪਰ ਕਿਉਂਕਿ ਰਾਤ ਦਾ ਸਬੰਧ ਹਨੇਰੇ ਨਾਲ ਹੈ, ਇਸ ਲਈ ਹਨੇਰੇ ਵਿਚ ਜੋ ਕੁਝ ਮਾੜਾ ਚੰਗਾ ਹੁੰਦਾ ਆਇਆ ਹੈ, ਉਹਦਾ ਸਿੱਧਾ ਸਬੰਧ ਵੀ ਉਸੇ ਨਾਲ ਹੈ। ਜੇ ਰਾਤਾਂ ਡਰਾਉਣੀਆਂ ਨਾ ਹੁੰਦੀਆਂ, ਤਾਂ ਕਦੇ ਵੀ ਕਿਸੇ ਨੇ ਸਵੇਰ ਨੂੰ ਸੱਜਰੀ ਨਹੀਂ ਸੀ ਆਖਣਾ। ਦਿਨ ਨੂੰ ਫੈਲਿਆ ਬੰਦਾ ਰਾਤ ਨੂੰ ਲਾਜਵੰਤੀ ਵਾਂਗ 'ਕੱਠਾ ਹੋਇਆ ਰਹਿੰਦਾ ਹੈ। ਇਸੇ ਲਈ ਵੱਡੇ ਦਲੇਰ ਕਹਾਉਣ ਵਾਲੇ ਨੂੰ ਪੰਛੀ ਵੀ ਬਿੜਕ ਨਾਲ ਹੀ ਡਰਾ ਲੈਂਦੇ ਹਨ, ਤੇ ਇਹ ਵੀ ਹਕੀਕਤ ਹੈ ਕਿ ਜੇ ਦਿਨ ਤੇ ਰਾਤ ਨਾ ਹੁੰਦਾ, ਤਾਂ ਮਨੁੱਖ ਦੀ ਹਾਲਤ ਇਹ ਹੋਣੀ ਸੀ ਜਿਵੇਂ ਨੱਕ ਅੱਖਾਂ ਤੋਂ ਉਪਰ ਮੱਥੇ 'ਤੇ ਮੂੰਹ, ਸਿਰ ਦੀ ਪਛਵਾੜ ਲੱਗਿਆ ਹੋਵੇ। ਰੁੱਤਾਂ ਬਦਲਣ ਅਤੇ ਵਕਤ ਦੀ ਤਬਦੀਲੀ ਕਰ ਕੇ ਹੀ ਨੈਣ-ਨਕਸ਼ ਚੰਗੇ ਲਗਦੇ ਹਨ, ਵਰਨਾ ਜੁਆਨੀ ਤੋਂ ਬਾਅਦ ਸਾਰਿਆਂ ਨੂੰ ਤਲਾਕ ਦਾ ਭੂਤ ਚੰਬੜਿਆ ਹੋਣਾ ਸੀ। ਅੱਜ ਦੇ ਯੁੱਗ ਵਿਚ ਜਿਉਣਾ ਇਸ ਕਰ ਕੇ ਭਾਰਾ ਹੋ ਗਿਆ ਹੈ, ਕਿਉਂਕਿ ਸੋਹਣੀਆਂ ਦਿਸਦੀਆਂ ਸੂਰਤਾਂ ਅਸਲ ਵਿਚ ਖਤਰਨਾਕ ਹੋਈ ਜਾਂਦੀਆਂ ਹਨ। ਭੂਤ ਪ੍ਰੇਤ ਹੋਣਗੇ ਜਾਂ ਨਹੀਂ, ਇਹ ਤਾਂ ਨਾ ਮੁੱਕਣ ਵਾਲੀ ਬਹਿਸ ਦਾ ਹਿੱਸਾ ਹੈ, ਪਰ ਭੂਤ ਹੈਗੇ ਨੇ, ਅਸੀਂ ਜਾਣਦੇ ਹਾਂ ਪਰ ਪਛਾਣਦੇ ਨਹੀਂ, ਕਿਉਂਕਿ ਭੂਤ ਹੁਣ ਮੋਇਆਂ ਦੇ ਅੰਦਰ ਨਹੀਂ, ਜਿਉਂਦਿਆਂ ਅੰਦਰ ਰਹਿਣ ਲੱਗ ਗਏ ਹਨ। ਇਉਂ ਜਿਵੇਂ ਝੂਠ ਵੀ ਬਿਨਾਂ ਮਕਸਦ ਦੇ ਕਦੇ ਨਹੀਂ ਬੋਲਿਆ ਗਿਆ। ਚਲੋ! ਇਹ ਅੱਖਰਾਂ ਦਾ ਤਾਣਾ ਮੈਂ ਬੁਣ ਦਿੰਦਾ ਹਾਂ, ਬਾਣਾ ਤੁਸੀਂ ਪੂਰਾ ਕਰ ਲਿਓ...।*

ਕਈ ਮਰਨ ਤੋਂ ਪਹਿਲਾਂ ਹੀ ਮਰੇ ਹੋਏ ਨੇ, ਕਈ ਜਿਉਣਾ ਨਹੀਂ ਚਾਹੁੰਦੇ ਪਰ ਵਕਤ ਉਨ੍ਹਾਂ ਨੂੰ ਜਿਉਣ ਲਈ ਮਜਬੂਰ ਕਰ ਰਿਹਾ ਹੈ। ਕਈ ਨੱਚਣ ਲੱਗੇ ਸਨ ਪਰ ਤਾਲ ਟੁੱਟ ਗਿਆ। ਕਈਆਂ ਨੇ ਰੋਣ ਲਈ ਧਾਹ ਮਾਰੀ ਸੀ ਪਰ ਅੱਥਰੂ ਖੁਸ਼ਕ ਹੋ ਗਏ। ਕਈਆਂ ਨੂੰ ਮਰਜ਼ ਕੋਈ ਨਹੀਂ ਸੀ ਪਰ ਦਵਾਈਆਂ ਫਿਰ ਵੀ ਖਾਣੇ ਤੋਂ ਵੱਧ ਜ਼ਰੂਰੀ ਹੋ ਗਈਆਂ। ਕਈ ਵਿਆਹੇ ਤਾਂ ਗਏ ਪਰ ਮੁਕੱਦਰ ਤਲਾਕ ਨਾਲ ਝਗੜਦੇ ਰਹੇ। ਕਈਆਂ ਦੇ ਔਲਾਦ ਤਾਂ ਸੀ ਪਰ ਜਾਣਾ ਫਿਰ ਵੀ ਔਤ ਹੀ ਪਿਆ, ਤੇ ਕਈਆਂ ਕੋਲ ਪੈਸਾ ਬਹੁਤ ਸੀ ਪਰ ਧਨਵਾਨ ਫਿਰ ਵੀ ਕਹਾ ਨਹੀਂ ਸਕੇ। ਦਰਅਸਲ ਅਸੀਂ ਉਸ ਯੁੱਗ ਅੰਦਰ ਜੀਅ ਰਹੇ ਹਾਂ ਜਿਥੇ ਮਹਾਂ ਪੁਰਸ਼ ਜਾਂ ਬ੍ਰਹਮ ਗਿਆਨੀ ਸਵੇਰੇ ਦੁਨੀਆਂ ਨੂੰ ਜ਼ਿੰਦਗੀ ਖੇਡਣ ਦਾ ਉਪਦੇਸ਼ ਦੇ ਰਹੇ ਹੁੰਦੇ ਹਨ ਤੇ ਆਥਣੇ ਖੁਦ ਕ੍ਰਿਕਟ ਖੇਡਣ ਦੀਆਂ ਦੌੜਾਂ ਬਣਾ ਰਹੇ ਹੁੰਦੇ ਹਨ, ਕਿਉਂਕਿ ਵਿਗਿਆਨ ਹੁਣ ਧਰਮ ਦਾ ਹੱਥ ਵੀ ਘੁੱਟਣ ਲੱਗ ਪਿਆ ਹੈ। ਜੇ ਹੱਥ ਦੇਖਣ ਵਾਲਿਆਂ ਨਾਲੋਂ ਹੱਥ ਕੱਢਣ ਵਾਲਿਆਂ ਦੀ ਗਿਣਤੀ ਵਧ ਗਈ ਹੈ ਤਾਂ ਝੂਠ ਨਹੀਂ ਕਿ ਲਾਸ਼ ਖਿੱਚੀ ਫਿਰਨ ਵਾਲਾ ਬੰਦਾ ਜਿਉਂਦੇ ਜੀਅ ਪ੍ਰੇਤ ਆਤਮਾ ਵਾਂਗ ਵਿਚਰ ਰਿਹਾ ਹੈ। ਮਰੀਆਂ ਹੋਈਆਂ ਰੂਹਾਂ ਤਾਂ ਹੁਣ ਸਿਰਫ਼ ਬਦਨਾਮ ਹਨ।

ਤੇਤੀ ਕਰੋੜ ਦੇਵਤਿਆਂ ਤੇ ਚੁਰਾਸੀ ਲੱਖ ਜੂਨਾਂ ਦੀ ਅਧਿਆਤਮ ਫਿਲਾਸਫੀ ਨੇ ਹੀ ਮਨੁੱਖ ਨੂੰ ਉਸ ਗੇੜ ਵਿਚ ਪਾ ਦਿੱਤਾ ਹੈ ਜਿਸ ਗੇੜ ਵਿਚ ਸ਼ਾਇਦ ਗਧੀ ਵੀ ਨਾ ਪਈ ਹੋਵੇ। ਇਸ ਕਰ ਕੇ ਸਵਰਗ ਨੂੰ ਜਾਣ ਵਾਲੇ ਰਾਹ ਦੱਸਣ ਵਾਲੇ ਨਰਕ ਨੂੰ ਭੰਡ ਰਹੇ ਹਨ, ਤੇ ਅੰਤਿਮ ਅਰਦਾਸ ਵੇਲੇ ਹੱਥ ਜੋੜਦਿਆਂ ਅਕਸਰ ਹੀ ਆਵਾਗੌਣ ਦੇ ਚੱਕਰਾਂ ਤੋਂ ਬਚਾਉਣ ਲਈ ਤਰਲੇ ਕੱਢੇ ਜਾਂਦੇ ਹਨ। ਹਰ ਕੋਈ ਮੌਤ ਦੇ ਸਦੀਵੀ ਸੱਚ ਨੂੰ ਤਾਂ ਪ੍ਰਵਾਨ ਕਰ ਰਿਹਾ ਹੈ ਪਰ ਨਾਲ ਹੀ ਉਸ ਬੱਸ, ਟ੍ਰੇਨ ਜਾਂ ਜਹਾਜ਼ ਦੀ ਸਿੱਧੀ ਟਿਕਟ ਲੈਣ ਲਈ ਗੋਡਿਆਂ ਭਾਰ ਹੋਇਆ ਪਿਆ ਹੈ ਜੋ ਨਾਨ-ਸਟਾਪ ਸਵਰਗ ਵੱਲ ਜਾਂਦੀ ਹੋਵੇ।

ਕਈਆਂ ਨੂੰ ਚੰਬੜੇ ਭੂਤ ਵਡਭਾਗ ਸਿੰਘ ਦੇ ਡੇਰੇ ਜਾ ਕੇ ਕੁਟਾਪਾ ਕਰਾ ਕੇ ਭਜਾਉਣੇ ਪਏ, ਪਰ ਮਿਸਰ ਤੇ ਲਿਬੀਆ ਦੇ ਹੁਸਨੀ ਮੁਬਾਰਕ ਅਤੇ ਕਰਨਲ ਗੱਦਾਫ਼ੀ ਨੂੰ ਭੂਤਾਂ ਤੋਂ ਵੱਧ ਔਖੇ ਹੋ ਕੇ ਭਜਾਉਣਾ ਪਿਆ। ਅੱਜ ਦੇ ਵਿਗਿਆਨਕ ਯੁੱਗ ਵਿਚ ਵੀ ਮਿਸਰ ਦਾ ਲਾਸ਼ਾਂ, ਭੂਤਾਂ ਤੇ ਮਰੇ ਹੋਏ ਲੋਕਾਂ ਨਾਲ ਗੂੜ੍ਹਾ ਸਬੰਧ ਹੈ ਪਰ ਗਜ਼ ਆਪਾਂ ਟੇਢਾ ਸੁੱਟ ਕੇ ਇਕ ਨਵੀਂ ਕੋਠੜੀ ਦਾ ਬੂਹਾ ਖੋਲ੍ਹ ਕੇ ਵੇਖਦੇ ਹਾਂ। ਮੇਰੇ ਵਾਂਗ ਸ਼ਾਇਦ ਹੋਰ ਵੀ ਕਈਆਂ ਦਾ ਯਕੀਨ ਤੇ ਵਿਸ਼ਵਾਸ ਹੋਵੇ ਕਿ ਉਨ੍ਹਾਂ ਨੂੰ ਵੀ ਗਿਆਨ ਦਾ ਇਹ ਦੀਵਾ ਪਹਿਲੀ ਵਾਰ ਜਗਦਾ ਦਿੱਸਣ ਲੱਗਾ ਹੈ, ਪਰ ਮਿਸਰ ਦੀ ਗੱਲ ਕਰਨ ਤੋਂ ਪਹਿਲਾਂ ਉਸ ਅਨੁਭਵ ਦੀ ਗੱਲ ਜ਼ਰੂਰ ਕਰਾਂਗਾ ਜੋ ਸ਼ਾਇਦ ਮੇਰਾ ਹੀ ਨਹੀਂ, ਹੋਰ ਵੀ ਕਈ ਲੋਕਾਂ ਦਾ ਹੋਵੇ:

ਉਦੋਂ ਮੈਂ ਅੱਠਵੀਂ ਜਮਾਤ ਵਿਚ ਪੜ੍ਹਦਾ ਸੀ। ਚਾਰ ਵਜੇ ਸਕੂਲ ਤੋਂ ਛੁੱਟੀ ਹੋਈ, ਭਾਰਾ ਬਸਤਾ ਤੇ ਰੱਜਵੀਂ ਭੁੱਖ ਨੇ ਜਾਨ ਕੱਢੀ ਹੋਈ ਸੀ। ਘਰ ਆਇਆ ਤਾਂ ਮਾਂ ਘਰ ਨਹੀਂ ਸੀ। ਭੁੱਖ-ਨਿਭਾਣਾ ਖੇਡਣ ਚਲੇ ਗਿਆ। ਦਿਨ ਢਲੇ ਜਦੋਂ ਮਾਂ ਆਈ ਤਾਂ ਉਹਦੇ ਸਿਰ 'ਤੇ ਚਿੱਟੀ ਚੁੰਨੀ ਵੇਖ ਕੇ ਸਮਝ ਗਿਆ ਸਾਂ ਕਿ ਸੁੱਖ ਨਹੀਂ ਹੈ। ਮੈਂ ਉਤਸੁਕਤਾ ਨਾਲ ਪੁੱਛਿਆ, "ਮਾਂ ਕੌਣ ਮਰ ਗਿਆ?"

"ਆਪਣੇ ਪਿੰਡ ਆਲੇ ਭਾਈ ਦਾ ਜੁਆਈ, ਬੜਾ ਜੁਆਨ ਸੀ ਪੁੱਤ।"

"ਮਾਂ ਉਹ ਕਿੱਦਾਂ?"

"ਨਵਾਂ ਸ਼ਹਿਰ ਤੋਂ ਜਿਹੜੀ ਚੰਡੀਗੜ੍ਹ ਨੂੰ ਸੜਕ ਜਾਂਦੀ ਐ, ਬਰਨਾਲੇ ਵਾਲੇ ਚੌਕ 'ਚ ਆਪਣੇ ਹੀ ਟਰੈਕਟਰ ਤੋਂ ਭੁੜਕ ਕੇ ਹੇਠਾਂ ਜਾ ਪਿਆ।"

"ਖਰਾਬ ਸੀ ਟਰੈਕਟਰ?"

"ਕਾਹਨੂੰ ਪੁੱਤ, ਤੂੰ ਹਾਲੇ ਨਿਆਣੈਂ... ਉਥੇ ਇਕ ਆਤਮਾ ਘੁੰਮਦੀ ਰਹਿੰਦੀ ਐ। ਬੜੇ ਲੋਕਾਂ ਦੀਆਂ ਜਾਨਾਂ ਲਈਆਂ ਉਹਨੇ। ਉਹ ਆਤਮਾ ਕੁਛ ਕਹਿੰਦੀ ਐ ਪਰ ਸਮਝ ਨਹੀਂ ਲਗਦੀ ਕਿਸੇ ਨੂੰ।"

"ਕਾਹਤੋਂ?"

"ਤੂੰ ਹੁਣ 'ਗਾਹਾਂ ਈ ਵਧੀ ਜਾਨੈਂ। ਤੈਨੂੰ ਕੀ ਦੱਸਾਂ? ਇਕ ਗੋਰਾ ਆਇਆ ਸੀ ਬਾਹਰਲੇ ਮੁਲਕੋਂ, ਉਸੇ ਚੌਕ 'ਚ ਮਰ ਗਿਆ ਸੀ ਬੱਸ ਹੇਠਾਂ ਆ ਕੇ। ਉਹ ਘੁੰਮਦੈ, ਨਾਲੇ ਉਹ ਕੁਛ 'ਗਰੇਜ਼ੀ ਵਿਚ ਪੁੱਛਦੈ, ਉਹਦੀ ਕਿਸੇ ਨੂੰ ਸਮਝ ਨੀ ਲਗਦੀ, ਤੇ ਖਿਝ ਕੇ ਕਰਾ ਦਿੰਦੈ ਐਕਸੀਡੈਂਟ।"

"ਮਾਂ ਤੂੰ ਨਾਲੇ ਕਹਿਨੀ ਹੁੰਦੀ ਆਂ ਰੱਬ ਇਕੋ ਆ, ਤੇ ਮਰ ਕੇ ਸਾਰੇ 'ਕੱਠੇ ਹੋ ਜਾਂਦੇ ਨੇ। ਫਿਰ ਜੇ ਗੋਰਾ ਅੰਗਰੇਜ਼ੀ ਬੋਲਦੈ ਤਾਂ ਮੇਰਾ ਬਾਪੂ ਤਾਂ ਪੰਜਾਬੀ ਬੋਲਦਾ ਹੋਊ, ਤੇ ਜਿਥੇ ਵੱਡਾ ਭਰਾ ਗਿਐ ਦੁਬਈ ਨੂੰ, ਉਥੋਂ ਦੇ ਲੋਕ ਮਰ ਕੇ ਅਰਬੀ ਬੋਲਦੇ ਹੋਣੇ ਆਂ... ਰੱਬ ਰੁੱਬ ਫਿਰ...।"

ਮੇਰੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਉਹਨੇ ਮੇਰੇ ਕੰਨ 'ਤੇ ਵੱਟ ਕੇ ਚੁਪੇੜ ਮਾਰੀ ਪਰ ਇਸ ਚੁਪੇੜ ਨੇ ਮੈਨੂੰ ਨਿਊਟਨ ਦੀ ਵਿਗਿਆਨ ਵਾਲੀ ਦੁਨੀਆਂ ਵੱਲ ਧੂਹ ਲਿਆਂਦਾ ਸੀ।

ਇਸ ਘਟਨਾ ਤੋਂ ਬਾਅਦ ਲਗਦੇ ਹੱਥ ਹੀ ਇਕ ਹੋਰ ਭੂਤ ਸਾਡੇ ਘਰ ਹੀ ਆ ਵੜਿਆ।... ਹੋਇਆ ਇਉਂ ਕਿ ਮੇਰੀ ਵੱਡੀ ਭੈਣ ਨਾਲ ਗੁਆਂਢੀਆਂ ਦੀ ਕੁੜੀ ਪਰਮਜੀਤ ਪੜ੍ਹਦੀ ਹੁੰਦੀ ਸੀ। ਇਕ ਤਾਂ ਉਹ ਬਚਪਨ ਤੋਂ ਹੀ ਐਲ ਸ਼ਕਲ ਵਿਚ ਕੁੱਬੀ ਸੀ, ਤੇ ਦੂਜਾ ਮਾੜਕੂ ਜਿਹੀ ਤਪਦਿਕ ਦੀ ਮਰੀਜ਼, ਪਰ ਸੀ ਮੇਰੀ ਭੈਣ ਦੀ ਗੂੜ੍ਹੀ ਸਹੇਲੀ। ਉਹ ਅਚਾਨਕ ਸਾਹ ਰੁਕਣ ਨਾਲ ਮਰ ਗਈ। ਚੌਥੇ ਕੁ ਦਿਨ, ਰਾਤ ਵੇਲੇ ਲੱਗ ਪਈ ਡਰਨ ਮੇਰੀ ਭੈਣ। ਦਸ ਕੁ ਵੱਜਦੇ ਨੂੰ ਉਹਨੇ ਕਹਿਣ ਲੱਗ ਪੈਣਾ ਕਿ ਤੁਰ ਪਈ ਹੁਣ ਟੇਢੋ ਜਿਹੀ, ਕਬਰਾਂ ਵਿਚੋਂ ਆ ਗਈ ਖੂਹ ਕੋਲ, ਆ ਗਈ ਟਾਹਲੀ ਕੋਲ, ਤੇ ਜਦੋਂ ਕਹਿਣਾ, 'ਲੈ ਆ ਵੜੀ ਅੰਦਰ', ਨਾਲ ਹੀ ਬੇਹੋਸ਼। ਮੈਥੋਂ ਇਕ ਜਮਾਤ ਅੱਗੇ ਪੜ੍ਹਦੀ ਭੈਣ ਸਕੂਲ 'ਚ ਵੀ ਉਦਾਸ ਤੇ ਚੁੱਪ ਰਹਿਣ ਲੱਗ ਪਈ। ਜਿਉਂ-ਜਿਉਂ ਸੂਰਜ ਢਲੀ ਜਾਣਾ, ਉਹਦਾ ਰੰਗ ਪੀਲਾ ਹੋਣ ਲੱਗਣਾ।

ਮਹੀਨੇ ਕੁ ਬਾਅਦ ਮਸਾਂ ਪਿੰਡ ਦੇ ਇਕ ਸਿਆਣੇ ਨੇ ਸਾਡੇ ਘਰ ਦੇ ਰੋਣਹਾਕੇ ਹਾਲਾਤ ਕੁਝ ਠੀਕ ਕੀਤੇ ਹੋਣਗੇ, ਪਰ ਮੈਂ ਨਿਆਣਾ ਹੋਣ ਦੇ ਬਾਵਜੂਦ ਇਹ ਗੱਲ ਸਮਝ ਗਿਆ ਸਾਂ ਕਿ ਉਸ ਸਿਆਣੇ ਨੇ ਗੁੱਗਲ ਜੁਐਣ ਦਾ ਤਾਂ ਐਵੇਂ ਬਹਾਨਾ ਕੀਤਾ ਸੀ, ਊਂ ਉਸ ਨੇ ਮੇਰੀ ਭੈਣ ਨੂੰ 'ਉਹ ਹੁਣ ਮੇਰੇ ਕੋਲ ਆਉਣ ਲੱਗ ਪਈ ਹੈ', ਕਹਿ ਕੇ ਅਸਲ ਵਿਚ ਮਾਨਸਿਕ ਤੌਰ 'ਤੇ ਹੀ ਤਕੜਾ ਕੀਤਾ ਸੀ।

ਇਹ ਭੈਣ ਮੇਰੀ ਹੁਣ ਦਿੱਲੀ ਰਹਿੰਦੀ ਹੈ, ਤੇ ਦਸ ਕੁ ਸਾਲ ਪਹਿਲਾਂ ਉਹਨੇ ਮੈਨੂੰ ਇਕ ਵਾਰ ਫਿਰ ਕਿਹਾ ਕਿ ਪਰਮਜੀਤ ਦਿੱਲੀ ਆ ਗਈ ਸੀ, ਇਕ ਦਿਨ ਮੇਰੇ ਮਗਰ।

ਮੈਂ ਕਿਹਾ, "ਕੀ ਕਹਿੰਦੀ ਸੀ?"

"ਕਹਿੰਦੀ, ਦਿੱਲੀ ਕਿਤੇ ਤੂੰ ਮੈਨੂੰ ਲੱਭਣਾ ਨਹੀਂ ਸੀ?"

ਤੇ ਉਦੋਂ ਤੱਕ ਸਿਆਣਾ ਮੈਂ ਬਣ ਚੁੱਕਾ ਸਾਂ। "ਆਪਣੇ ਘਰ ਤੋਂ ਸਾਡੇ ਘਰ ਤੱਕ ਤਾਂ ਉਹਦੇ ਕੋਲੋਂ ਤੁਰ ਕੇ ਨਹੀਂ ਸੀ ਆ ਹੁੰਦਾ, ਦਿੱਲੀ ਆ ਜੂ ਏਡੀ ਦੂਰ?" ਮੇਰੇ ਇਸ ਜੁਆਬ ਨਾਲ ਮਾਨਸਿਕ ਤੌਰ 'ਤੇ ਤਕੜੀ ਹੋਈ ਭੈਣ ਫਿਰ ਹੱਸ ਪਈ।

ਵਿਗਿਆਨ ਦੇ ਖੇਤਰ ਨਾਲ ਸਬੰਧਤ ਹੋਣ ਕਰ ਕੇ ਫਿਰ ਮੇਰੀ ਸੋਚ ਪੂਰੀ ਤਰ੍ਹਾਂ ਤਰਕ ਆਧਾਰਤ ਤੇ ਤਰਕਸ਼ੀਲ ਇਸ ਕਰ ਕੇ ਹੋ ਗਈ ਸੀ, ਕਿਉਂਕਿ ਸਾਧਾਰਨ ਮਨੁੱਖ ਵੀ ਸਮਝ ਜਾਂਦਾ ਹੈ ਕਿ ਬਰਸਾਤਾਂ ਵਿਚ ਕੱਚੀਆਂ ਲੀਹਾਂ 'ਚ ਚਿੱਕੜ ਕਿਉਂ ਹੁੰਦੈ ਤੇ ਗੱਡਾ ਕਿਉਂ ਫਸਦੈ?

ਹੁਣੇ ਹੀ ਮਿਸਰ ਇਸ ਕਰ ਕੇ ਦੁਨੀਆਂ ਭਰ ਵਿਚ ਚਰਚਿਤ ਹੋ ਕੇ ਹਟਿਆ ਹੈ ਕਿ ਚੰਮ ਦੀਆਂ ਚਲਾਉਣ ਵਾਲੇ ਹੁਸਨੀ ਮੁਬਾਰਕ ਨੂੰ ਲੋਕਾਂ ਦੇ ਰੋਹ ਅੱਗੇ ਨੱਕ ਵੀ ਰਗੜਨਾ ਪਿਆ, ਤੇ ਗੱਦੀ ਛੱਡ ਕੇ ਵਾਹੋ-ਦਾਹੀ ਦੌੜ ਲਾਉਣੀ ਪਈ, ਪਰ ਪੁਰਾਤੱਤਵ ਗਿਆਨ ਮਿਸਰ ਨੂੰ ਸਦੀਆਂ ਤੋਂ ਇਸ ਕਰ ਕੇ ਵੀ ਜਾਣਦਾ ਹੈ ਕਿ ਉਥੇ ਹਜ਼ਾਰਾਂ ਸਾਲਾਂ ਤੋਂ ਲਾਸ਼ਾਂ ਸੰਭਾਲ ਕੇ ਰੱਖੀਆਂ ਗਈਆਂ ਹਨ। ਲੋਕ ਪੰਜ-ਸੱਤ ਸਾਲ ਬਾਅਦ ਆਪਣੇ ਦਫ਼ਨ ਰਿਸ਼ਤੇਦਾਰਾਂ ਦੀਆਂ ਲਾਸ਼ਾਂ ਕਬਰਾਂ ਵਿਚੋਂ ਕੱਢ ਕੇ ਇਨ੍ਹਾਂ ਨੂੰ ਨਹਾਉਂਦੇ ਹਨ, ਤੇ ਨਵੇਂ ਬਸਤਰ ਪਹਿਨਾ ਕੇ ਫਿਰ ਆਰਾਮ ਦੀ ਅਵਸਥਾ ਵਿਚ ਇਹ ਕਹਿ ਕੇ ਸ਼ਾਇਦ ਦਬਾ ਦਿੰਦੇ ਹੋਣ ਕਿ ਅੱਲਾਹ ਫਿਰ ਪ੍ਰਗਟ ਹੋਵੇਗਾ ਅਤੇ ਮੋਇਆਂ ਅੰਦਰ ਜਾਨ ਪਾਉਣ ਦਾ ਅਵਸਰ ਲੈ ਕੇ ਆਵੇਗਾ।



*ਕਹਿਰਾ ਵਿਚ ਸੌ ਸਾਲ ਪੁਰਾਣੀ ਲਾਸ਼ ਨੂੰ ਕਬਰ ਵਿਚੋਂ ਬਾਹਰ ਕੱਢ ਕੇ ਨਹਾਉਣ-ਧੋਣ ਮਗਰੋਂ ਨਵੇਂ ਬਸਤਰਾਂ ਨਾਲ ਦੁਬਾਰਾ ਕਬਰ ਵਿਚ ਪਾਉਂਦੇ ਵਾਰਿਸ।*

ਖ਼ੈਰ! 'ਮਿਸਰ ਤੇ ਮੱਮੀਜ਼' ਵਿਸ਼ੇ 'ਤੇ ਕਾਫੀ ਵਿਸਥਾਰ ਵਿਚ ਇਤਿਹਾਸਕ ਵਾਰਤਾ ਕੀਤੀ ਜਾ ਸਕਦੀ ਹੈ ਪਰ ਇਜਿਪਟ (ਮਿਸਰ) ਨਾਂ ਕਈ ਰਾਜਨੀਤਕ ਗੱਲਾਂ ਕਰ ਕੇ ਵਿਸ਼ਵ ਦੇ ਨਕਸ਼ੇ 'ਤੇ ਰਿਹਾ ਹੈ, ਤੇ ਮਿਸਰ ਜਾਣ ਦਾ ਮੈਨੂੰ ਇਕ ਵਾਰ ਹੀ ਮੌਕਾ ਮਿਲਿਆ ਹੈ। ਕਿਉਂ? ਇਸ ਬਾਰੇ ਤਾਂ ਕਿਤੇ ਵੱਖਰੇ ਤੌਰ 'ਤੇ ਗੱਲ ਕਰਗਾਂ ਪਰ ਜੋ ਯਾਦ ਇਸ ਨਾਲ ਜੁੜੀ ਹੋਈ ਹੈ, ਉਹ ਤੁਹਾਡੇ ਨਾਲ ਸਾਂਝੀ ਕਰਨੀ ਚਾਹਾਂਗਾ।

ਬੜੀ ਦੇਰ ਪਹਿਲਾਂ ਜਦੋਂ ਇਸ ਗੱਲ ਨੂੰ ਮੈਂ ਆਪਣੇ ਇਕ ਤਰਕਸ਼ੀਲ ਮਿੱਤਰ ਨਾਲ ਭੇਤ ਬਣਾ ਕੇ ਖੋਲ੍ਹਿਆ ਕਿ ਮੈਂ ਮਿਸਰ ਜਾ ਰਿਹਾ ਹਾਂ, ਤਾਂ ਰੱਬ ਦੀ ਕਰਾਮਾਤ ਵਾਲੀ ਤਹਿ ਲਾਹੁਣ ਵਾਲਾ ਉਹ ਸ਼ੇਅਰ:

ਫੇਰ ਪਤਾ ਲੱਗ ਜਾਂਦਾ
ਤੇਰੀਆਂ ਸ਼ੈਤਾਨੀਆਂ ਦਾ
ਮਰੇ ਹੋਏ ਬੰਦੇ
ਇਕ ਵਾਰ ਤਾਂ ਮਿਲਾਉਣੇ ਸੀ...

ਤਾਂ ਮੇਰੇ ਚੇਤੇ ਵਿਚ ਰਹਿੰਦਾ ਹੈ, ਪਰ ਉਸ ਤਰਕਸ਼ੀਲ ਮਿੱਤਰ ਦੇ ਦੋ ਸੁਆਲ ਵੀ ਕੁੰਡੇ ਤੇ ਜਿੰਦਰੇ ਵਾਂਗ ਦਿਲ ਤੇ ਦਿਮਾਗ ਵਿਚ ਅੜੇ ਹੋਏ ਨੇ। ਪਹਿਲੀ ਗੱਲ ਉਹਦੀ ਇਹ ਸੀ ਕਿ ਤੈਨੂੰ ਪਤੈ ਕਿ ਉਥੇ ਲਾਸ਼ਾਂ ਬਹੁਤ ਸੰਭਾਲ ਕੇ ਰੱਖੀਆਂ ਹੋਈਆਂ ਹਨ; ਤੇ ਦੂਜਾ, ਜੇ ਨਿੱਡਰ ਤੇ ਤਰਕ ਸੋਚ ਹੈ ਤਾਂ ਫਿਰ ਫਰਹੂਨ ਦੇ ਮਕਬਰੇ ਵਿਚ ਲੱਤ ਮਾਰ ਕੇ ਆਵੀਂ; ਪਰ ਉਹਨੇ ਮਕਬਰੇ ਵਿਚ ਲੱਤ ਮਾਰਨ ਦਾ ਭੇਤ ਪੁੱਛਣ 'ਤੇ ਵੀ ਨਾ ਦੱਸਿਆ।

ਆਪਣੀ ਪੰਜ ਦਿਨ ਦੀ ਯਾਤਰਾ ਵਿਚ ਪਹਿਲੇ ਤਿੰਨ ਦਿਨ ਤਾਂ ਆਪਣੇ ਮਿਥੇ ਮਿਸ਼ਨ ਵਿਚ ਲਗਾ ਲਏ। ਚੌਥੇ ਦਿਨ ਮਿੱਤਰ ਦੀ ਗੱਲ ਅਤੇ ਫਰਹੂਨ ਦਾ ਮਕਬਰਾ ਯਾਦ ਆ ਗਿਆ। ਜਿਹੜੇ ਮਿਸਰ ਗਏ ਹਨ, ਉਨ੍ਹਾਂ ਨੂੰ ਪਤਾ ਹੈ ਕਿ ਉਥੋਂ ਦਾ ਪੁਰਾਤੱਤਵ ਵਿਭਾਗ ਆਪਣੀ ਵਿਰਾਸਤ ਕਿਵੇਂ ਦਸਤਾਵੇਜ਼ੀ ਰੂਪ ਵਿਚ ਸੰਭਾਲ ਕੇ ਰੱਖਦਾ ਹੈ।

ਨਿਆਣ-ਉਮਰ ਵਿਚ ਵੀ ਮੈਂ ਆਪਣੀ ਅਕਲ ਜਾਂ ਬੁੱਧੀ ਵਰਤਣ ਵਿਚ ਕਾਮਯਾਬ ਹੋ ਗਿਆ। ਪੁਰਾਤੱਤਵ ਵਿਭਾਗ ਦੇ ਇਕ ਦਫ਼ਤਰ ਵਿਚ ਜਦੋਂ ਮੈਂ ਫਰਹੂਨ ਦੇ ਮਕਬਰੇ 'ਤੇ ਜਾਣ ਦੀ ਇੱਛਾ ਜ਼ਾਹਿਰ ਕੀਤੀ, ਤਾਂ ਦਫ਼ਤਰੀ ਬਾਬੂ ਦਾ ਪਹਿਲਾ ਸਵਾਲ ਸੀ, "ਤੂੰ ਮੁਸਲਮਾਨ ਏਂ?"

"ਨਹੀਂ।"

"ਫਿਰ ਤੂੰ ਕਿਉਂ ਜਾਣਾ ਚਾਹੁੰਨਾ ਏਂ?"

"ਮਨ ਦੀ ਇੱਛਾ ਹੈ।"

"ਤਾਂ ਫਿਰ ਆਹ ਫਿਲਮ ਧਿਆਨ ਨਾਲ ਵੇਖ।"

ਤੇ ਇਸ ਦਸਤਾਵੇਜ਼ੀ ਫਿਲਮ ਦਾ ਸਾਰ-ਅੰਸ਼ ਤੁਸੀਂ ਵੀ ਪੜ੍ਹੋਗੇ ਤਾਂ ਮੇਰੇ ਕੀਤੇ ਫੈਸਲੇ 'ਤੇ ਸਹੀ ਜ਼ਰੂਰ ਪਾਉਗੇ। ਕਹਾਣੀ ਇਉਂ ਸੀ: ਸੈਂਕੜੇ ਵਰ੍ਹਿਆਂ ਤੋਂ ਮਿਸਰ ਸਬੰਧੀ ਅਜੀਬ ਕਿਸਮ ਦੀਆਂ ਕਹਾਣੀਆਂ ਪ੍ਰਸਿੱਧ ਹਨ। ਇਨ੍ਹਾਂ ਹੀ ਭੇਤ ਭਰੀਆਂ ਕਹਾਣੀਆਂ ਵਿਚ ਤੋਮਰ ਖਾਮਨ ਮਕਬਰੇ ਦੀ ਖੋਜ ਨੇ ਨਵੀਂ ਭੇਤ ਭਰੀ ਕਹਾਣੀ ਨੂੰ ਜਨਮ ਦਿਤਾ ਹੈ। ਕਿਹਾ ਜਾਂਦਾ ਹੈ ਕਿ ਸੈਂਕੜੇ ਵਿਅਕਤੀ ਫਰਹੂਨ ਦੇ ਕਹਿਰ ਦਾ ਸ਼ਿਕਾਰ ਹੋ ਚੁੱਕੇ ਹਨ। 1923 ਵਿਚ ਲਾਰਡ ਸੀਰਨਾਰੋਫ ਨੇ ਮਿਸਰ ਦੇ ਪ੍ਰਸਿੱਧ ਤੋਮਰ ਖਾਮਨ ਮਕਬਰੇ ਦੀ ਖੋਜ ਤੋਂ ਬਾਅਦ ਪਹਿਲੀ ਵਾਰ ਆਪਣੀ ਟੀਮ ਸਮੇਤ ਮਕਬਰੇ ਵਿਚ ਦਾਖਲ ਹੋਣ ਦੀ ਮੁਹਿੰਮ ਫਤਿਹ ਕੀਤੀ ਸੀ, ਤੇ ਤੁਰੰਤ ਬਾਅਦ ਸੀਰਨਾਰੋਫ ਕਿਸੇ ਮਾਰੂ ਬਿਮਾਰੀ ਦਾ ਸ਼ਿਕਾਰ ਹੋ ਕੇ ਚੱਲ ਵਸਿਆ। ਇਸ ਘਟਨਾ ਨੇ ਫਰਹੂਨ ਦੇ ਕਹਿਰ ਅਤੇ ਜਲਾਲ ਦੀਆਂ ਭੇਤ ਭਰੀਆਂ ਕਹਾਣੀਆਂ ਵਿਚ ਜਾਨ ਪਾ ਦਿੱਤੀ। ਲਾਰਡ ਸੀਰਨਾਰੋਫ ਨੇ ਜਦੋਂ ਮਕਬਰੇ ਦਾ ਦਰਵਾਜ਼ਾ ਤੋੜਿਆ ਅਤੇ ਟੀਮ ਸਮੇਤ ਅੰਦਰ ਗਿਆ ਤਾਂ ਸਭ ਤੋਂ ਪਹਿਲਾਂ ਉਸ ਦੀ ਨਜ਼ਰ ਉਸ ਭੇਤ ਭਰੀ ਲਿਖਤ ਉਤੇ ਪਈ ਜੋ ਮਕਬਰੇ ਦੀ ਦੀਵਾਰ ਉਤੇ ਉਕਰੀ ਹੋਈ ਸੀ- 'ਮਕਬਰੇ ਅੰਦਰ ਦਾਖਲ ਹੋਣ ਦੀ ਸਜ਼ਾ ਮੌਤ ਹੈ।' ਤੇ ਦੂਜੀ ਦੀਵਾਰ ਉਤੇ ਵੀ ਇਸੇ ਕਿਸਮ ਦੀ ਲਿਖਤ ਸੀ- 'ਫਰਹੂਨ ਨੂੰ ਬੇਆਰਾਮ ਕਰਨ ਵਾਲਾ ਉਸ ਦੇ ਕਹਿਰ ਦਾ ਭਾਗੀ ਹੈ।' ਸ਼ਾਇਦ ਇਸੇ ਮਾਨਸਿਕ ਝਟਕੇ ਕਾਰਨ ਲਾਰਡ

(ਬਾਕੀ ਸਫਾ 32 'ਤੇ)

## ਗੱਲ ਬਣੀ ਕਿ ਨਹੀਂ


-ਐਸ. ਅਸ਼ੋਕ ਭੌਰਾ

### ਬੰਦਾ ਪਾਵੇ ਗਾਹ!

ਯੁੱਗ ਬਦਲ ਗਏ ਨਹੀਂ ਬਦਲਿਆ ਕਾਂ ਦਾ ਕਦੇ ਸੁਭਾਅ।
ਗੰਦ ਫਰੋਲ ਕੇ ਗੰਦ ਖਾਣ ਦੇ ਕਰਦਾ ਪੂਰੇ ਚਾਅ।
ਪਰ ਹੁਣ ਕਾਟੋ ਫੁੱਲਾਂ ਉਤੇ ਨਹੀਂ ਖੇਡਦੀ ਮਿੱਤਰੋ,
ਚੱਕੀਰਾਹੇ ਦੁਨੀਆਂ ਉਤੇ ਨਿੱਤ ਜਾਂਦੇ ਨੇ ਛਾਅ।
ਕਿਸ ਯਾਰੀ ਤੇ ਯਾਰਾਂ ਦੀ ਗੱਲ ਕਰੀਏ ਠੋਕ-ਵਜਾ ਕੇ,
ਕੁੱਤੇ ਵਾਗੂੰ ਕੰਧ 'ਤੇ ਬਹਿ ਕੇ ਲਾਂਬੂ ਰਹੇ ਜੋ ਲਾ।
ਚਿੱਟੇ, ਨੀਲੇ, ਭਗਵੇਂ ਸਾਰੇ ਰੋਜ਼ ਦਾਗੀ ਹੋ ਜਾਂਦੇ,
ਨਕਲੀ ਜੁੜਦੇ ਹੱਥਾਂ ਦਾ ਕੋਈ ਕਿੱਦਾਂ ਕਰੇ ਵਿਸਾਹ।
ਪਸ਼ੂਆਂ ਵਾਂਗਰ ਪਾੜ੍ਹਿਆਂ ਤਾਈਂ ਅਨਪੜ੍ਹ ਹੱਕੀ ਜਾਂਦੇ,
ਬੰਦਿਆਂ ਨੂੰ ਹੁਣ ਬਾਂਦਰ ਰਹੇ ਨੇ ਬੁਰਕੀਆਂ ਨਾ' ਭਰਮਾ।
ਹੱਥੀਂ ਬਾਗ ਉਜਾੜਨ ਦਾ ਕੰਮ ਨਿੱਤ ਹੀ ਕਰਦਾ ਮਾਲੀ,
ਤੇ ਗਾਲੜ ਪਟਵਾਰੀ ਬਣ ਕੇ ਕਰਦੇ ਨੇ ਵਾਹ-ਵਾਹ।
ਬੱਕਰੇ ਦੀ ਮਾਂ ਬੜੇ ਚਿਰਾਂ ਤੋਂ ਨਹੀਂ ਸੀ ਸੁੱਖ ਮਨਾਉਂਦੀ,
ਵੈਲੀ ਪੁੱਤ ਨੂੰ ਵੇਖ ਕੇ ਮਾਂ ਹੁਣ ਲੈਂਦੀ ਔਖੇ ਸਾਹ।
ਬੜਾ ਸਿਆਣਾ ਬਣਿਆ ਫਿਰਦਾ ਲੀੜੇ ਪਾ ਕੇ 'ਭੌਰੇ',
ਬੰਦਾ ਕੂੜ ਖਿਲਾਰਨ ਦਾ ਨਿੱਤ ਪਾਈ ਜਾਂਦਾ ਗਾਹ।

ਗੁਰਮਤਿ ਵਿਚਾਰ

# ਸਤਿਗੁਰੁ ਪੁਰਖੁ ਅਗੰਮ ਹੈ ਜਿਸੁ ਅੰਦਰਿ ਹਰਿ ਉਰਧਾਰਿਆ



ਡਾ. ਗੁਰਨਾਮ ਕੌਰ, ਕੈਨੇਡਾ

ਸਤਿਗੁਰੂ ਦੀ ਵਡਿਆਈ ਦੱਸਦਿਆਂ ਕਿ ਕਿਨ੍ਹਾਂ ਗੁਣਾਂ ਕਰਕੇ ਸਤਿਗੁਰੂ ਨੂੰ ਜਾਣਿਆ ਜਾਂਦਾ ਹੈ, ਗੁਰੂ ਰਾਮਦਾਸ ਸਾਹਿਬ ਫੁਰਮਾਉਂਦੇ ਹਨ ਕਿ ਸਤਿਗੁਰੂ ਅਜਿਹਾ ਪੁਰਸ਼ ਹੈ ਜਿਸ ਨੇ ਆਪਣੇ ਅਕਾਲ ਪੁਰਖ ਦਾ ਅਨੁਭਵ ਕਰ ਲਿਆ ਹੋਇਆ ਹੈ ਅਤੇ ਉਸ ਨੂੰ ਸਤਿਗੁਰੂ ਨੇ ਆਪਣੇ ਹਿਰਦੇ 'ਚ ਟਿਕਾ ਲਿਆ ਹੈ ਤੇ ਸਤਿਗੁਰੂ ਤੱਕ ਪਹੁੰਚਣਾ ਮੁਸ਼ਕਿਲ ਹੈ। ਸਤਿਗੁਰੂ ਦੇ ਬਰਾਬਰ ਕੋਈ ਦੂਸਰਾ ਨਹੀਂ ਹੋ ਸਕਦਾ ਕਿਉਂਕਿ ਉਹ ਸਿਰਜਣਹਾਰ ਵਾਹਿਗੁਰੂ ਸਤਿਗੁਰ ਦੀ ਧਿਰ ਹੈ, ਸਤਿਗੁਰ ਦੇ ਵੱਲ ਹੈ। ਸਤਿਗੁਰੂ ਦੀ ਖੜਗ ਅਤੇ ਸੰਜੋਅ ਭਾਵ ਜੰਗ 'ਚ ਯੁੱਧ ਲਈ ਤਲਵਾਰ ਅਤੇ ਜ਼ਿਰਹ-ਬਕਤਰ (ਰੱਖਿਆ ਲਈ ਲੋਹੇ ਦੀ ਵਰਦੀ) ਅਕਾਲ ਪੁਰਖ ਦੀ ਭਗਤੀ ਹੈ ਅਰਥਾਤ ਸਤਿਗੁਰ ਦਾ ਓਟ-ਆਸਰਾ ਉਹ ਅਕਾਲ ਪੁਰਖ ਹੈ ਜੋ ਸਦਾ ਉਸ ਦੇ ਅੰਗ-ਸੰਗ ਹੈ, ਉਸ ਦੀ ਭਗਤੀ ਰਾਹੀਂ ਸਤਿਗੁਰੂ ਨੇ ਆਪਣੇ ਅੰਦਰੋਂ ਮੌਤ ਦੇ ਭੈ ਨੂੰ ਮਾਰ ਕੇ ਬਾਹਰ ਸੁੱਟ ਦਿੱਤਾ ਹੈ। ਅਕਾਲ ਪੁਰਖ ਆਪ ਸਤਿਗੁਰੂ ਦਾ ਰਾਖਾ ਹੈ ਅਤੇ ਜੋ ਮਨੁੱਖ ਸਤਿਗੁਰ ਦੇ ਦੱਸੇ ਮਾਰਗ 'ਤੇ ਚੱਲਦੇ ਹਨ ਅਕਾਲ ਪੁਰਖ ਉਨ੍ਹਾਂ ਨੂੰ ਵੀ ਬਚਾ ਲੈਂਦਾ ਹੈ ਭਾਵ ਸਤਿਗੁਰੂ ਦੀ ਸਿੱਖਿਆ 'ਤੇ ਚੱਲ ਕੇ ਉਹ ਵੀ ਤਰ ਜਾਂਦੇ ਹਨ। ਇਸ ਦੇ ਉਲਟ ਜੇ ਕੋਈ ਸਤਿਗੁਰੂ ਬਾਰੇ ਬੁਰਾ ਸੋਚਦਾ ਹੈ ਉਸ ਨੂੰ ਆਪ ਹੀ ਕਰਤਾ ਪੁਰਖ ਮਾਰਦਾ ਹੈ। ਗੁਰੂ ਸਾਹਿਬ ਸਮਝਾਉਂਦੇ ਹਨ ਕਿ ਅਕਾਲ ਪੁਰਖ ਦੇ ਦਰਬਾਰ ਦਾ ਇਹ ਹੀ ਸੱਚਾ ਨਿਆਉਂ ਹੈ ਜਿਸ ਦੀ ਸਮਝ ਮਨੁੱਖ ਨੂੰ ਉਸ ਕਰਤਾਰ ਦੇ ਸੱਚੇ ਨਾਮ ਦਾ ਸਿਮਰਨ ਕੀਤਿਆਂ ਲਗਦੀ ਹੈ,

ਸਤਿਗੁਰੁ ਪੁਰਖੁ ਅਗੰਮੁ ਹੈ
ਜਿਸੁ ਅੰਦਰਿ ਹਰਿ ਉਰਧਾਰਿਆ॥
ਸਤਿਗੁਰੂ ਨੋ ਅਪੜਿ ਕੋਇ ਨ ਸਕਈ
ਜਿਸੁ ਵਲਿ ਸਿਰਜਣਹਾਰਿਆ॥
ਸਤਿਗੁਰੂ ਕਾ ਖੜਗੁ ਸੰਜੋਉ ਹਰਿ ਭਗਤਿ ਹੈ
ਜਿਤੁ ਕਾਲੁ ਕੰਟਕੁ ਮਾਰਿ ਵਿਡਾਰਿਆ॥
ਸਤਿਗੁਰੂ ਕਾ ਰਖਣਹਾਰਾ ਹਰਿ ਆਪਿ ਹੈ
ਸਤਿਗੁਰੂ ਕੈ ਪਿਛੈ ਹਰਿ ਸਭਿ ਉਬਾਰਿਆ॥
ਜੋ ਮੰਦਾ ਚਿਤਵੈ ਪੂਰੇ ਸਤਿਗੁਰੂ ਕਾ
ਸੋ ਆਪਿ ਉਪਾਵਣਹਾਰੈ ਮਾਰਿਆ॥
ਏਹ ਗਲ ਹੋਵੈ ਹਰਿ ਦਰਗਹ ਸਚੇ ਕੀ
ਜਨ ਨਾਨਕ ਅਗਮੁ ਵੀਚਾਰਿਆ॥੨॥
(ਪੰਨਾ ੩੧੨)

'ਸੱਚ' ਜਾਂ 'ਸਚਿ' ਸੰਸਕ੍ਰਿਤ ਦੇ ਸ਼ਬਦ 'ਸਤਿਅ' ਦਾ ਪੰਜਾਬੀ ਰੂਪ ਹੈ ਜਿਸ ਦਾ ਅਰਥ ਹੈ ਹੋਂਦ, ਵਾਪਰਨਾ, ਹੋਣਾ ਅਤੇ ਸਦੀਵਤਾ ਆਦਿ। ਗੁਰਮਤਿ ਦਰਸ਼ਨ ਵਿਚ ਇਸ ਦਾ ਅਰਥ ਅਕਾਲ ਪੁਰਖ ਦੀ ਹੋਂਦ ਤੋਂ ਵੀ ਲਿਆ ਹੈ ਜਿਸ ਨੂੰ ਮੂਲ ਮੰਤਰ ਵਿਚ 'ਸਤਿਨਾਮ' ਕਿਹਾ ਹੈ, ਇਹ ਇੱਕ ਨੈਤਿਕ ਗੁਣ ਵੀ ਹੈ ਜਿਸ ਨੂੰ ਮਨੁੱਖ ਨੇ ਆਪਣੇ ਅੰਦਰ ਧਾਰਨ ਕਰਨਾ ਹੈ ਅਤੇ ਆਪਣੇ ਵਿਹਾਰ ਦਾ, ਆਚਰਣ ਦਾ ਹਿੱਸਾ ਬਣਾਉਣਾ ਹੈ ਜਿਸ ਬਾਰੇ ਗੁਰਬਾਣੀ ਵਿਚ ਕਿਹਾ ਹੈ ਕਿ ਸੱਚ ਸਭ ਤੋਂ ਉਤੇ ਹੈ ਪਰ ਉਸ ਤੋਂ ਵੀ ਉਤੇ ਸੱਚਾ ਵਿਹਾਰ ਹੈ, ਸੱਚਾ ਆਚਰਣ ਹੈ। 'ਸੱਚ' ਗੁਰਵਾਕ ਦਾ ਗੁਣ ਹੈ ਜਿਸ ਨੇ ਮਨੁੱਖ ਦੀ ਅਗਵਾਈ ਕਰਨੀ ਹੈ। ਇਸ ਪਉੜੀ ਵਿਚ ਗੁਰੂ ਰਾਮਦਾਸ ਸਾਹਿਬ 'ਸੱਚ' ਸ਼ਬਦ ਨੂੰ ਅਕਾਲ ਪੁਰਖ ਲਈ ਵਰਤਦੇ ਹੋਏ ਦੱਸਦੇ ਹਨ ਕਿ ਜਿਹੜੇ ਜੀਵ ਸੁੱਤੇ ਪਏ ਵੀ ਉਸ ਅਕਾਲ ਪੁਰਖ ਨੂੰ ਸਿਮਰਦੇ ਹਨ ਅਤੇ ਸੁੱਤੇ ਉਠ ਕੇ ਵੀ ਉਸ ਦਾ ਨਾਮ ਬੋਲਦੇ ਹਨ, ਸਿਮਰਦੇ ਹਨ ਅਜਿਹੇ ਮਨੁੱਖ ਇਸ ਦੁਨੀਆਂ ਵਿਚ ਬਹੁਤ ਘੱਟ ਮਿਲਦੇ ਹਨ, ਵਿਰਲੇ ਲੱਭਦੇ ਹਨ ਜਿਹੜੇ ਗੁਰੂ ਵੱਲ ਮੂੰਹ ਕਰਕੇ ਅਰਥਾਤ ਗੁਰੂ ਦੇ ਸਨਮੁਖ ਰਹਿ ਕੇ ਸੱਚੇ ਨਾਮ ਦਾ ਅਨੰਦ ਮਾਣਦੇ ਹਨ।

ਗੁਰੂ ਸਾਹਿਬ ਕਹਿੰਦੇ ਹਨ ਕਿ ਮੈਂ ਅਜਿਹੇ ਮਨੁੱਖਾਂ ਦੇ ਸਦਕੇ ਜਾਂਦਾ ਹਾਂ ਜਿਹੜੇ ਹਰ ਰੋਜ਼, ਦਿਨ ਰਾਤ ਉਸ ਸੱਚੇ ਦੇ ਨਾਮ ਦਾ ਸਿਮਰਨ ਕਰਦੇ ਹਨ। ਇਸ ਤਰ੍ਹਾਂ ਜਿਨ੍ਹਾਂ ਦੇ ਮਨ ਅਤੇ ਤਨ- ਦੋਵਾਂ ਨੂੰ ਹੀ ਉਹ ਸੱਚਾ ਅਕਾਲ ਪੁਰਖ ਚੰਗਾ ਲੱਗਦਾ ਹੈ, ਉਹ ਉਸ ਸੱਚੇ ਦੀ ਦਰਗਾਹ ਤੱਕ ਪਹੁੰਚ ਜਾਂਦੇ ਹਨ, ਉਨ੍ਹਾਂ ਨੂੰ ਉਸ ਦੇ ਦਰ ਦੀ ਪ੍ਰਾਪਤੀ ਹੋ ਜਾਂਦੀ ਹੈ। ਗੁਰੂ ਸਾਹਿਬ ਅੱਗੇ ਦੱਸਦੇ ਹਨ ਕਿ ਉਹ ਆਪ ਵੀ ਉਸ ਸੱਚੇ ਅਕਾਲ ਪੁਰਖ ਦਾ ਨਾਮ ਸਿਮਰਨ ਕਰਦੇ ਹਨ ਜੋ ਸਦੀਵੀ ਰਹਿਣ ਵਾਲਾ ਹੈ, ਜਿਸ ਦੀ ਹੋਂਦ ਸਦੀਵੀ ਹੈ,

ਸਚੁ ਸੁਤਿਆ ਜਿਨੀ ਅਰਾਧਿਆ
ਜਾ ਉਠੇ ਤਾ ਸਚੁ ਚਵੇ॥
ਸੇ ਵਿਰਲੇ ਜੁਗ ਮਹਿ ਜਾਣੀਅਹਿ
ਜੋ ਗੁਰਮੁਖਿ ਸਚੁ ਰਵੇ॥
ਹਉ ਬਲਿਹਾਰੀ ਤਿਨ ਕਉ
ਜਿ ਅਨਦਿਨੁ ਸਚੁ ਲਵੇ॥
ਜਿਨ ਮਨਿ ਤਨਿ ਸਚਾ ਭਾਵਦਾ
ਸੇ ਸਚੀ ਦਰਗਹ ਗਵੇ॥
ਜਨੁ ਨਾਨਕੁ ਬੋਲੈ ਸਚੁ ਨਾਮੁ
ਸਚੁ ਸਚਾ ਸਦਾ ਨਵੇ॥੨੧॥ (ਪੰਨਾ ੩੧੨)

ਇਸ ਤੋਂ ਅੱਗੇ ਸਲੋਕ ਵਿਚ ਵੀ ਗੁਰੂ ਰਾਮਦਾਸ ਸਾਹਿਬ ਇਸੇ ਤੱਥ ਦੀ ਵਿਆਖਿਆ ਕਰਦੇ ਹਨ ਕਿ ਸੱਚੇ ਨਾਮ ਵਿਚ ਲੀਨ ਰਹਿਣ ਵਾਲਿਆਂ ਦੀ ਅਤਾਮਕ ਅਵਸਥਾ ਕਿਹੋ ਜਿਹੀ ਹੁੰਦੀ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜਿਹੜੇ ਮਨੁੱਖ ਗੁਰੂ ਦੇ ਸਨਮੁਖ ਹੋ ਕੇ ਚੱਲਦੇ ਹਨ ਉਨ੍ਹਾਂ ਲਈ ਸੌਣਾ ਕੀ ਅਤੇ ਜਾਗਣਾ ਕੀ-ਇਹ ਦੋਵੇਂ ਅਵਸਥਾ ਇੱਕੋ ਜਿਹੀਆਂ ਹੁੰਦੀਆਂ ਹਨ ਅਰਥਾਤ ਉਹ ਸੌਂਦੇ ਜਾਗਦੇ ਸਦਾ ਉਸ ਦੇ ਨਾਮ ਵਿਚ ਲਿਵਲੀਨ ਰਹਿੰਦੇ ਹਨ। ਜਿਨ੍ਹਾਂ ਮਨੁੱਖਾਂ ਨੂੰ ਉਹ ਅਕਾਲ ਪੁਰਖ ਸਦੀਵੀ ਯਾਦ ਰਹਿੰਦਾ ਹੈ, ਕਦੇ ਵੀ ਨਹੀਂ ਭੁਲਦਾ, ਉਹ ਮਨੁੱਖ ਉਤਮ ਹੁੰਦੇ ਹਨ, ਸੰਪੂਰਨ ਹੁੰਦੇ ਹਨ, ਸਰਬਗੁਣੀ ਹੁੰਦੇ ਹਨ। ਅਕਾਲ ਪੁਰਖ ਦੀ ਮਿਹਰ ਨਾਲ ਮਨੁੱਖ ਦਾ ਮਿਲਾਪ ਸਤਿਗੁਰੂ ਨਾਲ ਹੁੰਦਾ ਹੈ ਅਤੇ ਧਿਆਨ ਉਸ ਸੱਚੇ ਨਾਮ ਵਿਚ ਜੁੜਿਆ ਰਹਿੰਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਮੈਂ ਵੀ ਅਜਿਹੇ ਮਨੁੱਖਾਂ ਦੀ ਸੰਗਤ ਕਰਾਂ ਅਤੇ ਉਸ ਪਰਵਰਦਗਾਰ ਦੀ ਹਜ਼ੂਰੀ ਵਿਚ ਸਤਿਕਾਰ ਪ੍ਰਾਪਤ ਕਰਾਂ। ਅਜਿਹੇ ਮਨੁੱਖ ਜਦੋਂ ਸੌਂਦੇ ਹਨ, ਉਦੋਂ ਵੀ ਉਸ ਦੀ ਸਿਫ਼ਤਿ-ਸਾਲਾਹ ਕਰਦੇ ਹਨ ਅਤੇ ਜਦੋਂ ਜਾਗਦੇ ਹਨ, ਉਦੋਂ ਵੀ ਉਸ ਦੇ ਗੁਣ ਗਾਉਂਦੇ ਹਨ। ਗੁਰੂ ਰਾਮਦਾਸ ਕਹਿੰਦੇ ਹਨ ਕਿ ਅਜਿਹੇ ਮਨੁੱਖਾਂ ਦੇ ਮੁੱਖ ਸਦਾ ਉਜਲੇ ਹੁੰਦੇ ਹਨ, ਨਿਰਮਲ ਹੁੰਦੇ ਹਨ ਜਿਹੜੇ ਸੁਚੇਤ ਹੋ ਕੇ ਉਸ ਦੇ ਨਾਮ ਨੂੰ ਯਾਦ ਰੱਖਦੇ ਹਨ, ਉਸ ਦੇ ਨਾਮ ਦਾ ਸਿਮਰਨ ਕਰਦੇ ਹਨ,

ਕਿਆ ਸਵਣਾ ਕਿਆ ਜਾਗਣਾ
ਗੁਰਮੁਖਿ ਤੇ ਪਰਵਾਣੁ॥
ਜਿਨਾ ਸਾਸਿ ਗਿਰਾਸਿ ਨ ਵਿਸਰੈ
ਸੇ ਪੂਰੇ ਪੁਰਖ ਪਰਧਾਨ॥
ਕਰਮੀ ਸਤਿਗੁਰੁ ਪਾਈਐ
ਅਨਦਿਨੁ ਲਗੈ ਧਿਆਨੁ॥
ਤਿਨ ਕੀ ਸੰਗਤਿ ਮਿਲਿ ਰਹਾ
ਦਰਗਹ ਪਾਈ ਮਾਨੁ॥
ਸਉਦੇ ਵਾਹੁ ਵਾਹੁ ਉਚਰਹਿ
ਉਠਦੇ ਭੀ ਵਾਹੁ ਕਰੇਨਿ॥
ਨਾਨਕ ਤੇ ਮੁਖ ਉਜਲੇ
ਜਿ ਨਿਤ ਉਠਿ ਸੰਮਾਲੇਨਿ॥੧॥
(ਪੰਨਾ ੩੧੩)

ਇਸ ਤੋਂ ਅਗਲੇ ਸਲੋਕ ਵਿਚ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜੇ ਆਪਣੇ ਸਤਿਗੁਰੂ ਦੇ ਦੱਸੇ ਹੋਏ ਰਸਤੇ 'ਤੇ ਚੱਲੀਏ, ਉਸ ਦੀ ਸਿੱਖਿਆ ਅਨੁਸਾਰ ਕਾਰ ਕਰੀਏ ਤਾਂ ਅਕਾਲ ਪੁਰਖ ਦੇ ਨਾਮ ਦਾ ਅਖੁੱਟ ਖ਼ਜ਼ਾਨਾ ਪ੍ਰਾਪਤ ਹੋ ਜਾਂਦਾ ਹੈ, ਕਦੇ ਵੀ ਖ਼ਤਮ ਨਾ ਹੋਣ ਵਾਲਾ ਪਰਮਾਤਮਾ ਦਾ ਨਾਮ ਮਿਲ ਜਾਂਦਾ ਹੈ। ਉਹ ਜੋ ਸਭ ਦਾ ਦਾਤਾ ਹੈ, ਹਰ ਇੱਕ ਨੂੰ ਦਾਤਾਂ ਦੇਣ ਵਾਲਾ ਅਕਾਲ ਪੁਰਖ ਹੈ, ਮਨੁੱਖ ਨੂੰ ਨਾਮ ਦੀ ਦਾਤ ਬਖ਼ਸ਼ਿਸ਼ ਕਰਦਾ ਹੈ ਅਤੇ ਇਸ ਸੰਸਾਰ-ਰੂਪੀ ਭਵਸਾਗਰ ਵਿਚ ਡੁੱਬ ਰਹੇ ਨੂੰ ਵੀ ਕੱਢ ਲੈਂਦਾ ਹੈ, ਸੰਸਾਰ-ਸਮੁੰਦਰ ਤੋਂ ਪਾਰ ਲਾ ਦਿੰਦਾ ਹੈ। ਜੋ ਸ਼ਾਹ ਅਰਥਾਤ ਵਣਜ ਕਰਨ ਵਾਲੇ ਅਕਾਲ ਪੁਰਖ ਦੇ ਨਾਮ ਦੀ ਪੂੰਜੀ ਨਾਲ ਵਪਾਰ ਕਰਦੇ ਹਨ, ਉਹ ਵੱਡੇ ਭਾਗਾਂ ਵਾਲੇ ਹਨ। ਅਜਿਹਾ ਨਾਮ ਦਾ ਵਣਜ ਕਰਨ ਵਾਲੇ ਜੋ ਸਿੱਖ ਆਪਣੇ ਸਤਿਗੁਰੂ ਕੋਲ ਆਉਂਦੇ ਹਨ, ਸਤਿਗੁਰੂ ਉਨ੍ਹਾਂ ਨੂੰ ਸ਼ਬਦ ਰਾਹੀਂ ਇਸ ਭਵਜਲ ਤੋਂ ਪਾਰ ਕਰ ਦਿੰਦਾ ਹੈ। ਗੁਰੂ ਸਾਹਿਬ ਅੱਗੇ ਦੱਸਦੇ ਹਨ ਕਿ ਉਸ ਕਰਤਾਰ ਦੀ ਬੰਦਗੀ, ਉਸ ਦੇ ਨਾਮ ਦਾ ਸਿਮਰਨ ਉਹ ਹੀ ਕਰਦੇ ਹਨ, ਜਿਨ੍ਹਾਂ ਉਤੇ ਉਸ ਪਰਵਰਦਗਾਰ ਦੀ ਮਿਹਰ ਹੁੰਦੀ ਹੈ, ਜਿਨ੍ਹਾਂ 'ਤੇ ਉਹ ਆਪ ਤੁਠਦਾ ਹੈ ਤੇ ਮਿਹਰ ਕਰਦਾ ਹੈ,

ਸਤਿਗੁਰੁ ਸੇਵੀਐ ਆਪਣਾ
ਪਾਈਐ ਨਾਮੁ ਅਪਾਰੁ॥
ਭਉਜਲਿ ਡੁਬਦਿਆ ਕਢਿ ਲਏ
ਹਰਿ ਦਾਤਿ ਕਰੇ ਦਾਤਾਰੁ॥
ਧੰਨੁ ਧੰਨੁ ਸੇ ਸਾਹ ਹੈ
ਜਿ ਨਾਮਿ ਕਰਹਿ ਵਾਪਾਰੁ॥
ਵਣਜਾਰੇ ਸਿਖ ਆਵਦੇ
ਸਬਦਿ ਲਘਾਵਣਹਾਰੁ॥
ਜਨ ਨਾਨਕ ਜਿਨ ਕਉ ਕ੍ਰਿਪਾ ਭਈ
ਤਿਨ ਸੇਵਿਆ ਸਿਰਜਣਹਾਰੁ॥੨॥
(ਪੰਨਾ ੩੧੩)

ਗਉੜੀ ਰਾਗ ਦੀ ਇਸ ਵਾਰ ਵਿਚ ਗੁਰੂ ਰਾਮਦਾਸ ਸਾਹਿਬ ਨੇ ਗੁਰੂ ਦੀ ਵਡਿਆਈ ਅਤੇ ਉਸ ਦੀ ਸਿੱਖਿਆ 'ਤੇ ਚੱਲ ਕੇ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਨ ਦਾ ਮਨੁੱਖ ਨੂੰ, ਸਿੱਖ ਨੂੰ ਸੁਨੇਹਾ ਦਿੱਤਾ ਹੈ। ਇਸ ਪਉੜੀ ਵਿਚ ਗੁਰੂ ਸਾਹਿਬ ਦੱਸਦੇ ਹਨ ਕਿ ਜਿਹੜੇ ਮਨੁੱਖ ਸੱਚੇ ਮਨ ਨਾਲ ਸੱਚ-ਮੁੱਚ ਉਸ ਸੱਚੇ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਦੇ ਹਨ, ਉਹ ਹੀ ਉਸ ਦੇ ਸੱਚੇ ਭਗਤ ਹਨ। ਜਿਹੜੇ ਗੁਰੂ ਦੀ ਸਿੱਖਿਆ 'ਤੇ ਚੱਲ ਕੇ ਉਸ ਦੀ ਖੋਜ ਕਰਦੇ ਹਨ, ਉਸ ਨੂੰ ਲੱਭਣ ਦਾ ਜਤਨ ਕਰਦੇ ਹਨ, ਉਹ ਸੱਚ ਨੂੰ, ਉਸ ਪਰਵਰਦਗਾਰ ਨੂੰ ਆਪਣੇ ਅੰਦਰ ਹੀ ਲੱਭ ਲੈਂਦੇ ਹਨ ਅਰਥਾਤ ਉਨ੍ਹਾਂ ਨੂੰ ਏਕਾਂਤ-ਵਾਸ ਹੋ ਕੇ ਕਿਸੇ ਤੱਪ-ਤਪੱਸਿਆ ਦੀ ਜ਼ਰੂਰਤ ਨਹੀਂ ਹੈ। ਅੱਗੇ ਦੱਸਿਆ ਹੈ ਕਿ ਜਿਨ੍ਹਾਂ ਮਨੁੱਖਾਂ ਨੇ ਉਸ ਸੱਚੇ ਮਾਲਕ ਨੂੰ ਸੱਚ-ਮੁੱਚ ਹੀ ਸਿਮਰਿਆ ਹੈ, ਸੇਵਿਆ ਹੈ, ਉਨ੍ਹਾਂ ਨੇ ਮੌਤ ਦੇ ਦੁਖਦਾਈ ਭੈ ਨੂੰ ਆਪਣੇ ਅੰਦਰੋਂ ਮਾਰ ਕੇ ਕੱਢ ਦਿੱਤਾ ਹੈ ਅਰਥਾਤ ਉਸ ਨਿਰਭਉ ਨੂੰ ਸਿਮਰਨ ਨਾਲ ਉਹ ਆਪ ਵੀ ਨਿਰਭੈ ਹੋ ਜਾਂਦੇ ਹਨ। (ਮਨੁੱਖ ਨੂੰ ਸਭ ਤੋਂ ਵੱਡਾ ਅਤੇ ਡਰਾਉਣਾ ਭੈ ਮੌਤ ਦਾ ਹੀ ਹੁੰਦਾ ਹੈ ਅਤੇ ਬਾਣੀ ਵਿਚ ਮਨੁੱਖ ਨੂੰ ਸਭ ਤੋਂ ਪਹਿਲਾਂ ਇਸ ਭੈ ਨੂੰ ਮਨ ਵਿਚੋਂ ਕੱਢਣ ਦੀ ਹੀ ਗੱਲ ਕੀਤੀ ਹੈ, ਇਸ 'ਤੇ ਕਾਬੂ ਪਾਉਣ ਦੀ ਪ੍ਰੇਰਨਾ ਕੀਤੀ ਹੈ ਕਿਉਂਕਿ ਮੌਤ ਤਾਂ ਹਰ ਇੱਕ ਨੂੰ ਇੱਕ ਦਿਨ ਆਉਣੀ ਹੀ ਹੈ। ਗੁਰਬਾਣੀ ਵਿਚ ਗੁਰਮਤਿ ਮਾਰਗ ਤੇ ਚੱਲਣ ਲਈ ਪਹਿਲਾਂ ਮਰਨ ਨੂੰ ਕਬੂਲ ਕਰਕੇ ਅਤੇ ਜੀਵਨ ਦੀ ਆਸ ਛੱਡ ਕੇ ਇਸ ਮਾਰਗ 'ਤੇ ਤੁਰਨ ਦੀ ਗੱਲ ਕੀਤੀ ਹੈ)। ਉਹ ਸੱਚਾ ਪਰਵਰਦਗਾਰ ਜੋ ਸਭ ਤੋਂ ਵੱਡਾ ਅਤੇ ਉਚਾ ਹੈ, ਉਸ ਦੀ ਬੰਦਗੀ ਜਿਹੜੇ ਮਨੁੱਖ ਕਰਦੇ ਹਨ, ਉਹ ਉਸ ਵਿਚ ਹੀ ਸਮਾ ਜਾਂਦੇ ਹਨ, ਲੀਨ ਹੋ ਜਾਂਦੇ ਹਨ, ਉਨ੍ਹਾਂ ਦੀ ਸੁਰਤਿ ਉਸ ਨਾਲ ਇੱਕਸੁਰ ਹੋ ਜਾਂਦੀ ਹੈ। ਉਹ ਸੱਚਾ ਅਕਾਲ ਪੁਰਖ ਧੰਨ ਹੈ, ਜਿਹੜੇ ਮਨੁੱਖ ਉਸ ਸੱਚੇ ਦੀ ਅਰਾਧਨਾ ਕਰਦੇ ਹਨ, ਉਹ ਇਸ ਦੁਨੀਆਂ ਵਿਚ ਉਤਮ ਫਲ ਪ੍ਰਾਪਤ ਕਰਦੇ ਹਨ ਅਰਥਾਤ ਇਸ ਭਵ-ਸਾਗਰ ਤੋਂ ਪਾਰ ਲੰਘ ਜਾਂਦੇ ਹਨ ਅਤੇ ਆਪਣਾ ਇਸ ਦੁਨੀਆਂ 'ਤੇ ਆਉਣਾ ਸਫਲਾ ਕਰ ਲੈਂਦੇ ਹਨ,

ਸਚੁ ਸਚੇ ਕੇ ਜਨ ਭਗਤ ਹਹਿ ਸਚੁ
ਸਚਾ ਜਿਨੀ ਅਰਾਧਿਆ॥
ਜਿਨ ਗੁਰਮੁਖਿ ਖੋਜਿ ਢੰਢੋਲਿਆ
ਤਿਨ ਅੰਦਰਹੁ ਹੀ ਸਚੁ ਲਾਧਿਆ॥
ਸਚੁ ਸਾਹਿਬੁ ਸਚੁ ਜਿਨੀ ਸੇਵਿਆ
ਕਾਲੁ ਕੰਟਕੁ ਮਾਰਿ ਤਿਨੀ ਸਾਧਿਆ॥
ਸਚੁ ਸਚਾ ਸਭ ਦੂ ਵਡਾ ਹੈ
ਸਚੁ ਸੇਵਨਿ ਸੇ ਸਚਿ ਰਲਾਧਿਆ॥
ਸਚੁ ਸਚੇ ਨੋ ਸਾਬਾਸਿ ਹੈ
ਸਚੁ ਸਚਾ ਸੇਵਿ ਫਲਾਧਿਆ॥੨੨॥
(ਪੰਨਾ ੩੧੩)

ਉਪਰ ਗੁਰਮੁਖਿ ਦੀ ਗੱਲ ਕਰਦੇ ਆਏ ਹਨ ਜੋ ਗੁਰੂ ਦੇ ਸਨਮੁਖ ਹੋ ਕੇ ਪਰਮਾਤਮਾ ਦੀ ਬੰਦਗੀ ਕਰਦਾ ਹੈ ਅਤੇ ਉਸ ਸੱਚੇ ਦੀ ਅਰਾਧਨਾ ਰਾਹੀਂ ਆਪਣਾ ਇਸ ਸੰਸਾਰ 'ਤੇ ਆਉਣਾ ਸਫਲ ਕਰ ਲੈਂਦਾ ਹੈ। ਅਗਲੇ ਸਲੋਕ ਵਿਚ ਮਨਮੁਖ ਦੀ ਗੱਲ ਕੀਤੀ ਹੈ। ਗੁਰੂ ਸਾਹਿਬ ਮਨਮੁਖ ਨੂੰ ਅਜਿਹਾ ਮੂਰਖ ਕਹਿੰਦੇ ਹਨ ਜੋ ਉਸ ਸੱਚੇ ਦੇ ਨਾਮ ਤੋਂ ਵਿਹੂਣਾ ਭਟਕਦਾ ਫਿਰਦਾ ਹੈ। ਉਹ ਅਜਿਹਾ ਮਨੁੱਖ ਹੈ ਜੋ ਸਤਿਗੁਰੂ ਦੀ ਰਹਿਨੁਮਾਈ ਤੋਂ ਸੱਖਣਾ ਹੈ ਅਤੇ ਉਸ ਦਾ ਮਨ ਕਿਧਰੇ ਵੀ ਟਿਕਦਾ ਨਹੀਂ ਹੈ। ਇਸ ਲਈ ਉਹ ਭਟਕਦਾ ਫਿਰਦਾ ਹੈ ਅਤੇ ਵਾਰ ਵਾਰ ਜਨਮ ਲੈਂਦਾ ਤੇ ਮਰਦਾ ਹੈ। ਜੇ ਅਕਾਲ ਪੁਰਖ ਆਪਣੀ ਮਿਹਰ ਕਰੇ ਤਾਂ ਅਜਿਹੇ ਮਨਮੁਖ ਦਾ ਵੀ ਸਤਿਗੁਰੂ ਨਾਲ ਮੇਲ ਹੋ ਜਾਣ ਦਾ ਸਬੱਬ ਬਣ ਜਾਂਦਾ ਹੈ ਅਤੇ ਉਸ ਦਾ ਮਨ ਭਟਕਣਾ ਵਿਚੋਂ ਨਿਕਲ ਕੇ ਨਾਮ ਦੇ ਆਸਰੇ ਟਿਕ ਜਾਂਦਾ ਹੈ। ਗੁਰੂ ਸਾਹਿਬ ਆਪਣੇ ਮਨ ਨੂੰ ਸਮਝਾਉਂਦੇ ਹਨ ਕਿ ਤੂੰ ਵੀ ਨਾਮ ਦਾ ਸਿਮਰਨ ਕਰ ਜਿਸ ਨਾਲ ਤੇਰੇ ਜਨਮ ਮਰਣ ਦੇ ਦੁੱਖ ਦੂਰ ਹੋ ਜਾਣ,

ਮਨਮੁਖ ਪ੍ਰਾਣੀ ਮੁਗਧੁ ਹੈ
ਨਾਮਹੀਣ ਭਰਮਾਇ॥
ਬਿਨੁ ਗੁਰ ਮਨੂਆ ਨਾ ਟਿਕੈ
ਫਿਰਿ ਫਿਰਿ ਜੂਨੀ ਪਾਇ॥
ਹਰਿ ਪ੍ਰਭੁ ਆਪਿ ਦਇਆਲ ਹੋਹਿ
ਤਾਂ ਸਤਿਗੁਰੁ ਮਿਲਿਆ ਆਇ॥
ਜਨ ਨਾਨਕ ਨਾਮੁ ਸਲਾਹਿ ਤੂੰ
ਜਨਮ ਮਰਣ ਦੁਖੁ ਜਾਇ॥੧॥
(ਪੰਨਾ ੩੧੩)

ਅਗਲੇ ਸਲੋਕ ਵਿਚ ਆਪਣੇ ਗੁਰੂ ਦੀ ਸਿਫ਼ਤਿ-ਸਾਲਾਹ ਕਰਨ ਲਈ ਕਹਿੰਦੇ ਹਨ ਕਿ ਮੇਰਾ ਮਨ ਲੋਚਦਾ ਹੈ ਕਿ ਮੈਂ ਆਪਣੇ ਗੁਰੂ ਦੀ ਸਿਫ਼ਤਿ-ਸਾਲਾਹ ਕਈ ਤਰ੍ਹਾਂ ਨਾਲ ਕਰਾਂ, ਪਿਆਰੇ ਸਤਿਗੁਰੂ ਦੇ ਪਿਆਰ ਅਤੇ ਸੁਭਾਅ ਵਿਚ ਲੀਨ ਹੋ ਕੇ ਕਰਾਂ। ਮੇਰਾ ਮਨ ਆਪਣੇ ਪਿਆਰੇ ਸਤਿਗੁਰੂ ਦੇ ਰੰਗ ਵਿਚ ਰੰਗਿਆ ਗਿਆ ਹੈ ਜਿਸ ਨੇ ਮੇਰੇ ਮਨ ਨੂੰ ਸਵਾਰ ਦਿੱਤਾ ਹੈ, ਸੁੰਦਰ ਬਣਾ ਦਿੱਤਾ ਹੈ। ਮੇਰੀ ਜੀਭ ਉਸ ਦੀ ਸਿਫ਼ਤਿ-ਸਾਲਾਹ ਕਰਦਿਆਂ ਰੱਜਦੀ ਨਹੀਂ ਹੈ ਅਤੇ ਮਨ ਅਕਾਲ ਪੁਰਖ ਦੇ ਪ੍ਰੇਮ ਵਿਚ ਲੱਗਿਆ ਹੋਇਆ ਨਹੀਂ ਰੱਜਦਾ। ਗੁਰੂ ਸਾਹਿਬ ਕਹਿੰਦੇ ਹਨ ਕਿ ਮਨ ਵਿਚ ਤਾਂ ਉਸ ਸੱਚੇ ਦੇ ਨਾਮ ਦੀ ਭੁੱਖ ਹੈ, ਇਹ ਮਨ ਤਾਂ ਹੀ ਰੱਜ ਸਕਦਾ ਹੈ ਜੇ ਇਹ ਉਸ ਅਕਾਲ ਪੁਰਖ ਦੇ ਨਾਮ ਦਾ ਸੁਆਦ ਚੱਖ ਲਵੇ,

ਗੁਰੂ ਸਾਲਾਹੀ ਆਪਣਾ
ਬਹੁ ਬਿਧਿ ਰੰਗਿ ਸੁਭਾਇ॥
ਸਤਿਗੁਰ ਸੇਤੀ ਮਨੁ ਰਤਾ
ਰਖਿਆ ਬਣਤ ਬਣਾਇ॥
ਜਿਹਵਾ ਸਾਲਾਹਿ ਨ ਰਜਈ
ਹਰਿ ਪ੍ਰੀਤਮ ਚਿਤੁ ਲਾਇ॥
ਨਾਨਕ ਨਾਵੈ ਕੀ ਮਨਿ ਭੁਖ ਹੈ
ਮਨੁ ਤ੍ਰਿਪਤੈ ਹਰਿ ਰਸੁ ਖਾਇ॥੨॥
(ਪੰਨਾ ੩੧੩)

ਅੱਗੇ ਪਉੜੀ ਵਿਚ ਦੱਸਿਆ ਹੈ ਕਿ ਉਸ ਸੱਚੇ ਅਕਾਲ ਪੁਰਖ ਦੀ ਵਡਿਆਈ ਦਾ ਪਤਾ ਉਸ ਦੀ ਰਚੀ ਕੁਦਰਤਿ ਤੋਂ ਲੱਗਦਾ ਹੈ ਜਿਸ ਨੇ ਦਿਨ ਅਤੇ ਰਾਤ ਦੀ ਰਚਨਾ ਕੀਤੀ ਹੈ। ਇਸ ਲਈ ਮਨ ਚਾਹੁੰਦਾ ਹੈ ਕਿ ਹਰ ਸਮੇਂ ਉਸ ਸੱਚੇ ਰਚਣਹਾਰ ਦੀ ਵਡਿਆਈ ਕਰਦਾ ਰਹਾਂ। ਉਹ ਕਰਤਾਰ ਸੱਚਾ ਹੈ ਅਤੇ ਉਸ ਦੀ ਸਿਫ਼ਤਿ-ਸਾਲਾਹ ਵੀ ਸੱਚੀ ਹੈ ਪਰ ਉਸ ਦੀ ਕੀਮਤ ਅੱਜ ਤੱਕ ਕੋਈ ਵੀ ਨਹੀਂ ਪਾ ਸਕਿਆ। ਜਦੋਂ ਸਤਿਗੁਰੂ ਨਾਲ ਮੇਲ ਹੁੰਦਾ ਹੈ ਤਾਂ ਉਸ ਕਰਤਾਰ ਦੀਆਂ ਸਾਰੀਆਂ ਵਡਿਆਈਆਂ ਸਤਿਗੁਰੂ ਰਾਹੀਂ ਪ੍ਰਤੱਖ ਨਜ਼ਰ ਆਉਣ ਲੱਗ ਪੈਂਦੀਆਂ ਹਨ। ਜਿਹੜੇ ਮਨੁੱਖ ਗੁਰੂ ਦੀ ਸਿੱਖਿਆ 'ਤੇ ਚੱਲਦੇ ਹੋਏ ਉਸ ਸੱਚੇ ਦੀ ਸਿਫ਼ਤਿ-ਸਾਲਾਹ ਕਰਦੇ ਹਨ ਉਨ੍ਹਾਂ ਦੀਆਂ ਹਰ ਤਰ੍ਹਾਂ ਦੀਆਂ ਭੁੱਖਾਂ ਦੂਰ ਹੋ ਜਾਂਦੀਆਂ ਹਨ,

ਸਚੁ ਸਚਾ ਕੁਦਰਤਿ ਜਾਣੀਐ
ਦਿਨੁ ਰਾਤੀ ਜਿਨਿ ਬਣਾਈਆ॥
ਸੋ ਸਚੁ ਸਲਾਹੀ ਸਦਾ ਸਦਾ ਸਚੁ
ਸਚੇ ਕੀਆ ਵਡਿਆਈਆ॥
ਸਾਲਾਹੀ ਸਚੁ ਸਲਾਹ ਸਚੁ
ਸਚੁ ਕੀਮਤਿ ਕਿਨੈ ਨ ਪਾਈਆ॥
ਜਾ ਮਿਲਿਆ ਪੂਰਾ ਸਤਿਗੁਰੂ
ਤਾ ਹਾਜਰੁ ਨਦਰੀ ਆਈਆ॥
ਸਚੁ ਗੁਰਮੁਖਿ ਜਿਨੀ ਸਲਾਹਿਆ
ਤਿਨਾ ਭੁਖਾ ਸਭਿ ਗਵਾਈਆ॥੨੩॥
(ਪੰਨਾ ੩੧੩)

ਗੁਰਬਾਣੀ ਗਿਆਨ

## ਹਭੇ ਥੋਕ ਵਿਸਾਰਿ ਹਿਕੋ ਖਿਆਲੁ ਕਰਿ

**ਆਸਾ ਮਹਲਾ ੫**
ਹਭੇ ਥੋਕ ਵਿਸਾਰਿ
ਹਿਕੋ ਖਿਆਲੁ ਕਰਿ॥
ਝੂਠਾ ਲਾਹਿ ਗੁਮਾਨੁ
ਮਨੁ ਤਨੁ ਅਰਪਿ ਧਰਿ॥੧॥
ਆਠ ਪਹਰ ਸਾਲਾਹਿ
ਸਿਰਜਨਹਾਰ ਤੂੰ॥
ਜੀਵਾਂ ਤੇਰੀ ਦਾਤਿ
ਕਿਰਪਾ ਕਰਹੁ ਮੂੰ॥੧॥ਰਹਾਉ॥
ਸੋਈ ਕੰਮੁ ਕਮਾਇ
ਜਿਤੁ ਮੁਖੁ ਉਜਲਾ॥
ਸੋਈ ਲਗੈ ਸਚਿ
ਜਿਸੁ ਤੂੰ ਦੇਹਿ ਅਲਾ॥੨॥
ਜੋ ਨ ਢਹੰਦੋ ਮੂਲਿ
ਸੋ ਘਰੁ ਰਾਸਿ ਕਰਿ॥
ਹਿਕੋ ਚਿਤਿ ਵਸਾਇ
ਕਦੇ ਨ ਜਾਇ ਮਰਿ॥੩॥
ਤਿਨਾ ਪਿਆਰਾ ਰਾਮੁ
ਜੋ ਪ੍ਰਭ ਭਾਣਿਆ॥
ਗੁਰ ਪਰਸਾਦਿ ਅਕਥੁ
ਨਾਨਕਿ ਵਖਾਣਿਆ॥੪॥

ਜਗਤ ਦੇ ਤਾਰਨਹਾਰ ਸ੍ਰੀ ਗੁਰੂ ਅਰਜਨ ਦੇਵ ਜੀ ਸਾਨੂੰ ਜਗਤ ਦੇ ਜੀਵਾਂ ਨੂੰ ਇਸ ਸ਼ਬਦ ਰਾਹੀਂ ਉਪਦੇਸ਼ ਕਰਦੇ ਹਨ- ਹਭੇ ਥੋਕ ਵਿਸਾਰਿ ਹਿਕੋ ਖਿਆਲੁ ਕਰਿ, ਹੇ ਭਾਈ! ਇਹ ਜੋ ਤੂੰ ਸੰਸਾਰ ਦੇ ਮਿੱਠੇ ਲੱਗ ਰਹੇ ਪਦਾਰਥਾਂ ਦੇ ਮੋਹ ਵਿਚ ਭਟਕਦਾ ਫਿਰਦਾ ਹੈਂ, ਇਨ੍ਹਾਂ ਨੂੰ ਵਿਸਾਰ ਦੇ, ਭੁਲਾ ਦੇ ਅਤੇ ਉਸ ਇਕ ਮਿਹਰਵਾਨ ਪ੍ਰਭੂ ਦੇ ਨਾਮ ਨੂੰ ਆਪਣੇ ਅੰਦਰ ਵਸਾ ਲੈ; ਝੂਠਾ ਲਾਹਿ ਗੁਮਾਨੁ ਮਨੁ ਤਨੁ ਅਰਪਿ ਧਰਿ, ਭਾਵ ਮਾਇਆ ਦਾ ਝੂਠਾ ਗੁਮਾਨ ਛੱਡ ਕੇ ਮਨ ਤਨ ਪ੍ਰਭੂ ਦੇ ਹਵਾਲੇ ਕਰ ਦੇ।

ਆਠ ਪਹਰ ਸਾਲਾਹਿ ਸਿਰਜਨਹਾਰ ਤੂੰ॥
ਜੀਵਾਂ ਤੇਰੀ ਦਾਤਿ
ਕਿਰਪਾ ਕਰਹੁ ਮੂੰ॥੧॥ਰਹਾਉ॥

ਸ਼ਬਦ ਦੀ ਰਹਾਉ ਦੀ ਪੰਕਤੀ ਵਿਚ ਗੁਰਦੇਵ ਜੀ ਬਖਸ਼ਿਸ਼ ਕਰਦੇ ਹਨ, ਹੇ ਮੇਰੇ ਮਿਹਰਾਂ ਦੇ ਮਾਲਕ ਪ੍ਰਭ ਜੀ! ਤੂੰ ਇਸ ਜਗਤ ਦਾ ਰਚਨਹਾਰ ਹੈਂ, ਪ੍ਰਭ ਜੀਓ! ਅੱਠੇ ਪਹਿਰ ਦੀ ਤੇਰੀ ਸਿਫ਼ਤ ਸਾਲਾਹ ਕਰ-ਕਰ ਕੇ ਜੀਵ ਦੇ ਅੰਦਰ ਉਚਾ-ਸੁਚਾ ਆਤਮਕ ਜੀਵਨ ਪੈਦਾ ਹੋ ਜਾਂਦਾ ਹੈ; ਹੇ ਜਗਤ ਦੇ ਤਾਰਨਹਾਰ! ਮੇਰੇ ਉਤੇ ਵੀ ਕਿਰਪਾ ਕਰੋ ਤਾਂ ਕਿ ਤੇਰੀ ਸਿਫ਼ਤ ਸਾਲਾਹ ਦੀ ਦਾਤ ਮੇਰੀ ਝੋਲੀ ਵਿਚ ਵੀ ਪੈ ਜਾਵੇ।

ਸੋਈ ਕੰਮੁ ਕਮਾਇ ਜਿਤੁ ਮੁਖੁ ਉਜਲਾ॥
ਸੋਈ ਲਗੈ ਸਚਿ ਜਿਸੁ ਤੂੰ ਦੇਹਿ ਅਲਾ॥੨॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮੋਹ ਮਾਇਆ ਵਿਚ ਭਟਕੇ ਜੀਵਾਂ ਨੂੰ ਆਖਦੇ ਹਨ, ਭਾਈ ਸੁਚੇਤ ਹੋ! ਵਿਕਾਰਾਂ ਨਾਲ ਭਰੇ ਇਸ ਸੰਸਾਰ ਵਿਚ ਰਹਿੰਦਿਆਂ ਉਹ ਨੇਕ ਕੰਮ ਹੀ ਕਰਿਆ ਕਰ ਜਿਨ੍ਹਾਂ ਨਾਲ ਤੇਰਾ ਲੋਕ ਅਤੇ ਪਰਲੋਕ- ਦੋਹਾਂ ਜਹਾਨਾਂ ਵਿਚ ਹੀ ਮੁਖ ਉਜਲਾ ਹੋਵੇ, ਤੇਰੀ ਇਜ਼ਤ ਬਣੀ ਰਹੇ; ਹੇ ਮੇਰੇ ਪ੍ਰਭ ਜੀ! ਤੇਰੇ ਸੱਚੇ ਨਾਮ ਨਾਲ ਉਹੀ ਜੁੜਦਾ ਹੈ ਜਿਸ ਨੂੰ ਤੂੰ ਆਪ ਇਹ ਦਾਤ ਦਿੰਦਾ ਹੈਂ।

ਜੋ ਨ ਢਹੰਦੋ ਮੂਲਿ ਸੋ ਘਰੁ ਰਾਸਿ ਕਰਿ॥
ਹਿਕੋ ਚਿਤਿ ਵਸਾਇ ਕਦੇ ਨ ਜਾਇ ਮਰਿ॥੩॥

ਸਤਿਗੁਰੂ ਪਿਤਾ ਜੀਵ ਨੂੰ ਉਸ ਮਿਹਰਾਂ ਦੇ ਸਮੁੰਦਰ ਪਰਮਾਤਮਾ ਦੇ ਨਾਮ ਸਿਮਰਨ ਨਾਲ ਜੁੜਨ ਲਈ ਅਤੇ ਜੁੜੇ ਰਹਿਣ ਲਈ ਪ੍ਰੇਰਨਾ ਕਰਦੇ ਆਖਦੇ ਹਨ, ਹੇ ਭਾਈ! ਤੂੰ ਪ੍ਰਭੂ ਕਿਰਪਾ ਨਾਲ ਜੁੜ ਕੇ ਉਚੇ ਤੇ ਸੁਚੇ ਜੀਵਨ ਵਾਲਾ ਐਸਾ ਘਰ ਬਣਾ ਜੋ ਕਦੀ ਵੀ ਢਹਿੰਦਾ ਨਹੀਂ ਅਤੇ ਫਿਰ ਉਸ ਘਰ ਦੀ ਸਾਂਭ-ਸੰਭਾਲ ਵੀ ਕਰ; ਹਿਕੋ ਚਿਤਿ ਵਸਾਇ ਕਦੇ ਨ ਜਾਇ ਮਰਿ, ਉਹ ਜੋ ਇਕੋ ਪ੍ਰਭੂ ਹੈ, ਉਸ ਨੂੰ ਆਪਣੇ ਚਿਤ ਵਸਾ ਕੇ ਰੱਖ, ਉਹ ਇਕ ਜੋ ਕਦੀ ਵੀ ਮਰਦਾ ਨਹੀਂ।

ਤਿਨਾ ਪਿਆਰਾ ਰਾਮੁ
ਜੋ ਪ੍ਰਭ ਭਾਣਿਆ॥
ਗੁਰ ਪਰਸਾਦਿ ਅਕਥੁ
ਨਾਨਕਿ ਵਖਾਣਿਆ॥੪॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਬਖਸ਼ਿਸ਼ ਕਰਦੇ ਆਖਦੇ ਹਨ, ਜਿਹੜੇ ਜੀਵ ਉਸ ਮਿਹਰਵਾਨ ਪ੍ਰਭੂ ਨੂੰ ਭਾ ਜਾਂਦੇ ਹਨ, ਚੰਗੇ ਲੱਗਦੇ ਹਨ, ਉਨ੍ਹਾਂ ਵੱਡਭਾਗੇ ਜੀਵਾਂ ਨੂੰ ਉਹ ਪਰਮੇਸ਼ਰ ਪ੍ਰਭ ਵੀ ਪਿਆਰਾ ਅਤੇ ਸੋਹਣਾ ਲੱਗਣ ਲੱਗ ਜਾਂਦਾ ਹੈ ਅਤੇ ਫਿਰ ਉਹ ਕਦੀ ਵੀ ਆਪਣੇ ਮਾਲਕ ਪ੍ਰਭੂ ਤੋਂ ਦੂਰ ਨਹੀਂ ਹੁੰਦੇ; ਗੁਰ ਪਰਸਾਦਿ ਅਕਥੁ ਨਾਨਕਿ ਵਖਾਣਿਆ, ਹੇ ਭਾਈ! ਗੁਰੂ ਦੀ ਕਿਰਪਾ ਸਦਕਾ ਹੀ ਇਹ ਨਾਨਕ ਉਸ ਬੇਅੰਤ ਪ੍ਰਭੂ ਦੇ ਗੁਣਾਂ ਦਾ ਵਰਨਣ ਕਰ ਰਿਹਾ ਹੈ।

ਆਓ ਦੇਹ ਧਾਰੀ ਗੁਰੂਆਂ ਨੂੰ ਛੱਡ ਕੇ ਸ਼ਬਦ ਗੁਰੂ ਨਾਲ ਜੁੜੀਏ ਜੀ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

## ਪੰਜਾਬੀ ਦਾ ਭਵਿੱਖ-3

# ਪੰਜਾਬੀ, ਰਣਜੀਤ ਸਿੰਘ ਅਤੇ ਅੰਗਰੇਜ਼



ਗੁਰਬਚਨ ਸਿੰਘ ਭੁੱਲਰ
ਫੋਨ: 01191-1165736868
bhullargs@gmail.com

***ਪਰਵਾਸੀਆਂ ਦੇ ਪ੍ਰਸੰਗ ਵਿਚ ਭਾਸ਼ਾ ਬਾਰੇ 'ਪੰਜਾਬ ਟਾਈਮਜ਼' ਵਿਚ ਪਿਛਲੇ ਅੰਕਾਂ ਵਿਚ ਛਪੇ ਮੇਰੇ ਤਿੰਨ ਲੇਖਾਂ ਦੇ ਹਵਾਲੇ ਨਾਲ ਕਈ ਪਾਠਕਾਂ ਨੇ ਸੁਝਾਅ ਦਿੱਤਾ ਹੈ ਕਿ ਇਸ ਦੌਰ ਦੀ ਸਮੁੱਚੀ ਭਾਸ਼ਾਈ ਹਾਲਤ ਦੇ ਚੌਖਟੇ ਵਿਚ ਪੰਜਾਬੀ ਦੇ ਭਵਿੱਖ ਬਾਰੇ ਲਿਖਿਆ ਜਾਵੇ। ਇਸ ਲੇਖ ਨਾਲ ਸ਼ੁਰੂ ਕਰ ਕੇ ਸਰਲ-ਸੌਖੇ ਸ਼ਬਦਾਂ ਵਿਚ ਪੰਜਾਬੀ ਦੀ ਹਾਲਤ ਨੂੰ ਨਿਰੋਲ ਇਤਿਹਾਸਕ, ਭਾਸ਼ਾ-ਵਿਗਿਆਨਕ ਅਤੇ ਸਮਾਜਕ-ਰਾਜਨੀਤਕ ਨਜ਼ਰੀਏ ਤੋਂ ਪੇਸ਼ ਕਰਨ ਦਾ ਯਤਨ ਕੀਤਾ ਜਾਵੇਗਾ। -ਲੇਖਕ***

ਸਾਡੇ ਬਹੁਤ ਸਾਰੇ ਸਿਆਣੇ ਪੰਜਾਬੀ ਦੀ ਪਤਲੀ ਹਾਲਤ ਦੇ ਬਣੇ ਹੋਏ ਮਾਹੌਲ ਵਿਚ ਇਸ ਦੀਆਂ ਭਾਸ਼ਾ ਵਜੋਂ ਮੁਸ਼ਕਲਾਂ ਦੀ ਚਰਚਾ ਦਾ ਅਰੰਭ ਮਹਾਰਾਜਾ ਰਣਜੀਤ ਸਿੰਘ ਨੂੰ ਉਲਾਂਭਾ ਦੇ ਕੇ ਕਰਦੇ ਹਨ। ਉਹ ਆਖਦੇ ਹਨ, ਮੁਗ਼ਲ-ਪਠਾਣਾਂ ਨੂੰ ਤਾਂ ਕੀ ਕਹੀਏ, ਉਹਨੇ ਵੀ ਪੰਜਾਬੀਆਂ ਦਾ ਸਗੋਂ ਸਿੱਖਾਂ ਦਾ ਰਾਜ ਕਾਇਮ ਕੀਤਾ ਹੋਣ ਦਾ ਦਾਅਵੇਦਾਰ ਹੋਣ ਦੇ ਬਾਵਜੂਦ ਸਰਕਾਰੀ ਕੰਮਕਾਜ ਵਿਚ ਪੰਜਾਬੀ ਲਾਗੂ ਨਾ ਕੀਤੀ। ਅਜਿਹੇ ਨੁਕਤਾਚੀਨ ਪੰਜਾਬ ਦੇ ਇਤਿਹਾਸ ਅਤੇ ਉਹਦੇ ਨਾਲ ਨਾਲ ਪੰਜਾਬੀ ਦੇ ਵਿਕਾਸ ਦੇ ਇਤਿਹਾਸ ਤੋਂ ਜਾਂ ਤਾਂ ਅਗਿਆਨੀ ਹੁੰਦੇ ਹਨ ਜਾਂ ਉਸ ਨੂੰ ਅੱਖੋਂ ਪਰੋਖੇ ਕਰ ਦਿੰਦੇ ਹਨ। ਉਹ ਏਨਾ ਵੀ ਨਹੀਂ ਜਾਣਦੇ-ਸਮਝਦੇ ਕਿ ਉਸ ਜ਼ਮਾਨੇ ਵਿਚ ਭਾਸ਼ਾ ਦੀ ਮਹੱਤਤਾ ਦੇ ਉਹ ਸੰਕਲਪ ਵਿਕਸਿਤ ਹੀ ਨਹੀਂ ਸਨ ਹੋਏ ਜੋ ਅੱਜ ਸਾਡੇ ਲਈ ਸਮਾਜ ਤੇ ਰਾਜ ਵਿਚ ਉਹਦਾ ਸਥਾਨ ਸਮਝਣ ਤੇ ਮਿਥਣ ਦਾ ਪੈਮਾਨਾ ਬਣੇ ਹੋਏ ਹਨ।

ਮਾਤਭਾਸ਼ਾ, ਰਾਜਭਾਸ਼ਾ, ਸਿੱਖਿਆ ਦਾ ਮਾਧਿਅਮ, ਰਾਜਭਾਸ਼ਾ ਵਜੋਂ ਮਾਤਭਾਸ਼ਾ ਦਾ ਮਹੱਤਵ, ਸਿੱਖਿਆ ਦੇ ਮਾਧਿਅਮ ਵਜੋਂ ਮਾਤਭਾਸ਼ਾ ਦੀ ਭੂਮਿਕਾ- ਜਿਹੇ ਸੰਕਲਪ ਆਧੁਨਿਕ ਯੁੱਗ ਦੀ ਦੇਣ ਹਨ। ਅਜਿਹੇ ਮੁੱਦਿਆਂ ਬਾਰੇ ਰਣਜੀਤ ਸਿੰਘ ਦੇ ਸਮੇਂ ਵਿਚ ਅੱਜ ਵਾਲੀ ਸਮਝ ਦੀ ਆਸ ਜਾਂ ਕਲਪਨਾ ਕਰਨਾ ਵਾਜਬ ਨਹੀਂ। ਅਜਿਹੀ ਭਾਸ਼ਾਈ ਸਮਝ ਦੀ ਉਮੀਦ ਉਸ ਤੋਂ ਤਾਂ ਕੀ, ਉਸ ਕਾਲ ਦੇ ਉਨ੍ਹਾਂ ਲੋਕਾਂ ਤੋਂ ਵੀ ਨਹੀਂ ਕੀਤੀ ਜਾ ਸਕਦੀ ਜਿਨ੍ਹਾਂ ਦਾ ਭਾਸ਼ਾ ਨਾਲ ਆਮ ਲੋਕਾਂ ਵਾਂਗ ਬੋਲਣ ਤੋਂ ਵੱਧ ਵਾਹ ਸੀ। ਜਿਵੇਂ ਉਹ ਲੋਕ ਸਨ ਜੋ ਧਰਮ ਦੇ ਪ੍ਰਚਾਰਕ, ਟੀਕਾਕਾਰ, ਵਿਆਖਿਆਕਾਰ, ਭਾਸ਼ਣਕਾਰ ਸਨ ਜਾਂ ਜੋ ਕਿਸੇ ਕਿਸਮ ਦੀ ਰਚਨਾ ਕਰਨ ਦੀ ਸਮਰੱਥਾ ਰਖਦੇ ਸਨ।

ਹੋਰ ਗੱਲਾਂ ਤਾਂ ਛੱਡੋ, ਉਸ ਸਮੇਂ ਤਾਂ ਸਿੱਖਿਆ ਰਾਜ ਦੇ ਸਰੋਕਾਰਾਂ ਵਿਚ ਸ਼ਾਮਲ ਹੀ ਨਹੀਂ ਸੀ। ਰਾਜਪ੍ਰਬੰਧ ਦਾ ਤਾਣਾਬਾਣਾ ਵੀ ਉਸ ਸਮੇਂ ਅੱਜ ਵਾਂਗ ਫੈਲਵਾਂ ਨਹੀਂ ਸੀ। ਅੱਜ ਜੋ ਅਨੇਕ ਮਾਮਲੇ ਮੰਤਰਾਲਿਆਂ ਤੇ ਵਿਭਾਗਾਂ ਦੇ ਰੂਪ ਵਿਚ ਰਾਜ ਦਾ ਸਿੱਧਾ ਸਰੋਕਾਰ ਹਨ, ਉਨ੍ਹਾਂ ਵਿਚੋਂ ਬਹੁਤੇ ਜਾਂ ਤਾਂ ਹੋਂਦ ਵਿਚ ਹੀ ਨਹੀਂ ਸੀ ਆਏ ਜਾਂ ਫੇਰ ਰਾਜ ਦੀ ਫ਼ਿਕਰਮੰਦੀ ਵਿਚ ਸ਼ਾਮਲ ਨਹੀਂ ਸੀ ਹੋਏ। ਰਾਜ ਦੀ ਚਿੰਤਾ ਬੱਸ ਇਹ ਹੁੰਦੀ ਸੀ ਕਿ ਅਮਨ-ਕਾਨੂੰਨ ਬਣਿਆ ਰਹੇ ਅਤੇ ਟੈਕਸ ਉਗਰਾਹੇ ਜਾਂਦੇ ਰਹਿਣ। ਇਸ ਉਪਰੰਤ, ਫ਼ਾਰਸੀ, ਜਿਸ ਨੂੰ ਰਣਜੀਤ ਸਿੰਘ ਨੇ ਪਹਿਲਾਂ ਵਾਂਗ ਹੀ ਰਾਜਕਾਜ ਦੀ ਭਾਸ਼ਾ ਬਣਾਈ ਰੱਖਿਆ, ਹਿੰਦੁਸਤਾਨ ਦੇ ਅੰਦਰ ਤੇ ਬਾਹਰ ਵੱਡੇ ਭੂਗੋਲਿਕ ਖੇਤਰ ਵਿਚ ਹਕੂਮਤਾਂ ਦੀ ਵਰਤੋਂ ਵਿਚ ਸੀ। ਇਸ ਕਰਕੇ ਆਪਣੇ ਰਾਜ ਦੇ ਅੰਦਰ ਸਰਕਾਰੀ ਕੰਮਕਾਜ ਨੂੰ ਬਿਨਾ ਕਿਸੇ ਵੱਡੀ ਉਥਲ-ਪੁਥਲ ਤੋਂ ਚਲਦੇ ਰੱਖਣਾ ਸਾਧਾਰਨ ਗੱਲ ਸੀ। ਇਸ ਤੋਂ ਇਲਾਵਾ ਇਹ ਗੁਆਂਢੀ ਸਰਕਾਰਾਂ ਨਾਲ ਸੰਪਰਕ ਵਿਚ ਸਹਾਈ ਹੁੰਦੀ ਸੀ।

ਪੰਜਾਬ ਦੀ ਭਾਸ਼ਾ ਸਮੱਸਿਆ ਦੇ ਬੀ ਅੰਗਰੇਜ਼ਾਂ ਨੇ ਸੋਚੀ-ਸਮਝੀ ਨੀਤੀ ਅਧੀਨ ਬੀਜੇ। ਉਨ੍ਹਾਂ ਨੇ ਰਾਜਪ੍ਰਬੰਧ ਨੂੰ ਆਧੁਨਿਕ ਲੀਹਾਂ ਉਤੇ ਉਸਾਰਨ ਅਤੇ ਕਾਰਗਰ ਢੰਗ ਨਾਲ ਚਲਾਉਣ ਲਈ ਅਮਲਾ-ਫੈਲਾ ਤਿਆਰ ਕਰਨ ਦੀ ਵਿਉਂਤ ਬਣਾਈ। ਇਸ ਉਦੇਸ਼ ਦੀ ਪੂਰਤੀ ਵਾਸਤੇ ਉਨ੍ਹਾਂ ਨੇ ਆਪਣੇ ਅਧੀਨ ਹੋ ਚੁੱਕੇ ਹਿੰਦੋਸਤਾਨੀ ਇਲਾਕੇ ਵਿਚ ਪਹਿਲੀ ਵਾਰ ਵਿੱਦਿਅਕ ਤਾਣਾਬਾਣਾ ਹੋਂਦ ਵਿਚ ਲਿਆਂਦਾ। ਸਪੱਸ਼ਟ ਹੈ ਕਿ ਗੁਰੂਕੁਲਾਂ, ਮੰਦਰਾਂ, ਮਸਜਿਦਾਂ, ਗੁਰਦੁਆਰਿਆਂ, ਡੇਰਿਆਂ ਆਦਿ 'ਤੇ ਆਧਾਰਤ ਵਿਦਿਅਕ ਪਰੰਪਰਾ ਉਸੇ ਰੂਪ ਵਿਚ ਜਾਂ ਕੁਝ ਸੋਧਾਂ ਤੇ ਵਾਧਿਆਂ ਨਾਲ ਵੀ ਕਿਸੇ ਤਰ੍ਹਾਂ ਉਨ੍ਹਾਂ ਦੀ ਲੋੜ ਦੀ ਪੂਰਤੀ ਦਾ ਵਸੀਲਾ ਨਹੀਂ ਸੀ ਬਣ ਸਕਦੀ। ਇਸ ਕਰਕੇ ਉਨ੍ਹਾਂ ਨੇ ਆਪਣਾ ਨਵਾਂ-ਨਕੋਰ ਵਿਦਿਅਕ ਢਾਂਚਾ ਕਾਇਮ ਕਰਨ ਦਾ ਫ਼ੈਸਲਾ ਕੀਤਾ। ਕੁਦਰਤੀ ਸੀ ਕਿ ਉਸ ਵਿਚ ਉਨ੍ਹਾਂ ਨੇ ਅੰਗਰੇਜ਼ੀ ਨੂੰ ਸਥਾਨਕ ਭਾਸ਼ਾਵਾਂ ਦੇ ਟਾਕਰੇ ਉਤੇ ਸਰਦਾਰੀ ਦਿੱਤੀ।

ਅੰਗਰੇਜ਼ੀ ਦੀ ਸਰਦਾਰੀ ਦਾ ਇਕ ਵਿਆਪਕ ਨਤੀਜਾ ਇਹ ਪ੍ਰਭਾਵ ਪੱਕਾ ਹੁੰਦੇ ਜਾਣ ਦੇ ਰੂਪ ਵਿਚ ਨਿੱਕਲਿਆ ਕਿ ਪੰਜਾਬੀ, ਹਿੰਦੀ ਤੇ ਉਰਦੂ ਸਬੰਧਤ ਧਰਮਾਂ ਦਾ ਵਸੀਲਾ ਹੋਣ ਕਰਕੇ ਉਨ੍ਹਾਂ ਨਾਲ ਅਟੁੱਟ ਰੂਪ ਵਿਚ ਜੁੜੀਆਂ ਹੋਈਆਂ ਹਨ। ਇਸ ਪ੍ਰਭਾਵ ਤੇ ਸੋਚ ਦਾ ਲਾਭ ਉਠਾਉਂਦਿਆਂ ਉਨ੍ਹਾਂ ਨੇ ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਵਿਚ ਆਪਣੇ ਆਪਣੇ ਧਰਮ ਦੀ ਪਰਪੱਕਤਾ ਅਤੇ ਦੂਜੇ ਧਰਮਾਂ ਦੇ ਟਾਕਰੇ ਵਡਿੱਤਣ ਦੀ ਭਾਵਨਾ ਜਗਾਉਣ ਦੀ ਚਾਲ ਚੱਲੀ। ਇਉਂ ਦੇਸੀ ਭਾਸ਼ਾਵਾਂ ਅਤੇ ਲਿਪੀਆਂ ਨੂੰ ਧਰਮਾਂ ਨਾਲ ਜੋੜ ਦਿੱਤਾ ਗਿਆ। ਭੋਲ਼ੇ ਲੋਕ ਅਤੇ ਓਨੇ ਹੀ ਭੋਲ਼ੇ ਉਨ੍ਹਾਂ ਦੇ ਧਾਰਮਿਕ ਰਾਹ-ਦਿਖਾਵੇ ਖ਼ੁਸ਼ ਸਨ ਕਿ ਉਨ੍ਹਾਂ ਦੀ ਭਾਸ਼ਾ ਅਤੇ ਲਿਪੀ ਉਨ੍ਹਾਂ ਦੇ ਧਰਮ ਦੀ ਬੁੱਕਲ ਵਿਚ ਸੁਰੱਖਿਅਤ ਹੈ। ਅੰਗਰੇਜ਼ ਖ਼ੁਸ਼ ਸਨ ਕਿ ਸਥਾਨਕ ਭਾਸ਼ਾਵਾਂ ਅਤੇ ਲਿਪੀਆਂ ਧਰਮ ਦੀ ਬੁੱਕਲ ਤੱਕ ਸੀਮਤ ਹੋ ਗਈਆਂ ਹਨ!

ਆਜ਼ਾਦੀ ਸੰਗਰਾਮ ਦੀ ਭਾਵਨਾ ਇਨ੍ਹਾਂ ਚਾਲਾਂ ਦਾ ਕਾਫ਼ੀ ਕਾਰਗਰ ਤੋੜ ਸਿੱਧ ਹੁੰਦੀ ਰਹੀ। ਉਹ ਆਮ ਲੋਕਾਂ ਨੂੰ ਧਰਮਾਂ ਅਤੇ ਭਾਸ਼ਾਵਾਂ ਦੇ ਫ਼ਰਕਾਂ ਤੋਂ ਉਚੇ ਉਠ ਕੇ ਇਕ ਹੋਣ ਦਾ ਸੱਦਾ ਦਿੰਦੀ ਰਹੀ ਅਤੇ ਇਸ ਮਨੋਰਥ ਵਿਚ ਕਾਫ਼ੀ ਸਫਲ ਵੀ ਹੋਈ। ਪਰ ਸਮੇਂ ਦਾ ਵਿਅੰਗ ਦੇਖੋ, ਅੰਗਰੇਜ਼ ਦੀ ਬੀਜੀ ਇਸ ਜ਼ਹਿਰ-ਬੂਟੀ ਨੂੰ ਆਜ਼ਾਦੀ ਸਮੇਂ ਦੇਸ਼-ਵੰਡ ਨਾਲ ਪੈਦਾ ਹੋਏ ਮਾਹੌਲ ਵਿਚ ਭਰਪੂਰ ਫਲ ਲੱਗਣ ਲੱਗੇ। ਇਹ ਸਭ ਏਨਾ ਸੱਜਰਾ ਇਤਿਹਾਸ ਹੈ ਕਿ ਇਸ ਦੇ ਵਿਸਥਾਰ ਵਿਚ ਜਾਣ ਦੀ ਕੋਈ ਲੋੜ ਨਹੀਂ ਦਿਸਦੀ।

ਇਕ ਤੱਥ ਯਾਦ ਰੱਖਣਾ ਜ਼ਰੂਰੀ ਹੈ ਅਤੇ ਉਸ ਦਾ ਵੱਡਾ ਮਹੱਤਵ ਹੈ। ਰਣਜੀਤ ਸਿੰਘ ਅਤੇ ਅੰਗਰੇਜ਼ਾਂ ਦੇ ਸਮੇਂ ਪੰਜਾਬੀ ਨੂੰ ਰਾਜਪ੍ਰਬੰਧ ਅਤੇ ਸਿੱਖਿਆ ਦੇ ਮਾਧਿਅਮ ਵਜੋਂ ਸਥਾਨ ਨਾ ਮਿਲਣ ਦੇ ਬਾਵਜੂਦ ਲੋਕਾਂ ਦੀ ਬੋਲੀ ਵਜੋਂ ਇਹਦੀ ਹੈਸੀਅਤ ਨੂੰ ਸੱਟ ਮਾਰਨ ਦੇ ਕੋਈ ਸੋਚੇ-ਸਮਝੇ ਜਤਨ ਨਹੀਂ ਸਨ ਹੋਏ। ਇਸ ਕਰਕੇ ਇਹਦੀਆਂ ਜੜਾਂ ਨੂੰ ਨੁਕਸਾਨ ਨਹੀਂ ਸੀ ਪੁੱਜਿਆ। ਰਾਜ-ਸਿੰਘਾਸਨ ਅਤੇ ਸਿੱਖਿਆ-ਸਿੰਘਾਸਨ ਤੋਂ ਬਿਨਾਂ ਵੀ ਇਹ ਸਮੂਹ ਪੰਜਾਬੀਆਂ ਦੇ, ਹਿੰਦੂ ਪੰਜਾਬੀਆਂ ਦੇ ਵੀ, ਮੁਸਲਮਾਨ ਪੰਜਾਬੀਆਂ ਦੇ ਵੀ ਅਤੇ ਸਿੱਖ ਪੰਜਾਬੀਆਂ ਦੇ ਵੀ, ਮਨ ਦੇ ਸਿੰਘਾਸਨ ਉਤੇ ਬਿਰਾਜਮਾਨ ਰਹੀ।

ਆਜ਼ਾਦੀ ਮਿਲਣ ਨਾਲ ਦੇਸੀ ਭਾਸ਼ਾਵਾਂ ਦੇ ਵਿਕਾਸ ਦੀ ਆਸ ਜਾਗਣੀ ਸੁਭਾਵਿਕ ਸੀ। ਪਰ ਸਰਕਾਰ ਨੇ ਰਾਜਨੀਤਕ ਅਤੇ ਆਰਥਿਕ ਵਾਗਾਂ ਸੰਭਾਲਣ ਵਾਂਗ ਭਾਸ਼ਾਈ ਅਤੇ ਸਭਿਆਚਾਰਕ ਨੀਤੀਆਂ ਘੜਨ ਦਾ ਕੰਮ ਵੀ ਪੂਰੀ ਤਰ੍ਹਾਂ ਆਪਣੇ ਹੱਥ ਲੈ ਕੇ ਇਨ੍ਹਾਂ ਨੂੰ ਵੀ ਆਪਣਾ ਖਿਡੌਣਾ ਬਣਾ ਲਿਆ। ਇਸੇ ਕਰਕੇ ਇਹ ਨੀਤੀਆਂ ਰੁੱਤਾਂ ਵਾਂਗ ਬਦਲਦੀਆਂ ਰਹਿੰਦੀਆਂ ਹਨ। ਚਾਹੀਦਾ ਇਹ ਸੀ ਕਿ ਇਹ ਨੀਤੀਆਂ ਤਿਆਰ ਕਰਨ ਦਾ ਕੰਮ ਭਾਸ਼ਾ ਅਤੇ ਸਭਿਆਚਾਰ ਦੇ ਗਿਆਨੀਆਂ ਦੇ ਹਵਾਲੇ ਕੀਤਾ ਜਾਂਦਾ। ਪਰ ਹੋਇਆ ਇਹ ਕਿ ਉਹ ਵਿੱਦਿਆ ਮੰਤਰੀ ਵਿਦਿਅਕ ਨੀਤੀਆਂ ਬਦਲਣ, ਬਣਾਉਣ ਤੇ ਲਾਗੂ ਕਰਨ ਲੱਗੇ ਜੋ ਜਾਂ ਤਾਂ ਉਚੀ ਪੜ੍ਹਾਈ ਦਾ ਮੂੰਹ ਨਾ ਦੇਖਿਆ ਹੋਣ ਕਾਰਨ ਭਾਸ਼ਾ-ਵਿਗਿਆਨ ਦੇ ਪੱਖੋਂ ਅਨਪੜ੍ਹ ਹੁੰਦੇ ਹਨ ਜਾਂ ਰਾਜਨੀਤੀ ਵਿਚ ਪੈ ਕੇ ਆਪਣਾ ਪੜ੍ਹਿਆ-ਵਾਚਿਆ ਸਭ ਕੁਝ ਭੁੱਲ-ਭੁਲਾ ਕੇ ਅਨਪੜ੍ਹ ਬਣ ਚੁੱਕੇ ਹੁੰਦੇ ਹਨ। ਇਹਦੇ ਨਾਲ ਹੀ ਉਹ ਆਪਣੀਆਂ ਰਾਜਨੀਤਕ ਗਿਣਤੀਆਂ-ਮਿਣਤੀਆਂ ਨੂੰ ਭਾਸ਼ਾਈ ਅਤੇ ਸਭਿਆਚਾਰਕ ਲੋੜਾਂ ਅਤੇ ਤਕਾਜ਼ਿਆਂ ਤੋਂ ਉਚੀਆਂ ਸਮਝਦੇ ਅਤੇ ਰਖਦੇ ਹਨ।

ਸਾਡੇ ਆਦਿ-ਲੇਖਕ ਬਾਬਾ ਫ਼ਰੀਦ ਤੋਂ ਲੈ ਕੇ ਹੁਣ ਤੱਕ ਪੰਜਾਬੀ ਸਾਹਿਤ ਦੇ ਵੱਡੇ ਭਾਈਵਾਲ ਰਹੇ ਮੁਸਲਮਾਨਾਂ ਨੂੰ ਪਾਕਿਸਤਾਨ, ਜਿਸ ਦੇ ਹਿੱਸੇ ਪੰਜਾਬੀਆਂ ਦਾ ਵੱਡਾ ਹਿੱਸਾ ਆ ਗਿਆ ਸੀ, ਵਿਚ ਇਹ ਪੱਕ ਕਰਵਾਇਆ ਜਾਣ ਲੱਗਾ ਕਿ ਉਨ੍ਹਾਂ ਦਾ ਅਸਲ ਰਿਸ਼ਤਾ ਪੰਜਾਬੀ ਨਾਲ ਨਹੀਂ, ਉਰਦੂ ਨਾਲ ਹੈ। ਰਾਜਪ੍ਰਬੰਧ ਅਤੇ ਸਿੱਖਿਆ ਵਿਚ ਪੰਜਾਬੀ ਨੂੰ ਨਕਾਰ ਕੇ ਉਰਦੂ ਦੇ ਝੰਡੇ ਗੱਡ ਦਿੱਤੇ ਗਏ। ਅਖੌਤੀ ਉਪਰਲੇ ਤਬਕੇ ਦੇ ਪੰਜਾਬੀਆਂ ਨੇ ਗੱਲਬਾਤ ਲਈ ਉਰਦੂ ਅਪਨਾ ਲਈ। ਹਾਲਤ ਏਨੀ ਨਿੱਘਰ ਗਈ ਕਿ ਪਾਕਿਸਤਾਨੀ ਪੰਜਾਬ ਦੀ ਅਸੈਂਬਲੀ ਵਿਚ ਪੰਜਾਬੀ ਵਿਚ ਤਕਰੀਰ ਕਰਨ ਦੀ ਮਨਾਹੀ ਕਰ ਦਿੱਤੀ ਗਈ। (ਹੁਣ ਸ਼ਾਇਦ ਇਹ ਮਨਾਹੀ ਤਾਂ ਰੱਦ ਕਰ ਦਿੱਤੀ ਗਈ ਹੈ ਪਰ ਪਤਾ ਨਹੀਂ, ਇਹ ਹੱਕ ਕੋਈ ਵਰਤਦਾ ਵੀ ਹੈ ਕਿ ਨਹੀਂ।) ਇਧਰ ਪਹੁੰਚਦੀਆਂ ਉਧਰਲੀ ਪੰਜਾਬੀ ਦੀ ਤਰੱਕੀ ਦੀਆਂ ਖ਼ਬਰਾਂ ਬਹੁਤ ਵਧਾ-ਚੜ੍ਹਾ ਕੇ ਦੱਸੀਆਂ ਹੁੰਦੀਆਂ ਹਨ। ਇਹਤੋਂ ਵੀ ਮਾੜੀ ਗੱਲ, ਇਧਰਲੇ ਪੰਜਾਬ ਵਿਚ ਆਪਣੇ ਆਪ ਨੂੰ ਆਮ ਲੋਕਾਂ ਨਾਲੋਂ ਉਚਾ ਸਮਝਣ ਵਾਲੇ ਤਬਕੇ ਵਿਚ ਪੰਜਾਬੀ ਦੀ ਥਾਂ ਘਰਾਂ ਵਿਚ ਅੰਗਰੇਜ਼ੀ ਜਾਂ ਹਿੰਦੀ ਬੋਲਣ ਦਾ ਰੁਝਾਨ ਵਧ ਰਿਹਾ ਹੈ, ਭਾਵੇਂ ਕਿ ਪਾਕਿਸਤਾਨ ਦੇ ਟਾਕਰੇ ਇਸ ਅਮਲ ਦੀ ਰਫ਼ਤਾਰ ਅਜੇ ਕਾਫ਼ੀ ਘੱਟ ਹੈ।



ਇਹ ਆਸ ਰੱਖਣਾ ਬਿਲਕੁਲ ਜਾਇਜ਼ ਸੀ ਕਿ ਪੰਜਾਬੀ ਸੂਬਾ ਬਣਨ ਪਿਛੋਂ, ਖਾਸ ਕਰਕੇ ਪੰਜਾਬੀ ਸੂਬੇ ਦੇ ਮੁੱਦਈ ਕਹਾਉਂਦੇ ਰਾਜਨੀਤਕ ਆਗੂਆਂ ਦੇ ਗੱਦੀ ਉਤੇ ਬੈਠਣ ਪਿਛੋਂ ਪੰਜਾਬੀ ਨੂੰ ਰਾਜਭਾਸ਼ਾ ਦਾ ਦਰਜਾ ਮਿਲ ਜਾਂਦਾ। ਪਰ ਇਤਿਹਾਸ ਹੈਰਾਨ ਹੋਇਆ ਕਰੇਗਾ ਕਿ ਅਜਿਹਾ ਹੋਇਆ ਨਾ। ਮੇਰਾ ਮੱਤ ਹੈ ਕਿ ਜੇ ਲਛਮਣ ਸਿੰਘ ਗਿੱਲ ਦੀ ਟੁੱਟਣ ਲਈ ਹੀ ਬਣੀ ਸਰਕਾਰ ਇਹ ਕਦਮ ਨਾ ਚੁਕਦੀ, ਕਿਸੇ ਅਕਾਲੀ ਜਾਂ ਕਾਂਗਰਸੀ ਸਰਕਾਰ ਨੇ ਅੱਜ ਤੱਕ ਵੀ ਪੰਜਾਬੀ ਨੂੰ ਰਾਜਭਾਸ਼ਾ ਨਹੀਂ ਸੀ ਬਣਾਉਣਾ ਅਤੇ ਪੰਜਾਬੀ ਲੇਖਕਾਂ ਨੇ ਚੰਡੀਗੜ੍ਹ ਦੇ ਮਟਕਾ ਚੌਕ ਵਿਚ ਉਸੇ ਤਰ੍ਹਾਂ ਧਰਨੇ ਦਿੰਦੇ ਰਹਿਣਾ ਸੀ ਜਿਵੇਂ ਹੁਣ ਉਹ ਬਣਿਆ ਹੋਇਆ ਭਾਸ਼ਾਈ ਕਾਨੂੰਨ ਲਾਗੂ ਕਰਵਾਉਣ ਲਈ ਅਤੇ ਉਹਦੀਆਂ ਕਮਜ਼ੋਰੀਆਂ ਦੂਰ ਕਰਵਾਉਣ ਲਈ ਅਕਸਰ ਦਿੰਦੇ ਰਹਿੰਦੇ ਹਨ।

ਛੋਟੇ-ਵੱਡੇ ਬਾਬੂ ਹਮੇਸ਼ਾ ਹਾਕਮਾਂ ਦੀ ਅੱਖ ਵੱਲ ਦੇਖ ਕੇ ਕੰਮ ਕਰਦੇ ਹਨ। ਗਿੱਲ ਦੀ ਕੌੜੀ ਅੱਖ ਦੇਖਦਿਆਂ ਟਾਈਪ ਦੀਆਂ ਅੰਗਰੇਜ਼ੀ ਮਸ਼ੀਨਾਂ ਦਫ਼ਤਰਾਂ ਦੀਆਂ ਅਲਮਾਰੀਆਂ ਉਤੇ ਸੁੱਟ ਕੇ ਪੰਜਾਬੀ ਦੀਆਂ ਮਸ਼ੀਨਾਂ ਖ਼ਰੀਦ ਲਈਆਂ ਗਈਆਂ ਸਨ। ਉਹਦੀ ਸਰਕਾਰ ਦਾ ਡਿੱਗਣਾ ਸੀ ਕਿ ਪੰਜਾਬੀ ਦੀਆਂ ਮਸ਼ੀਨਾਂ ਪਰੇ ਸੁਟਦਿਆਂ ਅੰਗਰੇਜ਼ੀ ਦੀਆਂ ਮਸ਼ੀਨਾਂ ਝਾੜ-ਪੂੰਝ ਕੇ ਫੇਰ ਮੇਜ਼ਾਂ ਉਤੇ ਸਜਾ ਲਈਆਂ ਗਈਆਂ। ਇਸ ਤੱਥ ਉਤੇ ਕਿਸ ਨੂੰ ਹਾਸਾ ਨਹੀਂ ਆਵੇਗਾ ਕਿ ਅੱਜ ਵੀ ਰਸਮ ਪੂਰੀ ਕਰਨ ਲਈ ਦਫ਼ਤਰਾਂ ਵਿਚ ਪੰਜਾਬੀ ਲਾਗੂ ਕਰਨ ਦੀਆਂ ਹਦਾਇਤਾਂ ਅਨੇਕ ਵਾਰ ਅੰਗਰੇਜ਼ੀ ਵਿਚ ਭੇਜੀਆਂ ਜਾਂਦੀਆਂ ਹਨ।

ਆਰਥਿਕ ਵਿਸ਼ਵੀਕਰਨ ਦੇ ਨਾਲ ਨਾਲ ਸੂਚਨਾ, ਦੂਰਸੰਚਾਰ ਅਤੇ ਕੰਪਿਊਟਰ ਤਕਨਾਲੋਜੀ ਦੇ ਦੰਗ ਕਰ ਦੇਣ ਵਾਲੇ ਵਿਕਾਸ ਨੇ ਅੰਗਰੇਜ਼ੀ ਭਾਸ਼ਾ ਦੀ ਮਹੱਤਤਾ ਬਹੁਤ ਵਧਾ ਦਿੱਤੀ ਹੈ। ਇਸ ਦਾ ਕਾਰਨ ਇਹਦੀਆਂ ਕੋਈ ਭਾਸ਼ਾਈ ਵਿਸ਼ੇਸ਼ਤਾਵਾਂ ਨਹੀਂ। ਸਗੋਂ ਲਿਪੀ ਦੀਆਂ ਕਮਜ਼ੋਰੀਆਂ ਅਤੇ ਵਿਆਕਰਨ ਦੀਆਂ ਬੇਨੇਮੀਆਂ ਇਹਨੂੰ ਊਣੀ ਭਾਸ਼ਾ ਬਣਾਉਂਦੀਆਂ ਹਨ। ਇਕ ਤਾਂ ਬਸਤੀਵਾਦੀ ਸਾਮਰਾਜ ਦੀ ਭਾਸ਼ਾ ਹੋਣ ਕਰਕੇ ਇਹਦੀ ਪਹੁੰਚ ਵੱਡੇ ਭੂਗੋਲਿਕ ਖੇਤਰ ਤੱਕ ਹੋ ਗਈ ਅਤੇ ਦੂਜੇ, ਇਹਦੇ ਮਾਧਿਅਮ ਰਾਹੀਂ ਖੋਜ-ਕਾਰਜ ਸਦਕਾ ਹੋਇਆ ਵਿਗਿਆਨਕ-ਤਕਨਾਲੋਜੀਕਲ ਵਿਕਾਸ ਇਹਦੇ ਮਹੱਤਵ ਵਿਚ ਵਾਧਾ ਕਰਦਾ ਹੈ।

ਅੰਗਰੇਜ਼ੀ ਵਿਚ ਹੋਰ ਭਾਸ਼ਾਵਾਂ ਦੇ ਸ਼ਬਦਾਂ ਨੂੰ ਅਪਨਾ ਕੇ ਅਮੀਰ ਹੋਣ ਦੀ ਵੀ ਬੜੀ ਸਮਰੱਥਾ ਹੈ। ਉਹ ਸਾਡੇ ਵਾਂਗ ਫ਼ੋਨ ਨੂੰ 'ਦੂਰਭਾਸ਼', ਸਬਵੇਅ ਨੂੰ 'ਭੂਮੀਗਤ ਪੈਦਲ ਪਾਰ ਪਥ' ਅਤੇ ਜੂਨੀਅਰ ਇੰਜੀਨੀਅਰ ਨੂੰ 'ਕਨਿਸ਼ਟ ਅਭਿਅੰਤਾ' ਨਹੀਂ ਬਣਾਉਂਦੇ ਸਗੋਂ ਅੰਗਰੇਜ਼ੀ-ਭਾਸ਼ੀ ਲੋਕਾਂ ਵਿਚ ਹੋਰ ਭਾਸ਼ਾਵਾਂ ਦੇ ਪ੍ਰਚਲਿਤ ਹੁੰਦੇ ਰਹਿੰਦੇ ਸ਼ਬਦਾਂ ਨੂੰ ਉਸੇ ਰੂਪ ਵਿਚ ਆਪਣੇ ਕੋਸ਼ਾਂ ਵਿਚ ਸ਼ਾਮਲ ਕਰਦੇ ਰਹਿੰਦੇ ਹਨ। ਉਨ੍ਹਾਂ ਲਈ ਹੁੱਕਾ, ਬਿੰਦੀ, ਸਾੜ੍ਹੀ-ਸਭ ਇਹੋ ਹਨ।

ਅੰਗਰੇਜ਼ੀ ਦੇ ਇਸ ਦਬਦਬੇ ਦਾ ਰਾਹ ਸਾਡੀ ਭਾਸ਼ਾਈ ਹੀਣ-ਭਾਵਨਾ ਹੋਰ ਸੌਖਾ ਕਰ ਦਿੰਦੀ ਹੈ ਜਿਸ ਸਦਕਾ ਅੰਗਰੇਜ਼ੀ ਬੋਲਣ ਨੂੰ, ਭਾਵੇਂ ਉਹ ਗ਼ਲਤ ਹੀ ਹੋਵੇ, ਮਾਣ ਵਾਲੀ ਗੱਲ ਸਮਝਿਆ ਜਾਂਦਾ ਹੈ।

**(ਚਲਦਾ)**

## ਕਾਵਿ-ਵਿਅੰਗ

### *ਭਗਵੀਂ ਬਿੱਲੀ ਦੀ ਮਿਆਊਂ*

ਦੇਸ਼ ਵਾਸੀਓ, ਸੁਣੋ ਜ਼ਰਾ ਕੰਨ ਧਰ ਕੇ
ਤੁਹਾਡਾ ਕੀਤਾ ਅਹਿਸਾਨ ਲਾਹ ਦਿਆਂਗੇ।
ਦੇਸ਼ ਖਾਤਰ ਅਸੀਂ ਅੱਕ ਵੀ ਚੱਬ ਲਾਂਗੇ
ਦੁੱਖ, ਤਕਲੀਫਾਂ ਤੁਹਾਡੇ ਮੁਕਾ ਦਿਆਂਗੇ।
ਭਾਰਤ ਵਰਸ਼ ਦਾ ਸ਼ੁੱਧੀ ਕਰਨ ਕਰ ਕੇ
ਹਿੰਦੂਤਵ ਵਾਲਾ ਕੇਸਰੀ ਝੁਲਾ ਦਿਆਂਗੇ।
ਅੰਦਰੋਂ ਬਾਹਰੋਂ ਕਰ ਦੇਵਾਂਗੇ ਸ਼ੁੱਧ ਸਾਰੇ
ਭਗਵੇਂ ਰੰਗਾਂ ਵਿਚ, ਸਭ ਰੰਗਾ ਦਿਆਂਗੇ।
ਕਲਮੇ-ਸ਼ਲਮੇ, ਜੈਕਾਰੇ ਨਹੀਂ ਹੋਣ ਦੇਣੇ
ਗੀਤਾ ਗਾਇਤ੍ਰੀ ਯਾਦ ਕਰਵਾ ਦਿਆਂਗੇ।
ਅੱਲਾ ਹੂ ਅਕਬਰ, ਸੋ ਨਿਹਾਲ ਦੀ ਥਾਂ
ਜੈ ਬਜਰੰਗ ਦੇ ਨਾਹਰੇ ਲਗਵਾ ਦਿਆਂਗੇ।
ਬਾਂਗ, ਸੰਖ ਨਹੀਂ ਕਿਤੇ ਸੁਣਾਈ ਦੇਸਣ
ਏਡੇ ਟੱਲ, ਘੜਿਆਲ ਖੜਕਾ ਦਿਆਂਗੇ।
ਗ੍ਰੰਥ-ਸ਼੍ਰੰਥ ਤੇ ਬਾਈਬਲਾਂ, ਕੁਰਾਨ ਸਾਰੇ
ਵੈਦਿਕ, ਸੰਸਕ੍ਰਿਤ 'ਚ ਉਲਥਾ ਦਿਆਂਗੇ।
ਗੁਰੂਦੁਆਰੇ, ਮਸਜਿਦਾਂ, ਸਾਰਿਆਂ ਵਿਚ
ਪੂਜਾ, ਹਵਨ, ਜੱਗ ਸ਼ੁਰੂ ਕਰਾ ਦਿਆਂਗੇ।
ਸਕੂਲ, ਕਾਲਜ ਜਾ ਕਰਾਂਗੇ ਬੰਦ ਸਾਰੇ
ਜਗ੍ਹਾ ਜਗ੍ਹਾ 'ਤੇ ਵੈਦਿਕ ਖੁਲ੍ਹਾ ਦਿਆਂਗੇ।
ਓਮ, ਜੈ ਜਗਦੀਸ਼, ਵਾਲੀ ਆਰਤੀ ਦਾ
ਰਟਨ, ਮੂੰਹ-ਜਬਾਨੀ ਕਰਵਾ ਦਿਆਂਗੇ।
ਨਾਤਾਂ-ਕਵਾਲੀਆਂ, ਕੀਰਤਨ ਦੀ ਥਾਂਵੇਂ
ਭੇਟਾਂ ਸਾਰਿਆਂ ਨੂੰ ਗਾਉਣ ਲਾ ਦਿਆਂਗੇ।
ਹਿੰਦੂ, ਹਿੰਦੀ ਅਤੇ ਹਿੰਦੂ-ਸਤਾਨ ਵਾਲਾ
ਜ਼ੱਰੇ, ਜ਼ੱਰੇ 'ਚ ਨਾਹਰਾ ਖੁਦਵਾ ਦਿਆਂਗੇ।
ਦੁੱਕੀ, ਤਿੱਕੀ ਨਹੀਂ ਇਥੇ ਰਹਿਣ ਦੇਣੀ
ਯੱਕੇ ਹੁਕਮ ਵਾਲੇ, ਐਸੇ ਚੜ੍ਹਾ ਦਿਆਂਗੇ।
ਇਕ ਕਰਾਂਗੇ, ਚਾ ਢਾਲ ਕੇ ਟੋਏ ਟਿੱਬੇ
ਲਹਿੰਦੇ-ਚੜ੍ਹਦੇ ਕਰਾਹਾ ਫਿਰਾ ਦਿਆਂਗੇ।
ਨਹਿਰੂ, ਗਾਂਧੀ, ਪਟੇਲ ਅਤੇ ਸੰਤ-ਬਾਬੇ
ਮੁਲਾਂ, ਮੌਲਵੀ ਸਭ ਮਨੋਂ ਭੁਲਾ ਦਿਆਂਗੇ।
ਰਾਜਨੀਤੀ ਸੰਭਾਲਾਂਗੇ ਵਰਲਡ ਵਾਲੀ
ਨੀਤੀ ਚਾਣਕੀਏ ਵਾਲੀ ਚਲਾ ਦਿਆਂਗੇ
ਐਟਮ ਬੰਬ, ਮੀਜ਼ਾਈਲਾਂ ਤੇ ਟੈਂਕ ਤੋਪਾਂ
ਬਣਾ ਬਣਵਾ ਕੇ ਢੇਰ ਲਗਵਾ ਦਿਆਂਗੇ।
ਫੇਰ ਵੇਖ ਲਾਂਗੇ ਕਰਦਾ ਏ ਕੌਣ ਚੈਲੰਜ
ਸਭ ਦੇ ਸਭ ਇਕੋ ਵਾਰ ਚਲਾ ਦਿਆਂਗੇ।
ਭਾਰਤ ਵਰਸ਼ ਦਾ, ਸੰਖ, ਤ੍ਰਿਸ਼ੂਲ ਵਾਲਾ
ਸਾਰੇ ਜਗਤ 'ਤੇ ਭਗਵਾ ਝੁਲਾ ਦਿਆਂਗੇ।
ਫੇਰ ਕਰਾਂਗੇ ਧਿਆਨ ਦੇਸ਼ ਵੱਲ ਸਾਰਾ
ਭਾਗਯ ਦੇਸ਼ ਦੀ ਝੱਟ ਪਲਟਾ ਦਿਆਂਗੇ।
ਸੁਦੇਸ਼ੀ ਔਸ਼ਧੀਆਂ, ਵਸਤ੍ਰ, ਗੰਗਾ ਜਲ
ਦੇਸ਼ ਵਾਸੀਆਂ ਨੂੰ ਵਰਤਣ ਲਾ ਦਿਆਂਗੇ।
ਗੋ-ਮੂਤਰ ਦਾ ਟੌਨਿਕ ਪਿਆ ਪਿਆ ਕੇ
ਅਸਾਧ, ਰੋਗਾਂ ਨੂੰ ਜੜ੍ਹੋਂ ਮੁਕਾ ਦਿਆਂਗੇ।
ਬੱਸ ਚਾਂਦੀ ਹੋਵੇਗੀ ਇਥੇ ਵਪਾਰੀਆਂ ਦੀ
ਭਾ ਚੀਜਾਂ ਦੇ ਅਸਮਾਨੀ ਚੜ੍ਹਾ ਦਿਆਂਗੇ।
ਆਟਾ, ਚਾਵਲ ਤੇ ਚੀਨੀ ਦੀ ਗੱਲ ਛੱਡੋ
ਆਲੂ, ਪਿਆਜ਼ ਦੁਰਲਭ ਬਣਾ ਦਿਆਂਗੇ।
ਦਾਲਾਂ ਸਬਜ਼ੀਆਂ ਕਿਤੇ ਦਿਸਣੀਆਂ ਨ੍ਹੀਂ
ਰਾਸ਼ਨ ਕਾਰਡ ਉਤੇ ਪਾਣੀ ਲਾ ਦਿਆਂਗੇ।
ਬਹੁਤੇ ਮਰ ਜਾਣਗੇ ਭੁੱਖ ਦੇ ਦੁੱਖ ਹੱਥੋਂ
ਰਹਿੰਦੇ, ਜੰਗ ਵਿਚ ਭੇਜ ਮੁਕਾ ਦਿਆਂਗੇ।
ਇਲਾਜ ਕਰਾਂਗੇ ਐਸਾ ਭੁੱਖ ਨੰਗ ਵਾਲਾ
ਕਲੰਕ ਦੇਸ਼ ਦੇ ਮੱਥਿਓਂ ਮਿਟਾ ਦਿਆਂਗੇ।
ਚੜ੍ਹਦੇ ਸੂਰਜ ਨਿੱਤ ਕਰ ਕੇ ਖਾਣ ਵਾਲੇ
ਕਿਸਾਨ, ਕਾਮੇ ਸਿੱਧੇ ਰਾਹ ਪਾ ਦਿਆਂਗੇ।
ਏਥੇ ਚੂੰ ਚਾਂ ਨਹੀਂ ਕਿਸੇ ਨੂੰ ਕਰਨ ਦੇਣੀ
ਧਰਨੇ, ਮੁਜ਼ਾਹਰੇ ਬੰਦ ਕਰਵਾ ਦਿਆਗੇ।
ਬੱਸ, ਦੰਦਾਂ ਥੱਲੇ ਜਰਾ ਕੁ ਜੀਭ੍ਹ ਦੇ ਲਓ
ਰਾਜ ਕਰੀਦਾ ਐ ਕਿਵੇਂ ਸਮਝਾ ਦਿਆਂਗੇ।
ਹਿੰਦੁਸਤਾਨ 'ਚ ਕੌਣ ਕੌਣ ਰਹਿ ਸਕਦੈ
ਜਲਦੀ ਸਾਰਿਆਂ ਦੇ ਖਾਨੇ ਪਾ ਦਿਆਂਗੇ।
ਢਾਈ ਪਾ ਖਿਚੜੀ ਵੱਖ ਪਕਾਉਣ ਵਾਲੇ
ਮੁੜ ਕੇ ਟੱਬਰ ਦੇ ਵਿਚ ਰਲਾ ਦਿਆਂਗੇ।
ਸੌਂਦੇ ਜਾਗਦੇ ਨਿੱਤ ਕਰਨਗੇ ਯਾਦ ਲੋਕੀਂ
ਹਿੰਦੂ-ਹਿੰਦੀ ਦੀ ਹਨੇਰੀ ਝੁਲਾ ਦਿਆਂਗੇ।
ਮੱਥੇ ਤਿਲਕ ਸਭ ਦੇ ਤੇ ਗਲ ਵਿਚ ਜੰਞੂ
ਗਜ, ਗਜ ਲੰਮੀ ਬੋਦੀ ਰਖਵਾ ਦਿਆਂਗੇ।
ਹੱਥ ਵਿਚ ਸੰਖ, ਤ੍ਰਿਸ਼ੂਲ ਤੇ ਤੇੜ ਧੋਤੀ
ਮੋਢੀਂ ਤੀਰ, ਕਮਾਨ ਟੰਗਵਾ ਦਿਆਂਗੇ।
'ਰਾਮ-ਰਾਜ' ਲਿਆਵਾਂਗੇ ਚੰਨ ਐਸਾ
ਨਾਨੀ ਸਭ ਨੂੰ ਯਾਦ ਕਰਵਾ ਦਿਆਂਗੇ।

***-ਚੰਨ, ਫੋਨ: 908-788-8427***

# ਅਮਰ ਸ਼ਹੀਦ-ਜਤਿਨ ਦਾਸ

ਓ ਦੁਨੀਆਂ ਦੇ ਬੰਦਿਓ,
ਪੂਜੋ ਉਨ੍ਹਾਂ ਨੇਕ ਇਨਸਾਨਾਂ ਨੂੰ,
ਦੇਸ਼ ਦੀ ਖਾਤਿਰ ਵਾਰ ਗਏ ਜੋ
ਪਿਆਰੀਆਂ ਪਿਆਰੀਆਂ ਜਾਨਾਂ ਨੂੰ।
-ਨੰਦ ਲਾਲ ਨੂਰਪੁਰੀ

ਹਿੰਦੁਸਤਾਨ ਦੇ ਆਜ਼ਾਦੀ-ਸੰਗਰਾਮ ਦੇ ਇਤਿਹਾਸ ਵਿਚ ਸ਼ਹੀਦ ਜਤਿੰਦਰ ਨਾਥ ਦਾਸ (ਪ੍ਰਚਲਿਤ ਨਾਂ 'ਜਤਿਨ ਦਾਸ') ਦਾ ਨਾਂ ਰਹਿੰਦੀ ਦੁਨੀਆਂ ਤਕ ਰਹੇਗਾ। ਜੋਬਨ ਵਰੇਸੇ (24-25 ਸਾਲ) ਉਸ ਨੇ ਦੇਸ਼ ਲਈ ਆਪਣਾ ਜੀਵਨ ਕੁਰਬਾਨ ਕੀਤਾ ਅਤੇ ਇਨਕਲਾਬੀ ਆਦਰਸ਼ਾਂ ਪ੍ਰਤਿ ਆਪਣੀ ਸੁਦ੍ਰਿੜ ਆਸਥਾ ਪ੍ਰਗਟਾਈ। 63 ਦਿਨ ਦੀ ਲੰਬੀ ਅਤੇ ਲਗਾਤਾਰ ਭੁੱਖ-ਹੜਤਾਲ 'ਤੇ ਰਹਿ ਕੇ ਜਿਸ ਸਿਦਕ ਅਤੇ ਸਿਰੜ ਨਾਲ ਉਹ ਤਿਲ ਤਿਲ ਕਰਕੇ ਲਾੜੀ ਮੌਤ ਨੂੰ ਵਿਆਹੁਣ

**ਕੁਲਦੀਪ ਸਿੰਘ, ਯੂਨੀਅਨ ਸਿਟੀ**

ਲਈ ਅੱਗੇ ਵਧਦਾ ਰਿਹਾ, ਉਹ ਆਪਣੇ ਆਪ ਵਿਚ ਮਹਾਨ ਤਪ, ਤਿਆਗ ਤੇ ਬਲੀਦਾਨ ਦੀ ਬੇਮਿਸਾਲ ਅਤੇ ਅਨੋਖੀ ਘਟਨਾ ਹੈ। ਉਹ 13 ਸਤੰਬਰ 1929 ਨੂੰ ਦੁਪਹਿਰ 1:10 'ਤੇ ਬੋਰਸਟਲ ਜੇਲ੍ਹ ਲਾਹੌਰ ਵਿਚ ਸ਼ਹੀਦ ਹੋਇਆ। ਉਸ ਦੀ ਸ਼ਹੀਦੀ ਨੇ ਭਾਰਤ ਦੇ ਆਜ਼ਾਦੀ ਦੇ ਸੰਘਰਸ਼ ਵਿਚ ਨਵੀਂ ਰੂਹ ਫੂਕ ਦਿੱਤੀ ਅਤੇ ਬਰਤਾਨਵੀ ਹਕੂਮਤ ਨੂੰ ਹੱਥਾਂ-ਪੈਰਾਂ ਦੀ ਪੈ ਗਈ।

ਜਤਿਨ ਦਾਸ ਦੱਖਣੀ ਕਲਕੱਤਾ (ਹੁਣ ਕੋਲਕਾਤਾ), ਭਵਾਨੀਪੁਰ ਦਾ ਨਿਵਾਸੀ ਸੀ। 16 ਪ੍ਰਾਣਨਾਥ ਪੰਡਿਤ ਮਾਰਗ 'ਤੇ ਉਸ ਦੇ ਪਿਤਾ ਸ੍ਰੀ ਬੰਕਿਮ ਬਿਹਾਰੀ ਦਾਸ ਦਾ ਆਪਣਾ ਨਿਜੀ ਵੱਡਾ ਘਰ ਸੀ ਜਿਥੇ 27 ਅਕਤੂਬਰ 1904 ਨੂੰ ਉਸ ਦਾ ਜਨਮ ਹੋਇਆ। ਉਹ ਅਜੇ ਦਸ ਸਾਲ ਦਾ ਹੀ ਸੀ ਕਿ ਉਸ ਦੇ ਮਾਤਾ ਜੀ ਅਕਾਲ ਚਲਾਣਾ ਕਰ ਗਏ। ਉਸ ਦਾ ਇਕ ਛੋਟਾ ਭਰਾ ਕਿਰਨ ਚੰਦਰ ਦਾਸ ਤੇ ਇਕ ਛੋਟੀ ਭੈਣ ਵੀ ਸੀ। ਇਹ ਭੈਣ ਸਖ਼ਤ ਬੀਮਾਰ ਰਹਿ ਕੇ 1925 'ਚ ਗੁਜ਼ਰ ਗਈ ਸੀ। ਸਰ ਰੋਮੇਸ਼ ਮਿੱਤਰ ਸਕੂਲ, ਕਲਕੱਤਾ ਤੋਂ ਜਤਿਨ ਦਾਸ ਨੇ ਐਂਟਰੈਂਸ ਪਾਸ ਕੀਤੀ। ਦੱਖਣੀ ਕਲਕੱਤਾ ਦੇ ਸਾਊਥ ਸਬ-ਅਰਬਨ ਕਾਲਜ (ਹੁਣ ਆਸ਼ੂਤੋਸ਼ ਕਾਲਜ) ਤੋਂ ਇੰਟਰਮੀਡੀਏਟ ਪਾਸ ਕਰਕੇ ਬੰਗਵਾਸੀ ਕਾਲਜ ਅਤੇ ਵਿਦਿਆਸਾਗਰ ਕਾਲਜ ਕਲਕੱਤਾ ਵਿਚ ਬੀ.ਏ. ਦੀ ਪੜ੍ਹਾਈ ਕਰਨ ਦਾ ਮੌਕਾ ਮਿਲਿਆ। ਵਿਦਿਆਰਥੀ ਜੀਵਨ ਦੌਰਾਨ ਕਈ ਵਾਰ ਉਸ ਨੂੰ ਦੇਸ਼ ਭਗਤੀ ਦੇ ਕਾਰਜਾਂ 'ਚ ਹਿੱਸਾ ਲੈਣ ਕਰਕੇ ਗ੍ਰਿਫਤਾਰ ਹੋਣਾ ਪਿਆ ਅਤੇ ਨਾਲ ਹੀ ਜੇਲ੍ਹ 'ਚ ਸਜ਼ਾ ਭੁਗਤਣੀ ਪਈ।

ਬੰਗਾਲ ਦੀ ਖੁਫੀਆ ਅਤੇ ਅਤਿ ਕ੍ਰਾਂਤੀਕਾਰੀ ਸੰਸਥਾ ਦਾ ਨਾਮ 'ਅਨੁਸ਼ੀਲਨ ਸਮਿਤੀ' ਸੀ। ਇਹ ਸੰਸਥਾ 24 ਮਾਰਚ 1902 ਨੂੰ ਹੋਂਦ ਵਿਚ ਆਈ ਸੀ। ਸੰਗਠਨ ਦੇ ਮੁਖੀ ਸਥਾਪਕਾਂ ਵਿਚ ਅਰਬਿੰਦ ਘੋਸ਼, ਪਰਮਾਥ ਮਿੱਤਰਾ ਬਾਰ-ਐਟ-ਲਾਅ, ਅਤੇ ਚਿੱਤਰੰਜਨ ਦਾਸ ਆਦਿ ਸਨ। ਜਤਿਨ ਦਾਸ ਨੂੰ ਪਹਿਲਾਂ ਪਹਿਲ 'ਅਨੁਸ਼ੀਲਨ ਸਮਿਤੀ' ਦੇ ਇਨਕਲਾਬੀ ਨੌਜਵਾਨਾਂ ਦੇ ਸੰਪਰਕ ਵਿਚ ਧੀਰੇਨ ਮੁਖਰਜੀ ਅਤੇ ਸੁਸ਼ੀਲ ਬੈਨਰਜੀ ਲੈ ਕੇ ਆਏ। 5 ਫਰਵਰੀ 1922 ਨੂੰ 'ਚੌਰੀ ਚੌਰਾ' ਘਟਨਾ ਤੋਂ ਬਾਅਦ ਮਹਾਤਮਾ ਗਾਂਧੀ ਨੇ ਸਿੱਧੀ ਕਾਰਵਾਈ ਦੇ ਅੰਦੋਲਨ ਕਰੀਬ ਪੂਰੀ ਤਰ੍ਹਾਂ ਮੁਅੱਤਲ ਕਰ ਦਿੱਤੇ। ਗਰਮ ਖਿਆਲੀ ਨੌਜਵਾਨਾਂ ਨੇ ਇਕ ਨਵੀਂ ਪਾਰਟੀ 'ਹਿੰਦੁਸਤਾਨ ਰਿਪਬਲਿਕਨ ਐਸੋਸੀਏਸ਼ਨ' (ਐਚ. ਆਰ. ਏ.) ਦੀ ਸਥਾਪਨਾ ਕੀਤੀ। ਫਿਰ ਬਾਅਦ ਵਿਚ ਅਨੁਸ਼ੀਲਨ ਸਮਿਤੀ ਅਤੇ ਐਚ. ਆਰ. ਏ. ਦੀਆਂ ਸਰਗਰਮੀਆਂ ਆਪਸ ਵਿਚ ਜੁੜ ਗਈਆਂ। ਇਸ ਸਮੇਂ ਦੌਰਾਨ ਹੀ ਜਤਿਨ ਦਾਸ ਭਗਤ ਸਿੰਘ ਅਤੇ ਰਾਜੇਨ ਲਾਹਿਰੀ ਵਰਗੇ ਲੋਕਾਂ ਨਾਲ ਗਹਿਰੇ ਸੰਪਰਕ ਵਿਚ ਆ ਗਿਆ। ਇਨ੍ਹਾਂ ਦਿਨਾਂ ਵਿਚ ਹੀ ਜਤਿਨ ਦਾਸ ਨੇ ਪਹਿਲਾਂ ਬੰਬ ਬਣਾਉਣੇ ਆਪ ਸਿੱਖੇ ਅਤੇ ਫਿਰ ਹੋਰ ਕ੍ਰਾਂਤੀਕਾਰੀਆਂ ਨੂੰ ਸਿਖਾਏ।

ਸਾਂਡਰਸ ਦੇ ਕਤਲ ਤੋਂ ਬਾਅਦ ਗੋਰੀ ਵਿਦੇਸ਼ੀ ਸਰਕਾਰ ਕਾਤਲਾਂ ਦਾ ਪਤਾ ਲਾ ਹੀ ਰਹੀ ਸੀ ਕਿ 8 ਅਪਰੈਲ 1929 ਨੂੰ ਅਸੰਬਲੀ ਵਿਚ ਬੰਬ ਸੁਟਣ ਦੇ ਅਪਰਾਧ (ਸਾਡੇ ਲਈ 'ਕਾਰਨਾਮਾ') ਵਿਚ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਫੜੇ ਗਏ। ਸਰਕਾਰ ਨੇ ਇਸ ਘਟਨਾ ਨੂੰ ਲਾਹੌਰ ਸਾਜ਼ਿਸ਼ ਨਾਲ ਸਬੰਧਤ ਕਰ ਲਿਆ। ਫਿਰ ਕੀ ਸੀ, ਵੱਖ ਵੱਖ ਸੂਬਿਆਂ ਤੋਂ 23 ਮਨੁੱਖ ਫੜ ਕੇ ਲਾਹੌਰ ਲਿਆਂਦੇ ਗਏ। ਇਨ੍ਹਾਂ ਵਿਚੋਂ 7 ਸਰਕਾਰੀ ਗਵਾਹ ਬਣ ਗਏ ਅਤੇ ਬਾਕੀ 16 'ਤੇ ਮੁਕੱਦਮਾ ਚਲਾਇਆ ਗਿਆ। ਇਸੇ ਸਬੰਧ ਵਿਚ ਹੀ 14 ਜੂਨ 1929 ਨੂੰ ਜਤਿਨ ਦਾਸ ਨੂੰ ਕਲਕੱਤੇ ਵਿਚ ਗ੍ਰਿਫਤਾਰ ਕਰਕੇ ਲਾਹੌਰ ਬੋਰਸਟਲ ਜੇਲ੍ਹ ਵਿਚ ਕੈਦ ਕਰ ਦਿੱਤਾ ਗਿਆ। ਦੇਸ਼ ਸੇਵਾ ਅਤੇ ਆਜ਼ਾਦੀ ਪ੍ਰਾਪਤ ਕਰਨ ਦੇ ਕਾਰਜਾਂ 'ਚ ਹਿੱਸਾ ਲੈਣ ਕਰਕੇ ਇਸ ਵਾਰ ਕੈਦੀ ਬਣਨ ਦੀ, ਜਤਿਨ ਦਾਸ ਦੀ ਇਹ ਪੰਜਵੀਂ ਵਾਰੀ ਸੀ।

ਜੇਲ੍ਹ ਵਿਚ ਆ ਕੇ ਜਤਿਨ ਦਾਸ ਤੋਂ ਸਿਆਸੀ ਕੈਦੀਆਂ ਨਾਲ ਕੀਤਾ ਜਾਂਦਾ ਦੁਰਵਿਹਾਰ ਅਤੇ ਵਿਤਕਰਾ ਸਹਿਣ ਨਾ ਹੋਇਆ। ਚੋਰ, ਲੁਟੇਰੇ ਅਤੇ ਘਿਨੌਣੇ ਅਪਰਾਧਾਂ ਵਿਚ ਸਜ਼ਾ ਭੁਗਤ ਰਹੇ ਗੋਰੀ ਚਮੜੀ ਦੇ ਕੈਦੀ ਜੇਲ੍ਹ ਵਿਚ ਵੀ ਰਾਜ-ਸੁਖ ਮਾਨਣ ਅਤੇ ਭਾਰਤੀ ਦੇਸ਼ ਭਗਤ ਜੇਲ੍ਹ ਦੀਆਂ ਤੰਗ, ਹਨੇਰੀਆਂ ਅਤੇ ਬਦਬੂਦਾਰ ਕਾਲ ਕੋਠੜੀਆਂ ਵਿਚ ਨਰਕੀ ਜੀਵਨ ਬਿਤਾਉਣ, ਇਹ ਕਾਹਦਾ ਇਨਸਾਫ, ਕਿੱਥੋਂ ਦਾ ਕਾਨੂੰਨ ਅਤੇ ਕਿਹੜੀ ਸਭਿਅਤਾ? 15 ਜੂਨ 1929 ਨੂੰ ਸ਼ਹੀਦ ਭਗਤ ਸਿੰਘ ਅਤੇ ਬੀ. ਕੇ. ਦੱਤ ਨੇ ਜੇਲ੍ਹ ਅੰਦਰ ਸਿਆਸੀ ਕੈਦੀਆਂ ਨਾਲ ਹੋ ਰਹੀਆਂ ਵਧੀਕੀਆਂ ਨੂੰ ਠੱਲ੍ਹ ਪਾਉਣ ਤੇ ਜੇਲ੍ਹ ਅੰਦਰ ਸਿਆਸੀ ਕੈਦੀਆਂ ਲਈ ਕੁਝ ਮੰਗਾਂ ਦੀ ਪ੍ਰਾਪਤੀ ਵਾਸਤੇ ਭੁੱਖ-ਹੜਤਾਲ ਸ਼ੁਰੂ ਕੀਤੀ ਸੀ। ਇਸੇ ਮੁੱਦੇ ਨੂੰ ਲੈ ਕੇ ਸ਼ਹੀਦ ਬੀ. ਕੇ. ਦੱਤ ਨੇ ਸੁਪਰਡੈਂਟ ਸੈਂਟਰਲ ਜੇਲ੍ਹ ਲਾਹੌਰ ਨੂੰ 17 ਜੂਨ 1929 ਨੂੰ ਪੱਤਰ ਲਿਖ ਕੇ ਆਪਣੀਆਂ ਹੱਕੀ ਮੰਗਾਂ ਲਈ ਦਰਖਾਸਤ ਕੀਤੀ ਸੀ। 13 ਜੁਲਾਈ 1929 ਨੂੰ ਜਤਿਨ ਦਾਸ ਨੇ ਅਤੇ ਵਿਵਿੰਨ ਤਰੀਕਾਂ ਨੂੰ ਹੋਰ ਸਾਥੀਆਂ ਨੇ ਇਨ੍ਹਾਂ ਮੰਗਾਂ ਲਈ ਆਪਣੀ ਇਤਿਹਾਸਕ ਭੁੱਖ-ਹੜਤਾਲ ਸ਼ੁਰੂ ਕਰ ਦਿੱਤੀ। ਇਸ ਤੋਂ ਪਹਿਲਾਂ ਵੀ ਜਤਿਨ ਨੇ ਸੰਨ 1925 'ਚ ਮੈਮਨਸਿੰਘ (ਬੰਗਲਾਦੇਸ਼) ਜੇਲ੍ਹ ਵਿਚ 23 ਦਿਨ ਦੀ ਭੁੱਖ-ਹੜਤਾਲ ਕੀਤੀ ਸੀ। ਉਸ ਵੇਲੇ ਤਤਕਾਲੀ ਜੇਲ੍ਹ ਸੁਪਰਡੈਂਟ ਨੇ ਜਤਿਨ ਤੋਂ ਮਾਫੀ ਮੰਗੀ ਸੀ ਅਤੇ ਸਾਰੀਆਂ ਸੁਵਿਧਾਵਾਂ ਦੀ ਵਿਵਸਥਾ ਕੀਤੀ ਸੀ। ਜਤਿਨ ਦਾਸ ਦੀ ਭੁੱਖ-ਹੜਤਾਲ ਤੋੜਨ ਲਈ ਸਰਕਾਰ ਵਲੋਂ ਜ਼ਬਰਦਸਤੀ ਖੁਰਾਕ ਦੇਣ ਦੀਆਂ ਕੋਸ਼ਿਸ਼ਾਂ ਅਨੇਕ ਬਾਰ ਕੀਤੀਆਂ ਗਈਆਂ। ਪਰ ਜਤਿਨ ਇਨ੍ਹਾਂ ਸਾਰੀਆਂ ਕੋਸ਼ਿਸ਼ਾਂ ਨੂੰ ਦ੍ਰਿੜਤਾ ਨਾਲ ਅਸਫਲ ਕਰ ਦਿੰਦਾ।

2 ਸਤੰਬਰ 1929 ਨੂੰ ਸਰਕਾਰ ਨੇ ਭੁੱਖ-ਹੜਤਾਲੀਆ ਕਮੇਟੀ ਨਿਯੁਕਤ ਕੀਤੀ, ਇਸ ਕਮੇਟੀ ਦੇ ਚਾਰ ਮੈਂਬਰ ਜੇਲ੍ਹ ਵਿਚ ਗਏ ਅਤੇ ਭੁੱਖ-ਹੜਤਾਲੀਆਂ ਨੂੰ ਮਿਲੇ। ਇਸ ਕਮੇਟੀ ਨੇ ਮੰਜੀ, ਮੇਜ, ਕੁਰਸੀ, ਅਖਬਾਰਾਂ ਤੇ ਰੋਸ਼ਨੀ ਦੀ ਆਗਿਆ ਦੀ ਸਿਫਾਰਸ਼ ਸਰਕਾਰ ਨੂੰ ਕਰ ਦਿੱਤੀ। ਜਤਿਨ ਦਾਸ ਸਾਰੀਆਂ ਮੰਗਾਂ ਨੂੰ ਸਰਕਾਰ ਵਲੋਂ ਪਰਵਾਨ ਕਰਕੇ ਲਾਗੂ ਹੋਣ ਤੱਕ ਕਿਸੇ ਵੀ ਕੀਮਤ 'ਤੇ ਹੜਤਾਲ ਛੱਡਣ ਲਈ ਤਿਆਰ ਨਹੀਂ ਸੀ।

ਫਿਰ ਸਰਕਾਰ ਨੇ ਜਤਿਨ ਦਾਸ ਦੀ ਹਾਲਤ ਦੀ ਗੰਭੀਰਤਾ ਨੂੰ ਭਾਂਪਦੇ ਹੋਏ ਇਕ ਫਰਜ਼ੀ ਜ਼ਮਾਨਤੀ ਤਿਆਰ ਕਰਕੇ, ਜਤਿਨ ਨੂੰ ਜੇਲ੍ਹ ਤੋਂ ਜ਼ਮਾਨਤ 'ਤੇ ਰਿਹਾ ਕਰਨ ਨੂੰ ਮਨਾਉਣਾ ਚਾਹਿਆ। ਸਰਕਾਰ ਦੀ ਇਸ ਕੁਚਾਲ ਨੂੰ ਸਮਝਦਿਆਂ ਜਤਿਨ ਨੇ ਜ਼ਮਾਨਤ 'ਤੇ ਰਿਹਾ ਹੋਣ ਤੋਂ ਨਾਂਹ ਕਰ ਦਿੱਤੀ।

13 ਸਤੰਬਰ 1929 ਸਵੇਰੇ ਨੌਂ ਵਜੇ ਜਤਿਨ ਦੀ ਹਾਲਤ ਅਤਿਅੰਤ ਗੰਭੀਰ ਹੋ ਗਈ ਤੇ ਬਾਅਦ ਦੁਪਹਿਰ 1:10 'ਤੇ ਉਸ ਨੇ ਆਖਰੀ ਸਾਹ ਲਿਆ



ਜਤਿੰਦਰ ਨਾਥ ਦਾਸ ਉਰਫ ਜਤਿਨ ਦਾਸ

ਅਤੇ ਆਪਣੇ ਅਸੂਲਾਂ 'ਤੇ ਪਹਿਰਾ ਦਿੰਦਿਆਂ ਆਪਣੀ ਜਾਨ ਦੀ ਆਹੂਤੀ ਪਾ ਦਿੱਤੀ। ਉਸ ਦੀ ਸ਼ਹੀਦੀ ਤੋਂ ਬਾਅਦ ਭਗਤ ਸਿੰਘ ਨੇ ਇਹ ਸੰਘਰਸ਼ ਜਾਰੀ ਰੱਖਿਆ ਅਤੇ ਆਖਿਰ ਫਰਵਰੀ 1930 ਵਿਚ ਸਰਕਾਰ ਰਾਜਸੀ ਕੈਦੀਆਂ ਨੂੰ ਸਹੂਲਤਾਂ ਦੇਣ ਅਤੇ ਇਸ ਬਾਰੇ ਨਿਯਮ ਨਿਰਧਾਰਤ ਕਰਨ ਲਈ ਮਜਬੂਰ ਹੋ ਗਈ। ਮੌਤ ਦੇ ਆਗੋਸ਼ ਵਿਚ ਸਮਾਉਣ ਤੋਂ ਪਹਿਲਾਂ ਜਤਿਨ ਦਾਸ ਨੇ ਇਹ ਸੰਦੇਸ਼ ਦਿੱਤਾ, "ਸਾਡੇ ਨੌਜਵਾਨਾਂ ਦੀ ਹਸਤੀ ਖਤਰੇ ਤੋਂ ਖਾਲੀ ਨਹੀਂ ਹੈ ਪਰ ਆਜ਼ਾਦੀ ਦੇ ਸ਼ਾਨਦਾਰ ਮਹੱਲ ਦਾ ਨਿਰਮਾਣ ਉਨ੍ਹਾਂ ਦੀ ਮਰਦਾਨਗੀ, ਸ਼ਕਤੀ ਅਤੇ ਬਲੀਦਾਨ ਦੀ ਬੁਨਿਆਦ ਤੇ ਹੀ ਹੋਵੇਗਾ। ਲਾਹੌਰ ਕਾਂਗਰਸ ਦਾ ਸੰਨ 1929 ਈਸਵੀ ਦਾ ਇਜਲਾਸ ਬੇਜੋੜ ਹੋਵੇ ਜਿਸ ਵਿਚ ਆਉਂਦੇ ਸਾਲਾਂ ਵਿਚ ਸੁਤੰਤਰਤਾ ਦੀ ਜੰਗ ਬੜੀ ਤਿੱਖੀ ਤਰ੍ਹਾਂ ਲੜੀ ਜਾਏ। ਮੈਂ ਸਿਰਫ ਬੰਗਾਲੀ ਨਹੀਂ ਹਾਂ, ਸਮੁੱਚਾ ਦੇਸ਼ ਮੇਰਾ ਮਾਲਕ ਹੈ। ਮੇਰੇ ਮ੍ਰਿਤਕ ਸੰਸਕਾਰ ਵਿਚ ਪਰੰਪਰਾਵਾਂ ਨੂੰ ਮਾਨਤਾ ਨਾ ਦਿੱਤੀ ਜਾਵੇ।" (ਹਵਾਲਾ: 'ਸ਼ਹੀਦ ਜਤੀਨ ਦਾਸ-ਜੀਵਨੀ ਅਤੇ ਸ਼ਹੀਦੀ', ਸੰਪਾਦਕ: ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007)

ਜਤਿਨ ਦਾਸ ਦੀ ਸ਼ਹੀਦੀ ਦੀ ਖਬਰ ਸਾਰੇ ਦੇਸ਼ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈ। ਡਾ. ਕਿਚਲੂ, ਕਿਸ਼ਨ ਸਿੰਘ ਤੇ ਹੋਰ ਕਾਂਗਰਸੀ ਆਗੂਆਂ ਨੇ ਇਹ ਖਬਰ ਸੁਣਦਿਆਂ ਸਾਰ, ਫੌਰਨ ਜੇਲ੍ਹ ਵਲ ਚਾਲੇ ਪਾ ਦਿੱਤੇ। ਆਕਾਸ਼ 'ਜਤਿਨ ਦਾਸ ਜ਼ਿੰਦਾਬਾਦ', 'ਇਨਕਲਾਬ ਜ਼ਿੰਦਾਬਾਦ', 'ਸਾਮਰਾਜ ਮੁਰਦਾਬਾਦ' ਦੇ ਨਾਅਰਿਆਂ ਨਾਲ ਗੂੰਜ ਉਠਿਆ। ਉਸੇ ਸ਼ਾਮ ਲਾਹੌਰ ਸ਼ਹਿਰ ਵਿਚ ਸ਼ਹੀਦ ਦਾ ਸਤਿਕਾਰ ਨਾਲ ਜਲੂਸ ਕੱਢਿਆ ਗਿਆ ਜਿਸ ਦੀ ਅਗਵਾਈ ਡਾ. ਗੋਪੀ ਚੰਦ, ਡਾ. ਕਿਚਲੂ, ਸਰਦੂਲ ਸਿੰਘ ਕਵੀਸ਼ਰ, ਕਿਸ਼ਨ ਸਿੰਘ ਅਤੇ ਹੋਰ ਆਗੂਆਂ ਨੇ ਕੀਤੀ। ਦਿੱਲੀ ਦਰਵਾਜੇ ਪੁੱਜ ਕੇ ਇਕ ਬਹੁਤ ਵੱਡਾ ਜਲਸਾ ਹੋਇਆ ਜਿਸ ਦੀ ਪ੍ਰਧਾਨਗੀ ਮੁਹੰਮਦ ਆਲਮ ਨੇ ਕੀਤੀ। ਵਿਛੜੀ ਰੂਹ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ।

ਜਤਿਨ ਦਾਸ ਦਾ ਛੋਟਾ ਭਰਾ ਕਿਰਨ ਦਾਸ ਸ਼ਹੀਦੀ ਵਾਲੇ ਦਿਨ ਤੋਂ ਪਹਿਲਾਂ ਢਾਈ ਮਹੀਨਿਆਂ ਤੋਂ ਲਾਹੌਰ ਹੀ ਰਹਿ ਰਿਹਾ ਸੀ। ਕਿਰਨ ਦਾਸ ਨੇ ਜਤਿਨ ਦੀ ਸ਼ਹੀਦੀ ਤੋਂ ਤਿੰਨ ਚਾਰ ਦਿਨ ਅਗਾਊਂ ਆਪਣੇ ਭਰਾ ਦੀ ਆਖਰੀ ਇੱਛਾ ਅਨੁਸਾਰ ਸ਼ਹੀਦ ਦੇ ਮ੍ਰਿਤਕ ਸਰੀਰ ਨੂੰ ਕਲਕੱਤੇ ਲਿਜਾਣ ਲਈ ਤਿਆਰੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਕਿਰਨ ਦਾਸ ਦੇ ਇਨ੍ਹਾਂ ਉਦਮਾਂ ਸਦਕਾਂ ਹੀ ਸਮੇਂ ਸਿਰ ਨੇਤਾ ਸੁਭਾਸ਼ ਚੰਦਰ ਦਾ ਭੇਜਿਆ ਛੇ ਸੌ ਰੁਪਿਆ, ਮ੍ਰਿਤਕ ਸਰੀਰ ਨੂੰ ਕਲਕੱਤੇ ਲਿਜਾਣ ਦਾ ਖਰਚਾ, ਪ੍ਰਾਪਤ ਹੋ ਚੁਕਾ ਸੀ। 14 ਸਤੰਬਰ 1929 ਦੀ ਸਵੇਰ ਨੂੰ ਹਾਵੜਾ ਐਕਸਪ੍ਰੈਸ ਲਾਹੌਰ ਤੋਂ ਕਲਕੱਤੇ ਲਈ ਰਵਾਨਾ ਹੋਈ। ਡਾ. ਬਨਾਰਸੀ ਦਾਸ, ਮੋਹਨ ਲਾਲ ਗੌਤਮ, ਸ੍ਰੀਮਤੀ ਪ੍ਰੋਮਿਲਾ ਦੇਵੀ, ਬੀ. ਕੇ. ਦੱਤ ਦੀ ਵੱਡੀ ਵਿਧਵਾ ਭੈਣ, ਸ੍ਰੀਮਤੀ ਦੁਰਗਾ ਦੇਵੀ (ਦੁਰਗਾ ਭਾਬੀ) ਆਪਣੇ ਬੱਚੇ ਸਾਚੀ ਸਮੇਤ ਕਲਕੱਤੇ ਦੇਹ ਲਿਜਾਣ ਲਈ ਕਿਰਨ ਦਾਸ ਦੇ ਨਾਲ ਸਨ। ਸਾਰੇ ਸਫਰ ਦੌਰਾਨ, ਹਰ ਸਟੇਸ਼ਨ 'ਤੇ ਜਿਥੇ ਵੀ ਗੱਡੀ ਰੁਕੀ, ਹਜ਼ਾਰਾਂ ਦੇਸ਼ਵਾਸੀ ਨੰਗੇ ਪੈਰੀ, ਹੱਥਾਂ ਵਿਚ ਫੁੱਲ ਲੈ ਕੇ ਸ਼ਹੀਦ ਨੂੰ ਨਤਮਸਤਕ ਹੋਏ।

16 ਸਤੰਬਰ 1929 ਨੂੰ ਕਲਕੱਤੇ ਸ਼ਹਿਰ ਵਿਚ, ਸ਼ਹੀਦ ਦਾ ਵਿਰਾਟ ਜਲੂਸ ਨਿਕਲਿਆ। ਇਕ ਮੀਲ ਲੰਬੇ ਇਸ ਇਤਿਹਾਸਕ ਜਲੂਸ ਵਿਚ ਕੋਈ ਪੰਜ ਲੱਖ ਦੇਸ਼ਵਾਸੀ ਸ਼ਾਮਿਲ ਹੋਏ। ਦੇਹ ਸੰਸਕਾਰ-ਭੂਮੀ ਵਿਚ ਪੁੱਜੀ। ਸ਼ਹੀਦ ਦੇ ਛੋਟੇ ਭਰਾ ਕਿਰਨ ਦਾਸ ਨੇ ਚਿਖਾ ਨੂੰ ਅਗਨੀ ਭੇਟ ਕੀਤੀ। ਸ਼ਹੀਦ ਦੇ ਪਿਤਾ ਜੀ ਮ੍ਰਿਤਕ ਸਰੀਰ ਦਾ ਦਰਸ਼ਨ ਕਰਨ ਨੂੰ ਨਾ ਮੰਨੇ। ਉਹ ਸ਼ਹੀਦ ਦੇ ਅਖੀਰਲੀ ਗ੍ਰਿਫਤਾਰੀ ਸਮੇਂ ਉਸ ਦੀ ਹੱਸਦੇ ਚਿਹਰੇ ਦੀ ਯਾਦ ਆਪਣੇ ਦਿਲ ਵਿਚ ਸਮਾਈ ਬੈਠੇ ਸਨ ਅਤੇ ਕਿਸੇ ਹੋਰ ਰੂਪ ਵਿਚ ਜਤਿਨ ਨੂੰ ਦੇਖਣ ਲਈ ਤਿਆਰ ਨਹੀਂ ਸਨ। ਪਿਤਾ ਵਲੋਂ ਘੱਲਿਆ ਸੰਦੇਸ਼ ਸ਼ਮਸ਼ਾਨ ਘਾਟ ਵਿਚ ਪੜ੍ਹ ਕੇ ਸੁਣਾਇਆ ਗਿਆ। ਇਸ ਸੰਦੇਸ਼ ਦੇ ਸ਼ਬਦ ਸਨ, "ਸਾਡੇ ਦੇਸ਼-ਧਰੋਹੀ ਹਿੰਦੂ ਮੁਸਲਮਾਨ ਲੋਕਾਂ ਨੇ ਨਵਾਬ ਦਾ ਲੂਣ ਖਾ ਕੇ ਉਸ ਨੂੰ ਹਰਾਮ ਕੀਤਾ, ਜਿਸ ਦੇ ਸਿੱਟੇ ਵਜੋਂ ਬੰਗਾਲ ਹੀ ਨਹੀਂ, ਸਮੁੱਚਾ ਭਾਰਤ ਵਿਦੇਸ਼ੀਆਂ ਦੇ ਹੱਥੀਂ ਲੱਗ ਗਿਆ। ਇਸ ਦੇ ਪ੍ਰਾਸ਼ਚਿਤ ਵਾਸਤੇ, ਹੇ ਪ੍ਰਮਾਤਮਾ, ਆਪਣੀ ਜਾਨ ਨਾਲੋਂ ਵੀ ਪਿਆਰਾ ਪੁੱਤਰ ਯਤੀਨ (ਜਤਿਨ) ਨੂੰ ਇਨ੍ਹਾਂ ਹੰਝੂਆਂ ਭਰੇ ਨੈਣਾਂ ਨਾਲ ਤੁਹਾਡੇ ਕਦਮਾਂ 'ਤੇ ਰੱਖਦਾ ਹਾਂ। ਇਹ ਪਾਵਨ ਕੁਰਬਾਨੀ ਸਾਰੇ ਭਾਰਤ ਨੂੰ ਜਗਾ ਦੇਵੇ।" (ਹਵਾਲਾ: 'ਸ਼ਹੀਦ ਜਤੀਨ ਦਾਸ-ਜੀਵਨੀ ਅਤੇ ਸ਼ਹੀਦੀ')

ਲਾਹੌਰ ਦੇ ਟ੍ਰਿਬਿਊਨ ਦੇ ਸੰਪਾਦਕੀ ਦੇ ਕੁਝ ਅੰਸ਼ ਸਨ, "ਜੇ ਕਿਧਰੇ ਕੋਈ ਵਿਅਕਤੀ ਸੁੱਚੇ ਉਦੇਸ਼ ਨਾਲ ਹੀਰੋ ਤੇ ਸ਼ਹੀਦ ਦੀ ਮੌਤ ਮਰਿਆ ਤਾਂ ਉਹ ਜਤਿੰਦਰ ਨਾਥ ਦਾਸ ਹੀ ਹੈ ਅਤੇ ਸ਼ਹੀਦ ਦਾ ਖੂਨ ਸਾਰੇ ਯੁੱਗਾਂ ਅਤੇ ਦੇਸ਼ਾਂ ਵਿਚ ਵੱਧ ਸੁਚੇਰੇ ਤੇ ਉਚੇ ਜੀਵਨ ਲਈ ਵਧੀਆ ਸਮਾਜਿਕ ਤੇ ਸਿਆਸੀ ਸਿਲਸਿਲੇ ਲਈ ਇਕ ਬੀਜ ਸਾਬਤ ਹੁੰਦਾ ਹੈ। ...ਮੈਕਸਿਵਨੀ (Terence Joseph MacSwiney) ਦੀ ਮੌਤ ਨੇ ਵੀ, ਜਿਵੇਂ ਹਰ ਕੋਈ ਜਾਣਦਾ ਹੈ, ਆਇਰਸ਼ ਫਰੀਡਮ ਦੀ ਜੜ੍ਹ ਬੰਨ੍ਹੀ ਸੀ। ਕੌਣ ਜਾਣਦਾ ਹੈ ਕਿ ਦਾਸ ਦੀ ਸ਼ਹੀਦੀ ਨੇ ਵੀ ਇਸੇ ਤਰ੍ਹਾਂ ਭਾਰਤ ਦੀ ਆਜ਼ਾਦੀ ਦੀ ਜੜ੍ਹ ਬੰਨ੍ਹ ਦਿੱਤੀ ਹੋਵੇ...।" (ਹਵਾਲਾ: 'ਸ਼ਹੀਦ ਜਤੀਨ ਦਾਸ-ਜੀਵਨੀ ਅਤੇ ਸ਼ਹੀਦੀ')

ਜਤਿਨ ਦਾਸ ਗਹਿਰ-ਗੰਭੀਰ, ਸ਼ਾਂਤ-ਚਿਤ, ਘੱਟ ਬੋਲਣ ਵਾਲਾ ਅਤੇ ਮਿੱਠਬੋਲੜਾ ਸੱਜਣ ਸੀ। ਉਸ ਦੇ ਵਿਹਾਰ ਵਿਚ ਇਕ ਅਜਿਹੀ ਮਿਕਨਾਤਿਸ਼ੀ ਖਿੱਚ ਸੀ ਜਿਸ ਕਰਕੇ ਬਹੁਤ ਥੋੜੇ ਸਮੇਂ ਵਿਚ ਹੀ ਉਸ ਦੇ ਸਾਥੀ ਉਸ ਵਲ ਖਿੱਚੇ ਜਾਂਦੇ ਅਤੇ ਝਟਪਟ ਹੀ ਉਹ ਉਨ੍ਹਾਂ ਨਾਲ ਘਿਉ-ਖਿਚੜੀ ਹੋ ਜਾਂਦਾ। ਜਤਿਨ ਦਾਸ ਦੀ ਅਦੁੱਤੀ ਸ਼ਹੀਦੀ ਸੰਸਾਰ ਭਰ ਦੇ ਕ੍ਰਾਂਤੀਕਾਰੀਆਂ ਤੇ ਆਪਣੀ ਮਾਨਵੀ ਆਜ਼ਾਦੀ ਲਈ ਜੂਝ ਰਹੇ ਲੋਕਾਂ ਲਈ ਮਾਰਗ-ਦਰਸ਼ਨ ਤੇ ਰਹਨੁਮਈ ਕਰਦੀ ਰਹੇਗੀ। ਕਵੀ 'ਬਿਸਮਿਲ' ਦੀ ਕਵਿਤਾ 'ਦੇਸ਼ ਸੇਵਾ ਵਾਸਤੇ ਸੀ ਜ਼ਿੰਦਗਾਨੀ ਦਾਸ ਦੀ' ਦੀਆਂ ਹੇਠ ਲਿਖਿਆਂ ਕਾਵਿ ਸਤਰਾਂ ਨਾਲ ਸ਼ਰਧਾਂਜਲੀ ਅਰਪਣ ਹੈ,

"ਕੀ ਲਿਖੀਏ ਆਜ਼ਾਦ ਹੋ ਕੇ
ਹੁਣ ਕਹਾਣੀ ਦਾਸ ਦੀ
ਕੈਦ ਵਿਚ ਹੀ ਕਟ ਗਈ
ਸਾਰੀ ਜਵਾਨੀ ਦਾਸ ਦੀ।
ਚਲਦੇ ਫਿਰਦੇ ਖਤਮ ਹੋਈ
ਜ਼ਿੰਦਗਾਨੀ ਦਾਸ ਦੀ
ਤੜਕੇ ਪੀਰੀ ਬਣ ਗਈ
ਸ਼ਾਮੇ ਜਵਾਨੀ ਦਾਸ ਦੀ।
ਜਗਮਗ ਉਠੇਗੀ ਦੁਨੀਆਂ
ਇਹ ਤਮਾਸ਼ਾ ਦੇਖ ਕੇ
ਖਾਕ ਦੇ ਜ਼ੱਰਿਆਂ ਤੋਂ
ਰੋਸ਼ਨ ਹੈ ਨਿਸ਼ਾਨੀ ਦਾਸ ਦੀ।
ਆਸਮਾਨੇ ਪੀਰ ਵੀ ਚੱਕਰ 'ਚ ਹੈ,
ਗਰਦਿਸ਼ 'ਚ ਹੈ
ਰੰਗ ਲਿਆਈ ਦੇਖ ਲਓ
ਕੀ ਨੌਜਵਾਨੀ ਦਾਸ ਦੀ।
ਪੁਰ ਅਸਰ ਹੈ ਦਰਦ ਵਿਚ
ਡੁੱਬੀ ਹੋਈ ਹੈ ਕਿਸ ਕਦਰ
ਦਿਲ ਅਗਰ ਹੈ ਤਾਂ ਸੁਣੋ ਦਿਲ ਤੋਂ
ਕਹਾਣੀ ਦਾਸ ਦੀ।
ਫਾਕਾਮਸਤੀ ਵਿਚ ਵੀ
ਮਸਤਾਂ ਦੇ ਵਾਂਗ ਉਹ ਮਸਤ ਸੀ
ਜਿੰਦਣ ਹਿੰਮਤ ਦਾ ਨਮੂਨਾ ਸੀ
ਜਵਾਨੀ ਦਾਸ ਦੀ।
ਮਿਟ ਨਹੀਂ ਸਕਦੀ ਮਿਟਾਏ
ਗਰਦਿਸ਼ ਹਫਤ ਆਸਮਾਂ
ਹਸ਼ਰ ਤਕ ਕਾਇਮ ਰਹੇਗੀ
ਇਹ ਨਿਸ਼ਾਨੀ ਦਾਸ ਦੀ।
ਖੁਲ੍ਹ ਕੇ ਐ 'ਬਿਸਮਿਲ'
ਇਹੀ ਦੁਨੀਆਂ ਨੂੰ ਵੀ ਕਹਿਣਾ ਪਿਆ
ਦੇਸ਼ ਸੇਵਾ ਵਾਸਤੇ ਸੀ
ਜ਼ਿੰਦਗਾਨੀ ਦਾਸ ਦੀ।"

(ਹਵਾਲਾ: 'ਸ਼ਹੀਦ ਜਤੀਨ ਦਾਸ-ਜੀਵਨੀ ਅਤੇ ਸ਼ਹੀਦੀ')

## ਦਾਸ ਦੀ ਮੌਤ


ਜਦ ਇਕ ਸੀ, ਆਸਾਨ ਸੀ,
ਵਿਚ ਜਿਸਮ ਦੇ ਬੰਦ ਜਾਨ ਸੀ,
ਹੁਣ ਇਕ ਨਹੀਂ ਉਹ ਦੋ ਨਹੀਂ,
ਤਿੰਨ ਚਾਰ ਯਾ ਪੰਜ ਸੌ ਨਹੀਂ,
ਜੋ ਪਕੜਨੇ ਦੀ ਲੋੜ ਹੈ,
ਸਮਝੋ ਉਹ ਤੇਤੀ ਕਰੋੜ ਹੈ,
ਨਹੀਂ! ਏਸ ਤੋਂ ਵੀ ਵੱਧ ਹੈ,
ਉਹਦੀ ਨਾ ਕੋਈ ਹੱਦ ਹੈ,
ਹੁਣ ਪਕੜ ਲੋ, ਹੁਣ ਪਕੜ ਲੋ,
ਪਕੜੋਗੇ ਕੀ? ਪਕੜੋਗੇ ਕੀ?

ਕੀਕਣ ਪਛਾਣੋ ਓਹ ਹੈ?
ਉਹਦੀ ਤਾਂ ਕੇਵਲ ਛੋਹ ਹੈ,
ਹੁਣ ਜਿਸਮ ਨਹੀਂ ਉਹ ਜਾਨ ਹੈ,
ਜਾਨਾਂ ਦੀ ਕੀ ਪਹਿਚਾਨ ਹੈ?
ਉਹ ਚਲ ਗਿਆ, ਉਹ ਚਲ ਗਿਆ,
ਵਿਚ ਰਲ ਗਿਆ, ਵਿਚ ਰਲ ਗਿਆ,
ਆਪਣੀ ਵੀ ਤੂੰ ਜ਼ੰਜੀਰ ਤੱਕ,
ਛੁੱਟਣ ਦੀ ਵੀ ਤਦਬੀਰ ਤੱਕ,
ਹੁਣ ਪਕੜ ਲੋ, ਹੁਣ ਪਕੜ ਲੋ,
ਪਕੜੋਗੇ ਕੀ? ਪਕੜੋਗੇ ਕੀ?

ਪਕਾ ਕਰੋ ਦਸਤੂਰ ਨੂੰ,
ਜਾ ਫੜ ਲਓ ਮਫ਼ਰੂਰ ਨੂੰ,
ਇਕ ਵੀ ਨਹੀਂ ਪਰ ਸਭ ਹੈ,
ਏਸੇ ਲਈ ਦੁਰਲਭ ਹੈ,
ਮਾਦੀ ਨਹੀਂ ਹੁਣ ਨੂਰ ਹੈ,
ਪਕੜਨ ਦੀ ਹੱਦੋਂ ਦੂਰ ਹੈ,
ਭੱਜਣ ਸਮੇਂ ਕੀ ਕਹਿ ਗਿਆ,

ਮੈਂ ਅਹਿ ਗਿਆ, ਮੈਂ ਅਹਿ ਗਿਆ,
ਹੁਣ ਪਕੜ ਲੋ, ਹੁਣ ਪਕੜ ਲੋ,
ਪਕੜੋਗੇ ਕੀ? ਪਕੜੋਗੇ ਕੀ?

ਕਤਰਾ ਸੀ ਜਾਂ ਖ਼ਤਰਾ ਸੀ ਤਾਂ,
ਦਰਯਾ ਵਿਚੋਂ ਵੱਖਰਾ ਸੀ ਜਾਂ,
ਚਲਿਆ ਜਾਂ ਬੁੱਤ ਨੂੰ ਤੋੜ ਕੇ,
ਫ਼ਿਰ ਕੌਣ ਰਖਦਾ ਹੋੜ ਕੇ,
ਅੱਡ ਹੋਣ ਦਾ ਜੋ ਖੇਲ ਸੀ,




ਜਤਿਨ ਦਾਸ ਦੇ ਨਾਂ 'ਤੇ ਜਾਰੀ ਡਾਕ ਟਿਕਟ

ਅਸਲ ਦੇ ਵਿਚ ਉਹ ਮੇਲ ਸੀ,
ਨਾ ਔਹ ਗਿਆ ਨਾ ਅਹਿ ਗਿਆ,
ਸਭਨਾਂ ਦੇ ਦਿਲ 'ਤੇ ਬਹਿ ਗਿਆ,
ਹੁਣ ਪਕੜ ਲੋ, ਹੁਣ ਪਕੜ ਲੋ,
ਪਕੜੋਗੇ ਕੀ? ਪਕੜੋਗੇ ਕੀ?

ਪਹਿਲਾਂ ਸੀ ਅਪਣੀ ਜਾਨ ਵਿਚ,
ਹੁਣ ਸਾਰੇ ਹਿੰਦੁਸਤਾਨ ਵਿਚ,
ਹਿੰਦੂ ਤੇ ਮੁਸਲਮਾਨ ਵਿਚ,
ਹਾਂ ਗ਼ੈਰ ਦੀ ਵੀ ਜ਼ਬਾਨ ਵਿਚ
ਹਨ ਲੋਕ ਕਹਿੰਦੇ ਮਰ ਗਿਆ,
ਉਹ ਬੀਰ ਸੀ ਹੋ ਅਮਰ ਗਿਆ,
ਜੀਹਦਾ ਕਿ ਮਨ ਆਜ਼ਾਦ ਹੈ,
ਆਜ਼ਾਦ! ਉਹ ਅਜ਼ਾਦ ਹੈ,
ਹੁਣ ਪਕੜ ਲੋ, ਹੁਣ ਪਕੜ ਲੋ,
ਪਕੜੋਗੇ ਕੀ? ਪਕੜੋਗੇ ਕੀ?

ਕੀ ਫਾਇਦਾ ਹੁਣ ਜੇਲ੍ਹ ਦਾ,
ਕੀ ਫਾਇਦਾ ਇਸ ਖੇਲ੍ਹ ਦਾ,
ਕੜੀਆਂ ਤੇ ਕੰਧਾਂ ਭਾਰੀਆਂ,
ਹੋਈਆਂ ਨਿਕੰਮੀਆਂ ਸਾਰੀਆਂ,
ਹੁਣ ਕੈਦ ਵਿਚ ਘੁਲਾਂਗੇ ਨਾ,
ਜੇਲ੍ਹਾਂ ਦੇ ਵਿਚ ਰੁਲਾਂਗੇ ਨਾ,
ਇਹ ਦਾਸ ਬਾਬੂ ਦੱਸ ਗਿਆ,
ਦੋਪਹਿਰ ਵੇਲੇ ਨੱਸ ਗਿਆ,
ਹੁਣ ਪਕੜ ਲੋ, ਹੁਣ ਪਕੜ ਲੋ,
ਪਕੜੋਗੇ ਕੀ? ਪਕੜੋਗੇ ਕੀ?

-ਗੁਰਮੁਖ ਸਿੰਘ ਮੁਸਾਫਰ
('ਜੀਵਨ ਪੰਧ' ਵਿਚੋਂ)

# ਪਿੰਡ ਦੀਆਂ ਖੇਡਾਂ

**ਤੇਰੀਆਂ ਗਲੀਆਂ-8**



***ਪੱਤਰਕਾਰ ਦਲਬੀਰ ਸਿੰਘ (20 ਅਗਸਤ 1949-28 ਜੁਲਾਈ 2007) ਦੀ ਸਵੈ-ਜੀਵਨੀ 'ਤੇਰੀਆਂ ਗਲੀਆਂ' ਕੋਈ ਸਵੈ-ਜੀਵਨੀ ਨਹੀਂ; ਇਹ ਉਹਨੇ ਆਪਣੇ ਪਿੰਡ ਨੰਗਲ ਸ਼ਾਮਾ ਨਾਲ ਕੀਤੀਆਂ ਗੱਲਾਂ ਹਨ। ਇਹ ਅਸਲ ਵਿਚ ਨੰਗਲ ਸ਼ਾਮਾ ਦੀਆਂ ਗੱਲਾਂ ਵੀ ਨਹੀਂ, ਇਹ ਤਾਂ ਸਗੋਂ ਸਮੁੱਚੇ ਪੰਜਾਬ ਦੇ ਪਿੰਡਾਂ, ਲੋਕਾਂ ਅਤੇ ਆਲੇ-ਦੁਆਲੇ ਬਾਰੇ ਬੜੀਆਂ ਸਿੱਧੀਆਂ, ਪਰ ਸੂਖਮ ਬਾਤਾਂ ਹਨ। ਇਸ ਸਵੈ-ਜੀਵਨੀ ਵਿਚ ਉਹਨੇ ਆਪਣੀ ਧੀ ਸੁਪਨੀਤ ਕੌਰ ਨੂੰ ਆਪਣਾ ਪਿੰਡ ਦਿਖਾਉਣ ਦੇ ਬਹਾਨੇ ਪੰਜਾਬ ਦੇ ਪਿੰਡਾਂ ਦੀ ਕਹਾਣੀ ਜੋੜੀ ਹੈ ਜੋ ਪਿਛਲੇ ਕਈ ਦਹਾਕਿਆਂ ਤੋਂ ਬਹੁਤ ਤੇਜ਼ੀ ਨਾਲ ਬਦਲ ਰਹੇ ਹਨ। ਐਤਕੀਂ 'ਮੇਰੇ ਪਿੰਡ ਦੀਆਂ ਖੇਡਾਂ' ਨਾਂ ਦੇ ਅਧਿਆਇ ਵਿਚ ਉਹਨੇ ਪਿੰਡ ਦੀਆਂ ਖੇਡਾਂ ਬਾਰੇ ਚਰਚਾ ਕਰਦਿਆਂ ਬਣ-ਵਿਗਸ ਰਹੇ ਪਿੰਡ ਦੀ ਨਿਸ਼ਾਨਦੇਹੀ ਕੀਤੀ ਹੈ। -ਸੰਪਾਦਕ***

***ਮੈਂ ਆਪਣੇ ਪਿੰਡ ਨੰਗਲ ਸ਼ਾਮਾ ਦੀਆਂ ਗਲੀਆਂ, ਨਾਲੀਆਂ, ਖੇਤਾਂ, ਖੂਹਾਂ, ਖੰਡਰਾਂ, ਦਰਖਤਾਂ, ਫਸਲਾਂ, ਤੀਵੀਂਆਂ, ਬੰਦਿਆਂ, ਇਸ ਦੀ ਮਿੱਟੀ ਦੇ ਕਿਣਕਿਆਂ ਉਤੇ ਕਵਿਤਾ ਲਿਖਣੀ ਚਾਹੁੰਦਾ ਹਾਂ। ਮੈਂ ਪਿੰਡ ਬਾਰੇ ਇੰਨੀਆਂ ਕਵਿਤਾਵਾਂ ਲਿਖਣਾ ਚਾਹੁੰਦਾ ਹਾਂ ਜਿੰਨੀਆਂ ਮੈਂ ਸਾਰੀ ਉਮਰ ਲਾ ਕੇ ਵੀ ਲਿਖ ਨਾ ਸਕਾਂ, ਪਰ ਚਾਹੁੰਦੇ ਹੋਏ ਵੀ ਨਹੀਂ ਲਿਖ ਸਕਦਾ, ਕਿਉਂਕਿ ਮੈਨੂੰ ਕਵਿਤਾ ਨਾ ਲਿਖਣ ਦਾ ਸਰਾਪ ਹੈ। ਦਰਅਸਲ ਮੈਂ ਰੱਜ ਕੇ ਪਿੰਡ ਦੀ ਮਿੱਟੀ ਖਾਣਾ ਚਾਹੁੰਦਾ ਹਾਂ; ਸਾਰੀ-ਸਾਰੀ ਰਾਤ ਜਗਦੀਆਂ ਰੌਸ਼ਨੀਆਂ ਦੇ ਸ਼ਹਿਰ (ਚੰਡੀਗੜ੍ਹ) ਵਿਚ ਮੈਂ ਬਹੁਤ ਭੁੱਖਾ ਰਹਿ ਗਿਆ ਹਾਂ। -ਦਲਬੀਰ ਸਿੰਘ***

ਸਕੂਲ ਦੇ ਐਨ ਪੱਛਮ ਵਾਲੇ ਪਾਸੇ ਜਿਹੜੀ ਫਿਰਨੀ ਲੰਘਦੀ ਹੈ, ਉਸ ਦੇ ਨਾਲ ਲਗਦੀ ਜ਼ਮੀਨ ਕਿਸੇ ਵੇਲੇ ਪਿੰਡ ਦੇ ਨੌਜਵਾਨਾਂ ਦੇ ਖੇਡਣ ਲਈ ਖਾਲੀ ਛੱਡੀ ਗਈ ਸੀ। ਪਿੰਡ ਦੀ ਸ਼ਾਮਲਾਟ ਦੀ ਇਹ ਜ਼ਮੀਨ ਪਹਿਲਾਂ ਕਿਸੇ ਜੱਟ ਨੂੰ ਵਟਾਈ ਉਤੇ ਦਿਤੀ ਗਈ ਸੀ, ਪਰ ਸੱਠਵੇਂ ਦਹਾਕੇ ਦੇ ਅੰਤਲੇ ਸਾਲਾਂ ਵਿਚ ਇਹ ਖਾਲੀ ਕਰਵਾ ਲਈ ਗਈ ਸੀ।

ਅਸਲ ਵਿਚ ਜਿਥੇ ਹੁਣ ਸਕੂਲ ਹੈ, ਉਹ ਇਕ ਤਰ੍ਹਾਂ ਨਾਲ ਚੌਰਾਹਾ ਹੈ। ਰਵਿਦਾਸ ਗੁਰਦੁਆਰੇ ਦੇ ਬਿਲਕੁਲ ਮੋਹਰ ਦੀ ਇਕ ਬੀਹੀ ਬਾਹਰ ਵੱਲ ਲੰਘ ਜਾਂਦੀ ਹੈ ਜਿਹੜੀ ਹਰੀਜਨਾਂ (ਦਲਿਤਾਂ) ਦੇ ਵਿਹੜੇ ਨਾਲ ਦੀ ਲੰਘਦੀ ਹੈ। ਦੂਜੀ ਬੀਹੀ ਸੜਕ ਵਲੋਂ ਆਉਂਦੀ ਹੋਈ ਸਿੱਧੀ ਲੰਘਦੀ ਸੀ ਜਿਸ ਦੇ ਸੱਜੇ ਪਾਸੇ ਛੱਪੜ ਹੁੰਦਾ ਸੀ ਅਤੇ ਖੱਬੇ ਪਾਸੇ ਦਲਿਤਾਂ ਦੇ ਘਰ। ਇਥੇ ਹੀ ਸਭ ਤੋਂ ਪਹਿਲਾਂ ਦੌਲਤੀ ਦੇ ਮੁੰਡੇ ਨੇ ਬਿਜਲੀ ਨਾਲ ਚੱਲਣ ਵਾਲੀ, ਪਿੰਡ ਦੀ ਪਹਿਲੀ ਚੱਕੀ ਲਾਈ ਸੀ।

ਇਹ ਬੀਹੀ ਅਗਾਂਹ ਝਿਊਰਾਂ ਦੇ ਘਰਾਂ ਮੋਹਰ ਦੀ ਲੰਘਦੀ ਹੋਈ, ਠੇਕੇਦਾਰ ਸ਼ਾਮ ਸਿੰਘ ਦੇ ਘਰ ਦੇ ਪਰਲੇ ਪਾਸੇ ਜਾ ਕੇ ਬ੍ਰਾਹਮਣਾਂ ਦੇ ਘਰਾਂ ਵਲੋਂ ਖੱਬਾ ਮੋੜ ਮੁੜ ਕੇ ਪਿੰਡ ਦੇ ਅੰਦਰ ਜਾਣ ਵਾਲੀ ਗਲੀ/ਬੀਹੀ ਵਿਚ ਰਲ ਜਾਂਦੀ ਸੀ। ਇਹ ਬੀਹੀਆਂ ਜਾਂ ਰਸਤੇ ਕਾਫ਼ੀ ਖੁੱਲ੍ਹੇ ਸਨ ਅਤੇ ਇਥੋਂ ਟਰੱਕ ਤਕ ਲੰਘ ਜਾਂਦੇ ਸਨ। ਪਿੰਡ ਦੀਆਂ ਇਸ ਤੋਂ ਅਗਲੀਆਂ ਬੀਹੀਆਂ ਬਹੁਤ ਤੰਗ ਸਨ ਅਤੇ ਸਿਰਫ਼ ਸਾਈਕਲ ਹੀ ਇਨ੍ਹਾਂ ਵਿਚ ਜਾ ਸਕਦੇ ਸਨ। ਰਵਿਦਾਸ ਗੁਰਦੁਆਰੇ ਤੋਂ ਇਕ ਫ਼ਿਰਨੀ ਸੱਜੇ ਪਾਸੇ ਦੀ ਅਰਜਨ ਸਿੰਘ ਲੁਹਾਰ ਦੇ ਖਰਾਸ ਜਾਂ ਬਾਰੀਆਂ ਦੇ ਘਰਾਂ ਵੱਲ ਕੱਢੀ ਗਈ ਸੀ ਜਿਹੜੀ ਬਾਬਿਆਂ ਦੀ ਕੰਧ ਉਤੋਂ ਦੀ ਹੋ ਕੇ ਖੱਬੇ ਮੁੜ ਕੇ ਅੱਗੇ ਵੱਡੇ ਗੁਰਦੁਆਰੇ ਦੇ ਨਾਲ ਲੰਘਦੇ ਉਸ ਰਸਤੇ ਨਾਲ ਜਾ ਰਲਦੀ ਸੀ ਜਿਹੜਾ ਪਿੰਡ ਭੋਜੋਵਾਲ ਨੂੰ ਜਾਂਦਾ ਸੀ।

ਛੱਪੜ ਜਿਥੇ ਹੁਣ ਸ਼ਹੀਦ ਦਰਸ਼ਨ ਸਿੰਘ ਯਾਦਗਾਰੀ ਸਕੂਲ ਹੈ, ਦੇ ਨਾਲ ਲਗਦੀ ਖਾਲੀ ਪਈ ਜ਼ਮੀਨ ਨੂੰ ਪਿੰਡ ਦੇ ਨੌਜਵਾਨਾਂ ਲਈ ਖੇਡ ਮੈਦਾਨ ਦੇ ਤੌਰ 'ਤੇ ਵਰਤਿਆ ਜਾਂਦਾ ਸੀ। ਕਈ ਵਾਰੀ ਤਾਂ ਗੁੱਗਾ ਨੌਵੀਂ ਵਾਲੇ ਦਿਨ ਦੀ ਛਿੰਝ ਵੀ ਇਸੇ ਥਾਂ ਉਤੇ ਪੈਂਦੀ ਸੀ। ਬਹੁਤ ਵਾਰੀ ਪਿੰਡ ਦੇ ਗੱਭਰੂ ਸ਼ਾਮ ਨੂੰ ਕਬੱਡੀ ਵੀ ਖੇਡਦੇ ਸਨ, ਜਾਂ ਫਿਰ ਜਿਨ੍ਹੀਂ ਦਿਨੀਂ ਕਿਸੇ ਕੋਲ ਫੁਟਬਾਲ ਹੁੰਦਾ ਸੀ, ਤਾਂ ਨੰਗੇ ਪੈਰੀਂ ਫੁਟਬਾਲ ਵੀ ਖੇਡਦੇ ਸਨ। ਕੱਚੀ ਜ਼ਮੀਨ ਹੋਣ ਕਾਰਨ ਧੂੜ ਬਹੁਤ ਉਡਦੀ ਸੀ।

ਹਾਕੀ ਵੀ ਭਾਵੇਂ ਪਿੰਡ ਦੇ ਕਿਸੇ-ਕਿਸੇ ਮੁੰਡੇ ਕੋਲ ਸੀ, ਪਰ ਬਹੁਤੇ ਖੁੱਦੋ-ਖੂੰਡੀ ਨਾਲ ਹੀ ਖੇਡਦੇ ਸਨ। ਖੂੰਡੀ ਕਿਸੇ ਦਰੱਖ਼ਤ ਨਾਲੋਂ ਕੱਟੀ ਹੋਈ ਐਸੀ ਸੋਟੀ ਹੁੰਦੀ ਸੀ ਜਿਸ ਦਾ ਆਖਰੀ ਸਿਰਾ ਹਾਕੀ ਵਾਂਗ ਮੁੜਿਆ ਹੁੰਦਾ ਸੀ। ਬਹੁਤੀ ਵਾਰੀ ਇਸ ਖੂੰਡੀ ਦੇ ਖੇਡਣ ਵਾਲੇ ਸਿਰੇ (ਹਾਕੀ ਵਾਂਗ) ਨੂੰ ਕਿਸੇ ਤੇਜ਼ ਹਥਿਆਰ ਦੀ ਵਰਤੋਂ ਕਰ ਕੇ, ਜਿਵੇਂ ਰੰਦਾ ਲਾ ਕੇ, ਪੱਧਰਾ ਕਰ ਦਿਤਾ ਜਾਂਦਾ ਸੀ। ਖੁੱਦੋ-ਖੂੰਡੀ ਲਈ ਖੁੱਦੋ ਆਮ ਤੌਰ 'ਤੇ ਲੀਰਾਂ ਦੀ ਬਣਾਈ ਜਾਂਦੀ ਸੀ। ਪਾਟੀਆਂ ਲੀਰਾਂ ਨੂੰ ਗੋਲ-ਗੋਲ ਕਰ ਕੇ ਉਪਰਲੇ ਪਾਸੇ ਜਾਂ ਤਾਂ ਸਾਈਕਲ ਦੀ ਟਿਊਬ ਦੇ ਟੋਟੇ ਚਾੜ੍ਹ ਦਿਤੇ ਜਾਂਦੇ ਸਨ, ਤੇ ਜਾਂ ਫਿਰ ਸੀਅ ਦਿਤੀ ਜਾਂਦੀ ਸੀ। ਮਗਰੋਂ ਰਬੜ ਦੀਆਂ ਗੇਂਦਾਂ ਵੀ ਮਿਲਣ ਲੱਗ ਪਈਆਂ ਸਨ।

ਕ੍ਰਿਕਟ ਦਾ ਨਾਂ ਸੰਨ 1960 ਤਕ ਪਿੰਡ ਦੇ ਕਿਸੇ ਮੁੰਡੇ ਨੇ ਨਹੀਂ ਸੁਣਿਆ। ਇਸ ਲਈ ਜਦੋਂ ਪਿੰਡ ਦੇ ਕੁੜੀਆਂ ਦੇ ਸਕੂਲ ਵਿਚ ਪੜ੍ਹਾਉਣ ਲਈ ਨਵੀਂ ਮਾਸਟਰਨੀ ਦੇ ਉਸ ਵੇਲੇ (1963) ਅੱਠਵੀਂ ਵਿਚ ਪੜ੍ਹਦੇ ਭਰਾ ਜਿਹੜਾ ਜਲੰਧਰ ਵਿਚ ਕ੍ਰਿਕਟ ਖੇਡਦਾ ਰਿਹਾ ਸੀ, ਨੇ ਪਿੰਡ ਦੇ ਮੁੰਡਿਆਂ ਨੂੰ ਕ੍ਰਿਕਟ ਖਿਡਾਉਣੀ ਸ਼ੁਰੂ ਕੀਤੀ ਤਾਂ ਕਿਸੇ ਨੂੰ ਸਮਝ ਆਉਣੀ ਤਾਂ ਦੂਰ, ਪਸੰਦ ਤਕ ਨਾ ਆਈ। ਕਿਥੇ ਤਾਂ ਖੂੰਡੀਆਂ ਮਾਰ-ਮਾਰ ਕੇ ਇਕ-ਦੂਜੇ ਦੇ ਗਿੱਟੇ ਛਿੱਲਣ ਦਾ ਸੁਆਦ, ਤੇ ਕਿੱਥੇ ਇਕ ਬੰਦਾ ਥਾਪੀ ਜਿਹੀ ਲੈ ਕੇ ਖੜ੍ਹਾ ਰਹੇ ਤੇ ਬਾਕੀ ਉਹਦੇ ਮੂੰਹ ਵੱਲ ਦੇਖੀ ਜਾਣ। ਅੱਧੇ ਘੰਟੇ ਵਿਚ ਹੀ ਕ੍ਰਿਕਟ ਘੁਰਲ ਹੋ ਗਈ ਸੀ ਅਤੇ ਸਾਡੀ ਖਿੱਦੋ-ਖੂੰਡੀ ਫਿਰ ਚਾਲੂ ਹੋ ਗਈ ਸੀ।

ਕਬੱਡੀ ਭਾਵੇਂ ਆਮ ਖੇਡੀ ਜਾਂਦੀ ਸੀ, ਫਿਰ ਵੀ ਸਾਡੇ ਪਿੰਡ ਨੇ ਕੋਈ ਐਸਾ ਖਿਡਾਰੀ ਪੈਦਾ ਨਹੀਂ ਕੀਤਾ ਜਿਸ ਦਾ ਉਘਾ ਨਾਮ ਹੋਵੇ। ਉਂਜ ਗੱਜਾ ਸਿੰਘ ਦਾ ਧਰਮਾ, ਵਿਹੜੇ ਵਾਲਿਆਂ ਦਾ ਛਿੰਦਾ, ਦਲਿਤਾਂ (ਹਰੀਜਨਾਂ) ਦਾ ਮੁੰਡਾ ਪਾਲ ਬਹੁਤ ਛੋਹਲੇ ਸਨ। ਪਿੰਡ ਵਿਚ ਅਕਸਰ ਕਬੱਡੀ ਟੂਰਨਾਮੈਂਟ ਕਰਵਾਏ ਜਾਂਦੇ ਸਨ। ਇਸ ਲਈ ਬਹੁਤੇ ਮੁੰਡੇ ਕਬੱਡੀ ਹੀ ਖੇਡਦੇ ਹੁੰਦੇ ਸਨ। ਕਰੀਬ ਹਰ ਸਾਲ ਹੀ ਪਿੰਡ ਵਲੋਂ ਕਬੱਡੀ ਟੂਰਨਾਮੈਂਟ ਕਰਵਾਇਆ ਜਾਂਦਾ ਸੀ।

1969 ਵਿਚ ਜਦੋਂ ਮੈਂ 'ਨਵਾਂ ਜਮਾਨਾ' ਅਖਬਾਰ ਵਿਚ ਕੰਮ ਕਰਨ ਲੱਗ ਪਿਆ ਤਾਂ ਸਾਲ ਭਰ ਵਿਚ ਕਮਿਊਨਿਸਟ ਵਿਚਾਰਧਾਰਾ ਦਾ ਧਾਰਨੀ ਹੋ ਗਿਆ। ਉਸ ਵੇਲੇ ਦੇ ਨੌਜਵਾਨ ਆਗੂਆਂ ਗਿਆਨ ਸਿੰਘ ਦੁਸਾਂਝ ਅਤੇ ਬੰਤ ਸਿੰਘ ਬਰਾੜ ਦੀਆਂ ਮੀਟਿੰਗਾਂ ਵੀ ਪਿੰਡ ਦੇ ਨੌਜਵਾਨਾਂ ਨਾਲ ਕਰਵਾਈਆਂ ਸਨ। ਪਿੰਡ ਵਿਚ 1971 'ਚ ਨੌਜਵਾਨ ਸਭਾ ਕਾਇਮ ਕੀਤੀ ਗਈ। ਇਸ ਦਾ ਸਰਪ੍ਰਸਤ ਉਸ ਵੇਲੇ ਦੇ ਸਰਪੰਚ ਨਿਰਮਲ ਸਿੰਘ ਨੂੰ ਬਣਾਇਆ ਗਿਆ ਜਿਸ ਨੂੰ ਹਰ ਉਮਰ ਦਾ ਬੱਚਾ ਅਤੇ ਵੱਡਾ 'ਭਾਅ' ਕਹਿ ਕੇ ਬੁਲਾਉਂਦੇ ਸੀ। ਜਨਰਲ ਸਕੱਤਰੀ ਦਾ ਭਾਰ ਮੇਰੇ ਉਤੇ ਪਾ ਦਿਤਾ ਗਿਆ। ਇਸ ਸਭਾ ਵਲੋਂ 1972 ਦੇ ਸ਼ੁਰੂ ਵਿਚ ਇਕ ਕਬੱਡੀ ਟੂਰਨਾਮੈਂਟ ਕਰਵਾਇਆ ਗਿਆ ਸੀ ਜਿਸ ਵਿਚ ਕਰੀਬ ਵੀਹ ਪਿੰਡਾਂ ਦੀਆਂ ਟੀਮਾਂ ਦੀਆਂ ਐਂਟਰੀਆਂ ਸਨ। ਤਿੰਨ ਦਿਨ ਤਕ ਇਸੇ ਖੇਡ ਮੈਦਾਨ 'ਚ ਕਬੱਡੀ ਟੂਰਨਾਮੈਂਟ ਚਲਦਾ ਰਿਹਾ ਸੀ।

ਸੰਨ 1971 ਵਿਚ ਬੰਗਲਾਦੇਸ਼ ਵੱਖਰਾ ਦੇਸ਼ ਬਣ ਗਿਆ ਸੀ। ਮੈਂ ਬੇਟੀ ਨੂੰ ਦੱਸਦਾ ਹਾਂ। ਕਿ ਪਹਿਲਾਂ ਇਹ ਪਾਕਿਸਤਾਨ ਦਾ ਹਿੱਸਾ ਸੀ ਜਿਸ ਨੂੰ ਪੂਰਬੀ ਪਾਕਿਸਤਾਨ ਕਹਿੰਦੇ ਸਨ। 1970 ਵਿਚ ਚੋਣਾਂ ਹੋਈਆਂ, ਪੂਰਬੀ ਪਾਕਿਸਤਾਨ ਦੀ ਆਵਾਮੀ ਲੀਗ ਪਾਰਟੀ ਨੂੰ ਸਭ ਤੋਂ ਵੱਧ ਸੀਟਾਂ ਮਿਲੀਆਂ। ਜਮਹੂਰੀਅਤ ਦੀ ਮੰਗ ਤਾਂ ਇਹ ਸੀ ਕਿ ਪੱਛਮੀ ਪਾਕਿਸਤਾਨ ਦੇ ਹੁਕਮਰਾਨ ਸੱਤਾ, ਆਵਾਮੀ ਲੀਗ ਦੇ ਪ੍ਰਧਾਨ ਮੁਜੀਬ-ਉਰ ਰਹਿਮਾਨ ਨੂੰ ਸੌਂਪ ਦਿੰਦੇ, ਪਰ ਹੋਇਆ ਇਸ ਦੇ ਉਲਟ। ਪੱਛਮੀ ਪਾਕਿਸਤਾਨ ਦੇ ਉਸ ਵੇਲੇ ਹੁਕਮਰਾਨ ਯਾਹੀਆ ਖ਼ਾਨ ਦੇ ਹੁਕਮਾਂ 'ਤੇ ਪੂਰਬੀ ਪਾਕਿਸਤਾਨ ਵਿਚ ਜ਼ੁਲਮ ਦੀ ਲਹਿਰ ਚਲਾ ਦਿਤੀ ਗਈ। ਮੁਜੀਬ ਨੂੰ ਪੱਛਮੀ ਪਾਕਿਸਤਾਨ ਵਿਚ ਕੈਦ ਕਰ ਲਿਆ ਗਿਆ। ਪੂਰਬੀ ਪਾਕਿਸਤਾਨ ਤੋਂ ਲੱਖਾਂ ਦੀ ਗਿਣਤੀ ਵਿਚ ਲੋਕ ਭਾਰਤ ਵਿਚ ਆ ਵਸੇ। ਸ਼ਰਨਾਰਥੀਆਂ ਦੀ ਸਮੱਸਿਆ ਆਣ ਖੜ੍ਹੀ ਹੋਈ। ਸ਼ਰਨਾਰਥੀਆਂ ਨੇ ਨਾ ਸਿਰਫ਼ ਵੱਖਰੇ ਬੰਗਲਾਦੇਸ਼ ਦੀ ਮੰਗ ਕੀਤੀ, ਸਗੋਂ ਮੁਕਤੀ ਵਾਹਿਨੀ ਬਣਾ ਕੇ ਪਾਕਿਸਤਾਨੀ ਫ਼ੌਜ ਦਾ ਮੁਕਾਬਲਾ ਕਰਨਾ ਸ਼ੁਰੂ ਕਰ ਦਿਤਾ।

ਮੈਂ ਬੇਟੀ ਨੂੰ ਇਹ ਵੀ ਦੱਸਦਾ ਹਾਂ ਕਿ 1971 ਵਿਚ ਹੋਈ ਲੜਾਈ ਵਿਚ ਭਾਰਤੀ ਫ਼ੌਜ ਨੇ ਕਰੀਬ ਦਸਾਂ ਦਿਨਾਂ ਵਿਚ ਹੀ ਪੂਰਬੀ ਪਾਕਿਸਤਾਨ ਉਤੇ ਕਬਜ਼ਾ ਕਰ ਲਿਆ ਸੀ ਅਤੇ ਇਸ ਨੂੰ ਬੰਗਲਾਦੇਸ਼ ਦਾ ਨਾਂ ਦੇ ਦਿਤਾ ਗਿਆ। ਪਾਕਿਸਤਾਨ ਦੇ ਨੱਬੇ ਹਜ਼ਾਰ ਦੇ ਕਰੀਬ ਫ਼ੌਜੀਆਂ ਨੇ ਹਥਿਆਰ ਸੁੱਟ ਦਿਤੇ। ਸੰਸਾਰ ਦੇ ਇਤਿਹਾਸ ਵਿਚ ਹੋਰ ਕੋਈ ਵੀ ਐਸੀ ਮਿਸਾਲ ਨਹੀਂ ਮਿਲਦੀ ਜਿਸ ਨਾਲ ਕਿਸੇ ਇਕ ਹਾਰ ਮਗਰੋਂ ਹੀ ਕਿਸੇ ਫ਼ੌਜ ਨੇ ਏਡੀ ਵੱਡੀ ਤਾਦਾਦ ਵਿਚ ਹਥਿਆਰ ਸੁੱਟੇ ਹੋਣ। ਇਹ ਪਾਕਿਸਤਾਨੀ ਸੈਨਿਕ ਮਗਰੋਂ ਸ਼ਿਮਲਾ ਸਮਝੌਤੇ ਅਧੀਨ ਪਾਕਿਸਤਾਨ ਦੇ ਹਵਾਲੇ ਕੀਤੇ ਗਏ।

ਇਥੇ ਇਕ ਦਿਲਚਸਪ ਗੱਲ ਦੱਸਣੀ ਚਾਹਾਂਗਾ। ਕਬੱਡੀ ਟੂਰਨਾਮੈਂਟ ਨੌਜਵਾਨ ਸਭਾ ਵਿਚ ਕਿਸੇ ਕਿਸਮ ਦਾ ਆਪਸੀ ਵਿਰੋਧ ਪੈਦਾ ਹੋ ਗਿਆ। ਇਸ ਲਈ ਮੁੰਡਿਆਂ ਦੇ ਇਕ ਗਰੁਪ ਨੇ ਨਵੀਂ ਨੌਜਵਾਨ ਸਭਾ ਬਣਾਉਣ ਬਾਰੇ ਸੋਚਣਾ ਸ਼ੁਰੂ ਕਰ ਦਿਤਾ। ਬੜੀ ਮੁਸ਼ਕਿਲ ਨਾਲ ਦੋ ਧੜੇ ਬਣਨੋਂ ਰੋਕੇ, ਕਿਉਂਕਿ ਉਸ ਸਾਲ ਬੰਗਲਾਦੇਸ਼ ਬਣਿਆ ਸੀ, ਇਸ ਲਈ ਅਸੀਂ ਅਕਸਰ ਹੱਸਦੇ ਸਾਂ ਕਿ ਅਸੀਂ ਬੜੀ ਮੁਸ਼ਕਿਲ ਨਾਲ ਹੀ ਪਿੰਡ ਵਿਚ ਬੰਗਲਾਦੇਸ਼ ਬਣਨੋਂ ਰੋਕਿਆ ਸੀ।

ਮੈਂ ਦੱਸਦਾ ਹਾਂ ਕਿ ਸਾਡੇ ਪਿੰਡ ਨੇ ਕੋਈ ਵੀ ਵੱਡਾ ਖਿਡਾਰੀ ਪੈਦਾ ਨਹੀਂ ਕੀਤਾ। ਲੁਹਾਰਾਂ ਦੇ ਅਰਜਨ ਸਿੰਘ ਦਾ ਇਕ ਪੁੱਤਰ ਜ਼ਰੂਰ ਚੰਗਾ ਫੁੱਟਬਾਲ ਖੇਡਿਆ ਕਰਦਾ ਸੀ। ਉਸ ਨੂੰ ਇਸੇ ਆਧਾਰ 'ਤੇ ਹੀ ਪਹਿਲਾਂ ਸਪੋਰਟਸ ਕਾਲਜ ਜਲੰਧਰ ਵਿਚ ਦਾਖਲਾ ਮਿਲਿਆ ਸੀ ਅਤੇ ਮਗਰੋਂ ਪੰਜਾਬ ਪੁਲਿਸ ਵਿਚ ਨੌਕਰੀ ਮਿਲੀ ਸੀ। ਜਿਥੇ ਤਕ ਮੇਰੀ ਜਾਣਕਾਰੀ ਹੈ, ਉਹ ਸਿਰਫ ਪੰਜਾਬ ਪੁਲਿਸ ਲਈ ਹੀ ਖੇਡ ਸਕਿਆ।

ਪਿੰਡ ਤੋਂ ਇੰਨੇ ਸਾਲ ਬਾਹਰ ਰਹਿਣ ਕਾਰਨ ਮੈਨੂੰ ਇਹ ਵੀ ਨਹੀਂ ਪਤਾ ਕਿ ਪਿੰਡ ਦਾ ਕੋਈ ਹੋਰ ਮੁੰਡਾ ਵੀ ਚੰਗਾ ਖਿਡਾਰੀ ਬਣਿਆ ਸੀ ਕਿ ਨਹੀਂ। ਮਗਰੋਂ ਪਤਾ ਲੱਗਾ ਸੀ ਕਿ ਮੇਰੇ ਨਾਲ ਚੌਥੀ ਤਕ ਪੜ੍ਹਦੇ ਰਹੇ ਸਿੱਖਾਂ ਦਾ ਤਰਲੋਕ ਜਿਹੜਾ ਥੋੜ੍ਹੀ ਦੇਰ ਬਾਅਦ ਖੇਤੀ ਕਰਨ ਲੱਗ ਪਿਆ ਸੀ ਤੇ ਮਗਰੋਂ ਅਮਰੀਕਾ ਚਲੇ ਗਿਆ ਸੀ, ਦਾ ਪੁੱਤਰ ਬਾਡੀ ਬਿਲਡਿੰਗ ਕਰਨ ਲੱਗ ਪਿਆ ਸੀ। ਉਸ ਨੇ ਮਿਸਟਰ ਪੰਜਾਬ ਦਾ ਖਿਤਾਬ ਵੀ ਜਿੱਤਿਆ ਸੀ।

ਮੇਰੀ ਬੇਟੀ ਮਾਰਸ਼ਲ ਖੇਡ ਤਾਇਕਵਾਂਡੋ ਦੀ ਖਿਡਾਰਨ ਰਹੀ ਹੈ ਅਤੇ ਉਸ ਨੇ ਇਸ ਵਿਚ ਨਾਰਥ ਜ਼ੋਨ ਤੇ ਨੈਸ਼ਨਲ ਪੱਧਰ ਦੇ ਸੋਨ ਤਮਗੇ ਜਿੱਤੇ ਹਨ। ਇਸ ਲਈ ਉਸ ਨੂੰ ਇਹ ਗੱਲ ਕਾਫ਼ੀ ਹੈਰਾਨੀ ਵਾਲੀ ਲੱਗੀ ਸੀ ਕਿ ਪਿੰਡ ਦੀਆਂ ਕੁੜੀਆਂ ਕੋਈ ਖੇਡ ਨਹੀਂ ਸਨ ਖੇਡਦੀਆਂ। ਹੁਣ ਤਾਂ ਸਮੇਂ ਹੀ ਐਸੇ ਆ ਗਏ ਹਨ ਕਿ ਖ਼ਬਰੇ ਕਿੱਕਲੀ ਵੀ ਨਾ ਪਾਉਂਦੀਆਂ ਹੋਣ। ਜਿਥੋਂ ਤਕ ਇਸ ਖੇਡ ਮੈਦਾਨ ਦੀ ਗੱਲ ਹੈ, ਖਬਰੇ ਮੁੰਡੇ ਵੀ ਹੁਣ ਇਥੇ ਨਹੀਂ ਖੇਡਦੇ। ਖੇਡ ਮੈਦਾਨ ਦੀ ਹਾਲਤ ਦੱਸਦੀ ਹੈ ਕਿ ਇਸ ਵਿਚ ਕਬੱਡੀ ਜਾਂ ਫੁੱਟਬਾਲ ਪਿਆਂ ਸਾਲਾਂ ਦਾ ਸਮਾਂ ਬਤੀਤ ਹੋ ਗਿਆ ਹੈ।

ਇਸ ਮੈਦਾਨ ਤੋਂ ਸੌ ਜਾਂ ਪੰਜਾਹ ਗਜ਼ ਦੀ ਦੂਰੀ 'ਤੇ ਹੀ ਜਲੰਧਰ ਸ਼ਹਿਰ ਦੇ ਕਿਸੇ ਨਵੇਂ ਵਸੇ ਮੁਹੱਲੇ ਜਾਂ ਨਗਰ ਦੀਆਂ ਇਮਾਰਤਾਂ ਦਿਖਾਈ ਦੇ ਰਹੀਆਂ ਹਨ। ਨਵੇਂ ਪਲਾਟ ਕੱਟੇ ਜਾ ਰਹੇ ਹਨ। ਪਤਾ ਨਹੀਂ ਇਹ ਖੇਡ ਮੈਦਾਨ ਇਸ ਸ਼ਹਿਰੀ ਹਮਲੇ ਤੋਂ ਕਿੰਨਾ ਕੁ ਚਿਰ ਬਚਦਾ ਹੈ। ਸ਼ਹਿਰੀਕਰਨ ਦੀ ਰਫ਼ਤਾਰ ਨੂੰ ਦੇਖਦਿਆਂ ਲਗਦਾ ਹੀ ਨਹੀਂ ਕਿ ਇਹ ਬਹੁਤਾ ਚਿਰ ਬਚ ਸਕੇਗਾ। ਉਹ ਦਿਨ ਦੂਰ ਨਹੀਂ ਜਦੋਂ ਇਥੇ ਵੀ ਕੋਈ ਨਵੀਂ ਕੋਠੀ ਉਸਰੀ ਹੋਵੇਗੀ। ਮੈਂ ਅਤੇ ਮੇਰੀ ਬੇਟੀ ਹੈਰਾਨ ਹਾਂ ਕਿ ਖੇਡ ਮੈਦਾਨ ਹੀ ਨਹੀਂ ਹੈ ਤਾਂ ਬੱਚੇ ਖੇਡਦੇ ਕਿਥੇ ਹੋਣਗੇ? ਜੇ ਉਹ ਖੇਡਣਗੇ ਹੀ ਨਹੀਂ ਤਾਂ ਉਨ੍ਹਾਂ ਦਾ ਵਿਕਾਸ ਕਿਵੇਂ ਹੋਵੇਗਾ?

(ਚੱਲਦਾ)



*ਪਿੰਡ ਨੰਗਲ ਸ਼ਾਮਾ ਵਿਚ ਚੱਲ ਰਹੇ ਦੰਗਲ ਦੀ ਝਲਕ ਅਤੇ ਪਿਛੇ ਦਿਸ ਰਹੀਆਂ ਹਨ ਉਚੀਆਂ ਇਮਾਰਤਾਂ*

***ਮੈਦਾਨ ਤੋਂ ਸੌ ਜਾਂ ਪੰਜਾਹ ਗਜ਼ ਦੀ ਦੂਰੀ 'ਤੇ ਹੀ ਜਲੰਧਰ ਸ਼ਹਿਰ ਦੇ ਕਿਸੇ ਨਵੇਂ ਵਸੇ ਮੁਹੱਲੇ ਜਾਂ ਨਗਰ ਦੀਆਂ ਇਮਾਰਤਾਂ ਦਿਖਾਈ ਦੇ ਰਹੀਆਂ ਹਨ। ਨਵੇਂ ਪਲਾਟ ਕੱਟੇ ਜਾ ਰਹੇ ਹਨ। ਪਤਾ ਨਹੀਂ ਇਹ ਖੇਡ ਮੈਦਾਨ ਇਸ ਸ਼ਹਿਰੀ ਹਮਲੇ ਤੋਂ ਕਿੰਨਾ ਕੁ ਚਿਰ ਬਚਦਾ ਹੈ। ਸ਼ਹਿਰੀਕਰਨ ਦੀ ਰਫ਼ਤਾਰ ਨੂੰ ਦੇਖਦਿਆਂ ਲਗਦਾ ਹੀ ਨਹੀਂ ਕਿ ਇਹ ਬਹੁਤਾ ਚਿਰ ਬਚ ਸਕੇਗਾ। ਉਹ ਦਿਨ ਦੂਰ ਨਹੀਂ ਜਦੋਂ ਇਥੇ ਵੀ ਕੋਈ ਨਵੀਂ ਕੋਠੀ ਉਸਰੀ ਹੋਵੇਗੀ। ਮੈਂ ਅਤੇ ਮੇਰੀ ਬੇਟੀ ਹੈਰਾਨ ਹਾਂ ਕਿ ਖੇਡ ਮੈਦਾਨ ਹੀ ਨਹੀਂ ਹੈ ਤਾਂ ਬੱਚੇ ਖੇਡਦੇ ਕਿਥੇ ਹੋਣਗੇ? ਜੇ ਉਹ ਖੇਡਣਗੇ ਹੀ ਨਹੀਂ ਤਾਂ ਉਨ੍ਹਾਂ ਦਾ ਵਿਕਾਸ ਕਿਵੇਂ ਹੋਵੇਗਾ?***

**ਕਵਿਤਾ**

## ਵਕਤ

ਵਕਤ ਦੇ ਰੰਗ ਨੇ ਹਜ਼ਾਰਾਂ, ਪਿਆਰ ਦਿੰਦਾ ਹੈ ਵਕਤ।
ਵਕਤ ਹੀ ਦਿੰਦਾ ਹੈ ਜ਼ਿੰਦਗੀ, ਮਾਰ ਦਿੰਦਾ ਹੈ ਵਕਤ।
ਵਕਤ ਹੀ ਫੁੱਲਾਂ ਦਾ ਬੂਟਾ, ਖਾਰ ਦਿੰਦਾ ਹੈ ਵਕਤ।
ਵਕਤ ਹੀ ਦਿੰਦਾ ਹੈ ਜਿੱਤਾਂ, ਹਾਰ ਦਿੰਦਾ ਹੈ ਵਕਤ।

ਕਦੀ-ਕਦੀ ਅਸਮਾਨ ਉਤੇ ਚਾੜ੍ਹ ਦਿੰਦਾ ਹੈ ਵਕਤ।
ਬੰਦੇ ਨੂੰ ਆਪਣੀ ਹੀ ਅੱਗ ਵਿਚ ਸਾੜ ਦਿੰਦਾ ਹੈ ਵਕਤ।
ਕੋਲਿਆਂ ਦੇ ਉਤੇ ਰੱਖ ਕੇ ਰਾੜ੍ਹ ਦਿੰਦਾ ਹੈ ਵਕਤ।
ਰਾਹ ਭੁਲਾ ਕੇ ਜੰਗਲਾਂ ਵਿਚ ਵਾੜ ਦਿੰਦਾ ਹੈ ਵਕਤ।

ਅਜਨਬੀ ਲੋਕਾਂ ਦੇ ਰਿਸ਼ਤੇ ਜੋੜ ਦਿੰਦਾ ਹੈ ਵਕਤ।
ਦਿਲ ਦੇ ਟੁਕੜੇ ਦਿਲ ਦੇ ਨਾਲੋਂ ਤੋੜ ਦਿੰਦਾ ਹੈ ਵਕਤ।
ਵਹਿਣ ਦਰਿਆਵਾਂ ਦੇ ਪਲ ਵਿਚ ਮੋੜ ਦਿੰਦਾ ਹੈ ਵਕਤ।
ਮਿਹਨਤ ਜ਼ਿੰਦਗੀ ਦੀ ਪਲਾਂ ਵਿਚ ਰੋੜ੍ਹ ਦਿੰਦਾ ਹੈ ਵਕਤ।

ਪਿਉ ਤੇ ਪੁੱਤਾਂ ਦੇ ਦਿਲਾਂ ਵਿਚ ਵੰਡੀਆਂ ਪਾ ਦੇਵੇ ਵਕਤ।

ਵਸਦੇ ਰਸਦੇ ਮਹਿਲਾਂ ਤਾਈਂ ਪਲ ਵਿਚ ਢਾਹ ਦੇਵੇ ਵਕਤ।
ਵੱਡੇ-ਵੱਡੇ ਪਰਬਤਾਂ ਦੀ ਵੀ ਜੜ੍ਹ ਹਿਲਾ ਦੇਵੇ ਵਕਤ।
ਛੋਟੇ-ਛੋਟੇ ਜ਼ੱਰਿਆਂ ਨੂੰ ਅੰਬਰਾਂ 'ਚ ਚੜ੍ਹਾ ਦੇਵੇ ਵਕਤ।

ਬਿਨ ਬੱਤੀ ਬਿਨ ਤੇਲ ਦੇ ਦੀਵੇ ਜਗਾ ਦੇਵੇ ਵਕਤ।
ਉਜੜੇ ਹੋਏ ਘਰਾਂ ਦੇ ਬੂਟੇ ਵੀ ਲਾ ਦੇਵੇ ਵਕਤ।
ਸ਼ਹਿਨਸ਼ਾਹਾਂ ਨੂੰ ਭਿਖਾਰੀ ਵੀ ਬਣਾ ਦੇਵੇ ਵਕਤ।
ਮੰਗਤਿਆਂ ਨੂੰ ਤਖ਼ਤ 'ਤੇ ਜਾ ਕੇ ਬਿਠਾ ਦੇਵੇ ਵਕਤ।

ਵਕਤ ਦੇ ਹੱਥੋਂ ਹੀ ਹੋਇਆ ਦੁਨੀਆਂ ਦਾ ਆਗਾਜ਼ ਹੈ।
ਵਕਤ ਬੇਈਮਾਨ ਬੰਦਿਆਂ ਦੇ ਸਿਰਾਂ ਦਾ ਤਾਜ ਹੈ।
ਜਿਸ ਪਾਸੇ ਵੀ ਵੇਖ ਲੈ, ਬੱਸ ਵਕਤ ਦਾ ਹੀ ਰਾਜ ਹੈ।
ਸੜ ਰਿਹਾ ਹਉਮੈ 'ਚ ਬੰਦਾ, ਵਕਤ ਦੀ ਪਰਵਾਜ਼ ਹੈ।

ਵਕਤ ਦੇ ਹੀ ਗੀਤ ਗਜ਼ਲਾਂ, ਵਕਤ ਹੀ ਆਵਾਜ਼ ਹੈ।
ਵਕਤ ਦੇ ਹੀ ਰਿਦਮ ਏਥੇ, ਵਕਤ ਦਾ ਸੁਰ ਸਾਜ਼ ਹੈ।
ਘੁੱਗੀਆਂ ਤੇ ਚਿੜੀਆਂ ਨੂੰ ਖਾਂਦਾ ਵਕਤ ਬਣ ਕੇ ਬਾਜ਼ ਹੈ।
ਖਾ ਰਿਹਾ ਬੰਦੇ ਨੂੰ ਬੰਦਾ, ਵਕਤ ਦਾ ਅੰਦਾਜ਼ ਹੈ।

ਵਕਤ ਦੇ ਰਿਸ਼ਤੇ ਤੇ ਨਾਤੇ, ਵਕਤ ਦੀ ਹੀ ਪ੍ਰੀਤ ਹੈ।
ਵਕਤ ਦੇ ਹੀ ਕਲਮ ਮੇਰੀ ਲਿਖ ਰਹੀ ਹੁਣ ਗੀਤ ਹੈ।
ਵਕਤ ਬੰਦੇ ਨੂੰ ਬਦਲਦਾ, ਦੁਨੀਆਂ ਦੀ ਇਹ ਰੀਤ ਹੈ।
ਵਕਤ ਨੂੰ ਜੋ ਬਦਲ ਦੇ, ਉਹਦਾ ਹੀ ਨਾਂ 'ਸੁਰਜੀਤ' ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

ਕਹਾਣੀ

# ਨਾਸੂਰ

***ਦਿੱਲੀ ਵੱਸਦੀ ਲੇਖਕਾ ਚੰਦਨ ਨੇਗੀ ਦੀ ਕਹਾਣੀ 'ਨਾਸੂਰ' ਦੇ ਪਿਛੋਕੜ ਵਿਚ ਭਾਵੇਂ ਝੁੱਗੀਆਂ-ਝੌਂਪੜੀਆਂ ਵਿਚ ਵੱਸਦੇ ਲੋਕ ਹਨ, ਪਰ ਆਮ ਹਾਲਾਤ ਵਿਚ ਔਰਤ ਨੂੰ ਕਿਹੜੇ-ਕਿਹੜੇ ਰਾਹਾਂ ਵਿਚੋਂ ਲੰਘਣਾ ਪੈਂਦਾ ਹੈ, ਇਸ ਕਹਾਣੀ ਦਾ ਮੁੱਖ ਬਿੰਦੂ ਹੈ। ਔਰਤ ਦੀ ਬੇਵਸੀ ਉਸ ਨੂੰ ਲਗਾਤਾਰ ਖਿੱਚੀ ਚਲੀ ਜਾ ਰਹੀ ਹੈ ਅਤੇ ਅੰਤ ਉਹ ਮਮਤਾ ਦੇ ਅਰਥ ਵੀ ਭੁੱਲ ਬੈਠਦੀ ਹੈ। ਚੰਦਨ ਨੇ 'ਨਾਸੂਰ' ਦੀ ਮੁੱਖ ਪਾਤਰ ਦੀ ਸਿਰਜਣਾ ਇਸ ਢੰਗ ਨਾਲ ਕੀਤੀ ਹੈ ਕਿ ਇਸ ਪਾਤਰ ਨਾਲ ਨਫਰਤ ਹੋਣ ਦੀ ਬਜਾਏ ਹਮਦਰਦੀ ਜਾਗਦੀ ਹੈ। ਬੱਸ, ਇਹੀ ਚੰਦਨ ਨੇਗੀ ਦੀਆਂ ਰਚਨਾਵਾਂ ਦਾ ਸੁਨੇਹਾ ਹੈ। -ਸੰਪਾਦਕ***

ਰਾਤ ਅੰਤਾਂ ਦੀ ਕਾਲੀ ਹੈ। ਕਾਲੇ ਘਨਘੋਰ ਬੱਦਲ ਘਿਰੇ ਹਨ। ਹਵਾ ਬੰਦ ਹੈ। ਤਾਰੇ ਛੁਪੇ ਹਨ। ਹੁੰਮਸ ਹੈ। ਚਿਪ-ਚਿਪ ਕਰਦਾ ਪਸੀਨਾ ਹੈ। ਸਰੀਰਾਂ ਦੀ ਗੰਧ ਹੈ। ਰੁੱਖ, ਪੌਦੇ, ਘਾਹ ਵੀ ਆਕਾਸ਼ ਵੱਲ ਨਜ਼ਰਾਂ ਟਿਕਾਈ ਮੋਨ ਖਲੋਤੇ ਹਨ। ਨਾ ਘਾਹ ਦੀ ਸਰਸਰਾਹਟ ਹੈ, ਨਾ ਪੱਤਿਆਂ ਦੀ ਖਿਹਿਬੜ-ਕਾਨਾਫੂਸੀ। ਰਾਤ ਅੱਧੀ ਬੀਤ ਗਈ ਹੈ।

ਚੁਤਰਫ਼ੀ ਪਸਰੀ ਚੁੱਪ ਨੂੰ ਪੌਸ਼ ਕਾਲੋਨੀ ਦੇ ਪਿਛਵਾੜੇ ਉਗੜ-ਦੁਗੜ ਜ਼ਮੀਨ 'ਤੇ ਅਨਗਿਣਤ ਬਣੀਆਂ ਝੌਂਪੜੀਆਂ ਵਿਚ ਮਚੇ ਸ਼ੋਰ ਨੇ ਤੋੜਿਆ ਹੈ।

ਚੁੱਪ, ਇਕਾਂਤ, ਠਹਿਰੇ ਹੋਏ ਵਾਤਾਵਰਨ ਦੀ ਵੀ ਆਪਣੀ ਵਿਲੱਖਣ ਹੋਂਦ ਹੈ। ਥੋੜ੍ਹੀ ਜਿਹੀ ਹਿਲਜੁਲ ਦੀ ਆਵਾਜ਼ ਦੂਰ-ਦੂਰ ਤੀਕ ਪਹੁੰਚ ਜਾਂਦੀ ਹੈ। ਝੁੱਗੀਆਂ ਵਿਚ ਸ਼ੋਰ ਵਧ ਰਿਹਾ ਹੈ। ਆਵਾਜ਼ਾਂ ਨਾਲ ਹੋਰ ਆਵਾਜ਼ਾਂ ਰਲਗੱਡ ਹੋ ਗਈਆਂ ਹਨ। ਕੁੱਤਿਆਂ ਦੇ ਭੌਂਕਣ ਦੀ ਆਵਾਜ਼ ਵੀ ਹੋਰ ਉਚੀ ਹੋ ਗਈ ਹੈ। ਅਨੇਕਾਂ ਸਿਰ ਘਾਹ-ਫੂਸ ਦੀਆਂ ਛੱਤਾਂ ਵਾਲੀਆਂ ਝੁੱਗੀਆਂ ਦੇ ਨੀਵੇਂ-ਨੀਵੇਂ, ਨਿੱਕੇ-ਨਿੱਕੇ ਬੂਹਿਆਂ ਵਿਚੋਂ ਬਾਹਰ ਨਿਕਲ ਆਏ ਹਨ। ਸਾਰੇ ਹੈਰਾਨ ਹਨ। ਮੂੰਹਾਂ ਦੇ ਵਾਤ ਖੁੱਲ੍ਹੇ ਰਹਿ ਗਏ

ਚੰਦਨ ਨੇਗੀ

ਹਨ। ਅੱਖਾਂ ਅੱਡੀਆਂ ਗਈਆਂ ਹਨ।

ਸੁਖੀ ਰਾਮ ਦੀ ਔਰਤ ਰਾਮਕਲੀ ਝੁੱਗੀ ਵਿਚੋਂ ਧੰਨੀਆ ਨੂੰ ਵਾਲਾਂ ਤੋਂ ਫੜ ਕੇ ਘੜੀਸਦੀ ਬਾਹਰ ਲੈ ਆਈ ਹੈ ਅਤੇ ਉਹਨੂੰ ਪੁਰਾਣੀ ਲੀਰ ਵਾਂਗ ਝੁੱਗੀ ਵਿਚੋਂ ਬਾਹਰ ਸੁੱਟ ਦਿੱਤਾ ਹੈ। ਧੰਨੀਆ ਧਰਤੀ ਦੀ ਹਿੱਕ ਨਾਲ ਚਿਮੜੀ, ਲੋਕਾਂ ਦੀਆਂ ਆਵਾਜ਼ਾਂ ਸੁਣ ਰਹੀ ਹੈ। ਉਹ ਉਠਣਾ ਚਾਹੁੰਦੀ ਹੈ, ਆਪਣੇ ਆਪ ਨੂੰ ਸੰਭਾਲਣਾ ਚਾਹੁੰਦੀ ਹੈ, ਪਰ ਨਾ ਉਸ ਦੇ ਤਨ ਉਤਲਾ ਕੋਈ ਕੱਪੜਾ ਸਾਬਤ ਹੈ, ਨਾ ਹੱਡੀਆਂ ਵਿਚ ਉਠਣ ਦਾ ਜ਼ੋਰ ਹੈ। ਰਾਮਕਲੀ ਨੇ ਤਾਂ ਮਾਰ-ਮਾਰ ਉਸ ਦੀਆਂ ਹੱਡੀਆਂ ਕੜਕਾ ਦਿੱਤੀਆਂ ਹਨ। ਕੱਪੜੇ ਲੀਰੋ-ਲੀਰ ਕਰ ਦਿੱਤੇ ਹਨ। ਕੋਈ ਹੋਰ ਵੇਲਾ ਹੁੰਦਾ ਤਾਂ ਧੰਨੀਆ ਇਕ ਨੂੰ ਤਾਂ ਕੀ, ਕਈਆਂ ਨੂੰ ਧਰਤੀ ਉਤੇ ਡੇਗ ਲੈਂਦੀ, ਪਰ ਹੁਣ ਉਹ ਚੁੱਪ ਹੈ। ਭੱਜੇ-ਟੁੱਟੇ ਕੱਖ-ਕਾਨੇ ਵਾਂਗ ਧਰਤੀ ਦੀ ਹਿੱਕ ਨਾਲ ਚਿਮੜੀ ਲੋਕਾਂ ਦੀਆਂ ਗੱਲਾਂ ਸੁਣ ਰਹੀ ਹੈ।

ਕਿੰਨਾ ਕੋਸ ਰਹੇ ਹਨ ਇਸ ਬਸਤੀ ਦੇ ਸਾਰੇ ਮਰਦ। ਕਿੰਨਾ ਬੁਰਾ ਭਲਾ ਕਹਿ ਰਹੀਆਂ ਹਨ ਉਸ ਦੀਆਂ ਆਂਢਣਾਂ-ਗੁਆਂਢਣਾਂ। ਉਹ ਚੁੱਪ ਹੈ। ਲੋਕਾਂ ਦੀਆਂ ਗੱਲਾਂ ਸੁਣ ਰਹੀ ਹੈ। ਹਰ ਇਕ ਦੀ ਆਵਾਜ਼ ਪਛਾਣਦੀ ਹੈ। ਸਾਰਿਆਂ ਦੀਆਂ ਕਰਤੂਤਾਂ ਜਾਣਦੀ ਹੈ। ਉਹ ਸੋਚਦੀ ਹੈ, ਜੇ ਉਸ ਵਿਚ ਹਿੰਮਤ ਹੋਏ ਤਾਂ ਇਕ-ਇਕ ਨੂੰ ਨੰਗਾ ਕਰ ਦੇਵੇ। ਫਿਰ ਸਭ ਦੀਆਂ ਜ਼ੁਬਾਨਾਂ ਨੂੰ ਕਾਠ ਮਾਰ ਜਾਏਗਾ, ਨਜ਼ਰਾਂ ਪਥਰਾ ਜਾਣਗੀਆਂ, ਜਿਸਮਾਂ ਵਿਚੋਂ ਰੱਤ ਨੁਚੜ ਜਾਏਗੀ। ਇਹ ਸਾਰੀਆਂ ਔਰਤਾਂ, ਇਹ ਸਾਰੇ ਮਰਦ, ਆਪੋ-ਆਪਣੇ ਢਿੱਡ ਢਕਦੇ ਅੰਦਰ ਵੜ ਦੁਬਕ ਕੇ ਬੈਠ ਜਾਣਗੇ ਪਰ ਉਹ ਚੁੱਪ ਰਹੀ,

***ਕਿੰਨੇ ਵਰ੍ਹਿਆਂ ਤੋਂ ਇਹੋ ਕਰਮ ਚਲਿਆ ਆ ਰਿਹਾ ਹੈ। ਕਈ ਵਾਰੀ ਧੰਨੀਆ ਬੱਚੇ ਲੈ ਕੇ ਜਾਣ ਵਾਲੀ ਔਰਤ ਦੇ ਪਿਛੇ-ਪਿਛੇ ਵੀ ਜਾਂਦੀ ਸੀ। ਬੱਚਾ ਉਸ ਔਰਤ ਦੀ ਝੋਲੀ ਵਿਚ ਰੋਂਦਾ-ਕੁਰਲਾਂਦਾ। ਦੂਰੋਂ ਵੇਖਦੀ ਧੰਨੀਆ ਦੇ ਜਿਸਮ ਵਿਚੋਂ ਸਾਰੀ ਰੱਤ ਨੁੱਚੜ ਜਾਂਦੀ ਸੀ। ਬੱਚਾ ਤੜਫ਼ਦਾ, ਜਿਵੇਂ ਉਸ ਦੀ ਗੋਦੜੀ ਵਿਚ ਕੰਡੇ, ਕਾਕਰੋਚ ਜਾਂ ਨੁਕੀਲੇ ਪੱਥਰ ਬੱਚੇ ਨੂੰ ਚੁਭਦੇ ਹੋਣ। ਬੱਚਾ ਜਿੰਨਾ ਜ਼ੋਰ ਨਾਲ ਰੋਂਦਾ-ਤੜਫਦਾ, ਉਨੇ ਹੀ ਔਰਤ ਤਰਲੇ ਪਾਂਦੀ, ਦੁਹਾਈ ਦਿੰਦੀ, ਪੈਸੇ ਮੰਗਦੀ, "ਮੇਰਾ ਬੱਚਾ ਭੂਖ ਸੇ ਮਰਾ ਰਹਾ ਹੈ, ਇਸ ਕੇ ਦੂਧ ਕੇ ਲੀਏ ਪੈਸੇ।" ਉਹ ਮੱਥੇ ਵੀ ਟੇਕਦੀ। ਲੋਕਾਂ ਦੇ ਪਿਛੇ ਵੀ ਦੌੜਦੀ। ਪੈਰੀਂ ਹੱਥ ਲਾਂਦੀ। ਕਦੇ ਇਕ ਚੁਰਾਹੇ ਵਿਚ ਖਲੋਂਦੀ, ਕਦੇ ਦੂਜੇ ਚੁਰਾਹੇ ਵਿਚ। ਬੱਚੇ ਨੂੰ ਗੋਦੀ ਵਿਚ ਲੈ ਕੇ ਮੰਗਣ ਨਾਲ ਉਸ ਦੀ ਦਿਹਾੜੀ ਚੰਗੀ ਬਣ ਜਾਂਦੀ। ਬੱਚੇ ਦੀਆਂ ਅੱਖਾਂ ਸੁੱਜ ਜਾਂਦੀਆਂ। ਆਵਾਜ਼ ਭਾਰੀ ਹੋ ਜਾਂਦੀ, ਤੇ ਸ਼ਾਮ ਨੂੰ ਆਪਣੀ ਮਾਂ ਕੋਲ ਬੱਚਾ ਬੇਸੁਰਤ ਜਿਹਾ ਪਿਆ ਰਹਿੰਦਾ।***

ਧਰਤੀ ਦੀ ਹਿੱਕ ਨਾਲੋਂ ਵਿਛੜਨ ਦੀ ਉਸ ਵਿਚ ਸਮਰੱਥਾ ਨਹੀਂ ਸੀ।

ਧੰਨੀਆ ਤੇ ਰਾਮਕਲੀ ਦੀਆਂ ਝੁੱਗੀਆਂ ਦੀ ਕੰਧ ਸਾਂਝੀ ਹੈ।

ਝੁੱਗੀਆਂ ਝੌਂਪੜੀਆਂ ਦੀ ਇਹ ਬਸਤੀ ਧੰਨੀਆ ਦੀ ਝੌਂਪੜੀ ਨਾਲ ਹੀ ਵਸੀ ਹੈ। ਇਥੇ ਤਾਂ ਉਚੇ-ਉਚੇ ਅਬਰਕ ਦੇ ਟਿੱਲੇ, ਖਾਈਆਂ, ਉਗੜ-ਦੁਗੜ ਰਸਤੇ ਅਤੇ ਪੱਥਰ ਹੀ ਪੱਥਰ ਸਨ। ਦੁੱਧ ਧੋਤੀਆਂ ਚਾਨਣੀਆਂ ਰਾਤਾਂ ਵਿਚ ਹੀਰਿਆਂ ਵਾਂਗ ਚਮਕਦੇ ਸਨ ਪੱਥਰਾਂ ਵਿਚ ਜੜੇ ਅਬਰਕ ਦੇ ਟੋਟੇ। ਇਥੇ ਹੀ ਧੰਨੀਆ ਤੇ ਉਸ ਦਾ ਮਹਾਂਵੀਰ ਕੁਏਰੀ ਵਿਚ ਕੰਮ ਕਰਦੇ ਸਨ। ਮਹਾਂਵੀਰ ਬਰੂਦ ਲਾ ਕੇ ਪੱਥਰਾਂ ਦੇ ਸੀਨੇ ਪਾੜਦਾ ਸੀ। ਪੱਥਰਾਂ ਨੂੰ ਕੁੱਟ-ਕੁੱਟ ਧੰਨੀਆ ਅਤੇ ਸਾਥਣਾਂ ਰੋੜੀ ਬਣਾਂਦੀਆਂ ਸਨ। 'ਟਕ-ਟਕ-ਟਕ', ਸਾਰਾ ਦਿਨ ਹਥੌੜੀਆਂ ਚਲਦੀਆਂ, ਢੇਰ ਲਗਦੇ।

ਇਕ ਦਿਨ ਮਹਾਂਵੀਰ ਦੇ ਦੂਰ ਨੱਸਣ ਤੋਂ ਪਹਿਲਾਂ ਹੀ ਬਾਰੂਦ ਪਾਟ ਗਿਆ ਤੇ ਉਹ ਵੀ ਪੱਥਰ ਮਿੱਟੀ ਦੀ ਤਰ੍ਹਾਂ ਹਵਾ ਵਿਚ ਉਛਲ ਚੂਰ-ਚੂਰ ਦੂਰ ਜਾ ਡਿੱਗਿਆ ਸੀ। ਉਸ ਦੀ ਲੱਤ ਅਤੇ ਬਾਂਹ ਦੇ ਚੀਥੜੇ ਲਟਕ ਗਏ। ਮਹੀਨਿਆਂ ਬੱਧੀ ਉਹ ਹਸਪਤਾਲ ਪਿਆ ਰਿਹਾ। ਜਦੋਂ ਵਾਪਸ ਪਰਤਿਆ ਤਾਂ ਅੱਧਾ ਮਹਾਂਵੀਰ- ਇਕ ਲੱਤ, ਇਕ ਹੱਥ। ਉਦੋਂ ਉਸ ਦਾ ਪਹਿਲਾ ਬੱਚਾ ਕੁੱਝ ਮਹੀਨਿਆਂ ਦਾ ਸੀ।

ਕੋਠੀਆਂ ਦੇ ਪਿਛਵਾੜੇ ਧਰਤੀ ਸਾਵੀਂ-ਪੱਧਰੀ ਹੋ ਗਈ। ਟਿੱਬੇ, ਟੋਇਆਂ ਵਿਚ ਸਮਾ ਗਏ। ਪੱਥਰ-ਰੋੜੀ ਕੰਧਾਂ-ਸੜਕਾਂ ਵਿਚ ਚਿਣੇ ਗਏ। ਧੰਨੀਆ ਨੇ ਇਕ ਟੋਏ ਦੀ ਨੁੱਕਰ ਵਿਚ ਘਾਹ-ਫੂਸ ਦੀ ਛੱਤ ਬਣਾ ਲਈ। ਗਾਰੇ ਮਿੱਟੀ ਦੀਆਂ ਕੰਧਾਂ ਚਿਣ ਲਈਆਂ। ਅੱਧ-ਅਧੂਰਾ ਮਹਾਂਵੀਰ ਝੁੱਗੀ ਦੇ ਬਾਹਰ ਮੰਜੀ ਉਤੇ ਪਿਆ ਬੀੜੀਆਂ ਫੂਕਦਾ ਰਹਿੰਦਾ। ਕੁਝ ਹੀ ਦਿਨਾਂ ਵਿਚ ਹੋਰ ਝੁੱਗੀਆਂ ਵੀ ਬਣ ਗਈਆਂ।

ਹੁਣ ਧੰਨੀਆ ਦੇ ਚੇਤੇ ਦੀ ਇਕ ਘੜੀ ਨੂੰ ਕਾਠ ਮਾਰ ਗਿਆ ਹੈ ਕਿ ਪਹਿਲੀ ਵਾਰੀ ਉਸ ਔਰਤ ਨਾਲ ਮੁਲਾਕਾਤ ਕਿੰਜ ਹੋਈ ਜਿਹੜੀ ਉਸ ਦਾ ਬੱਚਾ ਲੈ ਗਈ ਸੀ। ਉਸ ਵੇਲੇ ਧੰਨੀਆ ਤੇ ਮਹਾਂਵੀਰ ਕਿੰਨੇ ਸੁਖੀ ਤੇ ਵਿਹਲੇ ਹੋ ਗਏ ਸਨ। ਤਾਰਿਆਂ ਦੀ ਛਾਂਵੇਂ ਉਹ ਔਰਤ ਬੱਚਾ ਲੈ ਜਾਂਦੀ ਸੀ ਤੇ ਦਿਨ ਡੁੱਬੇ ਤਾਰਿਆਂ ਦੀ ਛਾਂਵੇਂ ਕੁਝ ਪੈਸੇ ਤੇ ਬੱਚਾ ਵਾਪਸ ਦੇ ਜਾਂਦੀ ਸੀ। ਇਸ ਔਰਤ ਦਾ ਵੀ ਅਜੀਬ ਧੰਦਾ ਹੈ। ਮਜ਼ਦੂਰੀ ਕਰਦੀਆਂ ਔਰਤਾਂ ਦੇ ਬੱਚੇ ਕਿਰਾਏ 'ਤੇ ਲੈ ਜਾਂਦੀ ਹੈ। ਜਿੰਨਾ ਛੋਟਾ ਬੱਚਾ, ਉਨਾ ਹੀ ਉਸ ਦਾ ਦਿਹਾੜੀ ਦਾ ਕਿਰਾਇਆ ਵੱਧ ਦਿੰਦੀ ਹੈ। ਧੰਨੀਆ ਨੂੰ ਬੜਾ ਸੁਖ ਮਿਲਿਆ ਸੀ। ਬੱਚੇ ਦਾ ਖਾਣਾ ਖੁਰਾਕ ਸਭੇ ਕੁਝ ਉਸ ਦੇ ਹੀ ਜ਼ਿੰਮੇ ਹੁੰਦਾ ਸੀ। ਫਿਰ ਪੂਰੇ ਦਿਨਾਂ ਉਤੇ ਧੰਨੀਆ ਸਾਰੀ ਦਿਹਾੜੀ ਵੀ ਤਾਂ ਨਹੀਂ ਸੀ ਲਾ ਸਕਦੀ। ਹਫ ਜਾਂਦੀ। ਪੱਸਲੀਆਂ ਤਰਿੜਨ ਲੱਗ ਪੈਂਦੀਆਂ। ਕਮਰ ਟੁੱਟਣ ਲੱਗਦੀ ਸੀ। ਅੱਧੀ ਦਿਹਾੜੀ ਅਤੇ ਬੱਚੇ ਦੇ ਪੈਸਿਆਂ ਨਾਲ ਦੋਵੇਂ ਵੇਲੇ ਠਿੱਲ੍ਹ ਜਾਂਦੇ।

ਹਾਲੀ ਤਾਂ ਮਸਾਂ ਪਹੁ ਵੀ ਨਹੀਂ ਫੁਟਦੀ। ਚਿੜੀਆਂ, ਕਾਂ, ਪੰਛੀ, ਆਪੋ-ਆਪਣੇ ਆਲ੍ਹਣਿਆਂ ਤੋਂ ਬਾਹਰ ਆ 'ਸ਼ੁਭ ਸਵੇਰ' ਦਾ ਗੀਤ ਵੀ ਨਹੀਂ ਅਲਾਪਦੇ, ਉਹ ਔਰਤ ਧੰਨੀਆ ਦੀ ਝੁੱਗੀ ਦੇ ਬਾਹਰ ਆ ਕੇ ਬੈਠ ਜਾਂਦੀ। ਮੈਲੇ-ਕੁਚੈਲੇ ਕੱਪੜੇ, ਬਿਆਈਆਂ-ਫੁੱਟੇ ਪੈਰ, ਗਿੱਟਿਓਂ ਉਚੀ ਧੋਤੀ, ਤੇ ਧੋਤੀ ਦੇ ਡੱਬ ਵਿਚ ਲਟਕਦੀ ਮੈਲੀ ਜਿਹੀ ਗੁੱਥੀ ਜਿਸ ਵਿਚੋਂ ਟੀਨ ਦੀ ਡੱਬੀ ਦਾ ਤੰਬਾਕੂ ਕੱਢ ਤਲੀ 'ਤੇ ਮਸਲਦੀ ਹੈ ਤੇ ਫਿਰ ਹੇਠਾਂ ਇਕ ਪਾਸੇ ਰੱਖ ਲੈਂਦੀ ਹੈ। ਕਾਗਜ਼ ਦੀਆਂ ਪੁੜੀਆਂ ਖੋਲ੍ਹਦੀ ਹੈ, ਕੁਝ ਹਿਸਾਬ ਲਾਂਦੀ ਹੈ ਤੇ ਫਿਰ ਪੁੜੀ ਨੂੰ ਗੁੱਥੀ ਵਿਚ ਪਾ ਦਿੰਦੀ ਹੈ।

ਧੰਨੀਆ ਦਾ ਦੂਜਾ ਬੱਚਾ ਮਸਾਂ ਕੁਝ ਦਿਨਾਂ ਦਾ ਹੋਇਆ ਹੈ। ਉਹ ਦੂਜੇ ਬੱਚੇ ਨੂੰ ਵੀ ਲੈ ਗਈ ਹੈ। ਧੰਨੀਆ ਦਾ ਆਦਮੀ ਮਹਾਂਵੀਰ ਹੱਡੀਆਂ ਦੀ ਮੁੱਠ, ਸੁੱਕਾ ਮਰੀਅਲ, ਜਿਵੇਂ ਖੇਤਾਂ ਵਿਚ ਖਲੋਤਾ ਇਕ ਟੰਗਾ ਡਰਾਵਾ ਜਾਂ ਬਾਂਸ ਦਾ ਪੁਤਲਾ, ਸਾਰਾ ਦਿਨ ਬੈਠਾ ਰਹਿੰਦਾ ਹੈ। ਦੋ ਵਾਰੀ ਤਾਂ ਧੰਨੀਆ ਨੇ ਦੂਜੀ ਬਸਤੀ ਦੇ ਸਰਕਾਰੀ ਸਕੂਲ ਕੋਲ ਛਾਬਾ ਵੀ ਲਾ ਦਿੱਤਾ ਹੈ ਪਰ ਉਸ ਦੀ ਤਾਂ ਵਾਣੀ ਹੀ ਹੋਰ ਬਣ ਗਈ ਹੈ। ਕੰਮ ਕਰਨ, ਕਮਾਉਣ ਤੋਂ ਅਵੇਸਲਾ ਹੋ ਗਿਆ ਹੈ। ਦੋ ਪੈਸੇ ਕਮਾ ਲਏ ਤਾਂ ਜੂਏ ਜੁੰਡਲੀ ਵਿਚ ਜਾ ਬੈਠਾ। ਜਿੱਤ ਗਿਆ ਤਾਂ ਸ਼ਰਾਬ ਪੀ ਲਈ; ਹਾਰ ਗਿਆ ਤਾਂ ਧੰਨੀਆ ਦੀ ਖੈਰ ਨਾ ਹੁੰਦੀ। ਲੜਾਈ-ਝਗੜਾ, ਮਾਰ-ਕੁਟਾਈ। ਮਾਰ-ਮਾਰ ਧੰਨੀਆ ਦੀ ਬੋਟੀ-ਬੋਟੀ ਉਡਾ ਦਿੰਦਾ ਇਹ ਸੁੱਕਾ ਮਾੜਚੂ ਜਿਹਾ ਅੱਧਾ-ਅਧੂਰਾ ਮਰਦ।



ਪਹਿਲੇ-ਪਹਿਲ ਤਾਂ ਝੁੱਗੀਆਂ ਵਾਲੇ ਬਚਾਂਦੇ ਰਹੇ, ਧੰਨੀਆ ਨੂੰ ਛੁਡਾਂਦੇ ਰਹੇ; ਫਿਰ ਰੋਜ਼ ਦਾ ਇਹੀ ਕਰਮ ਹੋ ਗਿਆ। ਉਸ ਔਰਤ ਦੇ ਆਂਦੇ ਹੀ ਉਹ ਝਪਟਾ ਮਾਰ ਪੈਸੇ ਖੋਹ ਲੈਂਦਾ ਅਤੇ ਉਸ ਦੀ ਬਿਸਾਖੀ ਦੀ ਟੱਕ-ਟੱਕ ਤੀਕ ਸੁਣੀਂਦੀ।

ਕਿੰਨੇ ਵਰ੍ਹਿਆਂ ਤੋਂ ਇਹੋ ਕਰਮ ਚਲਿਆ ਆ ਰਿਹਾ ਹੈ। ਕਈ ਵਾਰੀ ਧੰਨੀਆ ਬੱਚੇ ਲੈ ਕੇ ਜਾਣ ਵਾਲੀ ਔਰਤ ਦੇ ਪਿਛੇ-ਪਿਛੇ ਵੀ ਜਾਂਦੀ ਸੀ। ਬੱਚਾ ਉਸ ਔਰਤ ਦੀ ਝੋਲੀ ਵਿਚ ਰੋਂਦਾ-ਕੁਰਲਾਂਦਾ। ਦੂਰੋਂ ਵੇਖਦੀ ਧੰਨੀਆ ਦੇ ਜਿਸਮ ਵਿਚੋਂ ਸਾਰੀ ਰੱਤ ਨੁੱਚੜ ਜਾਂਦੀ ਸੀ। ਬੱਚਾ ਤੜਫਦਾ, ਜਿਵੇਂ ਉਸ ਦੀ ਗੋਦੜੀ ਵਿਚ ਕੰਡੇ, ਕਾਕਰੋਚ ਜਾਂ ਨੁਕੀਲੇ ਪੱਥਰ ਬੱਚੇ ਨੂੰ ਚੁਭਦੇ ਹੋਣ। ਬੱਚਾ ਜਿੰਨਾ ਜ਼ੋਰ ਨਾਲ ਰੋਂਦਾ-ਤੜਫਦਾ, ਉਨੇ ਹੀ ਔਰਤ ਤਰਲੇ ਪਾਂਦੀ, ਦੁਹਾਈ ਦਿੰਦੀ, ਪੈਸੇ ਮੰਗਦੀ, "ਮੇਰਾ ਬੱਚਾ ਭੂਖ ਸੇ ਮਰਾ ਰਹਾ ਹੈ, ਇਸ ਕੇ ਦੂਧ ਕੇ ਲੀਏ ਪੈਸੇ।" ਉਹ ਮੱਥੇ ਵੀ ਟੇਕਦੀ। ਲੋਕਾਂ ਦੇ ਪਿਛੇ ਵੀ ਦੌੜਦੀ। ਪੈਰੀਂ ਹੱਥ ਲਾਂਦੀ। ਕਦੇ ਇਕ ਚੁਰਾਹੇ ਵਿਚ ਖਲੋਂਦੀ, ਕਦੇ ਦੂਜੇ ਚੁਰਾਹੇ ਵਿਚ। ਬੱਚੇ ਨੂੰ ਗੋਦੀ ਵਿਚ ਲੈ ਕੇ ਮੰਗਣ ਨਾਲ ਉਸ ਦੀ ਦਿਹਾੜੀ ਚੰਗੀ ਬਣ ਜਾਂਦੀ। ਬੱਚੇ ਦੀਆਂ ਅੱਖਾਂ ਸੁੱਜ ਜਾਂਦੀਆਂ। ਆਵਾਜ਼ ਭਾਰੀ ਹੋ ਜਾਂਦੀ, ਤੇ ਸ਼ਾਮ ਨੂੰ ਆਪਣੀ ਮਾਂ ਕੋਲ ਬੱਚਾ ਬੇਸੁਰਤ ਜਿਹਾ ਪਿਆ ਰਹਿੰਦਾ।

ਉਹ ਔਰਤ ਧੰਨੀਆ ਦੇ ਬੱਚੇ ਹੋਰ ਮੰਗਤਿਆਂ ਨੂੰ ਕਿਰਾਏ ਉਤੇ ਦੇਣ ਲੱਗ ਪਈ ਸੀ। ਧੰਨੀਆ ਨੇ ਪੱਥਰ ਕੁੱਟਣੇ ਛੱਡ ਦਿੱਤੇ। ਨਾ ਪੂਰੀ ਦਿਹਾੜੀ ਲਾ ਸਕਦੀ ਸੀ, ਨਾ ਪੂਰੇ ਪੈਸੇ ਮਿਲਦੇ ਸਨ। ਹੁਣ ਉਸ ਤੋਂ ਸਾਰਾ ਦਿਨ ਹਥੌੜੀ ਨਹੀਂ ਸੀ ਵੱਜਦੀ। ਵਿਹਾਰ ਜਿਹਾ ਸ਼ੁਰੂ ਹੋ ਗਿਆ ਸੀ ਦੋਹਾਂ ਔਰਤਾਂ ਵਿਚ। ਕਿਹੋ ਜਿਹਾ ਸਮਝੌਤਾ ਸੀ ਤੇ ਕੇਹੀ ਸਾਂਝੇਦਾਰੀ! ਬੱਚਿਆਂ ਦੇ ਜਿਸਮਾਂ ਦਾ ਵਪਾਰ। ਧੰਨੀਆ ਦਾ ਪੈਰ ਜਦੋਂ ਵੀ ਭਾਰੀ ਹੁੰਦਾ ਹੈ, ਮਹਾਂਵੀਰ ਅਤੇ ਧੰਨੀਆ ਦੇ ਚਿਹਰੇ ਖਿੜ ਜਾਂਦੇ ਹਨ। ਹੱਸੂੰ-ਹੱਸੂੰ ਕਰਦੇ ਚਿਹਰੇ, ਘਰ ਵਿਚ ਇਕ ਹੋਰ ਨਵੇਂ ਜੀਅ ਦੀ ਆਮਦ ਦੇ ਵਾਧੇ ਦੀ ਖੁਸ਼ੀ ਹੁੰਦੀ ਹੈ। ਧੰਨੀਆ ਹੁਣ ਨਾ ਸ਼ਰਾਬ ਤੋਂ ਰੋਸ ਕਰਦੀ ਹੈ, ਨਾ ਮਾਰਾਂ ਤੋਂ ਆਪਣੇ ਆਪ ਨੂੰ ਬਚਾਉਂਦੀ ਹੈ। ਉਚੀ-ਲੰਮੀ, ਭਰਵੀਂ ਧੰਨੀਆ ਤਾਂ ਮਹਾਂਵੀਰ ਜਿਹੇ ਦੋ ਬੰਦਿਆਂ ਨੂੰ ਮੁੱਠੀਆਂ ਵਿਚ ਨਪੀੜ ਲਏ। ਉਸ ਅੱਧੇ-ਅਧੂਰੇ ਇਕ ਟੰਗ ਵਾਲੇ ਮਹਾਂਵੀਰ ਦੀ ਪਤਲੀ ਗਰਦਨ ਇਕੋ ਮਰੋੜੀ ਨਾਲ ਪਰ੍ਹਾਂ ਵਗਾਹ ਮਾਰੇ, ਪਰ ਉਹ ਥੋੜ੍ਹੀ ਦੇਰ ਬਾਅਦ ਹੀ ਮਹਾਂਵੀਰ ਕੋਲ ਲੰਮੀ ਪੈ ਜਾਂਦੀ ਹੈ। ਉਸ ਨੂੰ ਪਤਾ ਹੈ, ਫਿਰ ਉਹ ਉਸ ਨੂੰ ਅੰਤਾਂ ਦਾ ਪਿਆਰ ਕਰਦਾ ਹੈ ਅਤੇ ਉਸ ਦਾ ਪੈਰ ਭਾਰੀ ਹੋ ਜਾਂਦਾ ਹੈ। ਭਰੀ ਭਰਾਈ ਧੰਨੀਆ ਦੀ ਚਾਲ ਵਿਚ ਮਟਕ ਆ ਜਾਂਦੀ ਹੈ। ਕਦਮਾਂ ਹੇਠਲੀ ਧਰਤੀ ਨੂੰ ਕਾਂਬਾ ਛਿੜ ਜਾਂਦਾ ਹੈ। ਧੰਨੀਆ ਹਰ ਸਾਲ ਬੱਚਾ ਪੈਦਾ ਕਰਨ ਲੱਗ ਪਈ ਹੈ। ਇਹੀ ਸੀ ਉਸ ਦਾ ਧੰਦਾ। ਇਸ ਧੰਦੇ ਤੋਂ ਰੋਟੀ ਚਲਦੀ ਸੀ, ਮਹਾਂਵੀਰ ਦੀ ਸ਼ਰਾਬ, ਜੂਆ। ਤੇ ਧੰਨੀਆ ਜਿਵੇਂ ਬੱਚੇ ਪੈਦਾ ਕਰਨ ਵਾਲੀ ਮਸ਼ੀਨ ਬਣ ਗਈ ਹੋਵੇ। ਇਹੀ ਉਨ੍ਹਾਂ ਦੀ ਰੋਜ਼ੀ ਸੀ, ਇਹੀ ਕਮਾਈ, ਇਹੋ ਕੰਮ, ਇਹੋ ਵਿਹਾਰ।

ਕੀ ਦਿੰਦੀ ਸੀ ਉਹ ਔਰਤ ਬੱਚਿਆਂ ਨੂੰ? ਰਾਤ ਨੂੰ ਅੱਧ-ਬੇਹੋਸ਼ ਜਿਹੇ ਬੱਚੇ ਘਰ ਪਰਤਦੇ। ਬਾਂਹਵਾਂ ਲੱਤਾਂ ਉਤੇ ਰਿਸਦੇ ਜ਼ਖ਼ਮਾਂ ਦੀ ਉਨ੍ਹਾਂ ਨੂੰ ਨਾ ਪਰਵਾਹ ਹੁੰਦੀ, ਨਾ ਪੀੜ। ਅੱਧ ਨੰਗੇ, ਅੱਧ ਕੱਜੇ ਬੱਚੇ ਝੁੱਗੀ ਵਿਚ ਸਿਰਫ਼ ਰਾਤ ਕੱਟਦੇ। ਸੁੱਤੇ-ਸੁੱਤੇ ਨੰਗੇ ਢਿੱਡਾਂ ਉਤੇ ਹੱਥ ਮਾਰਦੇ, "ਭਗਵਾਨ ਕੇ ਨਾਮ ਕੋਈ ਪੈਸਾ... ਹਮਾਰਾ ਮਾਂ-ਬਾਪ ਮਰ ਗਯਾ...!" ਧੰਨੀਆ ਦੇ ਜਿਗਰ ਨੂੰ ਚੀਸਾਂ ਪੈਂਦੀਆਂ ਤਾਂ ਸਨ, ਪਰ ਰੋਜ਼ੀ-ਰੋਟੀ ਦਾ ਵੀ ਬੜਾ ਵੱਡਾ ਸਵਾਲ ਸੀ; ਢਿੱਡ ਦੀ ਭੁੱਖ ਦਾ, ਅੱਧੇ ਆਦਮੀ ਦੀਆਂ ਲੋੜਾਂ ਦਾ। ਧੰਨੀਆ ਨੂੰ ਮੋਹ ਵੀ ਤਾਂ ਨਹੀਂ ਸੀ ਉਪਜਦਾ, ਆਪਣੀ ਕੁੱਖ ਦੇ ਜਾਇਆਂ ਨਾਲ। ਪੈਸੇ ਖਾਤਰ ਹੀ ਉਸ ਬੱਚੇ ਜੰਮਾਏ। ਉਹ ਉਨ੍ਹਾਂ ਦੇ ਚਿਹਰੇ ਸਿਰਫ਼ ਰਾਤ ਦੇ ਹਨੇਰੇ ਵਿਚ ਹੀ ਦੇਖਦੀ ਜਿਵੇਂ ਕੋਈ ਮਹਿਮਾਨ ਸਿਰਫ਼ ਰਾਤ ਕੱਟਣ ਆਉਂਦੇ ਹੋਣ। ਝੁੱਗੀਆਂ ਦੇ ਹੋਰ ਬੱਚੇ ਬੇਫਿਕਰ ਖੇਡਦੇ, ਨੱਚਦੇ-ਕੁੱਦਦੇ ਵੇਖ ਉਹਦੀਆਂ ਆਂਦਰਾਂ ਵਿਚ ਕੜਵੱਲ ਵੀ ਪੈਂਦੇ, ਪਰ ਉਹ ਆਪੇ ਹੀ ਮੂੰਹ ਫੇਰ ਅਹਿਸਾਸ ਦਾ ਗਲਾ ਘੁੱਟ ਲੈਂਦੀ ਸੀ।

ਜਿਹੜੇ ਬੱਚੇ ਥੋੜ੍ਹੇ ਵੱਡੇ ਹੋ ਗਏ ਸਨ, ਉਸ ਔਰਤ ਨੇ ਹਸਪਤਾਲਾਂ, ਮੰਦਰਾਂ, ਚੁਰਾਹਿਆਂ ਉਤੇ ਉਨ੍ਹਾਂ ਨੂੰ ਥਾਂਵਾਂ ਮੱਲ ਦਿੱਤੀਆਂ ਸਨ। ਉਹ ਠੋਕਰਾਂ ਖਾਂਦੇ, ਨਸ਼ੀਲੀਆਂ ਗੋਲੀਆਂ ਫੱਕਦੇ, ਮੰਗਦੇ-ਮੰਗਦੇ, ਖੌਰੇ ਕਿਥੇ-ਕਿਥੇ ਧੱਕੇ ਖਾਂਦੇ ਚਲੇ ਗਏ। ਕਦੇ ਰਾਤ ਨੂੰ ਵੀ ਘਰ ਨਹੀਂ ਪਰਤਦੇ। ਉਨ੍ਹਾਂ ਦੇ ਚੇਤਿਆਂ ਤੋਂ ਮਾਂ-ਪਿਉ, ਝੁੱਗੀ, ਬਸਤੀ, ਕੱਖਾਂ-ਕਾਨਿਆਂ ਦੀਆਂ ਛੱਤਾਂ ਸਭ ਵਿਸਰ ਗਈਆਂ ਹਨ। ਉਨ੍ਹਾਂ ਦੇ ਆਪਣੇ ਹੀ ਅੱਡੇ ਬਣ ਗਏ ਹਨ। ਉਨ੍ਹਾਂ ਨੂੰ ਆਪਣੇ ਹੀ ਸਾਥੀ ਮਿਲ ਗਏ ਹਨ।

ਹੁਣ ਧੰਨੀਆ ਕੋਲ ਸਿਰਫ਼ ਦੋ ਹੀ ਬੱਚੇ ਰਹਿ ਗਏ ਹਨ। ਜਿੰਨੇ ਪੈਸੇ ਉਹ ਔਰਤ ਇਨ੍ਹਾਂ ਬੱਚਿਆਂ ਨੂੰ ਦਿੰਦੀ ਹੈ, ਉਸ ਨਾਲ ਤਾਂ ਉਨ੍ਹਾਂ ਦੇ ਪੇਟ ਦੀ ਭੱਠੀ ਨਹੀਂ ਝੁਲਸਦੀ। ਮਹਾਂਵੀਰ ਤਾਂ ਬੀੜੀਆਂ ਫੂਕਦਾ, ਸ਼ਰਾਬਾਂ ਪੀਂਦਾ ਸਾਹਸਤ-ਹੀਣ ਹੋ ਗਿਆ ਹੈ। ਕਦੇ ਉਹ ਰੋਂਦਾ ਹੈ, ਬੱਚਿਆਂ ਨੂੰ ਆਵਾਜ਼ਾਂ ਮਾਰਦਾ ਹੈ ਜਿਨ੍ਹਾਂ ਦੇ ਨਾਂ ਵੀ ਉਸ ਨੂੰ ਭੁੱਲ ਗਏ ਹਨ। ਧੰਨੀਆ ਵੀ ਸੋਚਦੀ ਹੈ, ਜੇ ਉਸ ਦੇ ਸਾਰੇ ਬੱਚੇ ਘਰ ਹੋਣ ਤਾਂ ਝੁੱਗੀ ਵਿਚ ਬੈਠ ਵੀ ਨਾ ਸਕਣ। ਉਸ ਨੂੰ ਆਪਣੀ ਹੀ ਕੁੱਖ ਦੇ ਜਾਇਆਂ ਦੀ ਗਿਣਤੀ ਭੁੱਲ ਜਾਂਦੀ ਹੈ। ਪੋਟਿਆਂ ਉਤੇ ਗਿਣਤੀ ਨੂੰ ਕਦੇ ਇਕ ਬੱਚਾ ਭੁੱਲ ਜਾਂਦਾ ਹੈ, ਕਦੇ ਦੂਜਾ। ਤੇ ਉਹ ਦੋਹਾਂ ਕੁੜੀਆਂ ਦੇ ਅੱਗੜ-ਪਿੱਛੜ ਹੋਏ ਮੁੰਡਿਆਂ ਨੂੰ ਪੋਟਿਆਂ ਉਤੇ ਗਿਣਦੀ ਹੈ, ਮੁੰਡੇ ਜਿਨ੍ਹਾਂ ਦੀਆਂ ਨੁਹਾਰਾਂ ਵੀ ਹੁਣ ਉਸ ਨੂੰ ਯਾਦ ਨਹੀਂ।

ਧੰਨੀਆ ਦਾ ਸਭ ਤੋਂ ਛੋਟਾ ਮੁੰਡਾ ਵੀ ਹੁਣ ਤਿੰਨ ਵਰ੍ਹਿਆਂ ਦਾ ਹੋ ਗਿਆ ਹੈ। ਅੱਠਾਂ ਕੁ ਵਰ੍ਹਿਆਂ ਦੀ ਬਾਲੜੀ ਨੂੰ ਕੁਏਰੀ ਪੱਥਰ ਢੋਣ-ਕੁੱਟਣ ਭੇਜ ਦਿੱਤਾ ਹੈ। ਬੱਚੇ ਦੀ ਸਾਰੇ ਦਿਨ ਦੀ ਮਿਹਨਤ ਦੇ ਪੈਸੇ ਤਾਂ ਬਹੁਤ ਘੱਟ ਮਿਲਦੇ ਹਨ, ਤੇ ਤਿੰਨ ਵਰ੍ਹਿਆਂ ਦੇ ਮੰਗਤੇ ਬੱਚੇ ਉਤੇ ਨਾ ਕੋਈ ਤਰਸ ਖਾਂਦਾ ਹੈ, ਨਾ ਉਹ ਖੁਦ ਮੰਗ ਸਕਦਾ ਹੈ। ਉਸ ਦਾ ਰੇਟ ਬਹੁਤ ਘੱਟ ਹੈ।

ਮਹਾਂਵੀਰ ਨੂੰ ਕਿੰਨੀ ਵਾਰੀ ਮਾਰਨ ਲਈ ਉਕਸਾਇਆ ਹੈ। ਸ਼ਰਾਬ ਦੀ ਬੋਤਲ ਤੋੜੀ, ਤਾਸ਼ ਅੱਗ ਵਿਚ ਤੇ ਬੀੜੀ ਦੀ ਡੱਬੀ ਚਿੱਕੜ ਵਿਚ ਸੁੱਟੀ, ਪਰ ਉਹ ਤਾਂ ਸਿਰਫ਼ ਗਾਲ੍ਹਾਂ ਹੀ ਬਕਦਾ, ਉਸ ਦੇ ਜਣਦੇ ਪੁਣਦਾ ਰਿਹਾ ਸੀ। ਨਾ ਮਾਰਨ ਲਈ ਉਲਰਿਆ, ਨਾ ਬਿਸਾਖੀ ਚੁੱਕ ਹੋਈ। ਉਸ ਦੇ ਤਾਂ ਹੱਥ ਵੀ ਕੰਬਦੇ ਹਨ, ਲੱਤ ਲੜਖੜਾਂਦੀ ਹੈ, ਬਿਸਾਖੀ ਡਗਮਗਾਂਦੀ ਹੈ, ਹੱਥਾਂ ਵਿਚ ਮੁੱਕਾ ਕੱਸਣ ਦੀ ਵੀ ਤਾਕਤ ਨਹੀਂ ਰਹੀ। ਜੋ ਹੱਥ ਲੱਗਾ, ਉਸ ਵਗਾਹ ਮਾਰਿਆ। ਧੰਨੀਆ ਦੇ ਮੱਥੇ ਉਤੇ ਫੱਟ ਪੈ ਗਿਆ। ਲਹੂ ਦੀ ਧਤੀਰੀ ਵਗ ਤੁਰੀ। ਹੁਣ ਉਹ ਕੀ ਕਰੇ? ਉਸ ਔਰਤ ਤੋਂ ਕਿੰਨਾ ਡਰ ਹੈ। ਉਹ ਰੋਜ਼ ਬੂਹਾ ਮੱਲ ਕੇ ਆ ਬੈਠਦੀ ਹੈ, "ਕਾਮ ਕਾ ਮੰਦਾ ਪੜ ਗਈ ਰੇ ਧੰਨੀਆ।" ਤੇ ਉਹ ਕਿੰਨੀਆਂ ਹੀ ਧਮਕੀਆਂ ਦੇ ਗਈ ਸੀ।

ਮੱਥੇ ਦੀ ਚੋਟ ਵਿਚੋਂ ਉਠਦੀਆਂ ਚੀਸਾਂ ਉਹ 'ਸੀਅ-ਸੀਅ' ਕਰਦੀ ਦਬਾਂਦੀ, ਚੁੱਪ ਪਈ ਉਸ ਔਰਤ ਦੀ ਸਿਰਫ਼ ਆਵਾਜ਼ ਸੁਣਦੀ ਰਹੀ, "ਧੰਨੀਆ, ਕੇ ਮੋਕਊ ਲਲਨਾ, ਮੰਦਰ ਕਾ ਬੇਲਾ ਬਿਹਾਈ ਜਾਵਤ।"

ਪਹਿਲਾਂ ਤਾਂ ਧੰਨੀਆ ਉਸ ਦੀ ਆਵਾਜ਼ ਨਾਲ ਹੀ ਉਠ ਬੈਠਦੀ ਸੀ। ਸੁੱਤੇ, ਜਾਗਦੇ, ਅੱਧ-ਸੁੱਤੇ, ਅੱਧ-ਜਾਗਦੇ ਰੀਂ-ਰੀਂ ਰੋਂਦੇ ਬੱਚਿਆਂ ਨੂੰ ਉਸ ਔਰਤ ਦੇ ਹੱਥ ਫੜਾ ਦਿੰਦੀ ਸੀ। ਤੇ ਉਹ ਧਰੀਕਦੀ-ਧਰੀਕਦੀ, ਮਾਰਦੀ, ਗਾਲ੍ਹਾਂ ਕੱਢਦੀ ਬੱਚਿਆਂ ਨੂੰ ਲੈ ਕੇ ਜਾਂਦੀ ਸੀ। ਅੱਜ ਧੰਨੀਆ ਦਾ ਜੀਅ ਕੀਤਾ ਕਿ ਉਸ ਔਰਤ ਦਾ ਗਿਰੇਵਾਨ ਪਕੜੇ, ਤੇ ਮਾਰ-ਮਾਰ ਝੁੱਗੀਆਂ ਤੋਂ ਦੂਰ ਨਾਲੇ ਦੇ ਪਾਰ ਧਰੀਕ ਕੇ ਲੈ ਜਾਏ, ਤੇ ਫਿਰ ਕਦੇ ਉਸ ਦਾ ਮੂੰਹ ਨਾ ਵੇਖੇ, ਪਰ ਉਹ ਕੁਝ ਵੀ ਨਹੀਂ ਕਰ ਸਕੀ। ਆਪਣੇ ਤਿੰਨਾਂ ਵਰ੍ਹਿਆਂ ਦੇ ਸੁੱਤੇ ਬੱਚੇ ਨੂੰ ਉਸ ਦੀ ਉਂਗਲੀ ਲਾ ਦਿੱਤਾ। ਰੋਂਦਾ ਬੱਚਾ, ਪੈਰੋਂ ਨੰਗਾ, ਤੇੜੋਂ ਨੰਗਾ।

ਅੱਜ ਧੰਨੀਆ ਦੇ ਜਿਸਮ ਵਿਚ ਅਜੀਬ ਤਰ੍ਹਾਂ ਦੀ ਔਚਵੀਂ ਮੱਚੀ ਹੈ। ਰਗ-ਰਗ ਵਿਚ ਸੂਈਆਂ ਦੀ ਚੋਭ ਹੈ। ਸਾਹ ਗਰਮ ਤੇ ਤੇਜ਼ ਹੈ। ਬਦਨ ਟੁੱਟਦਾ ਹੈ। ਹੋਠਾਂ ਉਤੇ ਪੇਪੜੀ ਜਿਹੀ ਜੰਮੀ ਹੈ। ਪਾਸੇ ਮਾਰ-ਮਾਰ ਹੰਭ ਗਈ ਹੈ। ਤਿੰਨਾਂ ਵਰ੍ਹਿਆਂ ਦਾ ਬੱਚਾ ਬੇਸੁਰਤ ਜਿਹਾ ਪਿਆ ਹੈ। ਕੁੜੀ ਥੱਕੀ-ਟੁੱਟੀ ਘੂਕ ਸੁੱਤੀ ਹੈ। ਮਹਾਂਵੀਰ ਨੇ ਆਪਣੀ ਇਕੋ-ਇਕ ਬਾਂਹ ਨੂੰ ਅੱਖਾਂ ਉਤੇ ਰੱਖਿਆ ਹੋਇਆ ਹੈ। ਉਸ ਦੀ ਦੂਜੀ ਬਾਂਹ ਤੇ ਲੱਤ ਦਾ ਟੁੰਡ ਕਦੇ-ਕਦੇ ਫਰਕਦੇ ਹਨ। ਅੱਧੀ ਰਾਤ ਹੋ ਗਈ ਹੈ। ਧੰਨੀਆ ਨੇ ਝੱਜਰੀ ਵਿਚੋਂ ਪਾਣੀ ਪੀਤਾ, ਤੇ ਗਲਾਸ ਵਿਚ ਕਿੰਨੀ ਦੇਰ ਹੋਠ ਡਬੋਈ ਰੱਖੇ। ਫਿਰ ਇਕ ਸੋਚ ਉਸ ਦੀਆਂ ਉਨੀਂਦਰੀਆਂ ਅੱਖਾਂ ਵਿਚ ਠਹਿਰ ਗਈ। ਉਹ ਉਠ ਕੇ ਬੈਠ ਗਈ। ਇੰਨੀ ਸਾਹ-ਸਤਹੀਣ ਤਾਂ ਉਹ ਪੱਥਰ ਢੋਂਦੀ ਵੀ ਨਹੀਂ ਸੀ ਹੋਈ। ਇੰਨੀ ਨਿਢਾਲ ਤਾਂ ਉਹ ਦਸ ਬੱਚੇ ਜੰਮ ਕੇ ਵੀ

(ਬਾਕੀ ਅਗਲੇ ਸਫੇ 'ਤੇ)

# ਕੜਾ ਤੇ ਚੇਨੀ

## ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਸਿੱਖ ਰਹਿਤ ਮਰਿਆਦਾ ਦੇ ਅੰਤਰਗਤ ਨੀਅਤ ਕੀਤੇ ਕੱਕਾਰਾਂ ਵਿਚ ਕੜਾ ਵੀ ਸ਼ਾਮਿਲ ਹੈ। ਗਹੁ ਨਾਲ ਵਿਚਾਰਿਆਂ ਮਹਿਸੂਸ ਹੁੰਦਾ ਹੈ ਕਿ ਭਾਵੇਂ ਸਿੱਖੀ ਵਿਚ ਕੇਸਾਂ ਨੂੰ ਸਭ ਤੋਂ ਵਧ ਮਹੱਤਤਾ ਦਿੱਤੀ ਜਾਂਦੀ ਹੈ ਪਰ ਵਿਹਾਰਕ ਤੌਰ 'ਤੇ ਕੜਾ ਹੀ ਇਕ ਅਜਿਹਾ ਕੱਕਾਰ ਹੈ ਜਿਸ ਨੂੰ ਲਗਭਗ ਸਾਰੇ ਹੀ ਸਿੱਖ ਮਰਦ ਤੇ ਬੀਬੀਆਂ ਬਾਕਾਇਦਾ ਧਾਰਨ ਕਰਦੇ ਹਨ। ਇਸ ਦਾ ਇਕ ਕਾਰਨ ਤਾਂ ਇਸ ਦਾ ਹਲਕਾ ਫੁਲਕਾ ਤੇ ਸੌਖਿਆਂ ਪਹਿਨਣਯੋਗ ਹੋਣਾ ਹੈ। ਕੱਕਾਰ ਵਜੋਂ ਕੜੇ ਦੀ ਮਹੱਤਤਾ ਕਈ ਤਰ੍ਹਾਂ ਬਿਆਨੀ ਜਾਂਦੀ ਹੈ। ਇੱਕ ਵਿਚਾਰ ਹੈ ਕਿ ਇਸ ਦਾ ਮਕਸਦ ਦੂਜੇ ਹੱਥ ਨਾਲ ਚਲਾਈ ਜਾਂਦੀ ਕਿਰਪਾਨ ਦੀ ਰੱਖਿਆ ਕਰਨਾ ਹੈ। ਇੱਕ ਹੋਰ ਵਿਚਾਰ ਅਨੁਸਾਰ ਕੜਾ ਧਾਰਨ ਨਾਲ ਸਿੱਖ ਗੁਰੂ ਵਾਲਾ ਬਣ ਜਾਂਦਾ ਹੈ ਤੇ ਉਸ ਪ੍ਰਤੀ ਪ੍ਰਤਿਗਿਆ ਨਿਭਾਉਣ ਲਈ ਲੋਹੇ ਵਰਗੀ ਦ੍ਰਿੜਤਾ ਤੇ ਬਲ ਪੈਦਾ ਕਰਨਾ ਹੁੰਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਕੜਾ ਪਰਮਾਤਮਾ ਦੀ ਅਨੰਤਤਾ ਦਾ ਪ੍ਰਤੀਕ ਹੈ, ਜਿਵੇਂ ਕੜੇ ਦੀ ਗੁਲਾਈ ਦਾ ਕੋਈ ਆਦਿ ਅੰਤ ਨਹੀਂ ਇਸੇ ਤਰ੍ਹਾਂ ਪਰਮਾਤਮਾ ਦਾ ਵੀ ਕੋਈ ਆਦਿ ਅੰਤ ਨਹੀਂ। ਕੜੇ ਨੂੰ ਪਹਿਨਣ ਤੋਂ ਬੇਸੰਕੋਚੀ ਦਾ ਇਕ ਕਾਰਨ ਇਹ ਵੀ ਹੈ ਕਿ ਮੁਢਲੇ ਤੌਰ 'ਤੇ ਇਹ ਇਕ ਗਹਿਣਾ ਹੀ ਹੈ। ਹਾਲਾਂ ਕਿ ਮਰਿਆਦਾ ਅਨੁਸਾਰ ਕੱਕਾਰ ਵਜੋਂ ਕੜਾ ਸਰਬਲੋਹ ਦਾ ਹੋਣਾ ਚਾਹੀਦਾ ਹੈ ਪਰ ਵਿਆਹਾਂ ਵਿਚ ਸਹੁਰਿਆਂ ਵਲੋਂ ਮੁੰਡੇ ਨੂੰ ਨਿੰਗਰ ਸੋਨੇ ਦਾ ਕੜਾ, ਕਈ ਵਾਰੀ ਪਾ ਪੱਕਾ, ਪਹਿਨਾਉਣਾ ਇਕ ਰਿਵਾਜ ਹੀ ਬਣ ਗਿਆ ਹੈ। ਨਿਸਚੇ ਹੀ ਇਥੇ ਕੜੇ ਦਾ ਗਹਿਣੇ ਅਤੇ ਕੱਕਾਰ ਵਜੋਂ ਸੁਮੇਲ ਕਰ ਦਿੱਤਾ ਜਾਂਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕੜਾ ਇਕ ਗਹਿਣੇ ਵਜੋਂ ਪ੍ਰਾਚੀਨ ਕਾਲ ਤੋਂ ਹੀ ਪਹਿਨਿਆ ਜਾਂਦਾ ਰਿਹਾ ਹੈ। ਵਾਰਿਸ ਸ਼ਾਹ ਨੇ ਇਸ ਦਾ ਜ਼ਿਕਰ ਕੀਤਾ ਹੈ,

ਅਸਕੰਦਰੀ, ਨੇਵਰੀ, ਬੀਰ ਬਲੀਆਂ
ਪਿੱਪਲ ਪੱਤੀਆਂ, ਝੁਮਕੇ ਸੰਬਾਇਓ ਨੇ।
ਹੱਸ, ਕੜਾ ਤੇ ਕੰਗਣਾ ਨਾਲ ਬਿੰਦਰ,
ਬੱਧੀ ਡੌਲ ਗਿਆਨਤਾ ਧਾਰਿਓ ਨੇ।

ਕੋਈ ਵੀ ਗਹਿਣੇ ਜਾਂ ਵਸਤਰ ਸਰੀਰ ਨੂੰ ਢਕਣ ਜਾਂ ਅਲੰਕ੍ਰਿਤ ਕਰਨ ਦੇ ਕਾਰਜ ਦੇ ਨਾਲ ਨਾਲ ਵਿਸ਼ੇਸ਼ ਸਮੁਦਾਇ ਦੀ ਪਛਾਣ ਵੀ ਬਣ ਜਾਂਦੇ ਹਨ। ਇਥੋਂ ਤੱਕ ਕਿ ਇਹ ਇਕ ਵਿਸ਼ੇਸ਼ ਸਮੂਹ ਵਲੋਂ ਪਹਿਨਣ ਦੀ ਇਕ ਰੀਤੀ ਬਣਦੇ ਬਣਦੇ ਨੇਮ ਹੀ ਬਣ ਜਾਂਦੇ ਹਨ ਜਿਸ ਨੂੰ ਮਰਿਆਦਾਪੂਰਬਕ ਲਾਗੂ ਕੀਤਾ ਜਾਂਦਾ ਹੈ। ਧਾਰਮਿਕ ਸਮੂਹ ਵਿਚ ਇਹ ਪ੍ਰਵਿਰਤੀ ਆਮ ਹੀ ਦੇਖੀ ਜਾਂਦੀ ਹੈ। ਧਿਆਨ ਦਿਓ 'ਬਾਣਾ' ਸ਼ਬਦ ਹੀ ਇਕ ਧਾਰਮਿਕ ਪ੍ਰਸੰਗਕਤਾ ਗ੍ਰਹਿਣ ਕਰ ਚੁੱਕਾ ਹੈ। ਸੂਫੀਆਂ, ਸਾਧੂਆਂ ਜਾਂ ਹੋਰ ਅਨੇਕਾਂ ਸੰਪਰਦਾਇਆਂ ਦੇ ਆਪਣੇ ਆਪਣੇ ਬਾਣੇ ਹੁੰਦੇ ਹਨ। ਬਾਣੇ ਵਿਚ ਗਹਿਣੇ ਵੀ ਸ਼ਾਮਿਲ ਹੁੰਦੇ ਹਨ ਜਿਵੇਂ ਨਾਥਾਂ ਦੇ ਮੁੰਦਰੇ, ਕਚਕੜੇ। ਮੁੰਦੀ, ਟਿੱਕਾ, ਹਾਰ, ਤਵੀਤ ਆਦਿ ਵੀ ਧਾਰਮਿਕ ਪ੍ਰਤੀਕ ਵਜੋਂ ਪਹਿਨੇ ਜਾਂਦੇ ਹਨ। ਕਿਹਾ ਜਾਂਦਾ ਹੈ ਕਿ ਖਾਲਸਾ ਸਾਜਣ ਸਮੇਂ ਗੁਰੂ ਗੋਬਿੰਦ ਸਿੰਘ ਨੇ ਕੱਕਾਰਾਂ ਦੀ ਰਹਿਤ



ਮਰਿਆਦਾ ਵੀ ਲਾਗੂ ਕੀਤੀ। ਮੇਰੀ ਜਾਚੇ ਇਹ ਵਿਸ਼ਾ ਕਾਫੀ ਵਿਵਾਦਪੂਰਨ ਹੈ। ਇਕ ਦੰਦ ਕਥਾ ਅਨੁਸਾਰ ਗੁਰੂ ਜੀ ਨੇ ਲੋਹੇ ਦਾ ਕੜਾ ਲਾਗੂ ਕਰਨ ਵਾਲੀ ਗੱਲ ਬਚਪਨ ਵਿਚ ਹੀ ਠਾਣ ਲਈ ਸੀ। ਪਟਨਾ ਵਿਚ ਇਕ ਦਿਨ ਗੰਗਾ ਦੇ ਕਿਨਾਰੇ ਸੈਰ ਕਰਦਿਆਂ ਉਨ੍ਹਾਂ ਦੀ ਕਲਾਈ 'ਚ ਪਹਿਨਿਆ ਸੋਨੇ ਦਾ ਕੜਾ ਗੰਗਾ ਵਿਚ ਡਿਗ ਪਿਆ। ਮਾਂ ਨੂੰ ਚਿੰਤਾ ਹੋਈ ਤਾਂ ਉਸ ਨੇ ਪੁਛਿਆ, "ਪੁੱਤਰ ਸੋਨੇ ਦਾ ਕੜਾ ਕਿਥੇ ਸੁੱਟ ਦਿੱਤਾ ਹੈ?" ਗੁਰੂ ਜੀ ਨੇ ਦੂਜੇ ਹੱਥ ਵਿਚ ਪਹਿਨਿਆ ਸੋਨੇ ਦਾ ਕੜਾ ਵੀ ਗੰਗਾ ਵਿਚ ਸੁੱਟਦਿਆਂ ਕਿਹਾ, "ਔਥੇ ਮਾਂ!" ਉਨ੍ਹਾਂ ਇਹ ਵੀ ਸੰਕੇਤ ਦਿੱਤਾ ਕਿ ਉਹ ਸਿੱਖਾਂ ਵਿਚੋਂ ਵਿਲਾਸ ਰੁਚੀਆਂ ਕਢ ਕੇ ਦ੍ਰਿੜਤਾ ਤੇ ਸਾਦਗੀ ਲਿਆਉਣੀ ਚਾਹੁੰਦੇ ਹਨ, ਇਸ ਲਈ ਉਹ ਸਿੱਖਾਂ ਵਿਚ ਸੋਨੇ ਦੀ ਥਾਂ ਲੋਹੇ ਦੇ ਕੜੇ ਪਹਿਰਨ ਦੀ ਵਿਵਸਥਾ ਕਰਨਗੇ। ਸਿੱਖ ਧਰਮ ਵਿਚ ਕੱਕਾਰ ਵਜੋਂ ਕੜੇ ਦੀ ਕੀ ਮਹੱਤਤਾ ਹੈ, ਇਸ ਬਾਰੇ ਸਾਰੇ ਵਿਚਾਰ ਅੰਤਰਮੁਖੀ ਹਨ। ਬਹੁਤ ਸਾਰੀਆਂ ਧਾਰਮਿਕ ਰੀਤੀਆਂ/ਰਹਿਤਾਂ ਦਾ ਸਮਾਜਕ ਜੀਵਨ ਵਿਚ ਪਹਿਲਾਂ ਹੀ ਪ੍ਰਚਲਨ ਹੁੰਦਾ ਹੈ, ਧਰਮ ਕੇਵਲ ਇਨ੍ਹਾਂ 'ਤੇ ਮੁਹਰ ਲਾ ਕੇ ਇਨ੍ਹਾਂ ਨੂੰ ਪਾਬੰਦ ਕਰ ਦਿੰਦਾ ਹੈ।

ਅੱਜ ਅਸੀਂ ਕੜਾ ਸ਼ਬਦ ਦਾ ਖੁਰਾ ਖੋਜ ਨੱਪਣਾ ਹੈ। ਇਸ ਦਾ ਪੂਰਵਵਰਤੀ ਰੂਪ 'ਕਟਕ' ਸੀ। ਇਸ ਤੋਂ ਵਿਗੜ ਕੇ ਕੜਕ ਬਣਿਆ ਤੇ ਫਿਰ ਕੜਾ। ਜਿਵੇਂ ਅੱਗੇ ਜਾ ਕੇ ਦੱਸਿਆ ਜਾਵੇਗਾ ਕਿ ਕਟਕ ਸ਼ਬਦ ਵਿਚ ਵੱਟਣ, ਕੱਤਣ, ਘੁੰਮਾਉਣ ਦੇ ਅਰਥ ਨਿਹਿਤ ਹਨ। ਸੰਸਕ੍ਰਿਤ ਵਿਚ ਕਟਕ ਦੇ ਮੁਖ ਅਰਥ ਹਨ- ਵੱਟੀ ਹੋਈ ਨਾਲੀ ਜਾਂ ਸੱਥਰ, ਇਸ ਤੋਂ ਬਣੀ ਚਟਾਈ ਲਈ ਵੀ ਕਟਕ ਸ਼ਬਦ ਵਰਤਿਆ ਜਾਂਦਾ ਹੈ। ਇਸ ਦਾ ਅਰਥ ਰੱਸੀ, ਡੋਰ, ਕੰਗਣ ਵੀ ਹੈ। ਮੈਨੂੰ ਯਾਦ ਹੈ, ਅਸੀਂ ਬਚਪਨ ਵਿਚ ਪੱਠੇ ਵੱਢਦੇ ਹੋਏ ਚਟਾਲਾ, ਸੇਂਜੀ, ਘਾਹ ਆਦਿ ਨੂੰ ਵਟਾ ਚਾੜ੍ਹ ਕੇ ਹੱਥ ਵਿਚ ਪਾਉਣ ਲਈ ਕੰਗਣ ਜਿਹਾ ਬਣਾ ਲੈਂਦੇ ਸਾਂ। ਇਸ ਦੇ ਵਟਾ ਚਾੜ੍ਹਨ, ਘੁੰਮਾਉਣ ਦੇ ਅਰਥਾਂ ਤੋਂ ਦਾਇਰਾ, ਚੱਕਰ, ਪਹੀਆ ਆਦਿ ਦੇ ਅਰਥ ਜੁੜ ਗਏ। ਜਿਵੇਂ ਦਾਇਰਾ ਜਾਂ ਘੇਰਾ ਦਾ ਅਰਥ ਖੇਤਰ ਵੀ ਹੋ ਜਾਂਦਾ ਹੈ, "ਉਸ ਦਾ ਘੇਰਾ ਬਹੁਤ ਵੱਡਾ ਹੈ।" ਇਸੇ ਤਰ੍ਹਾਂ ਕਟਕ ਦਾ ਇਕ ਅਰਥ ਖੇਤਰ ਵੀ ਹੈ ਜਾਂ ਕਹਿ ਲਵੋ ਪ੍ਰਭਾਵ-ਖੇਤਰ। ਇਸ ਤੋਂ ਅੱਗੇ ਇਸ ਦਾ ਅਰਥ ਬਣਦਾ ਹੈ- ਡੇਰਾ, ਖਾਸ ਤੌਰ 'ਤੇ ਸ਼ਾਹੀ ਡੇਰਾ, ਕਾਰਵਾਂ, ਸੈਨਾ, ਲਸ਼ਕਰ, ਦਲ। ਅਸੀਂ ਡੇਰਾ ਸ਼ਬਦ ਦੇ ਅਰਥ ਵਿਕਾਸ ਦਾ ਜ਼ਿਕਰ ਕਰਦਿਆਂ ਦੇਖਿਆ ਸੀ ਕਿ ਇਹ ਦਾਇਰਾ ਸ਼ਬਦ ਤੋਂ ਹੀ ਬਣਿਆ ਸੀ। ਦਿਲਚਸਪ ਗੱਲ ਹੈ ਕਿ ਕਟਕ ਸ਼ਬਦ ਦੇ ਅਰਥ ਫੌਜ ਜਾਂ ਸ਼ਾਹੀ ਉਤਾਰੇ ਤੋਂ ਅੱਗੇ ਵਧਦੇ ਹੁਕਮਰਾਨਾਂ ਦਾ ਰਿਹਾਇਸ਼ੀ ਨਗਰ ਯਾਨਿ ਰਾਜਧਾਨੀ ਵੀ ਬਣ ਜਾਂਦੇ ਹਨ। ਫਿਰ ਹੋਰ ਅੱਗੇ ਜਾ ਕੇ ਕਟਕ ਸ਼ਬਦ ਇਕ ਵਿਸ਼ੇਸ਼ ਪ੍ਰਾਂਤ ਯਾਨਿ ਉੜੀਸਾ ਦੀ ਰਾਜਧਾਨੀ ਦੇ ਨਾਂ ਵਜੋਂ ਰੂੜ੍ਹ ਹੋ ਜਾਂਦਾ ਹੈ। ਨਿਸਚੇ ਹੀ ਅਰਥ-ਵਿਕਾਸ ਦੀ ਕੋਈ ਸੀਮਾ ਨਹੀਂ ਹੁੰਦੀ। ਸ਼ਬਦ ਤਾਂ ਮਰਦੇ ਮਰਦੇ ਵੀ ਆਪਣੇ ਬੀਜ ਸੁੱਟ ਜਾਂਦੇ ਹਨ।... ਕਟਕ ਸ਼ਬਦ ਦੇ ਕੁਝ ਅਰਥ ਕੜੇ ਨੇ ਵੀ ਕਾਇਮ ਰੱਖੇ ਹਨ। ਉਂਜ ਕਟਕ ਸ਼ਬਦ ਵੀ ਪੰਜਾਬੀ ਤੇ ਹੋਰ ਆਧੁਨਿਕ ਭਾਸ਼ਾਵਾਂ ਵਿਚ ਕੁਝ ਸੰਸਕ੍ਰਿਤ ਵਾਲੇ ਅਰਥਾਂ ਸਮੇਤ ਕਾਇਮ ਹੈ ਜਿਵੇਂ ਫੌਜ ਦੇ ਅਰਥਾਂ ਵਿਚ, "ਕਬੀਰ ਰਾਮ ਨਾਮੁ ਜਾਨਿਓ ਨਹੀ ਪਾਲਿਓ ਕਟਕੁ ਕੁਟੰਬੁ।" ਅਰਥਾਤ ਟੱਬਰ ਦੀ ਫੌਜ ਦੀ ਫੌਜ ਪਾਲ ਰੱਖੀ ਹੈ ਪਰ ਰੱਬ ਦਾ ਨਾਂ ਨਹੀਂ ਜਾਣਦੇ। "ਜੋਰਿ ਕਠਿਨ ਤੁਮ ਕਟਕ ਤਹਾ ਚੜਿ ਆਇਯੋ" -ਦਸਮ ਗ੍ਰੰਥ। "ਕਟਕ ਚੜ੍ਹੇ ਹਿੰਦੋਸਤਾਨੀ, ਪੂਰਬੀ, ਦੱਖਣੀ ਜੀ" ਅਤੇ "ਠਾਰਾਂ ਖੂਹਣੀਆਂ ਕਟਕ ਮੁਕਾਇ ਦਿੱਤਾ" -ਸ਼ਾਹ ਮੁਹੰਮਦ। ਭਗਤ ਰਵਿਦਾਸ ਜੀ ਨੇ ਕਟਕ ਸ਼ਬਦ ਕੜੇ ਦੇ ਅਰਥਾਂ ਵਿਚ ਵਰਤਿਆ ਹੈ, "ਅਨਿਕ ਕਟਕ ਜੈਸੇ ਭੂਲਿਪਰੇ॥"

ਕਟਕ ਦਾ ਇਕ ਮਤਲਬ ਸੰਗਲੀ ਦੀ ਅੜੀ ਵੀ ਹੈ। ਧਿਆਨ ਦਿਓ ਇਸ ਨੂੰ ਕੜੀ ਵੀ ਕਹਿ ਸਕਦੇ ਹਾਂ ਤੇ ਕੜੀ ਕੜਾ ਦਾ ਹੀ ਇਸਤਰੀਲਿੰਗ ਹੈ ਬੇਸ਼ੱਕ ਕੜੀ ਕਟਿਕਾ ਤੋਂ ਬਣੀ ਹੈ। ਸੰਗਲੀ ਆਦਿ ਦੀਆਂ ਕੜੀਆਂ ਕਿਉਂਕਿ ਇਕ ਦੂਜੇ ਨਾਲ ਜੁੜੀਆਂ ਹੁੰਦੀਆਂ ਹਨ ਇਸ ਲਈ ਕੜੀ ਦਾ ਅਰਥ ਜੋੜਕ ਜਿਹਾ ਵੀ ਹੈ ਤੇ ਕਿਸੇ ਸਿਲਸਿਲੇ ਦਾ ਪੜਾਅ ਵੀ ਜਿਵੇਂ ਕਿਸੇ ਕਾਲਮ ਜਾਂ ਸੀਰੀਅਲ ਦੀ ਕੜੀ। ਚਾਂਦੀ ਦੇ ਮੋਟੇ ਠੁੱਲੇ ਗਹਿਣੇ ਨੂੰ ਕੜੀਆਂ ਕਿਹਾ ਜਾਂਦਾ ਹੈ ਜੋ ਅੰਦਰੋਂ ਪੋਲਾ ਹੁੰਦਾ ਹੈ ਤੇ ਜਿਸ ਵਿਚ ਛਣਕਣ ਵਾਲੀਆਂ ਗੋਲੀਆਂ ਪਾਈਆਂ ਹੁੰਦੀਆ ਹਨ। ਇਹ ਹਰਿਆਣਵੀ ਔਰਤਾਂ ਦਾ ਪੈਰਾਂ ਦਾ ਗਹਿਣਾ ਹੈ। ਇਸ ਦਾ ਅਰਥ ਛੱਤ ਦਾ ਬਾਲਾ ਵੀ ਹੈ ਕਿਉਂਕਿ ਇਹ ਦੋ ਸ਼ਤੀਰੀਆਂ ਨੂੰ ਜੋੜਦਾ ਹੈ। ਇਕ ਕੜੂ ਨਾਂ ਦਾ ਗਹਿਣਾ ਹੈ। ਇਹ ਚਾਂਦੀ ਦੀ ਗੋਲ ਤਾਰ ਦਾ ਬਣਿਆ ਹੁੰਦਾ ਹੈ ਜਿਸ ਦੇ ਦੋਨਾਂ ਸਿਰਿਆਂ 'ਤੇ ਜੋੜਨ ਲਈ ਕੁੰਡੇ ਲੱਗੇ ਹੁੰਦੇ ਹਨ। ਕੜੇ ਦਾ ਅਰਥ "ਦੁਵੱਲੀ ਲਗਾਮ ਨੂੰ ਬੰਧਾ ਅਤੇ ਖਿਚਣ 'ਤੇ ਘੋੜੇ ਦੇ ਜਬਾੜੇ ਵਿਚ ਚੁੱਭਣ ਵਾਲੇ ਲੋਹੇ ਦੇ ਗੋਲ ਕੜਿਆਂ ਵਾਲਾ ਚੌਰਸ ਘੇਰੇ ਦੀਆਂ ਬਾਹੀਆਂ ਵੱਲ ਮੁੜਿਆ ਕੰਦਲਾ" ਵੀ ਹੁੰਦਾ ਹੈ। ਇਸ ਨੂੰ ਕੜਿਆਲ ਵੀ ਕਿਹਾ ਜਾਂਦਾ ਹੈ। ਕੜਿਆਲ ਸ਼ਬਦ ਵਿਚ ਕੜਾ ਸਪਸ਼ਟ ਝਲਕਦਾ ਹੈ, "ਕੜੀਆਲੁ ਮੁਖੇ ਗੁਰਿ ਅੰਕੁਸ ਪਾਇਆ ਰਾਮ॥" -ਗੁਰੂ ਰਾਮ ਦਾਸ। ਕੜਿਆਲ ਜਾਂ ਕੜਿਆਲਾ ਪਿੰਡਾਂ ਦੇ ਨਾਂ ਵੀ ਹਨ। ਸ਼ਾਇਦ ਇਥੇ ਕਿਸੇ ਵੇਲੇ ਕੜਿਆਲ ਬਣਦੇ ਹੋਣ।

ਕਟਕ ਸ਼ਬਦ ਖੁਦ 'ਕਟ' ਤੋਂ ਵਿਗਸਿਆ ਹੈ ਤੇ ਕਟ ਦੇ ਕੁਝ ਅਰਥ ਵੀ ਕਟਕ ਜਿਹੇ ਹੀ ਹਨ ਜਿਵੇਂ ਵੱਟੀ ਹੋਈ ਪਰਾਲੀ ਜਾਂ ਨਾੜ ਅਤੇ ਚੱਟਾਈ। ਕਟ ਸ਼ਬਦ ਆਪਣੇ ਤੌਰ 'ਤੇ 'ਕ੍ਰਤ' ਦਾ ਵੱਟਿਆ ਰੂਪ ਹੈ। ਕ੍ਰਤ ਇਕ ਧਾਤੂ ਵੀ ਹੈ ਤੇ ਸ਼ਬਦ ਵੀ। ਇਸ ਵਿਚ ਧਾਗੇ ਨੂੰ ਵੱਟਣਾ, ਕੱਤਣਾ ਦੇ ਭਾਵ ਹਨ। ਸੰਸਕ੍ਰਿਤ ਵਿਚ ਕ੍ਰਤ ਦੇ ਅਰਥ ਸੱਪ ਦਾ ਮੇਹਲਣਾ ਵੀ ਹੈ ਤੇ ਘੇਰਾ ਪਾਉਣਾ, ਵਗਲਣਾ, ਪਹਿਨਣਾ ਵੀ। ਕ੍ਰਤ ਤੋਂ ਹੀ ਕੱਤਣਾ ਸ਼ਬਦ ਬਣਿਆ। ਕੱਤਣ ਵਿਚ ਧਾਗਾ ਵੱਟਣ ਦੇ ਹੀ ਭਾਵ ਹਨ।

ਕਟਕ ਸ਼ਬਦ ਦੇ ਹੋਰ ਭਾਰੋਪੀ ਭਾਸ਼ਾਵਾਂ ਵਿਚ ਸੁਜਾਤੀ ਸ਼ਬਦ ਮਿਲਦੇ ਹਨ। ਇਸ ਦਾ ਭਾਰੋਪੀ ਕਅਟ ਨਿਸ਼ਚਿਤ ਕੀਤਾ ਗਿਆ ਹੈ ਜਿਸ ਦਾ ਅਰਥ ਹੈ- ਵੱਟਣਾ, ਮਰੋੜਨਾ, ਵਲ ਖਾਣਾ ਆਦਿ। ਇਸ ਤੋਂ ਲਾਤੀਨੀ ਵਿਚ ਸ਼ਬਦ ਬਣਿਆ cassis ਜਿਸ ਦਾ ਅਰਥ ਜਾਲ ਹੁੰਦਾ ਹੈ। ਇਹ ਸ਼ਬਦ ਪੁਰਾਣੀ ਫਰਾਂਸੀਸੀ ਵਿਚ ਦਾਖਲ ਹੋਇਆ ਤੇ ਇਸ ਨੇ ਆਧੁਨਿਕ ਫਰਾਂਸੀਸੀ ਵਿਚ chaine ਰੂਪ ਧਾਰਿਆ। ਇਹੀ ਸ਼ਬਦ ਅੰਗਰੇਜ਼ੀ ਵਿਚ ਚੇਨ (Chain) ਦਾ ਅਵਤਾਰ ਧਾਰਨ ਕਰਕੇ ਆ ਗਿਆ। ਚੇਨ ਦਾ ਅਰਥ ਜ਼ੰਜੀਰੀ, ਸੰਗਲੀ ਹੁੰਦਾ ਹੈ। ਚੇਨ ਸ਼ਬਦ ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਵੀ ਪ੍ਰਵੇਸ਼ ਪਾ ਗਿਆ। ਪੰਜਾਬੀ ਵਿਚ ਚੇਨ ਸ਼ਬਦ ਸਾਈਕਲ ਆਦਿ ਦੀ ਮਾਹਲ ਜਾਂ ਗੱਡੀ ਦੀ ਖਿਚ ਕੇ ਰੋਕਣ ਵਾਲੀ ਚੇਨ ਵਜੋਂ ਪ੍ਰਚੱਲਿਤ ਹੋਇਆ ਹੈ। ਹੋਰ ਤਾਂ ਹੋਰ, ਛੋਟੀ ਚੇਨ ਲਈ ਅਸੀਂ ਚੇਨੀ ਸ਼ਬਦ ਵੀ ਘੜ ਲਿਆ ਹੈ। ਪੇਂਡੂ ਅਨਪੜ੍ਹ ਔਰਤਾਂ ਜਦ ਚੇਨ, ਚੇਨੀ ਜਾਂ ਸ਼ਕੁੰਤਲਾ ਚੇਨ ਸ਼ਬਦ ਬੋਲਦੀਆਂ ਹਨ ਤਾਂ ਕੌਣ ਕਹਿ ਸਕਦਾ ਹੈ ਕਿ ਇਹ ਅੰਗਰੇਜ਼ੀ ਦਾ ਸ਼ਬਦ ਹੈ? ਸ਼ਕੁੰਤਲਾ ਚੇਨ ਪੈਰਾਂ ਵਿਚ ਪਾਉਣ ਵਾਲੀ ਕਈ ਲੜੀਆਂ ਵਾਲੀ ਪੰਜੇਬ ਹੈ। ਇਥੇ ਸ਼ਕੁੰਤਲਾ ਸ਼ਬਦ ਸ੍ਰਿੰਖਲਾ (ਸੰਗਲੀ) ਦਾ ਵਿਗੜਿਆ ਰੂਪ ਲਗਦਾ ਹੈ। ਕੜਾ ਤੇ ਚੇਨ- ਦੋਨਾਂ ਦਾ ਮੂਲ ਇਕੋ ਹੈ, ਦੋਨੋਂ ਗਹਿਣੇ ਵੀ ਹਨ ਪਰ ਦੋਨਾਂ ਦੀ ਦਿਖ ਵਿਚ ਫਰਕ ਪੈ ਗਿਆ ਹੈ। ਉਂਜ ਜਿਵੇਂ ਅਸੀਂ ਦੇਖਿਆ ਹੈ, ਕੜੀ ਵੀ ਜ਼ੰਜੀਰੀ ਦਾ ਇਕ ਕੁੰਡਾ ਹੀ ਹੁੰਦੀ ਹੈ। ਕੜੀ ਤੇ ਚੇਨ ਦੋਨੋਂ ਸ਼ਬਦ ਪੈਰਾਂ ਵਿਚ ਲਾਈ ਜਾਂਦੀ ਕੜੀ ਨੂੰ ਆਖਦੇ ਹਨ। ਹੱਥਾਂ ਨੂੰ ਹਥਕੜੀ ਲਗਦੀ ਹੈ। ਅੰਗਰੇਜ਼ੀ ਦਾ ਸ਼ਬਦ ਹੈ concatenation ਜਿਸ ਦਾ ਅਰਥ ਸੰਯੋਜਨ ਅਰਥਾਤ ਜ਼ੰਜੀਰੀ ਜਾਂ ਸੰਗਲੀ ਦੀ ਤਰ੍ਹਾਂ ਦੋ ਜੁਜ਼ਾਂ ਨੂੰ ਜੋੜਨਾ ਹੁੰਦਾ ਹੈ।

# ਨਾਸੂਰ

*(ਪਿਛਲੇ ਸਫੇ ਦੀ ਬਾਕੀ)*

ਨਹੀਂ ਸੀ ਹੋਈ। ਪਹਿਲੀ ਵਾਰੀ ਅੱਧੀ ਰਾਤ ਨੂੰ ਜਦੋਂ ਧੰਨੀਆ ਨੇ ਆਪਣੀ ਝੌਂਪੜੀ ਦਾ ਤੰਗ ਜਿਹਾ ਬੂਹਾ ਉਕੜੂੰ ਹੋ ਕੇ ਉਲੰਘਿਆ, ਤਾਂ ਉਸ ਦੇ ਸਿਰ ਦੀ ਘਸਰਨ ਨਾਲ ਘਾਹ, ਫੂਸ, ਤੀਲੀਆਂ ਦੀ ਛੱਤ ਵਿਚੋਂ ਵੀ ਕੁਝ ਤਿੜਾਂ ਹੇਠਾਂ ਧਰਤੀ ਉਤੇ ਡਿੱਗੀਆਂ। ਉਹ ਮਲਕੜੇ ਜਿਹੇ ਟੁੱਟੇ-ਭੱਜੇ ਫੱਟਿਆਂ ਦੇ ਦਰ ਨੂੰ ਖੋਲ੍ਹ ਬਾਹਰ ਨਿਕਲ ਗਈ। ਤਖ਼ਤੇ ਕੰਬੇ, ਕੱਚੀਆਂ ਕੰਧਾਂ ਨਾਲੋਂ ਮਿੱਟੀ ਭੁਰੀ, ਧਰਤੀ ਦੀ ਹਿੱਕ ਕੰਬੀ। ਧੰਨੀਆ ਨੇ ਹੇਠਲਾ ਹੋਂਠ ਜ਼ੋਰ ਨਾਲ ਚਿਥਿਆ, ਤੇ ਝੌਂਪੜੀ ਦੇ ਟੀਨ ਨੂੰ ਸਰਕਾ ਕੇ ਅੰਦਰ ਵੜ ਗਈ। ਕੱਲ੍ਹ ਹੀ ਪਾਰਲੀ ਝੌਂਪੜੀ ਵਾਲੀ ਔਰਤ ਆਪਣੇ ਘਰ ਪਿੰਡ ਗਈ ਸੀ।

ਫਿਰ ਇਕ ਕਰਮ ਉਂਜ ਹੀ ਟੁਰ ਪਿਆ ਸੀ। ਦਰ-ਦਰ ਮੰਗਦੀ ਧੰਨੀਆ ਵੀ ਉਸੇ ਔਰਤ ਵਾਂਗ ਜਿਵੇਂ ਭਿਖਾਰਨ ਹੋਵੇ। ਝੁੱਗੀ-ਝੁੱਗੀ ਵਿਚੋਂ ਸੂਹਾਂ ਲੈਂਦੀ, ਮਰਦਾਂ ਪਿਛੇ ਪੈਂਦੀ, ਉਹ ਕੁੱਖ ਭਰਨ ਦੀ ਭੀਖ ਮੰਗਦੀ। ਉਸੇ ਔਰਤ ਦੀ ਤਰ੍ਹਾਂ ਜਿਹੜੀ ਭੁੱਖੇ ਪੇਟ ਲਈ ਝੂਠੇ ਅੱਥਰੂ ਵਗਾਂਦੀ, ਤਰਲੇ ਵਾਸਤੇ ਪਾਂਦੀ ਕਈ ਵਾਰੀ ਆਦਮੀਆਂ ਦੀਆਂ ਬਾਂਹਵਾਂ ਫੜ ਲੈਂਦੀ ਹੈ, ਕੱਪੜੇ ਫੜ ਲੈਂਦੀ ਹੈ, ਵਾਸਤੇ ਪਾਂਦੀ ਦੁਹਾਈ ਦਿੰਦੀ ਹੈ।

ਮਹਾਂਵੀਰ ਨੇ ਵੀ ਨੰਗੇ ਢਿੱਡ ਉਤੇ ਹੱਥ ਫੇਰ ਸਮਝੌਤਾ ਕਰ ਲਿਆ। ਉਹ ਨਾ ਧੰਨੀਆ ਨੂੰ ਮਾਰਦਾ, ਨਾ ਗਾਲ੍ਹਾਂ ਕੱਢਦਾ। ਦੋਹਾਂ ਵਿਚਾਲੇ ਠੰਢੀ ਚੁੱਪ ਪਸਰ ਗਈ। ਦੋਹੇ ਇਕ-ਦੂਜੇ ਤੋਂ ਅੱਖਾਂ ਚੁਰਾਂਦੇ। ਧੰਨੀਆ ਜਦੋਂ ਬੂਹੇ ਵਿਚੋਂ ਬਾਹਰ ਨਿਕਲਦੀ, ਮਹਾਂਵੀਰ ਦੀ ਲੱਤ ਤੇ ਬਾਂਹ ਦੇ ਟੁੰਡ ਕੰਬਣ ਲੱਗਦੇ। ਉਸ ਦੇ ਸੀਨੇ ਜਿਵੇਂ ਸੱਪ ਲੇਟ ਜਾਂਦਾ ਹੈ, ਤੇ ਅੱਖਾਂ ਮੀਚ ਮਚਲਾ ਬਣ ਜਾਂਦਾ ਹੈ।

ਬਹੁਤੀਆਂ ਝੁੱਗੀਆਂ ਵਿਚ ਉਹ ਬੱਚਾ ਮੰਗਦੀ ਜਿਸਮ ਫੈਲਾਂਦੀ ਰਹੀ। ਦਰ-ਦਰ ਭਟਕ ਕੇ ਵੀ ਆਪਣਾ-ਆਪ ਗੁਆ ਕੇ ਵੀ, ਤਨ ਚੁੰਡਿਆ ਕੇ ਵੀ ਕੁਝ ਹੱਥ ਨਾ ਆਇਆ।

ਅੱਜ ਸੁਖੀ ਰਾਮ ਦੀ ਔਰਤ ਰਾਮਕਲੀ ਨੇ ਗੁੱਤੋਂ ਫੜ ਧਰੀਕਿਆ ਹੈ। ਮਾਰ-ਮਾਰ ਉਸ ਦੀਆਂ ਹੱਡੀਆਂ ਕੜਕਾ ਦਿੱਤੀਆਂ ਹਨ। ਕੱਪੜੇ ਲੀਰੋ-ਲੀਰ ਕਰ ਦਿੱਤੇ ਹਨ। ਆਪਣੀ ਸਾਂਝੀ ਕੰਧ ਤੋਂ ਉਸ ਧੰਨੀਆ ਦੀ ਝੁੱਗੀ ਦਾ ਖਪਰੈਲ ਵੀ ਹੇਠਾਂ ਵਗਾਹ ਮਾਰਿਆ ਹੈ। ਆਪਣੇ ਆਦਮੀ ਨੂੰ ਵੀ ਘਸੀਟਦੀ-ਘਸੀਟਦੀ ਬਾਹਰ ਲੈ ਆਈ ਹੈ। ਚੁਤਰਫ਼ੀ ਰੌਲਾ ਮਚਿਆ ਹੈ। ਹਰ ਕੋਈ ਦੂਜੇ ਨੂੰ ਚੋਰ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਮਰਦ ਮੌਜੂ ਕੱਸਦੇ ਹਨ, ਔਰਤਾਂ ਲਾਹਣਤਾਂ ਪਾਂਦੀਆਂ ਹਨ, ਕੁੜੀਆਂ ਦੁਬਕ ਕੇ ਅੰਦਰ ਝੁੱਗੀਆਂ ਵਿਚ ਵੜ ਗਈਆਂ ਹਨ, ਮੁੰਡੇ ਸੁਖੀ ਰਾਮ ਨਾਲ ਮਸਕਰੀਆਂ ਕਰਦੇ ਹਨ। ਉਹ ਗੋਡਿਆਂ ਪਰਨੇ ਅੱਖਾਂ ਨਿਵਾਈ ਚੁੱਪ ਬੈਠਾ ਹੈ।

ਧੰਨੀਆ ਧਰਤੀ ਦੀ ਹਿੱਕ ਨਾਲ ਜੁੜੀ ਹੈ। ਕਿਸੇ ਉਠਾਇਆ ਨਾ, ਕਿਸੇ ਬਿਠਾਇਆ ਨਾ। ਨਾ ਕਿਸੇ ਹਮਦਰਦੀ ਜਤਾਈ, ਨਾ ਕਿਸੇ ਅਪਣੱਤ ਵਿਖਾਈ। ਧੰਨੀਆ ਨੂੰ ਹਰ ਬੰਦੇ, ਹਰ ਔਰਤ ਦਾ ਪਤਾ ਹੈ ਕੋਈ ਕਿੰਨਾ ਕੁ ਨੰਗਾ ਹੈ। ਕਿੰਨੇ ਕੁ ਕੱਪੜਿਆਂ ਦੀਆਂ ਤਹਿਆਂ ਹੇਠਾਂ ਉਸ ਆਪਣਾ-ਆਪ ਲੁਕਾਇਆ ਹੋਇਆ ਹੈ। ਉਹ ਇਕ-ਇਕ ਨੂੰ ਸ਼ਰ੍ਹੇਆਮ ਪਰਦੇ ਪਾੜ ਨੰਗਾ ਕਰ ਸਕਦੀ ਹੈ, ਪਰ ਉਸ ਇਕੋ ਵਾਰ ਚੁਤਰਫ਼ੀ ਆਪਣੇ ਵੱਲ ਘੂਰਦੀਆਂ ਅੱਖਾਂ ਵੱਲ ਵੇਖਿਆ। ਘੂਰਦੀਆਂ, ਜਿਵੇਂ ਬਿੱਲੀਆਂ ਦੀਆਂ ਹਨੇਰੇ ਵਿਚ ਲਿਸ਼ਕਦੀਆਂ ਅੱਖਾਂ। ਨਜ਼ਰਾਂ, ਜਿਵੇਂ ਦੋ ਧਾਰੀਆਂ ਤਿੱਖੀਆਂ ਕਟਾਰਾਂ ਉਸ ਦੇ ਜਿਸਮ ਦੀ ਬੋਟੀ-ਬੋਟੀ ਕਰਨ ਲਗੀਆਂ ਹੋਣ; ਪਰ ਨਹੀਂ ਨਹੀਂ, ਉਸ ਦੇ ਸੁੰਨ ਦਿਮਾਗ ਵਿਚੋਂ ਇਕ ਚਿਣਗ ਨਿਕਲੀ, "ਇਹ ਤਾਂ ਉਲੂਆਂ ਦੀਆਂ ਅੱਖਾਂ ਨੇ। ਅਜੀਬ ਕਿਸਮ ਦੇ ਉੱਲੂ ਨੇ। ਇਨ੍ਹਾਂ ਦੀ ਇਹ ਨਜ਼ਰ ਆਪਣੀਆਂ ਕਰਤੂਤਾਂ ਵਾਰੀ ਪਥਰਾ ਜਾਂਦੀ ਹੈ।"

ਉਹ ਇਕੋ ਝਟਕੇ ਨਾਲ ਉਠੀ। ਅਣਗਿਣਤ ਭੂੰਡਾਂ ਦੀ ਭਿਣਭਿਣਾਹਟ ਉਸ ਦੇ ਕੰਨਾਂ ਵਿਚ ਪਈ ਅਤੇ ਉਹ ਦੂਰ ਖਾਈਆਂ-ਟੋਟਿਆਂ ਵੱਲ ਨਿਕਲ ਗਈ, ਜਿਥੇ ਕਦੇ ਉਚੇ-ਉਚੇ ਟਿੱਲੇ ਸਿਰ ਚੁੱਕ ਆਕਾਸ਼ ਦੀ ਨੀਲੱਤਣ ਮਾਣਦੇ ਸਨ। ਚੰਨ ਤਾਰਿਆਂ ਦੀ ਚਾਨਣੀ ਵਿਚ ਧੁਰ ਤੀਕ ਨਹਾਂਦੇ ਸਨ।

ਹੁਣ ਉਹ ਸਾਰਾ ਦਿਨ ਭਟਕਦੀ ਰਹਿੰਦੀ ਹੈ। ਹਸਪਤਾਲ, ਧਾਰਮਿਕ ਅਸਥਾਨ, ਭੀੜ-ਭੜੱਕੇ, ਜਿਥੇ ਵੀ ਉਹ ਅੱਧ-ਨੰਗਾ, ਅੱਧ-ਕੱਜਿਆ, ਨੀਮ ਬੇਹੋਸ਼ ਬੱਚਾ ਮੰਗਦਾ ਵੇਖਦੀ ਹੈ, ਉਸ ਵੱਲ ਧਾਂਹਦੀ ਹੈ, ਜੱਫ਼ੀ ਵਿਚ ਲੈਣਾ ਚਾਹੁੰਦੀ ਹੈ, ਸੀਨੇ ਨਾਲ ਘੁੱਟਣਾ ਚਾਹੁੰਦੀ ਹੈ। ਉਸ ਨੂੰ ਮਹਿਸੂਸ ਹੁੰਦਾ ਹੈ- ਇਹ ਹਜ਼ਾਰਾਂ ਬੱਚੇ, ਹਜ਼ਾਰਾਂ ਹੀ ਨੰਗੇ-ਭੁੱਖੇ ਢਿੱਡ ਸਾਰੇ ਉਸ ਦੇ ਜਾਏ ਨੇ, ਉਸੇ ਦੀਆਂ ਆਪਣੀਆਂ ਉਂਗਲਾਂ ਦੇ ਨਾਖ਼ੂਨ ਨੇ ਜਿਨ੍ਹਾਂ ਦਾ ਦਰਦ ਅਸਹਿ ਹੈ। ਇਹ ਨਾਖ਼ੂਨ ਉਸ ਦੇ ਸਾਰੇ ਜਿਸਮ ਉਤੇ ਉਗ ਪਏ ਨੇ, ਤੇ ਨਾਖ਼ੂਨਾਂ ਦੇ ਨਾਸੂਰ ਬਣ ਕੇ ਰਿਸਣ ਲੱਗ ਪਏ ਹਨ। ਕਿੰਨੀ ਪਾਗਲ ਜਿਹੀ ਹੋ ਗਈ ਹੈ। ਇਕ ਵੀ ਬੱਚਾ ਆਪਣਾ ਨਹੀਂ ਲਗਦਾ। ਸਾਰੇ ਦੇ ਸਾਰੇ ਹੀ ਆਪਣੇ ਹਨ। ਉਹ ਕੀ ਕਰੇ? ਉਹ ਚੌਕਾਂ ਵਲ ਦੌੜ ਪੈਂਦੀ ਹੈ। ਚੌਕਾਂ ਵਿਚ ਲਾਲ ਬੱਤੀਆਂ ਕਾਰਨ ਖਲੋਤੀਆਂ ਮੋਟਰਾਂ, ਕਾਰਾਂ, ਸਕੂਟਰਾਂ ਵਾਲਿਆਂ ਅੱਗੇ ਬੱਚੇ ਕਰਦੀਆਂ, ਤਰਲੇ-ਵਾਸਤੇ ਪਾਂਦੀਆਂ, ਮੰਗਦੀਆਂ ਔਰਤਾਂ ਦੇ ਕੁੱਛੜ ਛੋਟੇ-ਛੋਟੇ ਬੱਚੇ ਦੇਖ ਉਸ ਦਾ ਸੀਨਾ ਚਰੀਂਦਾ ਹੈ। ਮੰਗਤੀਆਂ ਦੇ ਕੁੱਛੜੋਂ ਬੱਚੇ ਖੋਹਦੀ ਹੈ, ਨੱਸਦੀ ਹੈ, ਡਿਗਦੀ ਹੈ, ਮਾਰਾਂ ਖਾਂਦੀ ਹੈ, "ਇਹ ਬੱਚੇ ਮੇਰੇ ਨੇ... ਇਹ ਬੱਚੇ ਮੇਰੇ ਨੇ...!" ਬੱਕ-ਟੁੱਟ ਕੇ ਝੁੱਗੀ ਦੀ ਛੱਤ ਹੇਠਾਂ ਲੰਮੀ ਪੈ ਜਾਂਦੀ ਹੈ। ਆਪਣੇ ਝੁਰੜਾਂਦੇ ਪੇਟ ਉਤੇ ਹੱਥ ਫ਼ੇਰਦੀ ਸਿਰਫ਼ ਘਾਹ-ਫੂਸ ਦੀ ਛੱਤ ਨੂੰ ਘੂਰਦੀ ਹੈ। ਡਰਦੀ ਹੈ, ਉਸ ਦੇ ਅੰਦਰਲੀ ਅੱਗ ਨਾਲ ਇਹ ਛੱਤ ਵੀ ਨਾ ਸੜ ਜਾਏ। ਉਹ ਨਹੁੰਆਂ ਨਾਲ ਧਰਤੀ ਖੁਰਚਦੀ ਹੈ। ਝੁੱਗੀ ਅੰਦਰਲੀ ਧਰਤੀ ਨੂੰ ਖੁਰਚ-ਖੁਰਚ ਉਸ ਇਵੇਂ ਬਣਾ ਦਿੱਤਾ ਹੈ, ਜਿਵੇਂ ਕਿਸੇ ਨਰਸਰੀ ਦੀ ਕਿਆਰੀ ਦੀ ਨਵੀਂ ਫੁੱਟੀ ਪੌਦ ਹੁਣੇ ਵਿਕੀ ਹੋਏ ਤੇ ਧਰਤੀ ਟੋਏ-ਟੋਏ, ਮੋਰੀਆਂ-ਮੋਰੀਆਂ, ਸੱਖਣੀ ਖਾਲੀ ਹੋ ਗਈ ਹੋਏ।

## ਵਲਵਲੇ

### ਸੱਚ ਲਿਖ ਰਹੀ ਹਾਂ

ਸੱਚ ਲਿਖ ਰਹੀ ਹਾਂ...
ਉਨਤੀ ਦੇ ਸੁਖਨ ਦਾ
ਇਤਿਹਾਸ ਲਿਖ ਰਹੀ ਹਾਂ।
ਬੁਝ ਰਹੇ ਅਹਿਸਾਸ ਦਾ
ਦੁਖਾਂਤ ਲਿਖ ਰਹੀ ਹਾਂ।
ਸੁੰਨੇ ਦਰਾਂ ਤੋਂ ਬੁੱਢੇ
ਹਉਕਿਆਂ ਦਾ ਸੇਕ ਲੈ,
ਮੂਕ ਸ਼ਬਦਾਂ ਦਾ ਮੈਂ
ਵਿਰਲਾਪ ਲਿਖ ਰਹੀ ਹਾਂ।

ਜਿਗਰਾ ਹੀ ਨਹੀਂ ਰਿਹਾ
ਕੁਝ ਕਹਿਣ ਤੇ ਕੁਝ ਸੁਣਨ ਦਾ।
ਸਮਾਂ ਹੀ ਨਹੀਂ ਰਿਹਾ
ਪੀੜੀਆਂ ਗੰਢਾਂ ਬੁਣਨ ਦਾ।
ਉਲਝ ਗਈ ਤਾਣੀ ਜਦ
ਮੁੰਨੇ ਕਮਜ਼ੋਰ ਹੋਏ,
ਹੁਨਰਮੰਦ ਲੁਹਾਰ ਲਈ
ਤਲਾਸ਼ ਲਿਖ ਰਹੀ ਹਾਂ।

ਹਰ ਦਿਲ ਸੱਥਰ ਹੋ ਗਿਆ
ਯਾਦਾਂ ਮੁਕਾਣੇ ਆਉਂਦੀਆਂ।
ਖੂਹ ਦੀਆਂ ਟਿੰਡਾਂ ਵਾਂਗਰਾਂ
ਅੱਖੀਆਂ ਨੇ ਹੰਝੂ ਢੋਂਹਦੀਆਂ।
ਨਾ ਹੱਥ ਰਿਹਾ ਧਰਵਾਸ ਲਈ
ਨਾ ਮੋਢਾ ਰਿਹਾ ਰੋਣ ਲਈ,
ਭੀੜ ਵਿਚ ਤੜਫਦੀ
ਇਕਾਂਤ ਲਿਖ ਰਹੀ ਹਾਂ।

ਧੁੱਪ ਵਿਚ ਕਿੰਨੀ ਤਪਸ਼ ਸੀ
ਜਿਨ ਖੂਨ ਦਾ ਰੰਗ ਬਦਲਿਆ।
ਹਵਾ ਕਿੰਨੀ ਖੁਸ਼ਕ ਸੀ
ਜਿਨ ਸਾਹਾਂ ਨੂੰ ਜਕੜਿਆ।
ਪਦਾਰਥਾਂ ਦੀ ਭੁੱਖ ਵਿਚ
ਖੂਹ-ਖਾਰ ਰਿਸ਼ਤੇ ਪਲ ਰਹੇ,
ਹੱਡ-ਮਾਸ ਦੇ ਇਨਸਾਨ ਲਈ
ਫਿਟਕਾਰ ਲਿਖ ਰਹੀ ਹਾਂ।

ਅੱਜ ਆਣ ਬੈਠ ਜ਼ਿੰਦਗੀ
ਨਫਰਤਾਂ ਦੀ ਸੱਥ ਵਿਚ।
ਸਾਰੇ ਪੱਖ ਨੇ ਆਪਣੇ
ਗੱਲ ਕਰਾਂ ਕਿਹੜੇ ਪੱਖ ਵਿਚ।
ਜਦ ਦਾ ਭਰੋਸਾ ਟੁੱਟਿਆ
ਸਭ ਅਰਥਹੀਣ ਹੋ ਗਿਆ,
ਕਸਮ ਮੈਨੂੰ ਕਲਮ ਦੀ
ਸੱਚ ਲਿਖ ਰਹੀ ਹਾਂ।

-ਦੇਵਿੰਦਰ ਕੌਰ ਗੁਰਾਇਆ
ਵਰਜੀਨੀਆ।
ਫੋਨ: 571-315-9543

# ਪ੍ਰਾਈਵੇਟ ਪਬਲਿਕ ਸਕੂਲ ਬਨਾਮ ਸਰਕਾਰੀ ਸੰਸਥਾਵਾਂ



ਨਿੱਕ ਸੁੱਕ

ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਇਕ ਸਰਵੇਖਣ ਅਨੁਸਾਰ ਦੇਸ਼ ਦੇ ਗਰੀਬ ਬੱਚਿਆਂ ਨਾਲ ਵਿਦਿਆ ਪ੍ਰਾਪਤੀ ਦੇ ਮਾਮਲੇ ਵਿਚ ਬੜਾ ਧੱਕਾ ਹੋ ਰਿਹਾ ਹੈ। ਵਿਦਿਆ ਪ੍ਰਾਪਤੀ ਐਕਟ 2009 ਵਿਚ ਏਨੀਆਂ ਚੋਰ ਮੋਰੀਆਂ ਹਨ ਕਿ ਉਤਰ ਪ੍ਰਦੇਸ਼, ਗੁਜਰਾਤ, ਤਾਮਿਲਨਾਡ ਤੇ ਮਹਾਰਾਸ਼ਟਰ ਦੇ ਕ੍ਰਮਵਾਰ 99.9, 90, 69 ਤੇ 64 ਪ੍ਰਤੀਸ਼ਤ ਗਰੀਬ ਬੱਚਿਆਂ ਨੂੰ ਸਰਕਾਰੀ ਆਦੇਸ਼ਾਂ ਦੇ ਬਾਵਜੂਦ ਪ੍ਰਾਈਵੇਟ ਪਬਲਿਕ ਸਕੂਲਾਂ ਵਿਚ ਦਾਖਲਾ ਹੀ ਨਹੀਂ ਮਿਲਦਾ।

ਉਤਰ ਪ੍ਰਦੇਸ਼ ਤੇ ਗੁਜਰਾਤ ਦੀ ਸਥਿਤੀ ਸੱਚ-ਮੁੱਚ ਹੀ ਤਰਸਯੋਗ ਹੈ। ਚੱਲੋ ਉਤਰ ਪ੍ਰਦੇਸ਼ ਵਿਚ ਤਾਂ ਭਾਜਪਾ, ਸੱਪਾ ਤੇ ਬਸਪਾ ਦੀ ਖਹਿਬਾਜ਼ੀ ਚੰਗੇ ਕੰਮਾਂ ਦੇ ਰਾਹ ਵਿਚ ਰੋੜਾ ਬਣੀ ਹੋਈ ਹੈ, ਗੁਜਰਾਤ ਬਾਰੇ ਕੀ ਕਹੀਏ ਜਿੱਥੇ ਅੱਜ ਦਾ ਪ੍ਰਧਾਨ ਮੰਤਰੀ ਏਨੇ ਸਾਲ ਮੁੱਖ ਮੰਤਰੀ ਰਿਹਾ ਹੈ। ਇਨ੍ਹਾਂ ਨਾਲੋਂ ਤਾਂ ਦਿੱਲੀ, ਰਾਜਸਥਾਨ ਤੇ ਕਰਨਾਟਕਾ ਦੀ ਸਥਿਤੀ ਕਾਫੀ ਚੰਗੀ ਹੈ ਜਿਥੇ ਵਿਦਿਆ ਅਧਿਕਾਰ ਤੋਂ ਵਿਦਿਆ ਦੀ ਪ੍ਰਤੀਸ਼ਤ ਕ੍ਰਮਵਾਰ 6, 16 ਅਤੇ 17 ਹੈ।

ਜੇ ਪ੍ਰਾਈਵੇਟ ਸਕੂਲ ਗਰੀਬ ਸ਼੍ਰੇਣੀ ਦੇ ਬੱਚਿਆਂ ਨੂੰ ਦਾਖਲਾ ਦੇ ਵੀ ਦਿੰਦੇ ਹਨ ਤਾਂ ਉਨ੍ਹਾਂ ਕੋਲੋਂ ਪੜ੍ਹਾਈ ਦੀ ਫੀਸ ਛੱਡ ਕੇ ਹਜ਼ਾਰ ਰੁਪਏ ਸਾਲਾਨਾ ਕੰਪਿਊਟਰ ਵਿਦਿਆ, ਹੱਥ ਲਿਖਤ ਦੀ ਸੋਧ ਸੁਧਾਈ, ਕਿਤਾਬਾਂ ਤੇ ਵਰਦੀਆਂ ਦੀ ਖਰੀਦ ਜਾਂ ਤੈਰਨ ਦੀ ਸਿਖਿਆ ਦੇਣ ਦੇ ਬਹਾਨੇ ਵਸੂਲ ਕੀਤੇ ਜਾਂਦੇ ਹਨ। ਉਧਰ ਅੰਤਰਰਾਸ਼ਟਰੀ ਠੱਪੇ ਵਾਲੇ ਪਬਲਿਕ ਸਕੂਲ ਤਾਂ ਗਰੀਬਾਂ ਤੋਂ ਫੀਸਾਂ ਦੀ ਮੰਗ ਪੌਡਾਂ ਤੇ ਡਾਲਰਾਂ 'ਚ ਮੰਗ ਕੇ ਉਂਜ ਹੀ ਭੁਚਲਾ ਲੈਂਦੇ ਹਨ। ਮਾਪੇ ਤੇ ਬੱਚੇ ਕਰਨ ਤਾਂ ਕੀ ਕਰਨ!


ਦਾਖਲਾ ਨਾ ਦੇਣ ਵਾਲਿਆਂ ਦਾ ਤਰਕ ਇਹ ਹੈ ਕਿ ਜਦੋਂ ਤੱਕ ਸਰਕਾਰੀ ਸਕੂਲਾਂ ਵਿਚ ਸੀਟਾਂ ਖਾਲੀ ਹਨ ਇਸ ਬਾਰੇ ਸੋਚਿਆ ਹੀ ਨਹੀਂ ਜਾ ਸਕਦਾ। ਉਂਜ ਵੀ ਸਰਕਾਰੀ ਸਕੂਲਾਂ ਦਾ ਇਹ ਹਾਲ ਹੈ ਕਿ ਕੁਝ ਇੱਕ ਸਕੂਲਾਂ ਨੂੰ ਛੱਡ ਕੇ ਉਨ੍ਹਾਂ ਦੇ ਅਧਿਆਪਕ ਬੱਚਿਆਂ ਨੂੰ ਪੜ੍ਹਾਉਣ ਵਲ ਧਿਆਨ ਹੀ ਨਹੀਂ ਦਿੰਦੇ।

ਸਰਕਾਰੀ ਸਕੂਲਾਂ ਤੋਂ ਮੋਹ ਭੰਗ ਹੋਣ ਦਾ ਸਭ ਤੋਂ ਵਧੀਆ ਪ੍ਰਮਾਣ ਪੰਜਾਬ ਹੈ। ਪਬਲਿਕ ਸਕੂਲਾਂ ਦੀਆਂ ਬੱਸਾਂ ਸਕੂਲ ਖੁੱਲ੍ਹਣ ਤੇ ਬੰਦ ਹੋਣ ਸਮੇਂ ਸੜਕਾਂ ਉਤੇ ਹਰਲ ਹਰਲ ਭੱਜਦੀਆਂ ਦੇਖ ਸਕਦੇ ਹਾਂ। ਉਹ ਵੀਹ ਵੀਹ ਕਿਲੋ ਮੀਟਰਾਂ ਤੋਂ ਬੱਚੇ ਢੋਂਦੀਆਂ ਹਨ। ਦੁਰਘਟਨਾਵਾਂ ਵੀ ਹੁੰਦੀਆਂ ਹਨ। ਮੇਰਾ ਜੱਦੀ ਪਿੰਡ ਸੂਨੀ ਹੈ ਜਿਹੜਾ ਮਾਹਿਲਪੁਰ (ਹੁਸ਼ਿਆਰਪੁਰ) ਅਤੇ ਬੰਗਾ (ਸ਼ਹੀਦ ਭਗਤ ਸਿੰਘ ਨਗਰ) ਦੇ ਅੱਧ ਵਿਚਕਾਰ ਪੈਂਦਾ ਹੈ। ਮਾਹਿਲਪੁਰ ਤੇ ਬੰਗਾ ਚੰਗੇ ਵਿਦਿਅਕ ਕੇਂਦਰ ਮੰਨੇ ਜਾਂਦੇ ਹਨ। ਪਰ ਮੇਰੇ ਪਿੰਡ ਦੇ ਬੱਚੇ ਜਾਂ ਢਾਹਾਂ ਕਲੇਰਾ ਪੜ੍ਹਨ ਜਾਂਦੇ ਹਨ ਜਾਂ ਚੱਬੇਵਾਲ, ਤਿੰਨ ਚਾਰ ਮੀਲ ਵਾਧੂ ਪੈਂਡਾ ਤੈਅ ਕਰਕੇ। ਗੱਡੀਆਂ ਦਾ ਖਰਚਾ ਪੜ੍ਹਨ ਵਾਲੇ ਬੱਚਿਆਂ ਦੇ ਮਾਪਿਆਂ ਸਿਰ ਪੈਂਦਾ ਹੈ। ਜੇ ਸਰਕਾਰੀ ਸਕੂਲਾਂ ਦੀ ਪੜ੍ਹਾਈ ਚੰਗੀ ਹੋਵੇ ਤਾਂ ਉਹ ਏਦਾਂ ਕਿਉਂ ਕਰਨ?

ਇਹ ਸਥਿਤੀ ਕਿਸੇ ਨਾ ਕਿਸੇ ਰੂਪ ਵਿਚ ਜੰਮੂ ਕਸ਼ਮੀਰ ਤੋਂ ਤਾਮਿਲਨਾਡ ਤੱਕ ਹਰ ਰਾਜ ਵਿਚ ਮਿਲਦੀ ਹੈ। ਜਾਂ ਤਾਂ ਰਾਜ ਸਰਕਾਰਾਂ ਤੇ ਉਨ੍ਹਾਂ ਦੀ ਅਫਸਰਸ਼ਾਹੀ ਪ੍ਰਾਈਵੇਟ ਪਬਲਿਕ ਸਕੂਲਾਂ ਨਾਲ ਮਿਲੀ ਹੋਈ ਹੈ ਤੇ ਜਾਂ ਫੇਰ ਸਰਕਾਰੀ ਅਧਿਆਪਕਾਂ ਨੇ ਜਥੇਬੰਦੀਆਂ ਬਣਾ ਕੇ ਡਰਾ ਛੱਡੀ ਹੈ। ਇਹ ਇਕ ਅਜਿਹਾ ਕੋਹੜ ਹੈ ਜਿਹੜਾ ਆਉਣ ਵਾਲੀਆਂ ਨਸਲਾਂ ਦੀਆਂ ਜੜ੍ਹਾਂ ਕੱਟਣ ਵਾਲਾ ਹੈ। ਸਰਕਾਰਾਂ ਕਿਉਂ ਨਹੀਂ ਧਿਆਨ ਦਿੰਦੀਆਂ?

ਦਿੱਲੀ, ਰਾਜਸਥਾਨ ਤੇ ਕਰਨਾਟਕਾ ਤੋਂ ਸਬਕ ਸਿਖਿਆ ਜਾ ਸਕਦਾ ਹੈ। ਖਾਸ ਕਰਕੇ ਦਿੱਲੀ ਤੋਂ ਜਿਥੇ ਪਬਲਿਕ ਸਕੂਲਾਂ ਵਿਚ ਖਾਲੀ ਸੀਟਾਂ ਦੀ ਪ੍ਰਤੀਸ਼ਤ ਕੇਵਲ ਛੇ ਹੈ। ਉਥੇ ਝੁੱਗੀ ਝੋਂਪੜੀ ਦੇ ਪਰਿਵਾਰਾਂ ਨੇ ਇੱਕ ਮੁੱਠ ਹੋ ਕੇ ਸਜੱਗ ਸੰਸਥਾ ਬਣਾਈ ਹੋਈ ਹੈ। ਜਿਥੇ ਮਾਪੇ ਇਕੱਠੇ ਹੋ ਕੇ ਇਕ ਦੂਜੇ ਨੂੰ ਕੇਂਦਰ ਦੇ ਵਿਦਿਆ ਪ੍ਰਾਪਤੀ ਅਧਿਕਾਰ 2009 ਤੋਂ ਜਾਣੂ ਕਰਦੇ ਹਨ। ਉਥੋਂ ਦੀ ਸਰਕਾਰ ਵੀ ਉਨ੍ਹਾਂ ਦਾ ਸਮਰਥਨ ਕਰਦੀ ਸੀ ਜਿਸ ਦੀ ਮੁੱਖ ਮੰਤਰੀ ਕੱਲ ਤੱਕ ਸ਼ੀਲਾ ਦੀਕਸ਼ਤ ਸੀ। ਸਾਡਾ ਦੇਸ਼ ਇੱਕ ਬਹੁਤ ਵੱਡੀ ਡੈਮੋਕਰੇਸੀ ਵਜੋਂ ਜਾਣਿਆ ਜਾਂਦਾ ਹੈ। ਸਰਕਾਰਾਂ ਵੋਟਾਂ ਦੇ ਸਿਰ ਉਤੇ ਬਣਦੀਆਂ ਹਨ। ਪਰ ਆਉਣ ਵਾਲੀਆਂ ਨਸਲਾਂ ਵਲ ਧਿਆਨ ਦੇਣ ਦੀ ਤੁਰੰਤ ਲੋੜ ਹੈ। ਇਹ ਤਦ ਹੀ ਹੋ ਸਕਦਾ ਹੈ ਜੇ ਵੋਟਰਾਂ ਨੂੰ ਸੁਚੇਤ ਕੀਤਾ ਜਾ ਸਕੇ।

**ਨਿਜ਼ਾਮੁਦੀਨ ਦਾ ਸਰਾਪਿਆ ਤੁਗਲਕਾਬਾਦ:** ਸੱਤ ਵਾਰ ਉਜੜ ਕੇ ਵਸਣ ਵਾਲੀ ਦਿੱਲੀ ਦਾ ਤੁਗਲਕਾਬਾਦ ਵਾਲਾ ਕਿਲਾ ਤੀਜਾ



ਮੁਕਾਮ ਸੀ। ਇਸ ਦੀ ਉਸਾਰੀ ਗਿਆਸਉਦੀਨ ਤੁਗਲਕ ਨੇ ਕੀਤੀ ਸੀ। ਇਹ ਕੇਂਦਰੀ ਦਿੱਲੀ ਤੋਂ ਦੱਖਣ ਤੇ ਕੁਤਬ ਦੀ ਲਾਠ ਤੋਂ ਪੂਰਬ ਵੱਲ ਪੈਂਦਾ ਹੈ। ਆਪਣੀ ਸੱਜਰੀ ਦਿੱਲੀ ਫੇਰੀ ਸਮੇਂ ਮੈਂ ਤੁਗਲਕਾਬਾਦ ਵਾਲੇ ਪਾਸੇ ਸਾਕੇਤ ਨਾਂ ਦੀ ਕਾਲੋਨੀ ਵਿਚ ਠਹਿਰਿਆ ਤਾਂ ਇਹ ਕਿਲ੍ਹਾ ਮੁੜ ਦੇਖਣ ਗਿਆ। ਕਿਲ੍ਹਾ ਦਿਖਾਉਣ ਵਾਲੇ ਗਾਈਡ ਨੇ ਜਿਹੜੀ ਗੱਲ ਦੱਸੀ, ਉਹ ਮੈਂ ਪਹਿਲਾਂ ਕਦੀ ਨਹੀਂ ਸੀ ਸੁਣੀ।

ਗਿਆਸਉਦੀਨ ਤੁਗਲਕ ਦਾ ਬਣਾਇਆ ਇਹ ਕਿਲ੍ਹਾ ਆਪਣੀ ਮਜ਼ਬੂਤੀ ਲਈ ਜਾਣਿਆ ਜਾਂਦਾ ਹੈ। ਕੰਧਾਂ ਵੱਡਆਕਾਰੀ ਪੱਥਰ ਚਿਣ ਕੇ ਬਣਾਈਆਂ ਗਈਆਂ ਹਨ। ਇਨ੍ਹਾਂ ਦੀ ਚੌੜਾਈ 6 ਫੁਟ ਤੋਂ ਘਟ ਨਹੀਂ। ਤੁਗਲਕ ਨੇ ਇਸ ਦੀ ਉਸਾਰੀ ਲਈ ਜੋ ਮਜ਼ਦੂਰ ਲਿਆਂਦੇ, ਉਹ ਨਿਜ਼ਾਮੁਦੀਨ ਦੀ ਦਰਗਾਹ ਉਤੇ ਕੰਮ ਕਰ ਰਹੇ ਸਨ। ਪਰ ਬਾਦਸ਼ਾਹ ਦਾ ਹੁਕਮ ਮੰਨਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਕਿਲ੍ਹੇ ਦੀ ਉਸਾਰੀ ਤੋਂ ਪਿੱਛੋਂ ਨਿਜ਼ਾਮੁਦੀਨ ਨੇ ਸਰਾਪ ਦਿੱਤਾ ਕਿ ਇਥੇ ਰਾਜੇ ਰਾਣੀਆਂ ਨਹੀਂ ਭੇਡਾਂ ਬੱਕਰੀਆਂ ਦੇ ਚਰਵਾਹਿਆਂ ਦਾ ਵਾਸਾ ਹੋਵੇਗਾ। ਅੱਜ ਕਿਲ੍ਹਾ ਵੇਖਣ ਵਾਲੇ ਜਾਣਦੇ ਹਨ ਕਿ ਇਥੇ ਸੱਚਮੁੱਚ ਹੀ ਚਰਵਾਹੇ ਆਦਿ ਹੀ ਰਹਿੰਦੇ ਹਨ।

ਤੁਗਲਕ ਨੂੰ ਜਦੋਂ ਪਤਾ ਲੱਗਿਆ ਕਿ ਔਲੀਆ ਨੇ ਕੀ ਕਿਹਾ ਸੀ ਤਾਂ ਉਹ ਔਲੀਆ ਨੂੰ ਸੋਧਣ ਤੁਰ ਪਿਆ। ਨਿਜ਼ਾਮੁਦੀਨ ਨੂੰ ਇਹ ਖਬਰ ਮਿਲੀ ਤਾਂ ਉਸ ਨੇ ਮੁੜ ਇੱਕ ਹੀ ਵਾਕ ਉਚਰਿਆ। ਹਨੂਜ਼ ਦਿੱਲੀ ਦੂਰ ਅਸਤ। ਭਾਵੇਂ ਅਜੇ ਦਿੱਲੀ ਦੂਰ ਹੈ। ਇਹੀਓ ਹੋਇਆ। ਗਿਆਸਉਦੀਨ ਨੂੰ ਰਸਤੇ ਵਿਚ ਹੀ ਕਿਸੇ ਨੇ ਕਤਲ ਕਰ ਦਿੱਤਾ। ਅੱਜ ਕਿਲ੍ਹੇ ਵਿਚ ਸਚਮੁੱਚ ਹੀ ਖਾਨਾਬਦੋਸ਼ਾਂ ਦਾ ਵਾਸਾ ਹੈ। ਹਾਂ, ਕਿਲ੍ਹੇ ਦੀ ਦਖਣੀ ਕੰਧ ਦੇ ਬਾਹਰ ਵਾਲੀ ਝੀਲ ਹਾਲੀ ਵੀ ਕਾਇਮ ਹੈ ਜਿਸ ਦੇ ਅੱਧ ਵਿਚਕਾਰ ਤੁਗਲਕ ਦੀ ਮਜ਼ਾਰ ਹੈ।

ਗਿਆਸਉਦੀਨ ਤੁਗਲਕ ਇਸ ਸ਼ਹਿਰ ਨੂੰ ਉਸੇ ਤਰ੍ਹਾਂ ਆਪਣੀ ਰਾਜਧਾਨੀ ਬਣਾਉਣਾ ਚਾਹੁੰਦਾ ਸੀ ਜਿਵੇਂ ਮੁਗਲ ਬਾਦਸ਼ਾਹ ਅਕਬਰ ਫਤਿਹਪੁਰ ਸੀਕਰੀ ਨੂੰ। ਉਹਦੀ ਚਾਹਨਾ ਪਾਣੀ ਦੀ ਘਾਟ ਕਾਰਨ ਪੂਰੀ ਨਹੀਂ ਹੋਈ ਅਤੇ ਤੁਗਲਕ ਨੂੰ ਨਿਜ਼ਾਮੁਦੀਨ ਔਲੀਆ ਦਾ ਸਰਾਪ ਲੈ ਬੈਠਿਆ। ਏਨਾ ਜ਼ਰੂਰ ਹੈ ਕਿ ਅੱਜ ਦੇ ਦਿਨ ਗਿਆਸਉਦੀਨ ਤੁਗਲਕ ਨੂੰ ਕੋਈ ਜਾਣੇ ਨਾ ਜਾਣੇ, ਸ਼ੇਖ ਫਰੀਦ ਦੇ ਚੇਲੇ ਨਿਜ਼ਾਮੁਦੀਨ ਨੂੰ ਜੱਗ ਜਾਣਦਾ ਹੈ। ਜਦੋਂ ਗੁਰੂ ਨਾਨਕ ਦੇਵ ਦਿੱਲੀ ਗਏ ਸਨ ਤਾਂ ਨਿਜ਼ਾਮੁਦੀਨ ਦੇ ਜਾਨਸ਼ੀਨ ਦਰਵੇਸ਼ ਨਾਲ ਚਰਚਾ ਹੋਈ ਸੀ।

**ਅੰਤਿਕਾ:** (ਕਰਮ ਸਿੰਘ ਕਰਮ)
ਕਿੰਨਾ ਹੁੰਦਾ ਸੀ ਸਤਿਕਾਰ ਬਜ਼ੁਰਗਾਂ ਦਾ
ਅੱਜ ਦੇ ਨਾਲੋਂ ਕਿਤੇ ਜ਼ਮਾਨੇ ਚੰਗੇ ਸੀ।
ਜਾਂਦੇ ਰਾਹੀ ਫਤਿਹ ਬੁਲਾਉਂਦੇ ਲੋਕਾਂ ਨੂੰ
ਬੋਹੜਾਂ ਥੱਲੇ ਬੈਠੇ ਦਾਨੇ ਚੰਗੇ ਸੀ।

---

12 ਸਤੰਬਰ 'ਤੇ ਵਿਸ਼ੇਸ਼

## ਸਾਰਾਗੜ੍ਹੀ ਦੀ ਲੜਾਈ

ਕਿੱਸਾ ਗਜ਼ਬ ਦਾ ਸੁਣਾਵਾਂ ਸਿੱਖ ਕੌਮ ਦਾ, ਸੁਣੋ ਉਏ ਪੰਜਾਬ ਵਾਸੀਓ, ਕਿੱਸਾ ਗਜ਼ਬ ਦਾ...
ਨੌਂਵੇਂ ਮਹੀਨੇ ਦੀ ਤਾਰੀਖ ਸੀਗੀ ਬਾਰਾਂ, ਅਠਾਰਾਂ ਸੌ ਸਤਾਨਵੇਂ ਦੀ, ਸਾਰਾਗੜ੍ਹੀ ਦੀ...
ਸਾਰਾਗੜ੍ਹੀ ਦੀ ਲੜਾਈ ਘਮਸਾਨ ਦੀ, ਸੂਰਮੇ ਰਜਮੈਂਟ ਦੇ, 36 ਸਿੱਖ ਦੇ...
36 ਸਿੱਖ ਦੇ ਸਿਪਾਹੀ ਗੱਭਰੂ, ਗਿਣਤੀ 'ਚ 20 ਨਫਰੀ, ਉਹਦਾ ਆਗੂ ਸੀ...
ਉਹਦਾ ਆਗੂ ਸੀ ਹਵਾਲਦਾਰ ਇਕੀਵਾਂ, ਈਸ਼ਰ ਸਿੰਘ ਨਾਉਂ ਬੋਲਦਾ, ਦੋ ਕਿਲੇ ਸੀ...
ਦੋ ਕਿਲੇ ਸੀ ਵਿਚਾਲੇ ਚੌਕੀ, ਕੋਹਾਟ ਗੁਲਿਸਤਾਨ ਦੇ, ਸਾਰਾਗੜ੍ਹੀ ਦੀ...
ਸਾਰਾਗੜ੍ਹੀ ਦੀ ਚੌਕੀ ਨਾਉਂ ਪਿੰਡ ਦਾ, ਵਿਚ ਸਰਹੱਦੀ ਸੂਬੇ ਦੇ, ਤੀਰਾ ਕਬੀਲੇ ਨੇ...
ਤੀਰਾ ਕਬੀਲੇ ਨੇ ਬਗਾਵਤ ਕੀਤੀ, ਅੰਗਰੇਜ਼ਾਂ ਹੱਥੋਂ ਅੱਕਿਆਂ ਨੇ, ਹੋਰ ਜੋੜਲੇ...
ਹੋਰ ਜੋੜਲੇ ਕਬੀਲੇ ਸਾਰੇ, ਹਜ਼ਾਰਾਂ ਦਾ ਹਜੂਮ ਹੋ ਗਿਆ, ਕੂਚ ਕਰਦੇ...
ਕੂਚ ਕਰਦੇ ਸਾਰਾਗੜ੍ਹੀ ਪਹੁੰਚੇ, ਬਾਹਰ ਤੋਂ ਐਲਾਨ ਕਰ'ਤਾ, ਕਹਿੰਦੇ ਨਿੱਕਲੋ...
ਕਹਿੰਦੇ ਨਿੱਕਲੋ ਚੌਕੀ 'ਚੋਂ ਸਾਰੇ, ਲਾਂਘਾ ਤੁਹਾਡਾ ਰੱਖਿਆ ਪਿਐ, ਤੁਸੀਂ ਬਚ ਜੋ...
ਤੁਸੀਂ ਬਚ ਜੋ ਭਰਾਓ ਅਸੀਂ ਲੜਨੀ, ਲੜਾਈ ਅੰਗਰੇਜ਼ਾਂ ਨਾਲ ਹੈ, ਤੁਸੀਂ ਬਚ ਜੋ।

ਈਸ਼ਰ ਸਿੰਘ ਦਾ ਜੁਆਬ ਲਾਜੁਆਬ ਸੀ, ਪਸ਼ਤੋ 'ਚ ਬੋਲ-ਬੋਲ ਕੇ, ਕਹਿੰਦਾ...
ਸਾਡਾ ਸਿੱਖੀ ਸਿਦਕ ਨੀ ਕਹਿੰਦਾ, ਡਿਊਟੀ ਉਤੋਂ ਭੱਜ ਜਾਣ ਨੂੰ, ਅਸੀਂ ਲੜਾਂਗੇ...
ਅਸੀਂ ਲੜਾਂਗੇ ਮਰਾਂਗੇ ਇੱਥੇ, ਧੰਨਵਾਦ ਦੇਸ਼ ਵਾਸੀਓ, ਅਸੀਂ ਲੜਾਂਗੇ।

ਫੇਰ ਟੁੱਟ ਕੇ ਕਬੀਲੇ ਪੈ ਗਏ, ਲਗਾਤਾਰ ਦੋ ਹਮਲੇ, ਅੱਗੋਂ ਸਿੰਘ ਸੀ...
ਅੱਗੋਂ ਸਿੰਘ ਸੀ ਵੀਹਾਂ ਦੀ ਨਫ਼ਰੀ, ਇੱਕੀਵਾਂ ਸੰਦੇਸ਼ ਭੇਜਦਾ, ਗੋਲੀ ਚੱਲਦੀ...
ਗੋਲੀ ਚੱਲਦੀ ਬੱਦਲ ਵਾਂਗੂੰ ਗੱਜਦੀ, ਲਾਸ਼ਾਂ ਵਾਲੇ ਢੇਰ ਲੱਗਗੇ, ਮੁੱਕ ਚੱਲਿਆ...
ਮੁੱਕ ਚਲਿਆ 'ਮਨੀਸ਼ਨ ਸਾਰਾ, ਸ਼ੇਰਾਂ ਵਾਂਗੂੰ ਸਿੰਘ ਗੱਜਦੇ, ਫੇਰ ਕੱਢੀਆਂ...
ਫੇਰ ਕੱਢੀਆਂ ਬੇਨਟਾਂ ਛੁਰੀਆਂ, ਅੱਸੀਆਂ ਤੋਂ ਸੌ ਸੋਧ'ਤੇ, ਕੀ ਕਰਦੇ...
ਕੀ ਕਰਦੇ ਲੜਾਕੇ ਫੇਰ ਭੀੜ ਨੇ, ਆਖਰੀ ਸੰਦੇਸ਼ ਭੇਜ'ਤਾ, ਨਹੀਂ ਝੁਕਣਾ...
ਨਹੀਂ ਝੁਕਣਾ ਭੀੜ ਨੇ ਕੁਚਲੇ, ਚੌਕੀ ਸਾਰਾਗੜ੍ਹੀ ਦੇ ਵਿਚੇ ਜਿਹੜੇ ਡਿੱਗ ਪਏ...
ਜਿਹੜੇ ਡਿੱਗ ਪਏ ਸਾਰਾਗੜ੍ਹੀ ਚੌਕੀ, ਇਤਿਹਾਸ 'ਚ ਖੜ੍ਹੇ ਹੋ ਗਏ, ਉਹ ਸਿਰਜਗੇ...
ਉਹ ਸਿਰਜਗੇ ਬਹਾਦਰੀ ਦਾ ਕਿੱਸਾ, ਦੁਨੀਆਂ ਹੈਰਾਨ ਰਹਿ ਗਈ, ਖਬਰ ਸੁਣ ਕੇ...
ਖਬਰ ਸੁਣ ਕੇ ਪਾਰਲੀਮੈਂਟ ਸੱਦ ਲਈ, ਰਾਣੀ ਵਿਕਟੋਰੀਆ ਨੇ, ਖੜ੍ਹੀ ਹੋ ਗਈ...
ਖੜ੍ਹੀ ਹੋ ਗਈ ਪਾਰਲੀਮੈਂਟ ਸਾਰੀ, ਫੌਜ ਦੀ ਬਹਾਦਰੀ ਉਤੇ, ਰਾਣੀ ਬੋਲੀ...
ਰਾਣੀ ਬੋਲੀ ਸੀਸ ਸਾਡਾ ਝੁਕਦਾ, ਸਿੱਖਾਂ ਦੀ ਬਹਾਦਰੀ ਅੱਗੇ, ਕੱਲੇ-ਕੱਲੇ ਨੂੰ...
ਕੱਲੇ-ਕੱਲੇ ਨੂੰ ਖਿਤਾਬ ਮਨਜ਼ੂਰ ਹੈ, ਵਿਕਟੋਰੀਆ ਕਰਾਸ ਵਰਗਾ, ਬਾਕੀ ਹੋਰ ਹੈ...
ਬਾਕੀ ਹੋਰ ਹੈ ਪੰਜਾਹ ਕਿੱਲੇ ਮਿਲਣੇ, ਪੰਜ ਸੌ ਰੁਪਿਆ ਨਕਦ ਜੀ, ਨਾਲੇ ਕਰ ਦਿਓ...
ਨਾਲੇ ਕਰ ਦਿਓ ਛੁੱਟੀ ਸਰਕਾਰੀ, ਬਾਰਾਂ ਸਤੰਬਰ ਦੀ, ਸਿੱਖ ਫੌਜ ਨੂੰ...
ਸਿੱਖ ਫੌਜ ਨੂੰ ਛੁੱਟੀ ਹੈ ਪੱਕੀ, ਹਾਲੇ ਤੀਕ ਹੁਕਮ ਚੱਲਦਾ, ਕਿੱਸਾ ਅਜਬ ਹੈ...
ਕਿੱਸਾ ਅਜਬ ਹੈ ਫਰਾਂਸ ਸਰਕਾਰ ਨੇ, ਸਕੂਲਾਂ ਵਿਚ ਲਾਇਐ ਪੜ੍ਹਨੇ...
ਲਾਇਆ ਪੜ੍ਹਨੇ ਨਾ ਪੰਜਾਬ ਸਰਕਾਰ ਨੇ, ਗੱਲ ਇਹ ਅਜੀਬ ਲੱਗਦੀ ਲੋਕੋ!
ਲੋਕੋ! ਸ਼ਹੀਦਾਂ ਅੱਗੇ ਸੀਸ ਝੁਕਦੇ, ਨਹੀਂ ਭੁੱਲਣੇ ਹਿੱਕ ਠੋਕੋ!!

-ਪ੍ਰੋ. ਸੁਖਦੇਵ ਸਿੰਘ ਗਿੱਲ, ਸੈਕਰਾਮੈਂਟੋ, ਫੋਨ: 916-410-8740

---

## ਸੰਪਾਦਕ ਦੀ ਡਾਕ

### ਮਝੈਲ ਸਿੰਘ ਸਰਾਂ ਦਾ ਮੋਦੀ ਬਾਰੇ ਲੇਖ

'ਪੰਜਾਬ ਟਾਈਮਜ਼' ਦੇ 30 ਅਗਸਤ ਵਾਲੇ ਅੰਕ ਵਿਚ ਲੇਖਕ ਮਝੈਲ ਸਿੰਘ ਸਰਾਂ ਦਾ ਲੇਖ 'ਮੋਦੀ ਦੀ ਬਿੱਲੀ ਥੈਲਿਓਂ ਬਾਹਰ' ਪ੍ਰਸ਼ੰਸਾ ਕਰਨ ਵਾਲਾ ਹੈ। ਇਸੇ ਅੰਕ (ਕੈਲੀਫੋਰਨੀਆ ਐਡੀਸ਼ਨ) ਦੇ ਪਿਛਲੇ ਪੰਨੇ ਉਤੇ ਇਸ਼ਤਿਹਾਰ ਵਿਚ ਸ. ਹਰੀ ਸਿੰਘ ਨਲੂਆ ਦੀ ਫ਼ੋਟੋ ਦੇਖ ਕੇ ਖੁਸ਼ੀ ਹੋਈ। ਮੈਂ ਖੇਡ ਪ੍ਰੇਮੀਆਂ ਦਾ ਦੁਸ਼ਮਣ ਨਹੀਂ, ਨਾ ਹੀ ਉਨ੍ਹਾਂ ਦਾ ਜੋ ਕਬੱਡੀ ਨੂੰ ਪ੍ਰੋਮੋਟ ਕਰਦੇ ਹਨ। ਮੈਂ ਤਾਂ ਇਹ ਦੱਸਣਾ ਚਾਹੁੰਦਾ ਹਾਂ ਕਿ ਸਿੱਖ ਅਸਲ ਵਿਚ ਮੌਕਾ ਖੁੰਝਾਅ ਚੁੱਕੇ ਹਨ। 70 ਫ਼ੀਸਦੀ ਨਸ਼ੇੜੀ ਪੰਜਾਬੀ ਹਨ। ਇਹ ਸਭ ਬਾਦਲ ਜੁੰਡਲੀ ਅਤੇ ਉਸ ਦੀ ਚਹੇਤੀ ਭਗਵੀਂ ਬ੍ਰਿਗੇਡ ਦਾ ਹੀ ਕਾਰਨਾਮਾ ਹੈ। ਪੰਜਾਬ ਦਾ ਸ਼ਰੀਕ ਹਰਿਆਣਾ ਵੀ ਆਪਣੇ ਖਿਡਾਰੀਆਂ ਦੀ ਵੱਧ ਹੌਸਲਾ-ਅਫਜ਼ਾਈ ਕਰ ਰਿਹਾ ਹੈ। ਬਾਦਲ ਜੁੰਡਲੀ ਫਾੜੀ ਹੈ। ਸਾਹਿਬ-ਏ-ਕਮਾਲ ਗੋਬਿੰਦ ਸਿੰਘ ਦੀਆਂ ਤੁਕਾਂ ਦਾ ਅਸਰ ਸਿੱਖਾਂ ਦੇ ਦੇਸ਼ ਅੰਦਰ ਹੀ ਹੋ ਸਕਦਾ ਹੈ, ਹਿੰਦੁਸਤਾਨ ਵਿਚ ਨਹੀਂ। ਕਿਸੇ ਚੰਗੇ ਖਿਡਾਰੀ ਨੂੰ ਜੂਏਬਾਜ਼ ਪਾਂਡਵ ਅਰਜਨ ਇਨਾਮ ਤਾਂ ਮਿਲ ਸਕਦਾ ਹੈ, ਪਰ ਨਲੂਆਂ ਜਾਂ ਅਕਾਲੀ ਫੂਲਾ ਸਿੰਘ ਜਾਂ ਬਾਬਾ ਦੀਪ ਸਿੰਘ ਆਦਿ ਮਹਾਨ ਜਰਨੈਲਾਂ ਦੇ ਨਾਂ ਦਾ ਇਨਾਮ ਰੱਖਣ ਤੋਂ ਹਿੰਦ ਸਰਕਾਰ ਇਸ ਕਰ ਕੇ ਕੰਬਦੀ ਹੈ ਕਿਉਂਕਿ ਅਜਿਹਾ ਕਰਨ ਨਾਲ ਦੇਸ਼ ਦੀ ਅਖੰਡਤਾ ਨੂੰ ਖਤਰਾ ਹੈ। ਵਿਦੇਸ਼ਾਂ ਵਿਚ ਕਰੋੜਾਂ ਡਾਲਰਾਂ ਦੀ ਕਬੱਡੀ ਖਿਡਾ ਕੇ ਜਾਂ ਵਿਸਾਖੀ ਨੂੰ ਅਸ਼ਲੀਲ ਗੀਤ ਗਾ ਕੇ ਪੰਜਾਬ ਦੀ ਜਵਾਨੀ ਤੇ ਸਿੱਖੀ ਦਾ ਕੁਝ ਨਹੀਂ ਸੰਵਰਨਾ। ਪੰਜਾਬ ਵਿਚੋਂ ਨਸ਼ਿਆਂ ਦਾ ਖਾਤਮਾ, ਸਿੱਖੀ ਦਾ ਵਿਕਾਸ ਅਤੇ ਗੁਰੂਆਂ ਦੀ ਬਾਣੀ ਦਾ ਪ੍ਰਚਾਰ ਜ਼ਰੂਰੀ ਹੈ।

-ਦਵਿੰਦਰ ਸਿੰਘ ਖਟਕੜ
ਮਨਟਿਕਾ, ਕੈਲੀਫੋਰਨੀਆ।
ਫ਼ੋਨ: 209-606-7452

---

### ਯਮਲੇ ਦੀ ਤੂੰਬੀ

'ਪੰਜਾਬ ਟਾਈਮਜ਼' ਦੇ ਅੰਕ 35 ਵਿਚ ਦਲਵਿੰਦਰ ਬੇਕਰਜ਼ਫੀਲਡ ਦੀ ਪ੍ਰਤੀਕਿਰਿਆ 'ਤੂੰਬੀ, ਯਮਲਾ ਤੇ ਤੱਖਰ ਦਾ ਲੇਖ' ਪੜ੍ਹੀ। ਉਤਸੁਕਤਾ ਪੈਦਾ ਹੋਈ ਕਿ ਅਜਿਹਾ ਤੱਖਰ ਸਾਹਿਬ ਨੇ ਕੀ ਲਿਖਿਆ ਹੈ? ਫਿਰ ਤੱਖਰ ਸਾਹਿਬ ਦਾ ਲੇਖ ਪੜ੍ਹਿਆ। ਸਮਝ ਨਹੀਂ ਲਗਦੀ ਕਿ ਤੱਖਰ ਸਾਹਿਬ ਨੇ ਕਿਸ ਹੈਸੀਅਤ ਵਿਚ ਯਮਲਾ ਜੀ ਦਾ ਨਿਰਾਦਰ ਕੀਤਾ ਹੈ ਅਤੇ ਕਿਉਂ? ਉਹ ਆਪਣੇ ਘਰ ਵਿਚ ਕੀ ਸੁਣਨਾ ਪਸੰਦ ਕਰਦੇ ਹਨ, ਇਹ ਉਨ੍ਹਾਂ ਦਾ ਹੱਕ ਹੈ; ਜੋ ਦੇਖਣਾ ਪਸੰਦ ਕਰਦੇ ਹਨ, ਉਨ੍ਹਾਂ ਦਾ ਹੱਕ ਹੈ; ਪਰ ਯਮਲਾ ਜੀ ਵਰਗੇ ਦਰਵੇਸ਼ ਇਨਸਾਨ ਦੀ ਨੁਕਤਾਚੀਨੀ ਸਰਾਸਰ ਬੇਇਨਸਾਫ਼ੀ ਹੈ। ਮੈਂ ਕਿਸੇ ਵਿਵਾਦ ਵਿਚ ਪੈਣ ਦਾ ਇੱਛੁਕ ਨਹੀਂ, ਪਰ ਇਹ ਜ਼ਰੂਰ ਕਹਾਂਗਾ ਕਿ ਉਨ੍ਹਾਂ ਦੀ ਵਜ੍ਹਾ ਕਰ ਕੇ ਮੇਰੀ ਨੀਂਦ ਖਰਾਬ ਹੋਈ ਹੈ। ਸਵੇਰੇ ਸਵਾ ਦੋ ਵਜੇ ਦਾ ਜਾਗਿਆ, ਹਾਰ ਕੇ ਸਵਾ ਚਾਰ ਵਜੇ ਕਲਮ ਚੁੱਕ ਲਈ। ਮੈਂ ਇਹੋ ਕਹਾਂਗਾ ਕਿ ਤੱਖਰ ਸਾਹਿਬ ਅੱਗੇ ਤੋਂ ਆਪਣੇ ਵਿਚਾਰ ਆਪਣੇ ਤੱਕ ਹੀ ਰੱਖਣ।

-ਬਲਜੀਤ ਗਰੇਵਾਲ

---

# ਜਿਥੇ ਲੋਕਾਂ ਨੂੰ ਵਹਿਮ ਹੈ ਕਿ ਲਾਸ਼ਾਂ ਬਦਲਾ ਲੈਂਦੀਆਂ ਹਨ!

(ਸਫਾ 25 ਦੀ ਬਾਕੀ)

ਕੁਝ ਚਿਰ ਬਾਅਦ ਚੱਲ ਵਸਿਆ।

ਇਸ ਤੋਂ ਬਾਅਦ ਇਕ ਕਰੋੜਪਤੀ ਅਮਰੀਕਨ ਨੇ ਇਸ ਮਕਬਰੇ ਵਿਚ ਦਿਲਚਸਪੀ ਲਈ, ਤੇ ਉਹ ਮਕਬਰੇ ਨੂੰ ਵੇਖਣ ਤੋਂ ਬਾਅਦ ਨਮੂਨੀਏ ਦਾ ਸ਼ਿਕਾਰ ਹੋ ਕੇ ਚੱਲ ਵਸਿਆ। ਸ਼ਹਿਜ਼ਾਦਾ ਅਲੀ ਰਹਮੀ ਨੇ ਫਰਹੂਨ ਦੇ ਪੁੱਤਰ ਦੇ ਮਕਬਰੇ ਦਾ ਦੌਰਾ ਕੀਤਾ ਤੇ 1924 ਵਿਚ ਲੰਡਨ ਵਿਚ ਆਪਣੀ ਬੀਵੀ ਹੱਥੋਂ ਮੌਤ ਦਾ ਸ਼ਿਕਾਰ ਹੋ ਗਿਆ। ਇਸੇ ਸਾਲ ਸਰਲੀ ਇਸਟਾਕ ਮਕਬਰਾ ਦੇਖਣ ਆਇਆ। ਮਕਬਰਾ ਦੇਖਣ ਦੀ ਰੀਝ ਤਾਂ ਪੂਰੀ ਕਰ ਲਈ, ਪਰ ਵਾਪਿਸ ਲੰਡਨ ਨਾ ਜਾ ਸਕਿਆ, ਤੇ ਕਿਸੇ ਅਗਿਆਤ ਆਦਮੀ ਨੇ ਕਾਹਿਰਾ ਵਿਚ ਹੀ ਉਸ ਨੂੰ ਗੋਲੀ ਮਾਰ ਦਿੱਤੀ।

ਕੁਝ ਅਰਸੇ ਬਾਅਦ ਮਿਸਰੀ ਪੁਰਾਤੱਤਵੇਤਾ ਪ੍ਰੋਫੈਸਰ ਬੀ ਸਈਦ ਅਤੇ ਅਮੀਰ ਅਮਰੀਕਨ ਔਰਤ ਨੇ ਮਕਬਰਾ ਵੇਖਿਆ ਜਿਸ ਤੋਂ ਪਿੱਛੋਂ ਦੋਹਾਂ ਨੇ ਇਹ ਕਹਿੰਦਿਆਂ ਆਤਮਾ ਹੱਤਿਆ ਕਰ ਲਈ ਕਿ ਉਨ੍ਹਾਂ ਉਤੇ ਫਰਹੂਨ ਦਾ ਕਹਿਰ ਢੱਠਾ ਹੈ ਤੇ ਉਹ ਮੌਤ ਦੇ ਹੱਕਦਾਰ ਹਨ।

ਇਸ ਮਕਬਰੇ ਦੀ ਖੋਜ ਕਰਨ ਵਾਲੀ ਟੀਮ ਵਿਚ ਵੀਹ ਮੈਂਬਰ ਸਨ ਜਿਨ੍ਹਾਂ ਵਿਚੋਂ ਬਾਰਾਂ ਆਦਮੀ ਤਾਂ ਇਕ ਸਾਲ ਦੇ ਅੰਦਰ ਹੀ ਪੂਰੇ ਹੋ ਗਏ, ਤੇ ਬਾਕੀ ਕਰੀਬ ਛੇ ਸਾਲ ਦੇ ਅਰਸੇ ਵਿਚ ਮੌਤ ਦੀਆਂ ਬੁਰਕੀਆਂ ਬਣ ਗਏ। ਇਨ੍ਹਾਂ ਘਟਨਾਵਾਂ ਤੋਂ ਕਰੀਬ ਪੰਜਾਹ ਸਾਲ ਬਾਅਦ 1972 ਵਿਚ ਲੰਡਨ ਮਿਊਜ਼ੀਅਮ ਅੰਦਰ ਇਕ ਨੁਮਾਇਸ਼ ਲਈ ਫਰਹੂਨ ਦੇ ਹੀਰੇ ਜਵਾਹਰਾਤ, ਰਾਇਲ ਏਅਰ ਫੋਰਸ ਦੇ ਵਿਸ਼ੇਸ਼ ਹਵਾਈ ਜਹਾਜ਼ ਰਾਹੀਂ ਕਾਹਿਰਾ ਤੋਂ ਲੰਡਨ ਲਿਆਂਦੇ ਗਏ। ਲੰਡਨ ਪੁੱਜਣ ਤੋਂ ਬਾਅਦ ਜਹਾਜ਼ ਦਾ ਪਾਇਲਟ ਅਜੀਬ ਹਾਲਤ ਵਿਚ ਮੌਤ ਦਾ ਸ਼ਿਕਾਰ ਹੋ ਗਿਆ, ਫਲਾਈਟ ਇੰਜੀਨੀਅਰ ਵੀ ਮੌਤ ਤੋਂ ਬਚ ਨਾ ਸਕਿਆ। ਜਹਾਜ਼ ਵਿਚ ਸਵਾਰ ਇਕੋ-ਇਕ ਔਰਤ ਨੂੰ ਪੇਟ ਦਾ ਗੁੰਝਲਦਾਰ ਅਪ੍ਰੇਸ਼ਨ ਕਰਵਾਉਣਾ ਪਿਆ। ਜਹਾਜ਼ ਦੇ ਨੇਵੀਗੇਟਰ ਦਾ ਮਕਾਨ ਵੀ ਅਚਾਨਕ ਡਿੱਗ ਪਿਆ। ਜਿਸ ਸੰਦੂਕ ਵਿਚ ਸਾਮਾਨ ਕਾਹਿਰਾ ਤੋਂ ਲੰਡਨ ਲਿਆਂਦਾ ਗਿਆ ਸੀ, ਉਸ ਨਾਲ ਪੈਰ ਦੀ ਥੋੜ੍ਹੀ ਜਿਹੀ ਟੱਕਰ ਹੋਣ ਨਾਲ ਇਕ ਅਫਸਰ ਦੀ ਮੌਤ ਹੋ ਗਈ। ਫਲਾਈਟ ਇੰਜੀਨੀਅਰ ਦੀ ਵਿਧਵਾ ਪਤਨੀ ਦਾ ਬਿਆਨ ਸੀ ਕਿ ਉਸ ਦੇ ਪਤੀ ਨੂੰ ਉਡਾਣ ਦੇ ਉਸੇ ਮਹੀਨੇ ਦਿਲ ਦੇ ਗੰਭੀਰ ਦੌਰੇ ਕਾਰਨ ਜਾਨ ਤੋਂ ਹੱਥ ਧੋਣੇ ਪਏ, ਜਦੋਂ ਕਿ ਪਹਿਲਾਂ ਉਸ ਨੂੰ ਕੋਈ ਅਜਿਹੀ ਬਿਮਾਰੀ ਨਹੀਂ ਸੀ।


ਇਸੇ ਦੇ ਉਲਟ ਹਾਲਾਂਕਿ ਕਾਹਿਰਾ ਮਿਊਜ਼ੀਅਮ ਦੇ ਨਿਰਦੇਸ਼ਕ ਜਨਰਲ ਜਮਾਲ ਨੂੰ ਮੁਸਕਰਾਉਂਦਿਆਂ ਹੋਇਆਂ ਤੇ ਇਹ ਕਹਿੰਦਿਆਂ ਦਿਖਾਇਆ ਗਿਆ ਹੈ ਕਿ ਇਨ੍ਹਾਂ ਸਾਰੀਆਂ ਘਟਨਾਵਾਂ ਤੇ ਭੇਤ ਭਰੀਆਂ ਮੌਤਾਂ ਦਾ ਜਾਇਜ਼ਾ ਲੈਣ ਤੋਂ ਬਾਅਦ ਹਰ ਚੇਤੰਨ ਮਨੁੱਖ ਦੇ ਦਿਮਾਗ ਵਿਚ ਇਹ ਸਵਾਲ ਉਠਦਾ ਹੈ ਕਿ ਤਿੰਨ ਹਜ਼ਾਰ ਸਾਲ ਪਹਿਲਾਂ ਦੱਬੀਆਂ ਲਾਸ਼ਾਂ ਕਿਸੇ ਤੋਂ ਕੀ ਬਦਲਾ ਲੈ ਸਕਦੀਆਂ ਹਨ? ਜੇ ਵਾਕਿਆ ਹੀ ਅਜਿਹਾ ਹੈ ਤਾਂ ਮੈਂ ਇਨ੍ਹਾਂ ਲਾਸ਼ਾਂ ਵਿਚ ਜਿਉਂਦੀ ਜਾਗਦੀ ਮਿਸਾਲ ਹਾਂ, ਖਤਰਾ ਮੈਨੂੰ ਵੀ ਹੋਣਾ ਚਾਹੀਦਾ ਸੀ। ਮੈਂ ਫਰਹੂਨੀ ਲਾਸ਼ਾਂ ਦਰਮਿਆਨ ਇਕ ਸਬੂਤ ਹਾਂ। ਕਿਸੇ ਲਾਸ਼ ਨੇ ਮੈਥੋਂ ਬਦਲਾ ਕਿਉਂ ਨਹੀਂ ਲਿਆ?

ਫਿਲਮ ਵੇਖ ਕੇ ਮਕਬਰੇ ਵਿਚ ਲੱਤ ਮਾਰਨ ਦੀ ਗੱਲ ਤਾਂ ਬਹੁਤ ਦੂਰ, ਮਕਬਰਾ ਬਾਹਰੋਂ ਦੇਖਣ ਦੀ ਰੀਝ ਵੀ ਮੈਂ ਤਿਆਗ ਦਿੱਤੀ ਸੀ। ਮਿਸਰ ਦੀਆਂ ਇਕ ਫੁੱਟ ਲੰਮੀ ਗਰਦਨ ਵਾਲੀਆਂ ਔਰਤਾਂ ਨੂੰ ਅੱਖਾਂ ਨਾਲ ਵੇਖਣ ਤੇ ਗਰਦਨ ਦੇ ਲੰਮੀ ਹੋਣ ਦਾ ਰਾਜ਼ ਤਾਂ ਜਾਣ ਆਇਆ ਸਾਂ, ਪਰ ਫਰਹੂਨ ਦੀਆਂ ਕਹਾਣੀਆਂ ਨੇ ਮੁੜ ਕੇ ਮਿਸਰ ਤੇ ਕਾਹਿਰਾ ਜਾਣ ਦਾ ਹੌਸਲਾ ਤਰਕ ਸੋਚ ਹੋਣ ਦੇ ਬਾਵਜੂਦ ਨਹੀਂ ਪਿਆ ਸੀ ਕਿ ਮਕਬਰੇ ਵਿਚ ਲੱਤ ਮਾਰਨ ਦੀ ਸਲਾਹ ਦੇਣ ਵਾਲਾ ਸਾਡਾ ਤਰਕਸ਼ੀਲ ਮਿੱਤਰ ਵੀ ਦੋ ਕੁ ਮਹੀਨੇ ਬਾਅਦ ਦੁਰਘਟਨਾ ਵਿਚ ਮੌਤ ਦੇ ਗਲੇ ਜਾ ਲੱਗਾ ਸੀ।

ਲਗਦਾ ਨਹੀਂ, ਬੰਦਾ ਕਈ ਵਾਰ ਵਹਿਮੀ ਹੁੰਦਾ ਨਹੀਂ, ਕਰ ਦਿੱਤਾ ਜਾਂਦਾ ਹੈ; ਜਾਂ ਜਿਹੜੇ ਮੱਖੀ ਨੂੰ ਨੱਕ 'ਤੇ ਨਹੀਂ ਬਹਿਣ ਦਿੰਦੇ, ਮੱਖੀਆਂ ਉਨ੍ਹਾਂ ਦੇ ਮੂੰਹ ਤੇ ਅੱਖਾਂ 'ਤੇ ਭਿਣਕਣ ਲੱਗ ਪੈਂਦੀਆਂ ਹਨ।

# 'ਮੇਰੇ ਸਮਿਆਂ ਦੀ ਪੰਜਾਬੀ ਗਾਇਕੀ' ਭੌਰੇ ਦੀ ਰੰਗੀਲੀ ਤੇ ਰਸੀਲੀ ਸ਼ੈਲੀ

ਭੌਰਾ ਭੌਰਾ ਹੀ ਹੈ। ਜੰਗਲ ਬੇਲਿਆਂ ਤੇ ਫੁੱਲਾਂ ਕਲੀਆਂ 'ਤੇ ਮੰਡਰਾਉਣ ਵਾਲਾ ਭੌਰਾ। ਰੰਗ ਮਾਣਨ, ਮਹਿਕ ਸੁੰਘਣ, ਰਸ ਲੈਣ ਤੇ ਲੇਖਕ ਬਣ ਕੇ ਪਾਠਕਾਂ ਨੂੰ ਰਸ ਪਾਨ ਕਰਾਉਣ ਵਾਲਾ ਰਸੀਆ। ਉਹਦੀ ਲਿਖਣ ਸ਼ੈਲੀ ਨਿਆਰੀ ਤੇ ਨਖ਼ਰੀਲੀ ਹੈ। ਵਰਿਆਮ ਸੰਧੂ ਦੇ ਸ਼ਬਦਾਂ ਵਿਚ ਭੌਰਵੀ ਅੰਦਾਜ਼ ਵਾਲੀ। ਉਹਦੀ ਲਿਖਤ ਉਤੇ ਭੌਰੇ ਦਾ ਨਾਮ ਨਾ ਵੀ ਲਿਖਿਆ ਹੋਵੇ ਤਦ ਵੀ ਪੰਜ ਸੱਤ ਸਤਰਾਂ ਪੜ੍ਹ ਕੇ ਪਤਾ ਲੱਗ ਜਾਂਦੈ ਕਿ ਇਹ ਅਸ਼ੋਕ ਭੌਰੇ ਦੀ ਹੈ। ਇਹ ਉਸ ਦੀ ਵੱਖਰੀ 'ਪਛਾਣ' ਹੈ ਜੋ ਉਸ ਨੇ ਲਗਾਤਾਰ ਸੈਂਤੀ ਸਾਲ ਲਿਖਦਿਆਂ ਬਣਾਈ ਹੈ। ਉਸ ਨੇ ਕਈ ਕਾਲਮ, ਸੈਂਕੜੇ



**ਪ੍ਰਿੰ. ਸਰਵਣ ਸਿੰਘ, ਕੈਨੇਡਾ**
**ਫੋਨ: 905-799-1661**

ਆਰਟੀਕਲ, ਹਜ਼ਾਰਾਂ ਪੰਨੇ ਤੇ ਲੱਖਾਂ ਲਫ਼ਜ਼ ਲਿਖੇ ਹਨ। ਦਰਜਨ ਦੇ ਕਰੀਬ ਕਿਤਾਬਾਂ ਛਪਵਾਈਆਂ ਤੇ ਉਹ ਵੀ ਵੰਨ-ਸੁਵੰਨੀਆਂ। ਸ਼ੌਂਕ ਸ਼ੌਂਕ ਵਿਚ ਗਾਉਣ ਮੇਲੇ ਲਾਏ, ਮੀਡੀਆਕਾਰੀ ਕੀਤੀ, ਟੀ.ਵੀ. ਪ੍ਰੋਗਰਾਮ ਚਲਾਏ ਤੇ ਰੇਡੀਓਕਾਰੀ ਹੁਣ ਵੀ ਕਰੀ ਜਾ ਰਿਹੈ। ਰੋਟੀਆਂ ਉਸ ਨੇ ਸਾਇੰਸ ਮਾਸਟਰ ਬਣਨ ਦੀਆਂ ਖਾਧੀਆਂ ਪਰ ਸ਼ੌਂਕ ਪਾਲਿਆ ਗਾਉਣ ਵਜਾਉਣ ਵਾਲਿਆਂ ਬਾਰੇ ਲਿਖਣ ਦਾ। ਸਲਾਮ ਹੈ ਉਹਦੀ ਲਗਨ ਨੂੰ ਤੇ ਸ਼ਾਬਾਸ਼ੇ ਉਹਦੇ ਸਿਰੜ ਦੇ। ਕੋਈ ਲਿਖਣ ਦੀ ਸਾਧਨਾ ਕਰੇ ਤਾਂ ਭੌਰੇ ਵਰਗੀ ਕਰੇ। ਭੌਰਾ ਸਾਡੀ ਪੰਜਾਬੀ ਕਲਮਕਾਰੀ ਦਾ ਮਾਣ ਹੈ। ਉਹ ਸਾਡੇ ਪਿੱਛੋਂ ਤੁਰ ਕੇ ਅੱਗੇ ਲੰਘ ਗਿਆ ਹੈ।

ਵੇਖਣ ਨੂੰ ਉਹ ਕੋਈ ਖ਼ਾਸ ਖਿੱਚ ਵਾਲਾ ਸ਼ਖ਼ਸ ਨਹੀਂ ਲੱਗਦਾ। ਬੱਸ ਅਮਲੀ ਜਿਹਾ ਹੀ ਲੱਗਦੈ। ਮੇਰੇ 'ਪਿੰਡ ਦੀ ਸੱਥ' ਵਿਚਲੇ ਜਾਗਰ ਅਮਲੀ ਵਰਗਾ। ਜਾਗਰ ਅਮਲੀ ਹੁਣ ਵੀ ਭੌਰੇ ਦੀਆਂ ਲਿਖਤਾਂ 'ਚ ਹਾਜ਼ਰੀ ਲੁਆ ਜਾਂਦੈ। ਉਹਦਾ ਸਰੀਰਕ ਵਜ਼ਨ ਮਸਾਂ ਡੇਢ ਮਣ ਹੋਵੇਗਾ। ਕੱਦ ਵੀ ਭਗਵੰਤ ਮਾਨ ਜਿੰਨਾ ਹੀ ਹੈ। ਰੰਗ ਰੂਪ ਵੀ ਸੂਤ ਈ ਐ। ਨੈਣ ਨਕਸ਼ ਜ਼ਰੂਰ ਤਿੱਖੇ ਹਨ। ਕਦੇ ਦਾੜ੍ਹੀ ਰੱਖ ਲੈਂਦਾ ਕਦੇ ਮੁਨਾ ਦਿੰਦੈ। ਆਵਾਜ਼ ਵੀ ਠੀਕ ਹੀ ਹੈ। ਧੌਣ ਵੀ ਟੇਢੀ ਜਿਹੀ ਰੱਖਦੈ ਜਿਵੇਂ ਕਿਤੇ ਡਿੱਗ ਕੇ ਮੁਚੀ ਹੋਵੇ। ਮੱਥੇ ਉਪਰਲੇ ਵਾਲ ਵੀ ਉਪਰ ਨੂੰ ਜਾ ਰਹੇ ਨੇ ਤੇ ਗੰਜ ਵੀ ਪੈਣਾ ਸ਼ੁਰੂ ਹੋ ਗਿਐ। ਪਰ ਪਤੰਦਰ ਧਰਤੀ ਤੋਂ ਜਿੰਨਾ ਉਪਰ ਹੈ, ਧਰਤੀ 'ਚ ਉਸ ਤੋਂ ਕਿਤੇ ਵੱਧ ਹੈ। ਜਿਧਰ ਜਾਂਦੈ ਪੈੜਾਂ ਕਰੀ ਜਾਂਦੈ। ਪੁਸਤਕ 'ਮੇਰੇ ਸਮਿਆਂ ਦੀ ਪੰਜਾਬੀ ਗਾਇਕੀ' ਪੰਜਾਬੀ ਗੀਤਕਾਰੀ, ਗਾਇਕੀ ਤੇ ਗਾਇਕਾਂ ਦੇ ਵਰਤ ਵਰਤਾਵੇ ਦੀ ਇਤਿਹਾਸਕ ਪੈੜ ਹੀ ਤਾਂ ਹੈ। ਇਹ ਉਸ ਨੇ ਗਾਇਕੀ ਦੇ ਮੋਹ ਤੇ ਦਿਲ ਦੇ ਲਹੂ ਨਾਲ ਲਿਖੀ ਹੈ। ਦਿਲਚਸਪ ਹੈ, ਪੜ੍ਹਨਯੋਗ ਹੈ ਤੇ ਪੜ੍ਹਨੀ ਵੀ ਚਾਹੀਦੀ ਹੈ। ਇਕ ਵਾਰ ਸ਼ੁਰੂ ਕਰ ਲਓ ਮੁੱਕ ਆਪੇ ਜਾਵੇਗੀ। ਏਨੀ ਖਿੱਚ ਹੈ ਭੌਰੇ ਦੀ ਸ਼ੈਲੀ ਵਿਚ!

2012 'ਚ ਉਹ ਸਖ਼ਤ ਬਿਮਾਰ ਹੋ ਗਿਆ ਸੀ। ਏਨਾ ਬਿਮਾਰ ਕਿ ਮਰਨੋਂ ਮਸਾਂ ਬਚਿਆ। ਫੇਫੜਿਆਂ 'ਚ ਪਾਣੀ ਭਰ ਗਿਆ ਸੀ ਜਿਸ ਨਾਲ ਸਾਹ ਰੁਕਣ ਲੱਗ ਪਿਆ ਸੀ। ਉਦੋਂ ਉਹਦਾ ਕਾਲਮ ਵੀ ਕੁਝ ਸਮੇਂ ਲਈ ਰੁਕ ਗਿਆ ਸੀ। ਪਾਠਕ ਹਰਾਸੇ ਗਏ ਸਨ। ਏਨਾ ਸ਼ੁਕਰ ਸੀ ਕਿ ਸੀਗਾ ਅਮਰੀਕਾ ਵਿਚ। ਫਰਿਜ਼ਨੋ ਦੇ ਸੇਂਟ ਐਗਨਸ ਹਸਪਤਾਲ ਨੇ ਆਖ਼ਰੀ ਘੜੀਆਂ ਗਿਣਦੇ ਨੂੰ ਬਚਾ ਲਿਆ। ਉਂਜ ਅਮਰੀਕਾ ਦਾ ਇਲਾਜ ਮਾੜੇ ਧੀੜਿਆਂ ਦੀਆਂ ਜੁੱਲੀਆਂ ਵਿਕਾ ਦਿੰਦੈ ਪਰ ਉਹਦੀ ਲਿਖਤ ਦਾ ਜਾਦੂ ਸੀ ਕਿ ਉਹਦਾ ਮੁਫ਼ਤ ਵਿਚ ਇਲਾਜ ਹੋ ਗਿਆ। ਉਹਦਾ ਇਲਾਜ ਕਰਨ ਵਾਲਾ ਡਾਕਟਰ ਆਪ ਤਾਂ ਉਹਦਾ ਪਾਠਕ ਨਹੀਂ ਸੀ ਪਰ ਉਸ ਦਾ ਬਿਰਧ ਬਾਪੂ ਭੌਰੇ ਦਾ ਪਾਠਕ ਸੀ। ਡਾਕਟਰ ਵੈਸੇ ਹੀ ਘਰੇ ਗੱਲ ਕਰ ਬੈਠਾ ਸੀ। ਜਦੋਂ ਪਿਉ ਨੂੰ ਪਤਾ ਲੱਗਾ ਕਿ ਉਹਦੇ ਪੁੱਤਰ ਦਾ ਮਰੀਜ਼ ਅਸ਼ੋਕ ਉਹੀ ਐਸ. ਅਸ਼ੋਕ ਭੌਰਾ ਹੈ ਜੀਹਦਾ ਕਾਲਮ ਉਹ ਹਰ ਹਫ਼ਤੇ 'ਪੰਜਾਬ ਟਾਈਮਜ਼' ਵਿਚ ਪੜ੍ਹਦਾ ਹੈ ਤਾਂ ਹਸਪਤਾਲ ਦਾ ਡੇਢ ਲੱਖ ਡਾਲਰ ਦਾ ਬਿੱਲ ਤਾਰਨ ਲਈ ਕੋਈ ਹੋਰ ਰਾਹ ਕੱਢਿਆ ਗਿਆ ਯਾਨਿ ਪੰਜਾਬੀ ਜੁਗਾੜ ਕੀਤਾ ਗਿਆ। ਭੌਰੇ ਨੂੰ ਫਾਰਮਾਂ ਉਤੇ ਦਸਖ਼ਤ ਹੀ ਕਰਨੇ ਪਏ ਸਨ। ਜਿਹੋ ਜਿਹੀਆਂ ਹੈਰਾਨਕੁਨ ਕਹਾਣੀਆਂ ਉਹ ਹੋਰਨਾਂ ਦੀਆਂ ਲਿਖਦਾ ਸੀ ਉਹੋ ਜਿਹੀ ਉਹਦੇ ਨਾਲ ਵਾਪਰ ਗਈ। ਉਹਦੇ ਖ਼ਾਬ ਖਿਆਲ 'ਚ ਵੀ ਨਹੀਂ ਸੀ ਕਿ ਕੋਈ ਮਸੀਹਾ ਛੱਤ ਪਾੜ ਕੇ ਬਹੁੜੇਗਾ।

ਹਸਪਤਾਲੋਂ ਰੁਖ਼ਸਤ ਹੋ ਕੇ ਉਹ ਆਪਣੇ ਦਿਆਲੂ ਪਾਠਕ ਦਾ ਧੰਨਵਾਦ ਕਰਨ ਗਿਆ। ਬਜ਼ੁਰਗ ਨਿਰੰਜਣ ਸਿੰਘ ਨੇ ਉਹਨੂੰ ਸੀਨੇ ਨਾਲ ਲਾਇਆ ਤੇ ਆਪਣੀ ਵੀ ਉਮਰ ਉਹਨੂੰ ਲੱਗ ਜਾਣ ਦੀ ਅਸ਼ੀਰਵਾਦ ਦਿੱਤੀ। ਜੀਂਦਾ ਰਹਿ ਪੁੱਤਰਾ! ਜੁਆਨੀਆਂ ਮਾਣ! ਫਿਰ ਨਾ ਸਿਰਫ ਉਹਦੀ ਲੇਖਕ ਵਜੋਂ ਪ੍ਰਸ਼ੰਸਾ ਕੀਤੀ ਸਗੋਂ ਝੱਗੇ ਚੁੰਨੀ ਨਾਲ ਪੰਜ ਸੌ ਡਾਲਰ ਦਾ ਪਿਆਰ ਦੇ ਕੇ ਤੋਰਿਆ। ਕੌਣ ਕਹਿੰਦੈ ਪੰਜਾਬੀ ਵਿਚ ਲਿਖਣ ਵਾਲਿਆਂ ਦੀ ਕਦਰ ਨਹੀਂ!

ਜਿਵੇਂ ਉਹਦੀ ਪੱਤਰਕਾਰੀ/ਸਾਹਿਤਕਾਰੀ ਨਿਆਰੀ ਹੈ ਉਵੇਂ ਉਹਦਾ ਨਾਂ ਵੀ ਨਿਆਰਾ ਹੈ। ਅਸ਼ੋਕ ਕੁਮਾਰ ਤਾਂ ਕਈਆਂ ਦਾ ਨਾਂ ਹੋਵੇਗਾ ਪਰ ਐਸ. ਅਸ਼ੋਕ ਭੌਰਾ ਨਿਰਾ ਗੋਰਖਧੰਦਾ ਹੈ। ਪੁੱਛਿਆ ਤਾਂ ਕਹਿਣ ਲੱਗਾ, "ਮਾਪਿਆਂ ਨੇ ਮੇਰਾ ਨਾਂ ਸਰਬਜੀਤ ਰੱਖਿਆ ਸੀ। ਸਕੂਲ ਦਾਖਲ ਹੋਣ ਵੇਲੇ ਅਸ਼ੋਕ ਕੁਮਾਰ ਲਿਖਿਆ ਗਿਆ। ਬੋਰਡ ਦਾ ਇਮਤਿਹਾਨ ਦੇਣ ਵੇਲੇ ਫਾਰਮ ਉਤੇ ਅਸ਼ੋਕ ਭੌਰਾ ਭਰ ਦਿੱਤਾ। ਪਾਸਪੋਰਟ ਉਤੇ ਵੀ ਇਹੋ ਨਾਂ ਚੜ੍ਹਿਆ। ਇਹਦੇ ਮੂਹਰੇ ਐਸ. ਮੈਂ ਲੇਖਕ ਬਣਨ ਵੇਲੇ ਲਾਇਆ।" ਉਦੋਂ ਉਹਦੀ ਉਮਰ ਸਿਰਫ ਚੌਦਾਂ ਸਾਲ ਦੀ ਸੀ। ਭੌਰਾ ਤਾਂ ਖ਼ੈਰ ਉਹਦੇ ਪਿੰਡ ਦਾ ਨਾਂ ਹੈ ਜੋ ਬੰਗੇ ਕੋਲ ਨੌਰੇ ਨਾਲ ਹੈ। ਐਸ. ਲਾਉਣ ਦਾ ਕਾਰਨ ਪੁੱਛਿਆ ਤਾਂ ਕਹਿੰਦਾ, "ਕਾਰਨ ਤਾਂ ਕੋਈ ਹੈਨੀ। ਬੱਸ ਸਾਰਾ ਕੁਛ ਗੰਧਲਾ ਜਿਹਾ ਹੀ ਹੈ। ਇਸ ਭੇਤ ਨੂੰ ਭੇਤ ਈ ਬਣੇ ਰਹਿਣ ਦਿਓ।" ਇਸ ਨੂੰ ਗੋਰਖਧੰਦਾ ਨਾ ਕਹੀਏ ਤਾਂ ਹੋਰ ਕੀ ਕਹੀਏ?

2011 ਵਿਚ ਉਹਦੀ 520 ਪੰਨਿਆਂ ਦੀ ਵੱਡਅਕਾਰੀ ਕਿਤਾਬ ਛਪੀ ਸੀ 'ਗੱਲੀਂ-ਬਾਤੀਂ।' ਕਿਤਾਬ ਕਾਹਦੀ ਗੱਲਾਂ-ਬਾਤਾਂ ਦਾ ਮਾਡਰਨ ਗ੍ਰੰਥ ਸੀ। ਮੈਂ ਕਾਫੀ ਦੇਰ ਉਹਨੂੰ ਸਿਰਹਾਣੇ ਰੱਖੀ ਰੱਖਿਆ ਤੇ ਜਦੋਂ ਜਾਗ ਆਉਂਦੀ ਉਹਦੇ 'ਚੋਂ ਵਾਕ ਲੈ ਲੈਂਦਾ। ਮੈਨੂੰ ਕੁਝ ਨਾ ਕੁਝ ਨਵਾਂ ਸੁੱਝ ਜਾਂਦਾ ਜੋ ਮੇਰੇ ਲਿਖਣ ਦੇ ਕੰਮ ਆਉਂਦਾ। ਉਹਦੇ 'ਚ ਲੋਹੜੇ ਦਾ ਮਸਾਲਾ ਭਰਿਆ ਹੋਇਆ ਸੀ। ਵਿਚੇ ਨਿਬੰਧ, ਵਿਚੇ ਕਥਾ ਵਾਰਤਾ, ਰੇਖਾ ਚਿੱਤਰ, ਸਫਰਨਾਮਾ, ਜੀਵਨੀ ਤੇ ਸਵੈਜੀਵਨੀ ਦੇ ਅੰਸ਼, ਇਤਿਹਾਸ ਮਿਥਿਹਾਸ, ਕਵਿਤਾ, ਗੀਤਕਾਰੀ ਤੇ ਵਿਚੇ ਜਾਸੂਸੀ ਨਾਵਲਾਂ ਵਾਲੇ ਕਾਰੇ। ਵਿਚੇ ਅਟੱਲ ਕਥਨ। ਸਮਝੋ ਕੁੱਜੇ ਵਿਚ ਸਮੁੰਦਰ ਬੰਦ ਸੀ। ਵਿਚੇ ਹਾਸ ਵਿਅੰਗ ਸੀ:



***ਪੰਜਾਬ ਕੇਸਰੀ ਸਮੂਹ ਦੇ ਮੁੱਖ ਸੰਪਾਦਕ ਸ੍ਰੀ ਵਿਜੇ ਕੁਮਾਰ ਚੋਪੜਾ ਨਾਲ ਇਕ ਮਿਲਣੀ ਦੌਰਾਨ ਐਸ ਅਸ਼ੋਕ ਭੌਰਾ***

-ਅਵਾਰਾ ਕੁੱਤਿਆਂ ਦਾ ਸੁਭਾਅ ਭੇਡਾਂ ਵਰਗਾ ਹੀ ਹੁੰਦਾ ਹੈ। ਜਿਧਰ ਨੂੰ ਇਕ ਤੁਰਦਾ ਹੈ, ਸਾਰੇ ਉਸੇ ਮਗਰ ਹੋ ਤੁਰਦੇ ਹਨ। ਇਸ ਸੰਦਰਭ ਵਿਚ ਮਜ਼ਾਕੀਆ ਲਹਿਜੇ 'ਚ ਕਿਹਾ ਜਾਂਦੈ: ਇਕ ਕੁੱਤਾ ਤੁਰਿਆ ਜਾ ਰਿਹਾ ਸੀ, ਰਾਹ 'ਚ ਇਕ ਹੋਰ ਕੁੱਤਾ ਟੱਕਰ ਗਿਆ। ਕਹਿਣ ਲੱਗਾ, ਕਿਧਰ ਮਹਾਰਾਜ? ਪੁੱਛ ਨਾ, ਆ ਜਾ ਮਗਰੇ। ਰਸਤੇ ਵਿਚ ਦੋ ਹੋਰ, ਚਾਰ ਹੋਰ ਕੁੱਤੇ ਰਲਦੇ ਗਏ ਤੇ ਲੰਮੀ ਲਾਈਨ ਬਣ ਗਈ। ਸਭ ਤੋਂ ਮਗਰ ਰਲਣ ਵਾਲਾ ਕੁੱਤਾ ਕੁਝ ਸਿਆਣਾ ਸੀ। ਉਹਨੇ ਆਪਣੇ ਤੋਂ ਮੂਹਰਲੇ ਨੂੰ ਪੁੱਛਿਆ, 'ਭਰਾਵਾ ਚੱਲੇ ਕਿਥੇ ਓਂ?' 'ਪਤਾ ਮੈਨੂੰ ਵੀ ਨਹੀਂ, ਅਗਲੇ ਨੂੰ ਪੁੱਛਦਾਂ।' ਗੱਲ ਸਭ ਤੋਂ ਮੂਹਰਲੇ ਕੁੱਤੇ ਤਕ ਪੁੱਜ ਗਈ, 'ਭਰਾਵਾ ਚੱਲਿਆ ਕਿਥੇ ਐਂ? ਪਿੱਛੇ ਤਾਂ ਵੇਖ ਤੇਰੇ ਮਗਰ ਕਿੱਡੀ ਲਾਈਨ ਲੱਗੀ ਹੋਈ ਐ!'

ਆਗੂ ਦਾ ਜਵਾਬ ਸੁਣੋ, "ਜਾਣਾ ਕਿਤੇ ਨਾਨਕਿਆਂ ਨੂੰ ਏਂ। ਔਹ ਬਿਜਲੀ ਵਾਲਾ ਖੰਭਾ ਖਿੱਚੀ ਜਾਂਦੇ ਨੇ, ਜਿਥੇ ਗੱਡਣਗੇ ਆਪਾਂ ਪਿਸ਼ਾਬ ਕਰ ਕੇ ਆਉਣਾ!"

ਕੁੱਤੇ ਤਾਂ ਕੁੱਤੇ ਹੀ ਸਨ। ਉਹ ਭੇਡ ਚਾਲ ਵਜੋਂ ਬੰਦਿਆਂ ਦੇ ਬਦੇਸ਼ ਤੁਰੇ ਜਾਣ ਦੀ ਗੱਲ ਕਰਦਾ ਤਾਂ ਬੰਦਿਆਂ ਨੇ ਕੁੱਤਿਆਂ ਵਾਂਗ ਉਹਦੇ ਮਗਰ ਪੈ ਜਾਣਾ ਸੀ!

ਹੱਸਦਾ ਹਸਾਉਂਦਾ ਉਹ ਫਿਲਾਸਫੀ ਵੀ ਘੋਟੀ ਜਾਂਦਾ ਸੀ:

-ਸਾਰੀ ਰਾਤ ਜਾਗ ਕੇ, ਚੌਕੀਦਾਰੀ ਕਰ ਕੇ ਦਿਨ ਚੜ੍ਹਦੇ ਨੂੰ ਜਦੋਂ ਕੁੱਤਾ ਘੂਕ ਸੌਂਦਾ ਹੈ ਤਾਂ ਉਹ ਬੇਫਿਕਰ ਹੁੰਦਾ ਹੈ ਕਿ ਉਸ ਨੇ ਆਪਣਾ ਕੰਮ ਵਫਾਦਾਰੀ ਨਾਲ ਮੁਕਾਇਆ ਹੈ।

ਇਸ ਵਾਕ ਨੇ ਮੈਨੂੰ 'ਬਾਜ਼ੀ ਲੈ ਗਏ ਕੁੱਤੇ' ਵਾਲਾ ਪੂਰਾ ਲੇਖ ਪੜ੍ਹਨ ਲਈ ਬਹਾਲ ਲਿਆ ਸੀ। ਮੇਰੇ ਅੱਗੇ ਕੁੱਤਿਆਂ ਦੀ ਦੁਨੀਆਂ ਸਾਕਾਰ ਹੋ ਗਈ ਸੀ। ਨੋਬਲ ਪ੍ਰਾਈਜ਼ ਸ਼ੁਰੂ ਕਰਨ ਵਾਲੇ ਐਲਫਰੇਡ ਨੋਬੈਲ ਦੀ ਗੱਲ ਕਰ ਕੇ ਉਸ ਨੇ ਰਿੱਛਾਂ ਵਰਗੇ ਕੁੱਤਿਆਂ ਤੋਂ ਲੈ ਕੇ ਚੂਹੇ ਜਿੱਡੇ ਕੁੱਤਿਆਂ ਦੀ ਕਥਾ ਸ਼ੁਰੂ ਕਰ ਦਿੱਤੀ ਸੀ ਜੋ ਹੱਥ ਦੀ ਤਲੀ 'ਤੇ ਟਿਕਾਏ ਜਾ ਸਕਦੇ ਸਨ। ਕੁੱਤਿਆਂ ਨਾਲ ਜੁੜੇ ਮੁਹਾਵਰੇ: ਸਾਲਾ ਕੁੱਤੇ ਵਾਂਗ ਭੌਂਕਦੈ, ਕੁੱਤੇ ਦਾ ਵੱਢਿਆ ਹੋਇਐ, ਬੰਦਾ ਬੜਾ ਕੁੱਤਾ, ਕੁੱਤੇ ਵਾਂਗ ਪੂਛ ਚੁੱਕੀ ਫਿਰਦਾ, ਕੁੱਤੇ ਦਾ ਪੁੱਤ, ਕੁੱਤੇ ਵਾਂਗ ਜੀਭ ਲਮਕਦੀ... ਗਿਣਾ ਕੇ ਬੂਟਾ ਸਿੰਘ ਸ਼ਾਦ ਦੇ ਨਾਵਲ 'ਕੁੱਤਿਆਂ ਵਾਲੇ ਸਰਦਾਰ' ਉਤੇ ਪਹੁੰਚ ਗਿਆ ਸੀ। ਕੁੱਤਿਆਂ ਦੀ ਵਫਾਦਾਰੀ, ਕੁੱਤਿਆਂ ਦੀਆਂ ਕਿਸਮਾਂ, ਭੌਂਕਣ ਦੀ ਕਲਾ, ਖਾਧ ਖੁਰਾਕ, ਪਾਲਣ-ਪੋਸਣ, ਸਹਿਣਸ਼ੀਲਤਾ ਤੇ ਵੱਢ ਖਾਣ ਦੀਆਂ ਗੱਲਾਂ ਕਰਦਿਆਂ ਉਨ੍ਹਾਂ ਦੀ ਸੁੰਘਣ ਸ਼ਕਤੀ ਉਸ ਨੇ ਇੰਜ ਬਿਆਨ ਕੀਤੀ ਸੀ:

-ਕੁੱਤੇ ਨੂੰ ਅੱਖ ਨਾਲੋਂ ਨੱਕ ਉਤੇ ਵਧੇਰੇ ਵਿਸ਼ਵਾਸ ਹੈ ਕਿਉਂਕਿ ਉਹਦੇ ਕੋਲ ਸੁੰਘਣ ਦੀ ਸ਼ਕਤੀ ਵਧੇਰੇ ਹੁੰਦੀ ਹੈ। ਤੁਸੀਂ ਕੁੱਤੇ ਦੇ ਸਾਹਮਣੇ ਸ਼ੀਸ਼ਾ ਰੱਖੋ ਤਾਂ ਉਹ ਆਪਣੀ ਸ਼ਕਲ ਵੇਖ ਕੇ ਭੌਂਕੇਗਾ ਨਹੀਂ। ਉਹਨੂੰ ਅੱਖਾਂ ਇਹ ਦੱਸਦੀਆਂ ਹਨ ਕਿ ਸਾਹਮਣੇ ਕੋਈ ਕੁੱਤਾ ਹੈ ਪਰ ਨੱਕ ਦੱਸੇਗਾ ਕਿ ਇਹ ਕੋਈ ਧੋਖਾ ਹੈ। ਤੁਸੀਂ ਆਪਣਾ ਚਿਹਰਾ ਬਦਲ ਕੇ ਆਪਣੇ ਕੁੱਤੇ ਕੋਲ ਜਾਓ, ਉਹ ਆਪਣੀ ਸੁੰਘਣ ਸ਼ਕਤੀ ਨਾਲ ਝੱਟ ਪਛਾਣ ਲਵੇਗਾ। ਬਿੱਲੀ ਨੂੰ ਮਨੁੱਖ ਨਾਲ ਨਹੀਂ ਉਸ ਥਾਂ ਨਾਲ ਪਿਆਰ ਹੁੰਦਾ ਹੈ ਜਿਥੇ ਉਹ ਰਹਿੰਦੀ ਹੈ ਤੇ ਉਸ ਦੀ ਚੋਰੀ ਦੀ ਆਦਤ ਕਦੇ ਨਹੀਂ ਜਾਂਦੀ। ਇਸ ਦੇ ਉਲਟ ਕੁੱਤੇ ਦਾ ਸਥਾਨ ਨਾਲ ਨਹੀਂ ਇਨਸਾਨ ਨਾਲ ਪਿਆਰ ਹੁੰਦਾ ਹੈ...।

ਭੌਰਾ ਜੀਵਨ ਦੀਆਂ ਘਟਨਾਵਾਂ ਨੂੰ ਕਥਾ ਕਹਾਣੀ ਦੇ ਪਲਾਟ ਵਿਚ ਗੁੰਦ ਕੇ ਕਮਾਲ ਦੀ ਕਲਾ ਕੌਸ਼ਲਤਾ ਨਾਲ ਪੇਸ਼ ਕਰਦਾ ਹੈ। ਉਹਦੀਆਂ ਲਿਖਤਾਂ ਵਿਚ ਬਹੁਪੱਖੀ ਜਾਣਕਾਰੀ ਹੈ, ਰੌਚਿਕਤਾ ਹੈ, ਉਤਸੁਕਤਾ ਤੇ ਚਕਾਚੌਂਧ ਹੈ। ਮੁਹਾਵਰੇ ਹਨ, ਕਹਾਵਤਾਂ ਹਨ, ਕਾਵਿ-ਸਤਰਾਂ ਤੇ ਗੀਤਾਂ ਦੇ ਬੋਲ ਹਨ। ਉਸ ਨੇ ਅਲੰਕਾਰ ਵੀ ਵਰਤੇ ਹਨ ਤੇ ਰੰਗਾਂ-ਰਸਾਂ ਨਾਲ ਆਪਣੀ ਵਾਰਤਾ ਰੰਗੀਲੀ ਤੇ ਰਸੀਲੀ ਬਣਾਈ ਹੈ। ਉਸ ਵਿਚ ਨਾਟਕੀ ਅੰਸ਼ ਵੀ ਹੈ ਤੇ ਨਿੱਜੀ ਛੋਹਾਂ ਵੀ। ਇਹ ਉਹਦਾ ਨਖਰਾ ਹੀ ਹੈ ਜਦੋਂ ਲਿਖਦੈ, "ਨਖਰੇ ਬਿਨਾਂ ਔਰਤ ਸੋਹਣੀ ਨ੍ਹੀਂ ਲੱਗਦੀ ਤਾਂ ਯਕੀਨਨ ਇਹ ਔਰਤ ਦਾ ਗਹਿਣਾ ਤੇ ਗੁਣ ਹੈ ਪਰ ਇਹ ਨਖਰਾ ਮਰਦ ਦੀ ਕਮਜ਼ੋਰੀ ਹੁੰਦੀ ਆ ਕਿਉਂਕਿ ਕਈਆਂ ਦੇ ਵਸਦੇ ਘਰ ਨਖਰੇ ਕਰਕੇ





ਹੀ ਉੱਜੜ ਗਏ।

ਗਾਇਕੀ ਬਾਰੇ ਲਿਖਿਆ ਉਹਦਾ ਇਕ ਪੈਰਾ ਹੀ ਗਾਗਰ ਵਿਚ ਸਾਗਰ ਹੈ:

-ਪਹਿਲਾਂ ਚਾਬੀ ਭਰ ਕੇ ਤਵੇ ਚਲਾਉਣ ਵਾਲੀਆਂ ਮਸ਼ੀਨਾਂ ਆਈਆਂ, ਫਿਰ ਰੀਲਾਂ ਚਲਾਉਣ ਵਾਲੀਆਂ ਟੇਪਾਂ ਬਰਾਸਤਾ ਅਰਬ ਮੁਲਕਾਂ ਧੜਾਧੜ ਪੰਜਾਬ ਦੇ ਵਿਹੜੇ ਆ ਵੜੀਆਂ। ਬਾਅਦ ਵਿਚ ਸੀ. ਡੀ./ਡੀ. ਵੀ. ਡੀ. ਅਤੇ ਹੁਣ ਪੈਨ ਡਰਾਈਵ। ਜਾਪਾਨ ਇਸ ਵਰ੍ਹੇ ਦੇ ਅੰਤ ਤਕ ਇਹ ਕ੍ਰਿਸ਼ਮਾ ਵੀ ਕਰਨ ਵਾਲਾ ਹੈ ਕਿ ਦੁਨੀਆਂ ਦਾ ਹਰ ਬੰਦਾ ਜਾਂ ਔਰਤ ਬਿਨਾਂ ਸੁਰ ਤੇ ਤਾਲ ਦੇ ਗਿਆਨ ਤੋਂ, ਸੁਰੀਲਾ ਗਾਇਕ ਬਣ ਸਕਦਾ ਹੈ ਯਾਨਿ ਇਕ ਅਜਿਹਾ ਯੰਤਰ ਕਿ ਤੁਸੀਂ ਤਰੰਨੁਮ ਵਿਚ ਗੀਤ ਭਰੋ ਤੇ ਕੁਝ ਮਿੰਟਾਂ ਵਿਚ ਸਣੇ ਸੰਗੀਤ ਦੇ ਸੁਰੀਲੀ ਤੇ ਮਿਠਾਸ ਭਰੀ ਆਵਾਜ਼ ਸੁਣ ਸਕੋਗੇ। ਫਿਰ ਕੌਣ ਚੇਤੇ ਰੱਖੇਗਾ ਕਿ ਕੋਈ ਲਤਾ ਮੰਗੇਸ਼ਵਰ ਵੀ ਹੁੰਦੀ ਸੀ, ਸੁਰਿੰਦਰ ਕੌਰ ਵੀ, ਯਮਲਾ, ਮਾਣਕ ਤੇ ਗੁਰਦਾਸ ਮਾਨ ਵੀ। ਅਸਲ ਵਿਚ ਪੰਜਾਬੀ ਗਾਇਕੀ ਵਿਚ ਜਿੰਨੇ ਕ੍ਰਿਸ਼ਮੇ ਥੋੜ੍ਹੇ ਜਿਹੇ ਸਮੇਂ ਵਿਚ ਹੋਏ ਹਨ, ਉਨ੍ਹਾਂ ਦਾ ਜਵਾਬ ਨਹੀਂ। ਇਸ ਤਰ੍ਹਾਂ ਇਲੈਕਟ੍ਰਾਨਿਕਸ ਤੇ ਇੰਟਰਨੈਟ ਦੀ ਘੁਸਪੈਠ ਨੇ ਦੱਸ ਦਿੱਤਾ ਹੈ ਕਿ ਚੋਰੀ ਕਰਨਾ ਨਾ ਪਾਪ ਹੁੰਦਾ, ਨਾ ਮਹਾਂਪਾਪ ਕਿਉਂਕਿ ਸਮੁੱਚੀ ਗਾਇਕੀ ਦੀ ਹਾਲਤ ਇਹ ਬਣੀ ਹੋਈ ਹੈ ਜਿਵੇਂ ਕੋਈ ਮਰ ਰਹੇ ਬੰਦੇ ਨੂੰ ਕਹੇ, "ਜ਼ਰਾ ਨੱਚ ਕੇ ਵਿਖਾ!"

ਇਸ ਪੁਸਤਕ ਵਿਚ ਚਾਲੀ ਕੁ ਗਾਇਕਾਂ ਤੇ ਗਾਇਕਾਵਾਂ ਬਾਰੇ ਭੌਰੇ ਦਾ ਨਿੱਜੀ ਛੋਹਾਂ ਵਾਲਾ ਬਿਰਤਾਂਤ ਹੈ। ਜਦੋਂ ਕੋਈ ਲੇਖਕ ਆਪਣੇ ਨਿੱਜ ਨੂੰ ਕਿਸੇ ਪਾਤਰ ਨਾਲ ਜੋੜ ਕੇ ਗੱਲ ਕਰਦਾ ਹੈ ਤਾਂ ਉਹਦੀ ਗੱਲ ਵਧੇਰੇ ਭਰੋਸੇਯੋਗ ਲੱਗਦੀ ਹੈ। ਪਾਠਕਾਂ ਨੂੰ ਪਤਾ ਲੱਗਦਾ ਹੈ ਕਿ ਯਮਲਾ ਜੱਟ ਜਾਂ ਸੁਰਿੰਦਰ ਕੌਰ, ਹੰਸ ਜਾਂ ਮਾਨ, ਮਾਣਕ ਜਾਂ ਚਮਕੀਲਾ, ਸਦੀਕ ਜਾਂ ਸ਼ਿੰਦਾ, ਦੀਦਾਰ ਸੰਧੂ ਜਾਂ ਦਿਲਬਰ ਕਿਹੋ ਜਿਹੇ ਗਾਇਕ, ਗੀਤਕਾਰ ਜਾਂ ਢਾਡੀ ਸਨ? ਉਨ੍ਹਾਂ ਦੀਆਂ ਚੰਗੀਆਂ ਮਾੜੀਆਂ ਗੱਲਾਂ, ਆਦਤਾਂ ਬਹਿਵਤਾਂ, ਲੱਛਣ-ਕੁਲੱਛਣ, ਗੁਣ-ਔਗਣ ਅਤੇ ਲੇਖਕ ਖ਼ੁਦ ਉਨ੍ਹਾਂ ਨਾਲ ਕਿਵੇਂ ਨਿਭਿਆ? ਮੇਲ-ਮੁਲਕਾਤਾਂ ਕਿਹੋ ਜਿਹੀਆਂ ਰਹੀਆਂ? ਅਜਿਹੀਆਂ ਦਿਲਚਸਪ ਗੱਲਾਂ ਨਾਲ ਇਸ ਕਿਤਾਬ ਦਾ ਹਰ ਪੰਨਾ ਮੂੰਹੋਂ ਬੋਲਦਾ ਨਵੀਂ ਤੋਂ ਨਵੀਂ ਬਾਤ ਪਾਉਂਦਾ ਜਾਂਦਾ ਹੈ। ਇਹ ਚੰਗੀ ਗੱਲ ਹੈ ਕਿ ਲੇਖਕ ਨੇ ਲੇਖ ਲਿਖਣ ਦੀ ਤਰੀਕ ਵੀ ਨਾਲ ਹੀ ਛਾਪ ਦਿੱਤੀ ਹੈ। ਇਓਂ ਅਸੀਂ ਭੌਰੇ ਦੀ ਲਿਖਣ ਸ਼ੈਲੀ ਨੂੰ ਉਸਰਦੀ ਵਿਗਸਦੀ ਵੇਖ ਸਕਦੇ ਹਾਂ।

ਭੌਰਾ ਬੁਨਿਆਦੀ ਤੌਰ 'ਤੇ ਕਾਲਮਨਵੀਸ ਹੈ। ਕਦੇ ਉਹ ਗਾਇਕਾਂ ਦਾ ਕਾਲਮ ਲਿਖਣ ਲੱਗਾ, ਕਦੇ ਗੀਤਕਾਰਾਂ ਦਾ, ਕਦੇ ਢਾਡੀਆਂ ਦਾ, ਕਦੇ ਲੋਕ ਸਾਜ਼ਾਂ ਦਾ, ਕਦੇ ਸੰਗੀਤਕਾਰਾਂ ਦਾ, ਕਦੇ ਅਮਰੀਕਾ ਦੇ ਰਾਸ਼ਟਰਪਤੀਆਂ ਦਾ, ਕਦੇ ਗੱਲਾਂ-ਬਾਤਾਂ ਦਾ ਤੇ ਕਦੇ ਨੈਣ-ਨਕਸ਼ਾਂ ਦਾ। ਵਿਚੇ ਉਹ 'ਕਰਾਰਾ ਪੂਦਨਾ' ਘੋਟੀ ਜਾਂਦਾ ਹੈ ਤੇ ਸੱਥਾਂ ਦੀ ਖੁੰਢ ਚਰਚਾ ਵਰਗਾ ਹਾਸ ਵਿਅੰਗ ਲਿਖੀ ਜਾਂਦਾ ਹੈ। ਉਸ ਦੇ ਦੱਸਣ ਮੁਜਬ ਉਸ ਦੀ ਪੁਸਤਕ 'ਅਮਰੀਕੀ ਰਾਸ਼ਟਰਪਤੀ: ਉਬਾਮਾ ਤੱਕ' ਅਮਰੀਕਾ ਦੇ ਸਕੂਲਾਂ ਵਿਚ ਪੰਜਾਬੀ ਦੀ ਪਾਠ ਪੁਸਤਕ ਬਣ ਗਈ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਅਸ਼ੋਕ ਭੌਰੇ ਦਾ ਲਿਖਣ ਘੇਰਾ ਜਾਗਰ ਅਮਲੀ ਤੋਂ ਪ੍ਰੈਜ਼ੀਡੈਂਟ ਬਰਾਕ ਉਬਾਮਾ ਤੱਕ ਹੈ।

ਜੇ ਉਹਦੇ ਲਿਖਣ ਉਦੇਸ਼ ਵੱਲ ਨਿਗ੍ਹਾ ਮਾਰੀਏ ਤਾਂ ਮਾਲੂਮ ਹੁੰਦਾ ਹੈ ਕਿ ਉਸ ਦੇ ਮਨ 'ਚ ਲੋਕਾਈ ਦਾ ਦਰਦ ਹੂੰਗੇ ਮਾਰਦਾ ਹੈ। ਉਹ ਇਹ ਦਰਦ ਹਰ ਲੈਣਾ ਚਾਹੁੰਦਾ ਹੈ। ਚਾਹੁੰਦਾ ਹੈ ਕਿ ਪੰਜਾਬੀਆਂ ਦੇ ਸਾਰੇ ਕਸ਼ਟ ਕੱਟੇ ਜਾਣ ਤੇ ਉਹ ਮਾਣਮੱਤਾ ਜੀਵਨ ਜਿਊਂ ਸਕਣ। ਉਹ ਬੁਰਾਈ ਨੂੰ ਭੰਡਦਾ ਤੇ ਚੰਗਿਆਈ ਨੂੰ ਸਲਾਹੁੰਦਾ ਹੈ। ਪੰਜਾਬ ਬਾਰੇ ਉਹਦਾ ਤਬਸਰਾ ਪੜ੍ਹੋ:

-ਪੰਜਾਬ ਜੀਹਨੂੰ ਹੁਣ ਆਪਣਾ ਘੱਟ, ਬਾਦਲ ਜਾਂ ਅਮਰਿੰਦਰ ਦਾ ਕਹਿਣ ਨੂੰ ਵੱਧ ਜੀਅ ਕਰਦੈ; ਉਥੇ ਮਿਲਣ ਵਾਲਾ ਵਧੇਰੇ ਦੁੱਧ ਟੀਕਿਆਂ ਨਾਲ ਚੋਇਆ ਜਾਂਦਾ ਹੈ। ਗੱਲ ਇਥੇ ਮੁੱਕ ਜਾਂਦੀ ਤਾਂ ਸ਼ਾਇਦ ਕੁਝ ਬਚਿਆ ਰਹਿੰਦਾ, ਗੱਲ ਤਾਂ ਬੂਰੇ ਦੇ ਘਰ ਤਕ ਅੱਪੜ ਗਈ ਹੈ। ਜਿਹੜੀਆਂ ਸਬਜ਼ੀਆਂ ਖਾਣ ਨੂੰ ਨਸੀਬ ਹੋ ਰਹੀਆਂ ਨੇ, ਉਨ੍ਹਾਂ ਵਿਚ ਵੀ ਇਸੇ ਐਕਸੀਟੋਸਿਨ ਟੀਕੇ ਦਾ ਜ਼ਹਿਰ ਹੈ। ਬੈਂਗਣਾਂ ਦੇ ਬੂਟੇ ਵਿਚ ਆਥਣੇ ਜਦੋਂ ਜ਼ਿਮੀਂਦਾਰ ਇਹ ਟੀਕਾ ਲਗਾਉਂਦਾ ਹੈ ਤਾਂ ਉਹ ਬੈਂਗਣ ਸਵੇਰ ਨੂੰ ਖਰਬੂਜ਼ਿਆਂ ਜਿੱਡੇ ਹੋ ਜਾਂਦੇ ਹਨ...। ਨਕਲੀ ਜਾਂ ਅਸਲੀ ਸ਼ਰਾਬ ਦੀ ਮਿਕਦਾਰ ਵਧਾਉਣ ਲਈ ਵੀ ਇਸ ਟੀਕੇ ਦੀ ਵਰਤੋਂ ਕੀਤੀ ਜਾਂਦੀ ਹੈ।

-ਜੇ ਸਭਿਆਚਾਰ ਅਤੇ ਵਿਰਾਸਤ ਦੀਆਂ ਦੁਹਾਈਆਂ ਦੇਣ ਵਾਲੇ ਪੰਜਾਬ ਵਿਚੋਂ ਸਮਲਿੰਗੀਆਂ ਦੇ ਵਿਆਹ ਹੋਣ ਦੀਆਂ ਖ਼ਬਰਾਂ ਆ ਰਹੀਆਂ ਹਨ; ਜੇ ਨਿਆਣੀ ਉਮਰੇ ਬਾਲੜੀਆਂ ਦੇ ਕੁਰਾਹੇ ਪੈਣ ਦੀ ਗੱਲ ਹੋ ਰਹੀ ਹੈ; ਜੇ ਖੇਡਣ ਮੱਲ੍ਹਣ ਦੀ ਉਮਰੇ ਬੱਚੀ, ਬੱਚੇ ਪੈਦਾ ਕਰਨ ਲੱਗ ਪਈ ਹੈ ਜਾਂ ਪੰਜਾਬ ਵਿਚ ਮੁੰਡਿਆਂ ਨਾਲੋਂ ਕੁੜੀਆਂ ਜੰਮਣ ਦੀ ਦਰ ਵੱਧ ਹੈ ਅਤੇ ਗੱਭਰੂਆਂ ਦੇ ਚਿਹਰੇ ਝੁਲਸੇ ਹੋਏ ਹਨ ਜਾਂ ਨਿੱਕੀ ਉਮਰੇ ਬੱਚੀਆਂ ਮੁਟਿਆਰਾਂ ਹੋ ਰਹੀਆਂ ਹਨ ਤਾਂ ਯਕੀਨ ਕਰ ਲਵੋ ਕਿ ਇਹ ਸਾਰੇ ਪੁਆੜੇ ਇਸ ਟੀਕੇ ਦੇ ਹੀ ਹਨ।

ਉਹ ਰਹਿੰਦਾ ਭਾਵੇਂ ਅਮਰੀਕਾ ਵਿਚ ਹੈ ਪਰ ਫਿਕਰ ਪੰਜਾਬ ਦਾ ਹੀ ਕਰਦੈ।

---


ਭੌਰੇ ਦਾ ਪਿਛੋਕੜ ਨਾ ਪੜ੍ਹੇ ਲਿਖਿਆਂ ਵਾਲਾ ਸੀ ਤੇ ਨਾ ਕਿਸੇ ਹੋਰ ਤਰ੍ਹਾਂ ਦੀ ਕਲਾਕਾਰੀ ਵਾਲਾ। ਉਹ 25 ਅਪਰੈਲ 1963 ਨੂੰ ਰਾਮ ਦਿੱਤੇ ਦੇ ਘਰ ਮਾਤਾ ਪ੍ਰਕਾਸ਼ ਕੌਰ ਦੀ ਕੁੱਖੋਂ ਪਿੰਡ ਭੌਰੇ ਵਿਚ ਜੰਮਿਆ। ਉਹ ਸਾਧਾਰਨ ਪਰਿਵਾਰ ਦਾ ਸਾਧਾਰਨ ਬਾਲਕ ਸੀ ਜੋ ਆਪਣੀ ਹਿੰਮਤ ਤੇ ਮਿਹਨਤ ਨਾਲ ਬੱਤੀ ਮੁਲਕ ਘੁੰਮਿਆ ਅਤੇ ਥਾਂ ਥਾਂ ਭੌਰਾ ਭੌਰਾ ਕਰਵਾਈ। ਉਹ ਵੱਡੇ ਕਲਾਕਾਰਾਂ, ਗਾਇਕਾਂ, ਗੀਤਕਾਰਾਂ, ਸਿਆਸੀ ਨੇਤਾਵਾਂ, ਅਫਸਰਾਂ ਤੇ ਅਖਬਾਰਾਂ/ਰਸਾਲਿਆਂ ਦੇ ਐਡੀਟਰਾਂ ਅਤੇ ਰੇਡੀਓ/ਟੀ.ਵੀ. ਵਾਲਿਆਂ ਦੇ ਨਾ ਸਿਰਫ ਸੰਪਰਕ ਵਿਚ ਰਿਹਾ ਬਲਕਿ ਯਾਰ ਜੁੱਟ ਵੀ ਰਿਹਾ। ਉਨ੍ਹਾਂ ਨਾਲ ਖਾਂਦਾ-ਪੀਂਦਾ ਵੀ ਰਿਹਾ ਪਰ ਉਨ੍ਹਾਂ ਦੀ ਨੇੜਤਾ ਨੂੰ ਨਿੱਜੀ ਮੁਫਾਦ ਲਈ ਕਦੇ ਨਹੀਂ ਵਰਤਿਆ। ਉਹ ਘੁੰਮਦਾ ਘੁੰਮਾਉਂਦਾ ਅਮਰੀਕਾ ਤਾਂ ਪੁੱਜ ਗਿਆ ਤੇ ਪਰਿਵਾਰ ਵੀ ਸੱਦ ਲਿਆ ਪਰ ਹੈ ਉਹਦਾ ਡਾਂਗ 'ਤੇ ਡੇਰਾ। ਉਹਦੀਆਂ ਕਿਤਾਬਾਂ ਉਹਦੇ ਸੱਜਣਾਂ-ਮਿੱਤਰਾਂ ਦੇ ਸਹਿਯੋਗ ਨਾਲ ਛਪਦੀਆਂ ਤੇ ਦੇਸ਼-ਬਦੇਸ਼ ਪੁੱਜਦੀਆਂ। ਇਹ ਕਿਤਾਬ ਵੀ ਇਸੇ ਤਰ੍ਹਾਂ ਹੱਥੋਹੱਥ ਥਾਓਂ ਥਾਂ ਪੁੱਜਣੀ ਹੈ।

ਮੈਂ ਉਸ ਦੀ ਨਵੀਂ ਪੁਸਤਕ ਨੂੰ ਜੀ ਆਇਆਂ ਕਹਿੰਦਿਆਂ ਆਪਣੇ ਛੋਟੇ ਵੀਰ ਨੂੰ ਵਧਾਈ ਦਿੰਦਾ ਹਾਂ। ਨਾਲ ਇਹ ਵੀ ਕਹਿੰਦਾ ਹਾਂ ਕਿ ਆਪਣੀ ਸਿਹਤ ਦਾ ਖਿਆਲ ਰੱਖੇ ਤੇ ਲਿਖਣ ਦਾ ਕਾਰਜ ਵੀ ਜਾਰੀ ਰੱਖੇ। ਗੁਰਦਾਸ ਮਾਨ ਦਾ ਗੀਤ ਜ਼ਰੂਰ ਯਾਦ ਰੱਖੇ-ਬਾਕੀ ਦੇ ਕੰਮ ਛੱਡੋ ਪਹਿਲਾਂ ਸਿਹਤ ਜ਼ਰੂਰੀ ਐ। ਸਿਫਤਾਂ ਤਾਂ ਉਹਦੀਆਂ ਹੋਰ ਵੀ ਕਈ ਕਰਨ ਵਾਲੀਆਂ ਰਹਿ ਗਈਆਂ ਪਰ ਹੁਣ ਇਥੇ ਹੀ ਬੱਸ ਕਰਦਾਂ। ਹੋਰ ਨਾ ਕਿਤੇ ਨਜ਼ਰ ਈ ਲੱਗ'ਜੇ!

# ਮੁੰਬਈ ਦੀ ਮਜ਼ਦੂਰ ਲਹਿਰ ਦਾ ਦਸਤਾਵੇਜ਼

## ਆਘਾਤ







ਫਿਲਮ 'ਆਘਾਤ' ਦੀ ਸ਼ੂਟਿੰਗ ਦੌਰਾਨ ਫਿਲਮਸਾਜ਼ ਗੋਬਿੰਦ ਨਿਹਲਾਨੀ ਅਤੇ (ਸੱਜੇ) ਫਿਲਮ ਦਾ ਪੋਸਟਰ।

ਸੰਨ 1985 ਵਿਚ ਪਰਦਾ ਪੇਸ਼ ਹੋਈ ਫਿਲਮ 'ਆਘਾਤ' ਦੇ ਹਦਾਇਤਕਾਰ ਗੋਵਿੰਦ ਨਿਹਲਾਨੀ ਹਨ। ਫਿਲਮ ਮਰਾਠੀ ਨਾਟਕਕਾਰ ਵਿਜੇ ਤੇਂਦੁਲਕਰ ਨੇ ਲਿਖੀ ਸੀ ਅਤੇ ਇਹ ਫ਼ਿਲਮ ਸੱਠਵਿਆਂ ਅਤੇ ਸੱਤਰਵਿਆਂ ਵਿਚ ਮੁੰਬਈ ਦੀ ਸਰਗਰਮ ਮਜ਼ਦੂਰ ਲਹਿਰ ਬਾਬਤ ਹੈ। ਮੁੰਬਈ ਵਿਚ ਮਜ਼ਦੂਰਾਂ ਦੀ ਤਕੜੀ ਲਹਿਰ ਰਹੀ ਹੈ। ਮਜ਼ਦੂਰਾਂ ਵਿਚ ਕਮਿਊਨਿਸਟ ਧਿਰਾਂ ਦਾ ਜ਼ਿਕਰਯੋਗ ਅਸਰ ਸੀ।

ਉਨ੍ਹਾਂ ਹੀ ਸਮਿਆਂ ਵਿਚ ਬਾਲ ਠਾਕਰੇ ਆਪਣਾ ਅਸਰ ਜਮਾਉਣ ਦਾ ਹੀਲਾ ਕਰ ਰਿਹਾ ਸੀ। ਉਹਦੀ ਆਮਦ ਨੇ ਮਜ਼ਦੂਰ ਲਹਿਰ ਦੋਫਾੜ ਕਰ ਦਿੱਤੀ। ਫਿਲਮ ਸਿੱਧੇ-ਅਸਿੱਧੇ ਤਰੀਕੇ ਨਾਲ ਇਸੇ ਰੁਝਾਨ ਨੂੰ ਪਰਦਾ ਪੇਸ਼ ਕਰਦੀ ਹੈ। 'ਪ੍ਰੋਲੇਤਾਰੀ' ਉਦੋਂ 'ਮਰਾਠੀ ਮਾਨੁਸ' ਬਣਨ ਦੇ ਰਾਹ ਤੁਰ ਗਿਆ। ਬਾਲ ਠਾਕਰੇ ਨੇ 10 ਸਤੰਬਰ 1967 ਨੂੰ ਆਪਣੇ ਪਰਚੇ 'ਮਾਰਮਿਕ' ਵਿਚ 'ਕਮਿਊਨਿਸਟਾਂ ਦੀ ਅਸਲੀ ਤਾਕਤ' ਤੋੜਨ ਦਾ ਐਲਾਨ ਕੀਤਾ ਸੀ। ਉਹਨੇ ਕਮਿਊਨਿਸਟਾਂ ਦੇ ਗੜ੍ਹ ਵਿਚ ਉਨ੍ਹਾਂ ਦੇ ਆਗੂਆਂ ਨੂੰ ਨਿਸ਼ਾਨਾ ਬਣਾਇਆ। 5 ਜੂਨ 1970 ਵਿਚ ਕਮਿਊਨਿਸਟ ਪਾਰਟੀ ਦੇ ਖਾੜਕੂ ਆਗੂ ਕ੍ਰਿਸ਼ਨਾ ਦੇਸਾਈ ਦਾ ਕਤਲ ਕੀਤਾ ਗਿਆ। ਕਾਤਲਾਂ ਵਿਚ ਬਾਲ ਠਾਕਰੇ ਦਾ ਨਾਮ ਆਉਂਦਾ ਹੈ। ਦੇਸਾਈ ਮਜ਼ਦੂਰਾਂ ਦਾ ਹਰਮਨ ਪਿਆਰਾ ਅਤੇ ਖਾੜਕੂ ਆਗੂ



ਜਤਿੰਦਰ ਮੌਹਰ
ਫੋਨ: 91-97799-34747

ਸੀ। ਸੰਨ 2012 ਵਿਚ ਬਾਲ ਠਾਕਰੇ ਨੂੰ ਮਰਨ ਤੋਂ ਬਾਅਦ ਸ਼ਿਵਾਜੀ ਪਾਰਕ ਵਿਚ ਦਫਨਾਇਆ ਗਿਆ। ਇਸੇ ਜਗ੍ਹਾ ਜੂਨ 1970 ਵਿਚ ਪੱਚੀ ਹਜ਼ਾਰ ਮਜ਼ਦੂਰਾਂ ਨੇ ਇਕੱਠੇ ਹੋ ਕੇ ਦੇਸਾਈ ਦੇ ਸ਼ਰਧਾਂਜਲੀ ਸਮਾਗਮ ਦੌਰਾਨ ਬਾਲ ਠਾਕਰੇ ਤੋਂ ਬਦਲਾ ਲੈਣ ਦੀਆਂ ਸਹੁੰਆਂ ਚੁੱਕੀਆਂ ਸਨ। ਕਮਿਊਨਿਸਟ ਪਾਰਟੀ ਦੀ ਨੀਤੀ ਨੇ ਮਜ਼ਦੂਰਾਂ ਨੂੰ ਇਹ ਕੰਮ ਕਰਨ ਤੋਂ ਰੋਕ ਦਿੱਤਾ। ਪਾਰਟੀ ਦਾ ਭਰੋਸਾ 'ਕਾਨੂੰਨ ਦੇ ਰਾਜ' ਉਤੇ ਸੀ। ਉਸ ਦਿਨ ਤੋਂ ਬਾਅਦ ਬਾਲ ਠਾਕਰੇ ਦਾ ਹੌਸਲਾ ਹੋਰ ਬੁਲੰਦ ਹੁੰਦਾ ਗਿਆ ਅਤੇ ਉਹਨੇ ਕਮਿਊਨਿਸਟਾਂ ਦਾ ਗੜ੍ਹ ਤੋੜ ਦਿੱਤਾ। ਠਾਕਰੇ ਨੂੰ ਪਤਾ ਲੱਗ ਚੁੱਕਾ ਸੀ ਕਿ ਕਮਿਊਨਿਸਟ ਆਪਣੇ ਆਗੂਆਂ ਨੂੰ ਬਚਾਉਣ ਲਈ ਕਾਨੂੰਨ ਦੇ ਘੇਰੇ ਤੋਂ ਬਾਹਰ ਨਹੀਂ ਜਾਣਗੇ। ਬਾਕੀ ਕਹਾਣੀ ਸਾਰਾ ਜੱਗ ਜਾਣਦਾ ਹੈ (ਪ੍ਰੋ. ਸਰੋਜ ਗਿਰੀ ਨੇ ਇਸ ਬਾਰੇ ਪੂਰੀ ਤਫਸੀਲ ਆਪਣੇ ਲੇਖ 'ਬਾਲ ਠਾਕਰੇ: ਵ੍ਹਾਏ ਦਿ ਕਮਿਊਨਿਸਟਸ ਡਿਡ ਨਥਿੰਗ' ਵਿਚ ਬਿਆਨ ਕੀਤੀ ਹੈ)। ਰਾਜਤੰਤਰ, ਬਾਲ ਠਾਕਰੇ ਅਤੇ ਸਰਮਾਏਦਾਰਾਂ ਦੀ ਜੋਟੀ ਨੇ ਮਜ਼ਦੂਰਾਂ ਦੇ ਜੁੱਟ ਨੂੰ ਖੇਰੂੰ-ਖੇਰੂੰ ਕਰ ਦਿੱਤਾ। ਮਜ਼ਦੂਰਾਂ ਦੀ ਤਾਕਤ ਨੂੰ 'ਮਰਾਠੀ ਮਾਨੁਸ' ਦੇ ਨਾਮ ਉਤੇ ਮੁਸਲਮਾਨਾਂ ਵਿਰੁਧ ਭੁਗਤਾਇਆ ਗਿਆ। ਇਸ ਤਰ੍ਹਾਂ ਇੱਕ ਤੀਰ ਨਾਲ ਦੋ ਨਿਸ਼ਾਨੇ ਮਾਰੇ ਗਏ।

ਫਿਲਮ 'ਆਘਾਤ' ਦੀ ਕਹਾਣੀ ਮੁਤਾਬਕ ਮੁੰਬਈ ਦੇ ਇੱਕ ਕਾਰਖਾਨੇ ਵਿਚ ਮਜ਼ਦੂਰਾਂ ਦੀ ਮਜ਼ਬੂਤ ਧਿਰ ਹੈ ਜਿਹਦੀ ਅਗਵਾਈ ਮਾਧਵ ਵਰਮਾ

> ***ਫਿਲਮ 'ਆਘਾਤ' ਮਜ਼ਦੂਰ ਲਹਿਰ ਨੂੰ ਦਰਪੇਸ਼ ਮੁਸ਼ਕਿਲਾਂ ਪੇਸ਼ ਕਰਦੀ ਹੈ। ਇਸ ਵਿਚ ਮਜ਼ਦੂਰਾਂ ਦੀ ਭਿਆਨਕ ਹਾਲਤ, ਛੋਟੇ-ਛੋਟੇ ਲਾਲਚ, ਲਾਚਾਰੀ ਦੇ ਨਾਲ, ਇਨ੍ਹਾਂ ਦੀ ਅੰਤ ਤੱਕ ਜੂਝਣ ਦੀ ਅਸਲ ਤਾਕਤ ਦਿਖਾਈ ਗਈ ਹੈ।***

(ਓਮ ਪੁਰੀ) ਅਤੇ ਉਨ੍ਹਾਂ ਦੇ ਸਾਥੀ ਕਰਦੇ ਹਨ। ਉਨ੍ਹਾਂ ਦੇ ਮੁਕਾਬਲੇ ਰੁਸਤਮ ਪਟੇਲ (ਨਸੀਰੂਦੀਨ ਸ਼ਾਹ) ਨਾਮ ਦਾ ਗੁੰਡਾ ਨਵੀਂ ਯੂਨੀਅਨ ਜਮਾਉਣ ਦੇ ਚੱਕਰ ਵਿਚ ਹੈ। ਉਹਦੀਆਂ ਭੰਨ-ਤੋੜ ਦੀਆਂ ਕਾਰਵਾਈਆਂ, ਬੋਨਸ ਅਤੇ ਤਨਖਾਹਾਂ ਦੇ ਲਾਰੇ ਮਜ਼ਦੂਰਾਂ ਨੂੰ ਖ਼ੌਫ਼ਜ਼ਦਾ ਕਰਨ ਦੇ ਨਾਲ-ਨਾਲ ਆਪਣੇ ਵੱਲ ਖਿੱਚਦੇ ਵੀ ਹਨ। ਛੇਤੀ ਹੀ ਉਹ ਆਪਣੀ ਪੈਂਠ ਬਣਾਉਣ ਵਿਚ ਕਾਮਯਾਬ ਹੋ ਜਾਂਦਾ ਹੈ। ਮਾਧਵ ਵਰਮਾ ਦੀ ਯੂਨੀਅਨ ਉਹਦਾ ਮੁਕਾਬਲਾ ਉਹਦੇ ਤਰੀਕੇ ਨਾਲ ਕਰਨ ਵਿਚ ਅਸਮਰੱਥ ਹੋ ਰਹੀ ਹੈ।

ਫਿਲਮ ਮਜ਼ਦੂਰ ਲਹਿਰ ਨੂੰ ਦਰਪੇਸ਼ ਮੁਸ਼ਕਿਲਾਂ ਪੇਸ਼ ਕਰਦੀ ਹੈ। ਇਸ ਵਿਚ ਮਜ਼ਦੂਰਾਂ ਦੀ ਭਿਆਨਕ ਹਾਲਤ, ਛੋਟੇ-ਛੋਟੇ ਲਾਲਚ, ਲਾਚਾਰੀ ਦੇ ਨਾਲ ਨਾਲ ਇਨ੍ਹਾਂ ਦੀ ਅੰਤ ਤੱਕ ਜੂਝਣ ਦੀ ਅਸਲ ਤਾਕਤ ਦਿਖਾਈ ਗਈ ਹੈ।

ਲੋਕ ਪੱਖੀ ਧਿਰਾਂ ਅਤੇ ਰੁਸਤਮ ਪਟੇਲ ਵਰਗਿਆਂ ਵਿਚ ਫਸੇ ਮਜ਼ਦੂਰ ਫ਼ੈਸਲਾ ਨਹੀਂ ਕਰ ਪਾਉਂਦੇ ਅਤੇ ਆਪਸੀ ਲੜਾਈ ਵਿਚ ਉਲਝ ਜਾਂਦੇ ਹਨ। ਮਾਧਵ ਵਰਮਾ ਇਸ ਲੜਾਈ ਨੂੰ ਸਹਿ ਨਹੀਂ ਪਾ ਰਿਹਾ। ਉਹ ਇਸ ਲੜਾਈ ਨੂੰ ਅਨੈਤਿਕ ਮੰਨਦਾ ਹੈ। ਉਹਨੂੰ ਸਮਝ ਨਹੀਂ ਆ ਰਿਹਾ ਕਿ ਇਸ ਖ਼ਤਰਨਾਕ ਜੰਗ ਨਾਲ ਕਿਵੇਂ ਨਜਿੱਠਿਆ ਜਾਵੇ। ਫਿਲਮ ਦੇ ਅੰਤ ਵਿਚ ਮਾਧਵ ਵਰਮਾ (ਓਮ ਪੁਰੀ) ਅਤੇ ਮਾਰਕਸਵਾਦੀ ਚਿੰਤਕ ਬਣੇ ਚੱਕਰ ਦੇਵ (ਅਮਰੀਸ਼ ਪੁਰੀ) ਦਾ ਸੰਵਾਦ ਫ਼ਿਲਮ ਨੂੰ ਸਿਖ਼ਰ ਉਤੇ ਲਿਜਾਂਦੇ ਹਨ। ਮਾਧਵ ਵਰਮਾ ਦੀ ਦੋਚਿੱਤੀ ਨੂੰ ਚੱਕਰ ਦੇਵ ਇਨ੍ਹਾਂ ਸ਼ਬਦਾਂ ਨਾਲ ਦੂਰ ਕਰਦਾ ਹੈ, "ਜੋ ਲੋਕ ਬਿਹਤਰ ਮਨੁੱਖੀ ਸਮਾਜ ਸਿਰਜਣ ਦੀ ਗੱਲ ਕਰਦੇ ਹਨ ਅਤੇ ਹਰ ਹੀਲੇ ਆਖ਼ਰੀ ਜਿੱਤ ਵਿਚ ਯਕੀਨ ਰੱਖਦੇ ਹਨ, ਉਨ੍ਹਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਸਾਰੇ ਸਵਾਲਾਂ ਦੇ ਜਵਾਬ ਸਿਧਾਂਤਾਂ ਵਿਚ ਨਹੀਂ ਮਿਲਦੇ। ਕੁਝ ਸਵਾਲ ਇਹੋ ਜਿਹੇ ਹੁੰਦੇ ਹਨ ਜਿਨ੍ਹਾਂ ਦੇ ਜਵਾਬ ਇਤਿਹਾਸ ਦਿੰਦਾ ਹੈ ਅਤੇ ਉਹਦੇ ਲਈ ਉਡੀਕ ਕਰਨੀ ਪੈਂਦੀ ਹੈ। ਇਤਿਹਾਸ ਵਿਚ ਸਮੇਂ ਦਾ ਬੰਧਨ ਨਹੀਂ ਹੁੰਦਾ। ਜਿਨ੍ਹਾਂ ਲੋਕਾਂ ਲਈ ਫ਼ੌਰੀ ਚੋਣ ਕਰਨ ਦਾ ਮਸਲਾ ਹੈ, ਉਨ੍ਹਾਂ ਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਉਨ੍ਹਾਂ ਅੱਗੇ ਦੋ ਰਸਤੇ ਹਨ। ਪਹਿਲਾ, ਘੋਲਾਂ ਦੀ ਘੁੰਮਣਘੇਰੀ ਅਤੇ ਦੂਜਾ ਇਤਿਹਾਸ ਦੇ ਕੂੜੇ ਦਾ ਢੇਰ ... ਚੁਣੋ ...।" ਤੁਰੇ ਜਾ ਰਹੇ ਮਾਧਵ ਦੇ ਬੋਲ ਪਿਛੋਕੜ ਵਿਚ ਗੂੰਜਦੇ ਹਨ। ਫਿਲਮ ਉਹਦੇ ਇਨ੍ਹਾਂ ਬੋਲਾਂ ਨਾਲ ਖਤਮ ਹੁੰਦੀ ਹੈ, "ਘੋਲਾਂ ਦੀ ਘੁੰਮਣਘੇਰੀ ਅਤੇ ਇਤਿਹਾਸ ਦੇ ਕੂੜੇ ਦਾ ਢੇਰ ... ਮਤਲਬ ਸੂਰਜ ਨੂੰ ਉਗਾਉਣ ਲਈ ਹਨੇਰੇ ਵਿਚ ਲੜਦਾ ਰਹਾਂ, ਜਾਂ ਮੈਦਾਨ ਛੱਡ ਕੇ ਭੱਜ ਜਾਵਾਂ ਕਿ ਹਨੇਰਾ ਹੈ! ਕੀਹਨੂੰ ਪਤਾ ਕਿ ਸਾਹਮਣੇ ਵਾਲਾ ਵੈਰੀ ਹੈ, ਜਾਂ ਆਪਣਾ ਹੀ ਭਾਈ? ਪਰ ਘੋਲ ਤੋਂ ਪਿੱਛੇ ਹਟਣਾ ਇਨਕਲਾਬੀ ਦਾ ਧਰਮ ਨਹੀਂ ਹੁੰਦਾ। ਸਾਨੂੰ ਮੰਨਣੀ ਹੀ ਪਵੇਗੀ ਇਤਿਹਾਸ ਦੀਆਂ ਡੂੰਘਾਈਆਂ ਵਿਚੋਂ ਉਠ ਰਹੀ ਪੀੜਤ ਮਨੁੱਖਤਾ ਦੀ ਹੂਕ। ਅੱਗੇ ਵਧੋ ਸਾਥੀਓ... ਸੂਰਜ ਦੇ ਵਸ ਨਹੀਂ ਕਿ ਉਹ ਇਕੱਲਾ ਉਗ ਸਕੇ... ਗੋਡੇ ਜਮਾ ਕੇ, ਛਾਤੀਆਂ ਡਾਹ ਕੇ ਉਹਦੇ ਰੱਥ ਨੂੰ ਚਿੱਕੜ ਵਿਚੋਂ ਉਭਾਰੋ। ਦੇਖੋ... ਅਸੀਂ ਸਾਰੇ ਉਹਨੂੰ ਸਹਾਰਾ ਦੇ ਰਹੇ ਹਾਂ, ਕਿਉਂਕਿ ਅਸੀਂ ਸਾਰੇ ਉਸ ਸੂਰਜ ਦੇ ਅੰਸ਼ ਹਾਂ... ਅਸੀਂ ਸਾਰੇ ਉਸ ਸੂਰਜ ਦੇ ਅੰਸ਼ ਹਾਂ।"

ਇਹ ਘੋਲ ਉਸ ਸੂਰਜ ਨੂੰ ਉਗਾਉਣ ਦਾ ਹੈ ਜੋ ਕਾਮਿਆਂ ਦੇ ਘਰ ਵਿਚ ਸੱਚੀ ਮੁਕਤੀ ਦੀ ਰੌਸ਼ਨੀ ਲੈ ਕੇ ਆਵੇਗਾ। ਇਹ ਸੂਰਜ ਸਰਬੱਤ ਦੇ ਭਲੇ ਦਾ ਸੂਰਜ ਹੈ। ਇਹ ਸੂਰਜ ਬਰਾਬਰੀ ਅਤੇ ਸਾਂਝੀਵਾਲਤਾ ਦਾ ਸੂਰਜ ਹੈ। ਇਹ ਮਨੁੱਖਤਾ ਦੀ ਖੁਸ਼ਹਾਲੀ ਲਈ ਜਿੰਦੜੀਆਂ ਲਾ ਗਏ ਸੂਰਿਆਂ ਦੇ ਸੁਪਨਿਆਂ ਦਾ ਸੂਰਜ ਹੈ। ਇਹ ਫਿਲਮ ਲੋਕ ਪੱਖੀ ਧਿਰਾਂ ਦੀ ਮੌਜੂਦਾ ਕਮਜ਼ੋਰ ਹਾਲਤ, ਨਵ-ਉਦਾਰਵਾਦ ਅਤੇ ਫ਼ਾਸ਼ੀਵਾਦ ਦੀ ਚੜ੍ਹਤ ਦੇ ਦੌਰ ਵਿਚ ਕਈ ਅਹਿਮ ਸਵਾਲਾਂ ਦੇ ਰੂ-ਬ-ਰੂ ਕਰਵਾਉਂਦੀ ਹੈ।

# ਮਿਲਖੇ ਤੋਂ ਬਾਅਦ ਹੁਣ ਮੇਰੀ ਦੀ ਵਾਰੀ





ਫਿਲਮ 'ਮੇਰੀ ਕੋਮ' ਦੀ ਨਾਇਕਾ ਪ੍ਰਿਯੰਕਾ ਚੋਪੜਾ ਅਤੇ (ਸੱਜੇ) ਫਿਲਮ ਦੀ ਅਸਲ ਨਾਇਕਾ ਮੇਰੀ ਕੋਮ ਜਿਸ ਦੇ ਜੀਵਨ ਉਤੇ ਇਹ ਫਿਲਮ ਬਣਾਈ ਗਈ ਹੈ।

ਹੁਣੇ-ਹੁਣੇ ਰਿਲੀਜ਼ ਹੋਈ ਫਿਲਮ 'ਮੇਰੀ ਕੋਮ' ਵਿਚ ਅਦਾਕਾਰਾ ਪ੍ਰਿਯੰਕਾ ਚੋਪੜਾ ਨੇ ਪੂਰਾ ਰੰਗ ਬੰਨ੍ਹਿਆ ਹੈ। ਉਡਣੇ ਸਿੱਖ ਮਿਲਖਾ ਸਿੰਘ ਦੇ ਜੀਵਨ ਉਤੇ ਆਧਾਰਤ ਫਿਲਮ 'ਭਾਗ ਮਿਲਖਾ ਭਾਗ' ਤੋਂ ਬਾਅਦ ਭਾਰਤ ਦੀ ਮਸ਼ਹੂਰ ਮੁੱਕੇਬਾਜ਼ ਉਲੰਪੀਅਨ ਮੇਰੀ ਕੋਮ ਦੇ ਜੀਵਨ ਬਾਰੇ ਬਣਾਈ ਇਸ ਫਿਲਮ 'ਮੇਰੀ ਕੋਮ' ਨੇ ਧੁੰਮਾਂ ਪਾ ਦਿੱਤੀਆਂ ਹਨ। ਫਿਲਮ ਵਿਚ ਮੇਰੀ ਕੋਮ ਦੇ ਕਿਰਦਾਰ ਵਿਚ ਪ੍ਰਿਯੰਕਾ ਨੇ ਵੀ ਧੰਨ-ਧੰਨ ਕਰਵਾ ਦਿੱਤੀ ਹੈ। ਮੇਰੀ ਕੋਮ ਮਨੀਪੁਰ ਦੀ ਉਹ ਮੁਟਿਆਰ ਹੈ ਜਿਸ ਨੇ ਪੰਜ ਵਾਰ ਸੰਸਾਰ ਐਮੇਚਿਓਰ ਮੁੱਕੇਬਾਜ਼ੀ ਚੈਂਪੀਅਨ ਜਿੱਤੀ ਅਤੇ ਪਹਿਲੀ ਅਜਿਹੀ ਮੁਟਿਆਰ ਬਣੀ ਜਿਸ ਨੇ ਛੇ ਚੈਂਪੀਅਨਸ਼ਿਪਾਂ ਵਿਚ ਤਮਗੇ ਹਾਸਲ ਕੀਤੇ। 2012 ਵਿਚ ਹੋਈਆਂ ਉਲੰਪਿਕ ਖੇਡਾਂ ਵਿਚ ਉਸ ਨੇ 51 ਕਿਲੋ ਭਾਰ ਵਰਗ ਵਿਚ ਕਾਂਸੀ ਦਾ ਤਮਗ਼ਾ ਜਿੱਤਿਆ ਸੀ। ਪਿਛਲੇ ਸਾਲ ਹੀ ਉਸ ਦੀ ਸਵੈ-ਜੀਵਨੀ 'ਅਨਬ੍ਰੇਕਬਲ' ਵਿਚ ਉਸ ਨੇ ਆਪਣੀ ਜ਼ਿੰਦਗੀ ਅਤੇ ਖੇਡਾਂ ਨਾਲ ਜੁੜੀਆਂ ਯਾਦਾਂ ਅਤੇ ਆਪਣੇ ਜੀਵਨ ਦਾ ਸੰਘਰਸ਼ ਬਿਆਨ ਕੀਤਾ ਹੈ।

ਫਿਲਮ ਦੇ ਨਿਰਦੇਸ਼ਕ ਉਮੰਗ ਕੁਮਾਰ ਹਨ ਅਤੇ ਇਸ ਵਿਚ ਪ੍ਰਿਯੰਕਾ ਚੋਪੜਾ ਤੋਂ ਇਲਾਵਾ ਦਰਸ਼ਨ ਕੁਮਾਰ, ਸੁਨੀਲ ਥਾਪਾ, ਰਜਨੀ ਬਸੂਮੈਤਰੀ ਅਤੇ ਸ਼ਿਸ਼ਿਰ ਸ਼ਰਮਾ ਨੇ ਅਹਿਮ ਕਿਰਦਾਰ ਨਿਭਾਏ ਹਨ। ਇਹ ਫਿਲਮ ਪ੍ਰਸਿੱਧ ਫਿਲਮਸਾਜ਼ ਸੰਜੇ ਲੀਲਾ ਭੰਸਾਲੀ ਦੀ ਕੰਪਨੀ ਨੇ ਬਣਾਈ ਹੈ। ਇਸ ਫਿਲਮ ਨਾਲ ਕਈ ਖੂਬਸੂਰਤ ਯਾਦਾਂ ਵੀ ਜੁੜੀਆਂ ਹੋਈਆਂ ਹਨ। ਇਸ ਫਿਲਮ ਦੌਰਾਨ ਪ੍ਰਿਯੰਕਾ ਦੀ ਗੱਲ੍ਹ 'ਤੇ ਸੱਟ ਲੱਗ ਗਈ ਸੀ ਅਤੇ ਫ਼ਿਲਮਸਾਜ਼ ਨੇ ਇਹ ਸੱਟ ਫ਼ਿਲਮ ਵਿਚ ਜਿਉਂ ਦੀ ਤਿਉਂ ਬਰਕਰਾਰ ਰੱਖੀ ਹੈ। ਉਸ ਨੇ ਤਾਂ ਸਗੋਂ ਇਸ ਅਸਲੀ ਸੱਟ ਨੂੰ ਉਭਾਰਨ ਲਈ ਮੇਕਅਪ ਦਾ ਵੀ ਸਹਾਰਾ ਲਿਆ। ਪ੍ਰਿਯੰਕਾ ਨੇ ਇਸ ਫਿਲਮ ਲਈ ਮਿਹਨਤ ਵੀ ਬਹੁਤ ਕੀਤੀ ਹੈ ਅਤੇ ਉਸ ਨੂੰ ਇਸ ਦਾ ਬਾਕਾਇਦਾ ਇਨਾਮ ਵੀ ਮਿਲਿਆ ਹੈ। ਤਕਰੀਬਨ ਹਰ ਫਿਲਮ ਆਲੋਚਕ ਨੇ ਇਸ ਫਿਲਮ ਵਿਚ ਉਸ ਦੀ ਆਦਾਕਾਰੀ ਦੀ ਪ੍ਰਸ਼ੰਸਾ ਕੀਤੀ ਹੈ। ਉਪਰੋਂ ਬਾਕਸ ਆਫਿਸ 'ਤੇ ਵੀ 'ਮੇਰੀ ਕੋਮ' ਨੂੰ ਖਾਲੀ ਮੈਦਾਨ ਮਿਲ ਗਿਆ। ਰਾਣੀ ਮੁਖਰਜੀ ਦੀ ਫਿਲਮ 'ਮਰਦਾਨੀ' ਚੱਲ ਚੁੱਕੀ ਹੈ ਅਤੇ 'ਰਾਜਾ ਨਟਵਰ ਲਾਲ' ਫਿਲਮ ਨੂੰ ਬਹੁਤਾ ਹੁੰਗਾਰਾ ਨਹੀਂ ਮਿਲਿਆ। ਇਸ ਲਈ ਬਾਕਸ ਆਫ਼ਿਸ ਉਤੇ ਫਿਲਮ 'ਮੇਰੀ ਕੋਮ' ਦਾ ਕੋਈ ਮੁਕਾਬਲਾ ਨਹੀਂ ਅਤੇ ਇਸ ਫਿਲਮ ਨੇ ਚੋਖੀ ਕਮਾਈ ਕੀਤੀ ਹੈ। ਇਸ ਫਿਲਮ ਦੀ ਅਸਲੀ ਨਾਇਕਾ ਮੇਰੀ ਕੋਮ ਦੀ ਜ਼ਿੰਦਗੀ ਦਾ ਇਕ ਪਹਿਲੂ ਪੰਜਾਬ ਨਾਲ ਵੀ ਜੁੜਿਆ ਹੋਇਆ ਹੈ। ਉਹ ਆਪਣੇ ਪਤੀ ਕੇ. ਓਨਲਰ ਕੋਮ ਨੂੰ 2001 ਵਿਚ ਨਵੀਂ ਦਿੱਲੀ ਵਿਖੇ ਉਸ ਵਕਤ ਮਿਲੀ ਸੀ ਜਦੋਂ ਉਹ ਪੰਜਾਬ ਵਿਚ ਕੌਮੀ ਖੇਡਾਂ ਵਿਚ ਸ਼ਿਰਕਤ ਕਰਨ ਲਈ ਦਿੱਲੀ ਰੁਕੀ ਸੀ। ਉਸ ਵੇਲੇ ਓਨਲਰ ਦਿੱਲੀ ਯੂਨੀਵਰਸਿਟੀ ਵਿਚ ਪੜ੍ਹਦਾ ਸੀ। ਫਿਰ ਚਾਰ ਸਾਲ ਦੇ ਪਿਆਰ ਸਬੰਧਾਂ ਤੋਂ ਬਾਅਦ 2005 ਵਿਚ ਉਨ੍ਹਾਂ ਵਿਆਹ ਕਰਵਾ ਲਿਆ। ਅੱਜ ਕੱਲ੍ਹ ਇਸ ਜੋੜੀ ਦੇ ਦੋ ਬੱਚੇ ਹਨ। ਇਹ ਫਿਲਮ ਅੰਗਰੇਜ਼ੀ ਵਿਚ ਵੀ ਡੱਬ ਕੀਤੀ ਗਈ। ਇਸ ਤੋਂ ਪਹਿਲਾਂ ਇਹ ਫਿਲਮ ਟੋਰਾਂਟੋ ਇੰਟਰਨੈਸ਼ਨਲ ਫਿਲਮ ਫੈਸਟੀਵਲ ਵਿਚ ਵੀ ਦਿਖਾਈ ਜਾ ਚੁਕੀ ਹੈ, ਉਦੋਂ ਵੀ ਫਿਲਮ ਵੀ ਖੂਬ ਪ੍ਰਸ਼ੰਸਾ ਹੋਈ ਸੀ।

HD IP
Security Solution
ULTRA High Resolution
Gas stations, Liquor Store,Hotel/Motels,Homes
or
Any Kind Of Business
-Cash Register Interface.
-Fully Trained Tech.Staff.
-16 Year Satisfied Custmer.
Licence Plate Reader
HD-SDI
2 Year Warranty
Vista CCTV TECHNOLOGY
Call Mr.Sukhpal
1-661-586-5080



California contractor Licensed
REGULAR 2.39 9/10
DIESEL 2.98 9/10
Electric SIGN company
Introduced
New Trend LED solution For Gas Stations,Hotel/Motels, Truck Stops and any kind of Business
LED Solutions
1. LED Price changer for Gas station.
2. Hotel Room rates sign.
3. Full color LED sign.
4. Full color window sign
Size Available 8" to 60"
We install any where in CALIFORNIA
We ship any where in USA
Call SUKHPAL for More Information
661-586-1106
Email: esigncompany@gmail.com



Dhillon Truck Stop
Dhillon Road Service
Interstate 40, exit 356, San Jon, NM
ਗਿੱਲ ਮੰਜ ਗੁਰਦਾਸਪੁਰ ਵਾਲੇ
ਪੰਜਾਬੀ ਢਾਬਾ
24 ਘੰਟੇ ਖੁੱਲ੍ਹਾ
ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 575-815-8536



The Anu Attorney Immigration Law Firm
Law offices of Anu Peshawaria
*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC
US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist
ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ
Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law
ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ
FAMILY LAW
*Divorce *Annulment
*International Custody
INCORPORATIONS
*International Contracts, Mergers
*Attorney Supreme Court of India
*Bankruptcy Consultation & Filing
Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com
46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India
Weekends & Evening Appointments Available



STATEN SOLAR
AFFORDABLE ENERGY FOR EVERYONE

# ਸੋਲਰ ਸਿਸਟਮ ਲਗਵਾਓ ਅਤੇ ਪੈਸੇ ਬਚਾਓ

## Commercial, Agricultural and Residential

## Choose between $0 Down Lease or Lowest Cash Price

ਅਪਣੇ ਸਟੋਰ, ਫਾਰਮ ਅਤੇ ਘਰ ਫਰੀ ਸੋਲਰ ਸਿਸਟਮ ਲਗਵਾਓ। ਬਿਜਲੀ ਦੇ ਬਿੱਲ ਤੋਂ ਸਦਾ ਲਈ ਛੁਟਕਾਰਾ ਪਾਓ ਅਤੇ ਪੈਸੇ ਬਚਾਓ





Simran Deol
(Solar Engineer)
661-412-4728

ਕੀ ਤੁਸੀਂ ਅਪਣੇ ਸਟੋਰ, ਬਿਜ਼ਨਿਸ, ਫਾਰਮ ਜਾਂ ਘਰ ਸੋਲਰ ਸਿਸਟਮ ਕਿਸੇ ਤਜ਼ਰਬੇਕਾਰ ਇੰਜੀਨੀਅਰ ਦੀ ਸਲਾਹ ਨਾਲ ਲਗਵਾਉਣਾ ਚਾਹੋਗੇ ਜਾਂ ਕਿਸੇ ਸੇਲਜ਼ਮੈਨ ਦੀ ਸਲਾਹ ਨਾਲ? ਤਕਨੀਕੀ ਗੱਲਾਂ ਨੂੰ ਨਜ਼ਰਅੰਦਾਜ਼ ਨਾ ਕਰੋ, ਜੋ ਤੁਹਾਨੂੰ ਇਕ ਇੰਜੀਨੀਅਰ ਹੀ ਦੱਸ ਸਕਦਾ ਹੈ

ਫਰੀ, ਮਾਹਿਰਾਨਾ ਅਤੇ ਸਹੀ ਸਲਾਹ

7 ਸਾਲ ਤੋਂ ਵੀ ਵੱਧ ਸੋਲਰ ਇੰਜੀਨੀਅਰ ਵਜੋਂ ਤਜ਼ਰਬਾ

20 ਸਾਲ ਬਿਲਕੁਲ ਫਰੀ ਮੇਂਟੀਨੈਂਸ ਦੀ ਗਾਰੰਟੀ। ਹਰ ਤਰ੍ਹਾਂ ਦੀ ਦੇਖ ਭਾਲ ਅਤੇ ਇਸ਼ੋਰੈਂਸ ਦੀ ਜ਼ਿੰਮੇਵਾਰੀ ਵੀ ਕੰਪਨੀ ਦੀ।

- $ 0 down Worry Free Lease
- Fixed Monthly Bill, No Increase
- Guaranteed Lowest Monthly Bill
- Or Buy the System for Lowest Price
- Top Quality Product
- 20 Year Performance Guarantee
- 25 Year Guarantee for Panels
- FREE Maintenance for 20 years
- No Need to Worry About Increasing Cost of Utility
- Professional Installation
- 24/7 Monitoring

Receive $500 By Referring Friends.
www.Statensolar.com

No One Can Beat Our Price Guaranteed!

# COMING SOON

## NEW LOCATION


GILL EXPRESS

# MEMPHIS

Hwy I-40 Exit 280 Hwy I-55 Exit 4

**Next To Pilot TRAVEL CENTERS Truck Stop**


REPAIR



TIRES



WASH



ਪੰਜਾਬੀ ਢਾਬਾ



@ 3657 Southland Dr. W. Memphis, AR-72301 Tel : 661-203-0433